੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਸ਼ੁੱਧ ਸਰੂਪ


ਲਿਖਤ

ਡਾਕਟਰ ਬਲਬੀਰ ਸਿੰਘ

ਪੀ ਐਚ.ਡੀ (ਲੰਡਨ)



ਭਾਈ ਵੀਰ ਸਿੰਘ ਸਾਹਿਤ ਸਦਨ

ਨਵੀਂ ਦਿੱਲੀ




www.sikhbookclub.com

**Shudh Saroop**

*Dr. Balbir Singh*

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਨਵੀਂ ਐਡੀਸ਼ਨ, ਅਕਤੂਬਰ 2008

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

*Printer :*
Jaipaul & Brothers
14/8986, Shidi Pura, Karol Bagh
New Delhi-110 005
Office : 23524061, 23520571

ਮੁੱਲ : **108/-** ਰੁਪਏ

 www.sikhbookclub.com

# ਪ੍ਰਵੇਸ਼ਕਾ

ਪਾਠਕਾਂ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਅਸੀਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸਮੁੱਚੀ ਰਚਨਾ ਨੂੰ ਕੰਮਿਊਟਰਾਈਜ਼ਡ ਕਰਕੇ ਸਦਨ ਵਿਖੇ ਸਥਾਪਤ ਨਵੀਂ ਆਫਸੈਟ ਪ੍ਰੈਸ ਤੋਂ ਪ੍ਰਕਾਸ਼ਤ ਕਰ ਰਹੇ ਹਾਂ। ਇਸ ਸਬੰਧ ਵਿੱਚ ਅਸੀਂ ਉਹਨਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਪਾਠਕਾਂ ਦੀ ਸੇਵਾ ਵਿੱਚ ਪੇਸ਼ ਕਰ ਚੁੱਕੇ ਹਾਂ।

'ਸ਼ੁੱਧ ਸਰੂਪ' ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਨਿੱਕੇ ਭਰਾ ਡਾ. ਬਲਬੀਰ ਸਿੰਘ ਜੀ ਦੀ ਰਚਨਾ ਹੈ। ਡਾ. ਬਲਬੀਰ ਸਿੰਘ ਜੀ ਦੀ ਸਮੁੱਚੀ ਰਚਨਾ ਰਹੱਸਵਾਦੀ ਤੇ ਵਿਗਿਆਨਕ ਵਿਚਾਰਾਂ ਦੀ ਸੁਮੇਲ ਹੈ। ਭਾਈ ਸਾਹਿਬ ਦੀ ਸੰਗਤ ਨੇ ਉਨ੍ਹਾਂ ਨੂੰ ਰਹੱਸਵਾਦੀ ਵਿਚਾਰ ਦਿੱਤੇ ਅਤੇ ਪੱਛਮ ਦੀ ਵਿਦਿਆ ਨੇ ਉਹਨਾਂ ਉਤੇ ਵਿਗਿਆਨਕ ਪੁੱਠ ਚਾੜ੍ਹੀ।

ਸਾਨੂੰ ਸਵਰਗੀ ਸ੍ਰ: ਸਿਵਨਾਭ ਸਿੰਘ ਜੀ ਨੇ ਇਸ ਪੁਸਤਕ ਨੂੰ ਮੁੜ ਛਾਪਣ ਦੀ ਪ੍ਰੇਰਨਾ ਦਿੱਤੀ। ਅਸੀਂ ਉਹਨਾਂ ਦੇ ਦਿਲੋਂ ਧੰਨਵਾਦੀ ਹਾਂ। ਆਸ ਕਰਦੇ ਹਾਂ ਪਾਠਕ ਇਸ ਸੇਵਾ ਨੂੰ ਪ੍ਰਵਾਨ ਕਰਨਗੇ।

ਤੇਜਵੰਤ ਸਿੰਘ
ਪ੍ਰਧਾਨ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ–੧੧੦ ੦੦੧


www.sikhbookclub.com

# ਲੇਖ ਸੂਚੀ


| ਲੇਖ | ਪੰਨਾ |
|---|---|
| 1. ਸ਼ੁੱਧ ਸਰੂਪ | 7 |
| 2. ਭਸਮ | 35 |
| 3. ਕਾਠ ਦੀ ਘੋੜੀ | 91 |
| 4. ਭਾਈ ਸਾਹਿਬ ਜੀ ਦਾ ਸੰਦੇਸ਼ | 134 |
| 5. ਸਬਲ ਸਾਹਿਤ | 156 |



www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਆਰੰਭਕ ਬਿਨੈ

ਇਸ ਪੁਸਤਕ ਵਿਚ ਸ੍ਰੀ ਮਾਨ ਡਾਕਟਰ ਬਲਬੀਰ ਸਿੰਘ ਜੀ ਪੀ.ਐਚ.ਡੀ. (ਲੰਡਨ) ਡਿਹਰਾਦੂਨ ਵਾਲਿਆਂ ਦੇ ਪੰਜ ਕੀਮਤੀ ਲੇਖ ਸੰਚਿਤ ਕੀਤੇ ਗਏ ਹਨ। ਡਾਕਟਰ ਸਾਹਿਬ ਜੀ ਦੀ ਵਾਰਤਕ ਆਪਣੀ ਅਨੂਠੀ ਪ੍ਰਤਿਭਾ ਦੀ ਮਾਲਕ ਹੈ। ਕੁਝ ਬਰਸ ਹੋਏ ਇਲਸਟ੍ਰੇਟਿਡ ਵੀਕਲੀ ਵਿਚ ਸਰਦਾਰ ਖੁਸ਼ਵੰਤ ਸਿੰਘ ਜੀ ਨੇ ਇਹ ਠੀਕ ਹੀ ਲਿਖਿਆ ਸੀ :

Dr. Balbir Singh, younger brother of the late Bhai Vir Singh is one writer, who, because of his very little output and retiring personality, is known only to a small circle of admirers but it is a circle that is rapidly growing. I have only come across two anthologies of essays written by him, but even these have given me confidence to say that no Punjabi has yet written prose of this order; it is eradite and yet simple, thought provoking and yet within the grasp of a neo-literate; clear crisp and altogether a joy to read.

(Illustrated weekly 27-8-1961)

'ਸਚਖੰਡਵਾਸੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਛੋਟੇ ਵੀਰ ਡਾਕਟਰ ਬਲਬੀਰ ਸਿੰਘ ਜੀ ਇਕ ਲੇਖਕ ਹਨ, ਜੋ ਕੁਝ ਛੁਪੇ ਰਹਿਣ ਵਾਲੇ ਹਨ ਤੇ ਜਿਨ੍ਹਾਂ ਨੇ ਲਿਖਿਆ ਬੀ ਅਜੇ ਬਹੁਤਾ ਨਹੀਂ, ਬਹੁਤ ਘੱਟ ਲੋਕ ਉਨ੍ਹਾਂ ਤੋਂ ਪਰਿਚਿਤ ਹਨ, ਪਰ ਉਨ੍ਹਾਂ ਦੇ ਪਾਠਕਾਂ ਦਾ ਘੇਰਾ ਹੁਣ ਤੇਜ਼ੀ ਨਾਲ ਚਉੜੇਰਾ ਹੋ ਰਿਹਾ ਹੈ। ਮੈਂ ਉਨ੍ਹਾਂ ਦੇ ਲੇਖਾਂ ਦੇ ਦੋ ਸੰਗ੍ਰਹਿ ਪੜ੍ਹੇ ਹਨ ਤੇ ਇਨ੍ਹਾਂ ਨੇ ਮੈਨੂੰ ਇਹ ਕਹਿਣ ਲਈ ਪੂਰੀ ਤਸੱਲੀ ਦਿਤੀ ਹੈ ਕਿ ਅਜੇ ਤਕ ਕੋਈ ਪੰਜਾਬੀ ਇਸ ਪੱਧਰ ਦੀ ਵਾਰਤਕ ਨਹੀਂ ਲਿਖ ਸਕਿਆ, ਭਾਵੇਂ ਇਹ ਵਾਰਤਕ ਵਿਦਵਤਾ

ਭਰਪੂਰ ਹੈ, ਪਰ ਹੈ ਬੜੀ ਸਾਦਾ, ਮਨੋਭਾਵਾਂ ਨੂੰ ਟੁੰਬਣ ਵਾਲੀ, ਤੇ ਫੇਰ ਨਵੇਂ ਪੜ੍ਹਿਆਂ ਦੀ ਸਮਝ ਵਿਚ ਪੂਰੀ ਬੈਠ ਜਾਣ ਵਾਲੀ, ਬਿਲਕੁਲ ਸਰਲ ਤੇ ਮੜਕਵੀਂ, ਜਿਸ ਦੇ ਪਾਠ ਵਿਚ ਬੜੀ ਖੁਸ਼ੀ ਅਨੁਭਵ ਹੁੰਦੀ ਹੈ।'

ਡਾਕਟਰ ਸਾਹਿਬ ਜੀ ਦੇ ਲੇਖਾਂ ਦੇ ਦੋ ਸੰਗ੍ਰਹ ਅੱਗੇ ਪ੍ਰਕਸ਼ਤ ਹੋ ਚੁਕੇ ਹਨ : 'ਕਲਮ ਦੀ ਕਰਾਮਾਤ' ਤੇ 'ਲੰਮੀ ਨਦਰ' । ਤੀਜਾ ਸੰਗ੍ਰਹਿ ਇਹ ਪ੍ਰਕਾਸ਼ਤ ਹੋ ਰਿਹਾ ਹੈ। ਇਸ ਵਿਚ ਸੰਚਤ ਕੀਤੇ ਗਏ ਪੰਜੇ ਲੇਖ ਅੱਡ ਅੱਡ ਸਮਿਆਂ ਤੇ 'ਖਾਲਸਾ ਸਮਾਚਾਰ' ਸਪਤਾਹਕ ਪੱਤ੍ਰ ਵਿਚ ਇਕ ਇਕ ਵਾਰ ਪ੍ਰਕਾਸ਼ਤ ਹੋ ਚੁੱਕੇ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

| | |
|---|---|
| ੧. ਸ਼ੁਧ ਸਰੂਪ | ੯/੧੬ ਅਪ੍ਰੈਲ ੧੯੬੪<br>ਵੈਸਾਖੀ ਦੇ ਗੁਰਪੁਰਬ ਪਰ । |
| ੨. ਭਸਮ | ੧੧-੧-੧੯੬੨<br>ਗੁਰਪੁਰਬ ਪੋਹ ਸੁਦੀ ਸਪਤਮੀ ਪਰ । |
| ੩. ਕਾਠ ਦੀ ਘੋੜੀ | ੧੨/੧੯-੧੧-੧੯੬੪<br>ਗੁਰਪੁਰਬ ਕੱਤਕ ਪੂਰਨਮਾਸ਼ੀ ਪਰ । |
| ੪. ਭਾਈ ਸਾਹਿਬ ਦਾ ਸੰਦੇਸ਼ | ੮-੬-੧੯੬੧<br>ਭਾਈ ਸਾਹਿਬ ਦੀ ਬਰਸੀ ਪਰ । |
| ੫. ਸਬਲ ਸਾਹਿਤਯ | ੨੩/੩੦-੧੨-੧੯੬੫<br>ਗੁਰਪੁਰਬ ਪੋਹ ਸੁਦੀ ਸਪਤਮੀ ਪਰ । |

ਡਾਕਟਰ ਸਾਹਿਬ ਜੀ ਦੇ ਲੇਖਾਂ ਦੀ ਚਾਲ ਨਿਰਾਲੀ ਹੁੰਦੀ ਹੈ, ਇਨ੍ਹਾਂ ਦਾ ਆਧਾਰ ਕਈ ਇਤਿਹਾਸਕ ਕਥਾਵਾਂ ਹੁੰਦੀਆਂ ਹਨ, ਜਿਨ੍ਹਾਂ ਦੀਆਂ ਪ੍ਰਸੰਗਲੀਆਂ ਨੂੰ ਆਪ ਬੜੇ ਹੁਨਰ ਨਾਲ ਐਉਂ ਮੇਲ ਦਿੰਦੇ ਹਨ, ਜਿਵੇਂ ਨੱਦੀਆਂ-ਨਾਲੇ ਚਲਦੇ ਹੋਏ ਕਿਸੇ ਸੰਗਮ ਤੇ ਇਕ ਦੂਜੇ ਨਾਲ ਮਿਲ ਜਾਂਦੇ ਹਨ, ਤਿਵੇਂ ਏਹ ਕਥਾਵਾਂ ਆਪਣਾ ਤੀਰਥ ਸੰਗਮ ਕਿਸੇ ਟਿਕਾਣੇ ਰਚ ਲੈਂਦੀਆਂ ਹਨ, ਜਿਸ ਸੰਗਮ ਤੋਂ ਇਕ ਵਡੀ ਗੰਗਧਾਰਾ ਵਹਿ ਨਿਕਲਦੀ ਹੈ ਜੋ ਅੰਤ ਵਿਚ ਆਪਣੇ ਸ਼ਹੁ ਸਾਗਰ ਦੀ ਅਨੰਤਤਾ ਵਿਚ ਲੀਨ ਹੋ ਜਾਂਦੀ ਹੈ, ਜਿਸ ਦਾ ਪ੍ਰਮਾਣ ਆਪ ਦੇ ਇਨ੍ਹਾਂ ਲੇਖਾਂ ਤੋਂ ਪ੍ਰਤੱਖ ਹੈ। ਵਿਸ਼ੇਸ਼ ਤੌਰ ਤੇ ਤੀਸਰਾ ਲੇਖ ਪੰਜਾਬੀ ਸਾਹਿਤ ਰਚਨਾ ਵਿਚ ਇਕ ਉੱਚਾ ਕਦਮ ਹੈ। ਇਸ ਦਾ ਦਾਇਰਾ ਹੁਨਰ ਦੀ ਚੌਕਾਠ ਹੈ, ਜਿਸ ਵਿਚ ਅੰਦਰ ਰੂਹਾਨੀਅਤ ਦੀ ਛਾਯਾ ਮੂਰਤਿ ਆਪਣਾ ਪਰਤੌ ਸੁਟਦੀ ਹੈ। ਇਤਿਹਾਸਕ ਮਸਾਲੇ ਦੀ ਛਾਣ

 www.sikhbookclub.com

ਬੀਨ ਕਰਕੇ ਇਸ ਦੇ ਅਦ੍ਰਿਸ਼ਟ ਸਿਰਿਆਂ ਪਰ ਦੀਰਘ ਦ੍ਰਿਸ਼ਟੀ ਦੌੜਾਈ ਗਈ ਹੈ ਤੇ ਫੇਰ ਸਾਰੀ ਸਾਮਿਗ੍ਰੀ ਨੂੰ ਸਾਹਿਤਯ ਦੀ ਦਸਤਕਾਰੀ ਨਾਲ ਉਸ ਏਕਤਾ ਵਿਚ ਘੜਿਆ ਗਿਆ ਹੈ, ਜਿਸ ਦੀ ਮੀਨਾਕਾਰੀ ਤੋਂ ਧਰਮ, ਸਦਾਚਾਰ, ਮਾਨਸਿਕ ਅਰੋਗਤਾ, ਰੂਹਾਨੀਅਤ ਦੀਆਂ ਕਿਰਨਾਂ ਇਕ ਸਾਂਝੇ ਪ੍ਰਕਾਸ਼ ਵਿਚ ਫੈਲ ਰਹੀਆਂ ਹਨ।

ਦੂਸਰਾ ਲੇਖ 'ਭਸਮ' ਸ਼ਾਇਦ ਕਈ ਪਾਠਕਾਂ ਨੂੰ ਕੁਝ ਅਨੋਖੀ ਰਚਨਾ ਜਾਪੇ, ਇਸ ਲਈ ਇਸ ਦੀ ਸਪਸ਼ਟਤਾ ਵਿਚ ਕੁਝ ਅੱਖਰ ਲਿਖਣੇ ਬੇਲੋੜੇ ਨਹੀਂ ਹੋਣਗੇ।

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ :
ਜੈਸੀ ਭੂਮਿ ਕੁਰਖੇਤਰੀ ਤੈਸੀ ਗੁਰ ਢਿਗ ਦ੍ਵਾਰ ।
ਮਰੈ ਜੁ ਗੁਰ ਢਿਗ ਦ੍ਵਾਰ ਹਿਤ ਕੰਚਨ ਹੋਵੈ ਛਾਰ ।

ਕੀ ਮਨੁੱਖ ਦੀ ਦੇਹ ਕੇਵਲ ਮਿੱਟੀ ਦਾ ਢੇਰ ਹੈ? ਨਹੀਂ, ਕਈ ਮੌਕੇ ਹਨ ਜਿਸ ਵੇਲੇ ਇਹ ਕੁਛ ਹੋਰ ਹੋ ਜਾਂਦੀ ਹੈ, ਕਾਂਇਆ ਕਲਪ ਹੋ ਜਾਂਦੀ ਹੈ, ਮੜੋਲੀ ਸੋਨਾ ਹੋ ਜਾਂਦੀ ਹੈ। ਇਸ ਦੀ ਸੁਆਹ ਕੰਚਨ ਛਾਰ ਹੋ ਜਾਂਦੀ ਹੈ। ਪਰ ਕੁਰਬਾਨੀ ਦੇ ਕਿਸ ਪਾਰਸ ਨੂੰ ਛੂਹਕੇ ਇਹ ਕੁਛ ਪ੍ਰਾਪਤ ਹੁੰਦਾ ਹੈ? ਇਹ ਹੈ ਵਿਸ਼ਯ ਇਸ 'ਭਸਮ' ਨਾਮੀ ਲੇਖ ਦਾ। ਇਕ ਦਰਦਨਾਕ ਤਰੀਕੇ ਨਾਲ ਇਹ ਅਸੂਲ ਇਕ ਜੀਉਂਦੇ ਚਿਤ੍ਰ ਵਾਂਙ ਅੱਖਾਂ ਅੱਗੇ ਖੁੱਲ੍ਹਦਾ ਹੈ ਤੇ ਖਤਮ ਉਥੇ ਹੁੰਦਾ ਹੈ ਜਿਥੇ ਪਾਠਕ ਨੂੰ ਕੰਚਨ ਛੁਹ ਦਾ ਸਪਰਸ਼ ਪ੍ਰਾਪਤ ਹੋ ਜਾਂਦਾ ਹੈ। ਗੁਰੂ ਜੀ ਦੇ ਵਕਤਾਂ ਵਿਚ ਲੜਕੀਆਂ ਦੀ ਕੀ ਦਸ਼ਾ ਸੀ? ਕੋਈ ਸੁਧਾਰਕ ਇਨ੍ਹਾਂ ਦੀਆਂ ਉਲਝਣਾਂ ਸੁਲਝਾਉਣ ਦੀ ਹਿੰਮਤ ਨਹੀਂ ਸੀ ਰਖਦਾ। ਜੋਗੀ ਆਪਣੇ ਗਲੋਂ ਬਲਾ ਟਾਲਣ ਦੀ ਕਰਦੇ ਹਨ। ਰਿਆਸਤਾਂ ਲੜਕੀ ਨੂੰ ਮੁਲਕੀ ਚਾਲਾਂ ਵਿਚ ਇਕ ਗੋਟੀ ਵਾਕੁਣ ਆਪਣੀ ਸ਼ਤਰੰਜ ਵਿਚ ਵਰਤੀਆਂ ਹਨ। ਅਤੀਤ ਸਾਧੂ ਘੁੱਟਕੇ ਅੱਖਾਂ ਮੀਟ ਲੈਂਦੇ ਹਨ, ਤਾਹੀਉਂ ਖੋਲ੍ਹਦੇ ਹਨ ਜਿਸ ਵੇਲੇ ਆਤਮਘਾਤ ਦੀ ਛਾਲ ਵੱਜ ਜਾਂਦੀ ਹੈ। ਕੋਈ ਵੀ ਸਮਾਜਕ ਨੇਤਾ ਗ੍ਰਿਹਸਤੀ ਉਲਝਣਾਂ ਨੂੰ ਦਰੁਸਤ ਕਰਨ ਦੀ ਜ਼ਿੰਮੇਵਾਰੀ ਨਹੀਂ ਕਬੂਲਦਾ। ਪਰ ਗੁਰੂ ਦਰਬਾਰ ਵਿਚ ਸਭ ਕਠਨਾਈਆਂ ਸੁਤੇ ਸਿਧ ਸੁਲਝ ਜਾਂਦੀਆਂ ਹਨ। ਇਹ ਸਾਰੀਆਂ ਗੱਲਾਂ ਇਕ ਸੁਆਦੀ ਢੰਗ ਨਾਲ ਇਸ ਮਜ਼ਮੂਨ ਵਿਚ ਖੁਲ੍ਹਦੀਆਂ ਹਨ ਤੇ ਖ਼ਾਤਮੇ ਉਤੇ ਪਾਠਕ ਭਗਤ ਕਬੀਰ ਜੀ ਨਾਲ ਕਹਿ ਉਠਦਾ ਹੈ :

ਆਗ ਲਗੀ ਆਕਾਸ਼ ਮੇਂ ਝਰ ਝਰ ਗਿਰੇ ਅੰਗਾਰ ।
ਕਬੀਰਾ ਜਲ ਕੰਚਨ ਭਇਆ ਛਾਰ ਭਇਆ ਸੰਸਾਰ ।


www.sikhbookclub.com

ਸਾਡਾ ਇਤਿਹਾਸ ਇਸ ਰੂਪ ਵਿਚ ਨਹੀਂ ਲਿਖਿਆ ਗਿਆ ਕਿ ਜਿਸ ਵੇਲੇ ਸਤਿਗੁਰਾਂ ਦੇ ਹਜ਼ੂਰ ਜੋ ਜੋ ਵਾਕਯਾਤ ਹੋਏ, ਉਨ੍ਹਾਂ ਨੂੰ ਉਸੇ ਵੇਲੇ ਤੇ ਉਸੇ ਨਜ਼ਰੀਏ ਨਾਲ, ਜਿਸ ਨਾਲ ਸਤਿਗੁਰੂ ਸਾਹਿਬਾਨ ਨੇ ਆਪਣੇ ਕੌਤਕ ਵਰਤਾਏ, ਵੇਖ ਸਮਝਕੇ ਸਾਂਗੋ ਪਾਂਗ ਕਿਸੇ ਲੇਖਕ ਨੇ ਲਿਖਿਆ ਹੋਵੇ। ਚੋਜੀ ਪਾਤਸ਼ਾਹਾਂ ਨੇ ਜਿਵੇਂ ਤੇ ਜਿਸ ਰਮਜ਼ ਵਿਚ ਚੋਜ ਕੀਤੇ ਬੜਾ ਕਠਨ ਹੈ ਉਨ੍ਹਾਂ ਨੂੰ ਉਸੇ ਰੂਪ ਵਿਚ ਸਮਝ ਸਕਣਾ। ਮਾਨੁੱਖ ਦੀ ਆਪਣੀ ਮਤਿ ਜਿਵੇਂ ਉਸ ਕੌਤਕ ਨੂੰ ਸਮਝਦੀ ਹੈ ਗ੍ਰਹਣ ਕਰਦੀ ਹੈ ਤੇ ਅੱਗੇ ਬਿਆਨ ਕਰ ਦਿੰਦੀ ਹੈ। ਸੁਣਨਹਾਰ ਫੇਰ ਆਪਣੀ ਮਤਿ ਅਨੁਸਾਰ ਉਸ ਨੂੰ ਬਿਆਨਦਾ ਹੈ ਤੇ ਪਹਿਲੇ ਦੇ ਕਥਨ ਦਾ ਬੀ ਸਾਂਗੋ ਪਾਂਗ ਵਰਣਨ ਨਹੀਂ ਕਰ ਸਕਦਾ। ਇਉਂ ਵਾਕਯਾਤ ਟੁਰਦੇ ਟੁਰਦੇ ਹਕੀਕਤ ਤੋਂ ਦੂਰ ਚਲੇ ਜਾਂਦੇ ਹਨ, ਪਰ ਲੇਖਕ ਸ਼ਰਧਾ ਭਾਵਨਾ ਵਿਚ ਇਸ ਪਹਿਲੂ ਵੱਲ ਝਾਕ ਨਹੀਂ ਸਕਦੇ ਕਿ ਇਸ ਨਾਲ ਜਿਨ੍ਹਾਂ ਦੀ ਕੀਰਤੀ ਅਸੀਂ ਕਰ ਰਹੇ ਹਾਂ, ਉਨ੍ਹਾਂ ਦੀ ਬੇਸਤਿਕਾਰੀ ਤਾਂ ਨਹੀਂ ਕਿਤੇ ਹੋ ਰਹੀ।

ਮਾਨਯੋਗ ਡਾਕਟਰ ਸਾਹਿਬ ਜੀ ਦਾ ਇਸ ਰਚਨਾ 'ਭਸਮ' ਵਿਚ ਮੁੱਖ ਤੌਰ ਤੇ ਭਾਈ ਜੋਗਾ ਸਿੰਘ ਦਾ ਪ੍ਰਸੰਗ ਹੈ। ਇਸ ਦੀ ਪ੍ਰਵਿਰਤ ਕਥਾ ਤੋਂ ਜੋ ਇਤਰਾਜ਼ ਪੈਦਾ ਹੁੰਦੇ ਹਨ, ਉਹ ਉਪਰਲੀ ਵਜਾ ਕਾਰਨ ਹਨ। ਡਾਕਟਰ ਸਾਹਿਬ ਜੀ ਨੇ ਇਸ ਕਥਾ ਨੂੰ ਐਸੇ ਰੂਪ ਵਿਚ ਪੇਸ਼ ਕੀਤਾ ਹੈ ਕਿ ਇਕ ਸਾਹਿਤਯਕ ਕਟਾਖਯ ਨਾਲ ਇਸ ਤੋਂ ਪੈਦਾ ਹੁੰਦੇ ਇਤਰਾਜ਼ਾਂ ਦਾ ਸੁਧਾਰ ਕਰ ਦਿੱਤਾ ਹੈ ਤੇ ਅਸਲੀਅਤ ਚਮਕ ਆਈ ਹੈ। ਫੇਰ ਆਪ ਨੇ ਉਸ ਸਮੇ ਦੀ ਰਾਜਸੀ ਦਸ਼ਾ ਨੂੰ ਬੜੀ ਸੁੰਦਰਤਾ ਨਾਲ ਪੇਸ਼ ਕੀਤਾ ਹੈ। ਗੁਰੂ ਮਹਾਰਾਜ ਦੀ ਪ੍ਰਭਾਵਸ਼ਾਲੀ ਵਯਕਤੀ ਤੇ ਸਿੱਖ ਸੰਘਟਨ ਦਾ ਪੈ ਰਿਹਾ ਪਹਾੜੀ ਰਾਜਿਆਂ ਪਰ ਪ੍ਰਭਾਵ, ਉਸ ਪ੍ਰਭਾਵ ਤੋਂ ਡਰ ਤੇ ਫਿਰ ਆਨੰਦਪੁਰ ਦੀ ਖਬਰ ਰਖਣ ਲਈ ਗੁਪਤ-ਚਰਾਂ ਦਾ ਜਾਲ ਆਦਿ ਸਾਰੇ ਪਹਿਲੂ ਦਿਖਾਕੇ ਫਿਰ ਖਾਲਸੇ ਦੀ ਚੜ੍ਹਦੀ ਕਲਾ ਤੇ ਗੁਰੂ ਮਹਾਰਾਜ ਜੀ ਦਾ ਸੱਟ ਨਾ ਖਾਣ ਦੀ ਦਸ਼ਾ ਤੋਂ ਉਪੱਰ, ਕਮਾਲ ਦੀ ਰਾਜਸੀ ਤੇ ਧਾਰਮਕ ਪ੍ਰਬੀਨਤਾ ਵਿਚ ਚੋਟੀ ਦਾ ਦਰਸ਼ਨ ਨਿਖਾਰਕੇ ਦਿਖਾਇਆ ਹੈ।

ਇਹ ਗਲ ਮੰਨਣ ਵਿਚ ਨਹੀਂ ਆਉਂਦੀ ਕਿ ਕਲਗੀਧਰ ਪਾਤਸ਼ਾਹ ਕੋਈ ਐਸਾ ਹੁਕਮ ਭੇਜਦੇ ਹੋਣ ਜਿਸ ਨਾਲ ਸਮਾਜਕ ਸਥਿਤੀ ਵਿਚ ਗੜਬੜ ਪੈਕੇ ਬੇਚੈਨੀ ਪੈਦਾ ਹੋਣ ਦਾ ਡਰ ਉਠ ਖੜੋਵੇ। ਓਹ ਤਾਂ ਸਮਾਜਕ ਸਥਿਤੀਆਂ ਦੇ ਕਮਾਲ ਦੇ ਸੁਧਾਰਕ ਸਨ ਤੇ ਓਹ ਜਾਣਦੇ ਸਨ ਕਿ ਜੇ ਕੋਈ ਹੁਕਮਨਾਮਾ ਜੋਗਾ ਸਿੰਘ ਨੂੰ ਉਸ ਵੇਲੇ ਦਿੱਤਾ ਜਾਏ ਜਦ ਕਿ ਉਹ

 www.sikhbookclub.com

ਤਿੰਨ ਲਾਵਾਂ ਲੈ ਚੁੱਕਾ ਹੋਵੇ ਤੇ ਇਕ ਰਹਿੰਦੀ ਹੋਵੇ ਤਾਂ ਪੋਤਿਆਂ ਪੜੋਤਿਆਂ ਵਿਚ ਕਿੰਨੀ ਬਦਮਜ਼ਗੀ ਪੈਂਦਾ ਹੋਵੇਗੀ ਤੇ ਸਤਿਗੁਰੂ ਜੀ ਦੀ ਆਪਣੀ ਸ਼ਖਸੀਅਤ ਦਾ ਕੀ ਪ੍ਰਭਾਵ ਪਏਗਾ। ਉਨ੍ਹਾਂ ਦੇ ਹੁਕਮ ਦੀ ਕੋਈ ਸੇਵੜਾ ਜੇ ਗ਼ਲਤ ਵਰਤੋਂ ਕਰ ਲੈਂਦਾ ਹੈ ਤਾਂ ਇਹ ਸੰਭਵ ਹੋ ਸਕਦਾ ਹੈ ਤੇ ਉਸ ਦਾ ਭਾਰ ਕਲਗੀਧਰ ਪਾਤਸਾਹ ਵੱਲ ਨਹੀਂ ਜਾ ਸਕਦਾ। ਦੂਜੇ ਪਾਸੇ ਦੇਖੋ ਕਿ ਜਦ ਇਹ ਪਤਾ ਲੱਗ ਜਾਂਦਾ ਹੈ ਕਿ ਪਹਾੜੀ ਰਾਜੇ ਜੁੱਧ ਕਰਨ ਲਈ ਤਿਆਰੀਆਂ ਕਰ ਰਹੇ ਹਨ ਤੇ ਸਤਿਗੁਰੂ ਜੀ ਸਿੱਖਾਂ ਨੂੰ ਸੱਦੇ ਭੇਜਦੇ ਹਨ ਤੇ ਖਾਲਸਾ ਦਲ ਇਕੱਤ੍ਰ ਹੁੰਦਾ ਹੈ, ਜਿਸ ਦੀ ਕਿ ਲੋੜ ਡਾਢੀ ਹੈ; ਆਪ ਉਸ ਵੇਲੇ ਜੋਗਾ ਸਿੰਘ ਨੂੰ ਉਸਦੀ ਇਸਤ੍ਰੀ ਸਮੇਤ ਪੇਸ਼ਾਵਰ ਨੂੰ ਟੋਰ ਦੇਂਦੇ ਹਨ ਪ੍ਰਚਾਰ ਲਈ, ਕਿਉਂਕਿ ਇਹ ਬੀ ਇਕ ਐਸਾ ਪੱਖ ਹੈ ਜਿਸ ਨੂੰ ਜੰਗ ਵੇਲੇ ਬੀ ਕਲਗੀਧਰ ਪਾਤਸ਼ਾਹ ਵਿਸਾਰਦੇ ਨਹੀਂ ਤੇ ਫਿਰ ਉਹਨਾਂ ਦੀ ਮਿਹਰ ਹੇਠ ਤਿਆਰ ਤੇ ਪ੍ਰਪੱਕ ਹੋਏ ਗੁਰਮੁਖ ਸਿਖ ਹੀ ਮੁਹਣਾ ਨਿਭਾ ਸਕਦੇ ਹਨ। ਓਹ ਸਾਧੂ ਯਾ ਧਾਰਮਿਕ ਵਯਕਤੀਆਂ ਜੋ ਵਿਚਰ ਰਹੀਆਂ ਹਨ, ਓਹ ਸਮਾਜਕ ਸਥਿਤੀ ਦਾ ਸੁਧਾਰਨਾ ਤਾਂ ਕਿਤੇ ਰਿਹਾ, ਓਹ ਇਸ ਵਲ ਪਿੱਠ ਕਰੀ ਬੈਠੀਆਂ ਸਨ। ਇਕ ਲੜਕੀ ਜੋਗੀਆਂ ਪਾਸ ਸ਼ਰਣ ਲੈਣ ਜਾਂਦੀ ਹੈ, ਲੜਕੀ ਹੋਣ ਕਾਰਨ ਉਸ ਦੀ ਮੁਸ਼ਕਲ ਹੱਲ ਕਰਨ ਤੋਂ ਇਨਕਾਰ ਕੀਤਾ ਜਾਂਦਾ ਹੈ, ਪਰ ਫੇਰ ਕਿਸੇ ਦੇ ਕਹਿਣ ਕਹਾਣ ਤੇ ਉਸ ਨੂੰ ਲੜਕੇ ਦਾ ਵੇਸ ਦੇਕੇ ਜੋਗੀ ਬਣਾ ਗਲੋਂ ਲਾਹ ਦਿਤਾ ਜਾਂਦਾ ਹੈ। ਉਸੇ ਤਰ੍ਹਾਂ ਇਕ ਅਤੀਤ ਸਾਧੂ ਪਾਸ ਲੜਕੀ ਜਾਂਦੀ ਹੈ, ਤਾਂ ਉਹ ਬੀ ਇਕ ਮੁਸ਼ਕਲ ਪੇਸ਼ ਆਈ ਨੂੰ ਦੇਖਕੇ ਅੱਖਾਂ ਮੀਟ ਲੈਂਦਾ ਹੈ ਤੇ ਖੋਲ੍ਹਦਾ ਤਦ ਹੈ ਜਦ ਉਹ ਚਲੀ ਜਾਂਦੀ ਹੈ। ਪਰ ਕਲਗੀਧਰ ਪਾਤਸ਼ਾਹ ਦੇ ਸਾਹਮਣੇ ਜਦ ਸਮਾਜਕ ਸਥਿਤੀ ਦੇ ਵਿਚਲਣ ਦੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਤਾਂ ਓਹ ਅੱਖਾਂ ਨਹੀਂ ਮੀਟਦੇ, ਉਹਨਾਂ ਦਾ ਸੁਹਣਾ ਤੇ ਸੁਖ ਸ਼ਾਂਤੀ ਵਧਾਉਣ ਵਾਲਾ ਇਲਾਜ ਕਰ ਦੇਂਦੇ ਹਨ। ਬੀਰਰਸੀ ਵੇਸ ਬਖਸਕੇ, ਵਡਿਆਈ ਪੂਰਤ 'ਕੌਰ' ਨਾਮ ਬਖਸ਼ ਦਿੰਦੇ ਹਨ, ਕੁਰਬਾਨੀ ਦਾ ਪੁੰਜ ਸਾਜ ਦਿੰਦੇ ਹਨ; ਖੁਫੀਆ ਭੇਤਾਂ ਨੂੰ ਲੈਣ ਆਈ ਲੜਕੀ ਨੂੰ ਮਾਪੇ ਮਿਲਾ ਦੇਂਦੇ ਹਨ। ਭਟਕ ਰਹੀ ਵਾਤਸਲਯ ਗੋਦ ਮਿਲ ਜਾਂਦੀ ਹੈ, ਜਿਸ ਨੂੰ ਪ੍ਰਾਪਤ ਕਰਕੇ ਉਹ ਐਸੀ ਜਾਂ-ਨਿਸਾਰ ਤਿਆਰ ਹੋ ਜਾਂਦੀ ਹੈ ਕਿ ਚਮਕੌਰ ਦੇ ਜੁੱਧ ਵਾਲੀ ਭਯਾਨਕ ਰਾਤ ਵਿਚ ਸਾਹਿਬਜ਼ਾਦਿਆਂ ਦੀਆਂ ਸ਼ਹੀਦ ਦੇਹਾਂ ਲੱਭਦੀ ਤੇ ਸਸਕਾਰ ਕਰਦੀ ਆਪ ਬੀ ਓਸੇ ਚਿਤਾ ਵਿਚ ਭਸਮ ਹੋ ਜਾਂਦੀ ਹੈ। ਜੋਗਾ ਸਿੰਘ ਦੀ ਇਸਤ੍ਰੀ ਜੋ ਮਾਨੋ ਅਪਣੇ ਵਿਆਹ ਦੀ ਅਪੂਰਣਤਾ ਵਿਚ ਹੀ ਕਲਗੀਧਰ ਪਾਤਸ਼ਾਹ ਦਾ ਸੱਦਾ ਸੁਣਦੀ ਹੈ, ਧਾਈ ਕਰਦੀ ਤੇ ਕਿਸੇ ਹੀਲੇ ਗੁਰ ਦਰਬਾਰ ਵਿਚ ਪੁੱਜ ਜਾਂਦੀ ਹੈ। ਉਸਦੇ ਵਿਆਹ ਦੀ ਅਪੂਰਣ ਰਹਿ ਗਈ ਰਸਮ ਨੂੰ ਪੂਰਾ ਕਰਦੇ ਹੋਏ ਦੰਪਤੀ ਨੂੰ

 www.sikhbookclub.com

ਜੁੱਧ ਵਿਚ ਸੇਵਾ ਕਰਨ ਤੋਂ ਵਰਜ ਕੇ ਨਾਮ ਬਾਣੀ ਦੇ ਪ੍ਰਚਾਰ ਲਈ ਟੋਰ ਦਿੰਦੇ ਹਨ। ਜਿਸ ਪੱਖ ਤੋਂ ਬੀ ਦੇਖੋ ਕਲਗੀਧਰ ਪਾਤਸ਼ਾਹ ਦੇ ਜੀਵਨ ਰੂਪ ਹੀਰੇ ਦੇ ਪਹਿਲੂ ਆਪਣੀ ਅਪੂਰਬ ਆਭਾ ਵਿਚ ਝਲਕਾਰੇ ਮਾਰਦੇ ਹੀ ਦਿੱਸਦੇ ਹਨ ਤੇ ਇਹ ਸੁਹਣੇ ਦਰਸ਼ਨ ਡਾਕਟਰ ਸਾਹਿਬ ਦੀ ਕਲਮ ਨੇ ਕਮਾਲ ਦੀ ਖੂਬੀ ਨਾਲ ਸਾਡੇ ਸਾਹਮਣੇ ਰਖੇ ਹਨ।

ਇਸ ਲੇਖ ਦੀ ਬਣਤਰ ਵਿਚ ਇਕ ਖਾਸ ਖੂਬੀ ਇਹ ਬੀ ਹੈ ਕਿ ਜੋ ਪਹਿਲੀ ਵੇਰ ਪੜ੍ਹਨ ਨਾਲ ਮਨ ਵਿਚ ਸ਼ੰਕੇ ਪੈਦਾ ਹੁੰਦੇ ਹਨ ਓਹ ਦੂਸਰੀ ਵਾਰ ਦੇ ਪਾਠ ਨਾਲ ਨਵਿਰਤ ਹੋ ਜਾਂਦੇ ਹਨ।

ਚੌਥਾ ਲੇਖ ਪਰਮ ਸਤਿਕਾਰ ਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਯਾਦ ਵਿਚ ਇਕ ਹੋਏ ਸਮਾਗਮ ਤੇ ਡਾਕਟਰ ਸਾਹਿਬ ਜੀ ਦੇ ਦਿਤੇ ਇਕ ਭਾਸ਼ਨ ਦੇ ਟੇਪ ਰੀਕਾਰਡ ਤੋਂ ਲਿਖਤ ਦੇ ਰੂਪ ਵਿਚ ਲਿਆਂਦਾ ਗਿਆ ਹੈ। ਜਿਸ ਵਿਚ ਰਾਣਾ ਸੂਰਤ ਸਿੰਘ ਦੁਆਰਾ ਭਾਈ ਸਾਹਿਬ ਜੀ ਦੇ ਪੰਜਾਬ ਨੂੰ ਦਿਤੇ ਸੰਦੇਸ਼ ਦੇ ਰਾਜ਼ ਨੂੰ ਆਪ ਨੇ ਸਪਸ਼ਟ ਕਰ ਵਿਖਾਇਆ ਹੈ।

ਪੰਜਵਾਂ ਲੇਖ ਸਬਲ ਸਾਹਿਤਯ, ਚਿਰ ਹੋਇਆ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਮੰਗ ਉਪਰ ਡਾਕਟਰ ਸਾਹਿਬ ਜੀ ਨੇ ਲਿਖਕੇ ਯੂਨੀਵਰਸਿਟੀ ਨੂੰ ਭੇਜਿਆ ਸੀ। ਕਈ ਸਾਲ ਬੀਤ ਜਾਣ ਤੇ ਬੀ ਯੂਨੀਵਰਸਿਟੀ ਵੱਲੋਂ ਇਹ ਛਾਪਿਆ ਨਹੀਂ ਗਿਆ, ਹੁਣ ਪੰਜਾਬ ਯੂਨੀਵਰਸਿਟੀ ਤੋਂ ਛਾਪ ਦੀ ਆਗਯਾ ਪ੍ਰਾਪਤ ਕਰਕੇ ਧੰਨਵਾਦ ਸਹਿਤ ਛਾਪਿਆ ਜਾ ਰਿਹਾ ਹੈ। ਇਸ ਲੇਖ ਵਿਚ ਡਾਕਟਰ ਸਾਹਿਬ ਜੀ ਨੇ ਕਲਗੀਧਰ ਪਾਤਸ਼ਾਹ ਦੀ ਰਚਨਾ ਦੀ ਸਬਲਤਾ ਨੂੰ ਮਰਮ ਭੇਦੀ ਰੌਸ਼ਨੀ ਪਾਕੇ ਸਪਸ਼ਟ ਕਰ ਦਿਖਾਇਆ ਹੈ। ਅਨੇਕ ਪਹਿਲੂ ਇਸ ਰਚਨਾਂ ਦੇ ਪਹਿਲੀ ਵਾਰ ਇਸ ਲੇਖ ਦੁਆਰਾ ਸਾਡੇ ਸਾਹਮਣੇ ਆਏ ਹਨ। ਫਿਰ ਕਲਗੀਧਰ ਪਾਤਸ਼ਾਹ ਦੇ ਪ੍ਰਿਸ਼ਰਮ ਨਾਲ ਉਹਨਾਂ ਦੇ ਅਪਣੇ ਦਰਬਾਰ ਵਿਚ ਅਨੇਕ ਕਵੀਆਂ ਨੂੰ ਆਸਰਾ ਦੇਕੇ ਉਹਨਾਂ ਤੋਂ ਸਾਹਿਤਯ ਪੈਦਾ ਕਰਾਉਣ ਉਪਰ ਬੀ ਸੁਹਣੀ ਰੌਸ਼ਨੀ ਪਾਈ ਗਈ ਹੈ। ਆਸ ਹੈ ਇਹ ਸੰਗ੍ਰਹਿ ਬੀ ਪਹਿਲੇ ਦੋਹਾਂ ਸੰਗ੍ਰਹਿਆਂ ਵਾਂਗ ਪੰਜਾਬੀ ਪਿਆਰਿਆਂ ਵਿਚ ਪ੍ਰਿਯਤਾ ਪ੍ਰਾਪਤ ਕਰੇਗਾ।

ਅੰਮ੍ਰਿਤਸਰ<br>
੭-੩-੧੯੬੬

ਮਹਾਂ ਸਿੰਘ ਗਯਾਨੀ<br>
ਸੰਪਾਦਕ ਖਾਲਸਾ ਸਮਾਚਾਰ

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ੧. ਸ਼ੁੱਧ ਸਰੂਪ

ਦਸਵੇਂ ਪਾਤਸ਼ਾਹ ਜੀ ਦੀ ਇਕ ਸਾਖੀ ਦੇ ਵੇਰਵੇ ਵਿਚ ਤਵਾਰੀਖ ਖਾਲਸਾ ਵਿਚ ਇਉਂ ਲਿਖਿਆ ਹੈ .

ਸੰ: ੧੭੩੪ ਬਿ: ਨੂੰ ਦੀਵਾਨ ਵਿਚ ਗੁਰੂ ਜੀ ਬੈਠੇ ਸੇ, ਕਲੰਦਰਾਂ ਨੇ ਆਕਰ ਬਾਂਦਰ ਰਿੱਛ ਨਚਾਏ, ਸਿਖ ਹਸਾਏ। ਗੁਰੂ ਜੀ ਨੇ ਆਪਣੇ ਉਤੇ ਚੌਰ ਕਰਨ ਵਾਲੇ ਭਾਈ ਕੀਰਤੀਏ ਨੂੰ ਕਿਹਾ : ਤੂੰ ਏਸ ਰਿੱਛ ਨੂੰ ਜਾਣਦਾ ਹੈਂ ? ਉਹ ਬੋਲਿਆ : ਜੀ ਮੈਂ ਨਹੀਂ ਜਾਣਦਾ। ਗੁਰੂ ਜੀ ਬੋਲੇ : ਇਹ ਤੇਰਾ ਬਾਪ ਸੋਭਾ ਰਾਮ ਹਈ। ਅੱਠ ਬਰਸ ਹੋਏ ਦੇਹ ਛੱਡ, ਉੱਤਰਕਾਸ਼ੀ ਦੇ ਪਰਬਤ ਵਿਚ ਜਾ, ਰਿੱਛ ਜੋਨੀ ਪਾ ਲੀਤੀ ਹੈ। ਕਲੰਦਰਾਂ ਨੇ ਕਿਹਾ : ਇਹ ਗੱਲ ਸੱਚ ਹੈ, ਅਸੀਂ ਇਸ ਨੂੰ ਓਥੋਂ ਹੀ ਫੜਕੇ ਲਿਆਏ ਹਾਂ। ਭਾਈ ਕੀਰਤਨੀਏ ਨੇ ਚੌਰ ਧਰ, ਆਖਿਆ : ਮੇਰੇ ਬਾਪ ਨੇ ਸੱਤਵੇਂ ਅੱਠਵੇਂ ਨੌਮੇਂ ਗੁਰੂ ਜੀ ਦੀ ਸੇਵਾ ਕੀਤੀ ਤਾਂ ਰਿੱਛ ਜੋਨੀ ਪਾਈ, ਹੁਣ ਮੈਂ ਤੁਹਾਡੀ ਸੇਵਾ ਕਰਕੇ ਬਾਂਦਰ ਹੋਵਾਂਗਾ। ਜਦ ਤੁਹਾਡੀ ਸੇਵਾ ਦਾ ਏਹੋ ਫਲ ਹੈ ਕਿ ਰਿੱਛ ਤੇ ਬਾਂਦਰ ਜੋਨੀ ਪਾਕੇ ਕਲੰਦਰਾਂ ਦੀ ਮਾਰ ਖਾਂਦੇ ਘਰ ਘਰ ਨੱਚਦੇ ਫਿਰਨਾ ਪੈਂਦਾ ਹੈ, ਤਾਂ ਤੁਹਾਡੀ ਸੇਵਾ ਕਿਉਂ ਕਰਨੀ, ਤੇ ਕਿਉਂ ਤੁਹਾਨੂੰ ਗੁਰੂ ਮੰਨਣਾ ਹੈ। ਗੁਰੂ ਜੀ ਨੇ ਹੱਸ ਕੇ ਕਿਹਾ: ਉਸ ਨੇ ਰਿੱਛ ਹੋਣ ਦਾ ਕਰਮ ਕੀਤਾ, ਰਿੱਛ ਹੋਇਆ; ਜੋ ਬਾਂਦਰ ਹੋਣ ਕਾ ਕਰਮ ਕਰੇਗਾ ਸੋ ਬਾਂਦਰ ਹੋ ਜਾਊ ।

(ਸਫਾ ੧੩੭੨)

ਅਖ਼ਬਾਰਾਂ ਵਿਚ ਆਮ ਤੌਰ ਤੇ ਤਸਵੀਰਾਂ ਛਪਦੀਆਂ ਰਹਿੰਦੀਆਂ ਹਨ ਜੋ ਹਾਸੋਹੀਣੀਆਂ ਹੁੰਦੀਆਂ ਹਨ। ਇਨ੍ਹਾਂ ਨੂੰ ਕਾਰਟੂਨ (Cartoons) ਕਹਿੰਦੇ ਹਨ। ਇਨ੍ਹਾਂ ਦਾ ਮੁੱਖ ਮੰਤਵ ਮਜ਼ਾਕ, ਹੰਸੀ, ਠੱਠਾ, ਹਜੋ, ਦਿਲਲਗੀ ਆਦਿਕ ਹੁੰਦਾ ਹੈ। ਉਪਹਾਸ ਦੀਆਂ ਮੂਰਤਾਂ ਬਨਾਉਣ ਵਾਲੇ ਨੂੰ ਕਾਰਟੂਨਿਸਟ ਕਹਿੰਦੇ ਹਨ। ਕਈ ਸਿਆਣੇ ਕਾਰਟੂਨਿਸਟ

ਆਪਣੇ ਕੀਤੇ ਮਜ਼ਾਕ ਦੇ ਹੇਠ ਡੂੰਘੀ ਰਮਜ਼ ਭਰ ਦੇਂਦੇ ਹਨ। ਉਨ੍ਹਾਂ ਦਾ ਕਥਨ ਹੈ ਕਿ ਕਾਰਟੂਨ ਸਿਰਫ਼ ਇਕ ਮੁਬਾਲਗ਼ੇ ਦੀ ਚੀਜ਼ ਨਹੀਂ ਕਿ ਕਿਸੇ ਦੇ ਨੱਕ ਨੂੰ ਹੋਰ ਲੰਮੇਰਾ ਕਰ ਦਿੱਤਾ ਜਾਏ ਜਾਂ ਕਿਸੇ ਦੇ ਚੌੜੇ ਕੰਨ ਨੂੰ ਹੋਰ ਚੌੜੇਰਾ ਕਰ ਦਿੱਤਾ ਜਾਵੇ, ਜਿਸ ਨਾਲ ਹਾਸੇ ਦੀ ਕੈਫ਼ੀਅਤ ਪੈਦਾ ਹੋ ਜਾਵੇ। ਕੈਲਨ ਸਾਹਿਬ (Emery Kelen) ਦਾ ਕਹਿਣਾ ਹੈ ਕਿ ਕਾਰਟੂਨ ਐਸਾ ਹੋਣਾ ਚਾਹੀਦਾ ਹੈ ਜਿਸ ਨਾਲ ਮਨੁੱਖ ਦੇ ਅੰਦਰਲੇ ਮਾਲ ਦਾ ਮੁੱਲ ਬਾਹਰ ਦੀ ਨੁਹਾਰ ਤੋਂ ਪ੍ਰਗਟ ਹੋ ਜਾਏ। ਐਸਾ ਕਾਰਟੂਨ ਇਕ ਸਾਧਨ ਬਣ ਜਾਂਦਾ ਹੈ ਰਾਏ ਪ੍ਰਗਟ ਕਰਨ ਦਾ*।

ਏਸ ਸਿਧਾਂਤ ਨੂੰ ਮੁੱਖ ਰੱਖਕੇ ਕੈਲਨ ਨੇ ਕਈ ਕਾਰਟੂਨ ਬਣਾਏ। ਉਸ ਨੇ ਜੋ ਮਹਾਤਮਾਂ ਗਾਂਧੀ ਦਾ ਚਿੱਤ੍ਰ ਖਿੱਚਿਆ, ਉਸ ਵਿਚ ਇਕ ਪਹਾੜ ਜਿੱਡਾ ਵੱਡਾ ਖੱਦਰ ਦਾ ਥੇਹ ਬਣਾਇਆ, ਜਿਸ ਦੀ ਚੋਟੀ ਉਤੇ ਸੁੱਕਾ ਆਲੂ-ਬੁਖਾਰਾ ਰਖਿਆ ਸੀ**। ਰੂਜ਼ਵਲਟ (F.D. Roosevelt) ਦੇ ਚਿਤ੍ਰ ਵਿਚ ਬਥਰ ਸ਼ੇਰ ਉਪਰ ਲੂੰਮੜੀ ਦੀ ਪੇਉਂਦ ਸੀ***। ਕੈਲਨ ਨੇ ਇਸ ਤਰ੍ਹਾਂ ਵੱਡੇ ਵੱਡੇ ਮਨੁੱਖਾਂ ਦੇ ਉਪਹਾਸ ਸ੍ਵਾਂਗ ਰੂਪ ਬਣਾਏ ਹਨ। ਉਸ ਦੀ ਰਾਏ ਮੁਤਾਬਿਕ ਇਹ ਸ਼ੀਸ਼ੇ ਹਨ, ਇਨ੍ਹਾਂ ਵਿਚ ਅੰਦਰਲੀ ਦਸ਼ਾ ਬਾਹਰ ਦੇ ਹੁਲੀਏ ਵਿਚ ਝਲਕ ਰਹੀ ਹੈ। ਐਸੇ ਬਣੇ ਹੋਏ ਚਿੱਤ੍ਰਾਂ ਦਾ ਸੰਚੈ ਹੁਣ ਕਿਤਾਬ ਦੀ ਸ਼ਕਲ ਵਿਚ ਛਪ ਗਿਆ ਹੈ।

ਪੁਸਤਕ ਦਾ ਨਾਮ ਹੈ : Pleace in their time, Knopf.

ਕੈਲਨ ਕੋਲੋਂ ਪੁੱਛਿਆ ਗਿਆ : ਜੇ ਤੂੰ ਆਪਣਾ ਕਾਰਟੂਨ ਵਾਹੇਂ ਤਾਂ ਉਹ ਕੈਸਾ ਬਣੇਗਾ ? ਉਸ ਨੇ ਬੇਝਿਜਕ ਆਪਣੀ ਸ੍ਵਾਂਗ ਰੇਖਾ ਖਿੱਚ ਦਿੱਤੀ। ਉਸ ਨੇ ਦੱਸਿਆ ਕਿ "ਮੈਂ ਬਾਂਦਰ ਤੇ ਗਿੱਧ ਦੇ ਮੇਲ ਤੋਂ ਉਪਜਿਆ ਮਿਲਗੋਭਾ ਹਾਂ, ਬਾਂਦਰ ਵਾਕੁਣ ਨੱਚਣਾ ਟੱਪਣਾ ਤੇ ਗਿੱਧ ਵਾਕੁਣ ਮਤਲਬੀ। ਮੇਰੀ ਸ਼ਕਲ ਵੀ ਇਨ੍ਹਾਂ ਹੀ ਜਾਨਵਰਾਂ ਨਾਲ ਮਿਲਦੀ ਹੈ। ਮੇਰਾ ਨੱਕ ਤੇ ਅੱਖਾਂ ਪੰਛੀ ਵਾਕੁਣ ਹੀ ਤੇਜ਼ ਹਨ।...ਮੈਂ ਆਪਣੀ ਖ਼ਸਲਤ ਵਿਚ ਵੀ ਇਨ੍ਹਾਂ ਹੀ ਪਸ਼ੂ ਪੰਛੀਆਂ ਨਾਲ ਮਿਲਦਾ ਜੁਲਦਾ ਹਾਂ।"

ਗਿੱਧ ਕੀ ਹੁੰਦਾ ਹੈ? ਗਿੱਧ ਇਕ ਪੰਛੀ ਹੈ, ਜਿਸ ਬਾਬਤ ਕੋਸ਼ਕਾਰ ਐਉਂ ਲਿਖਦੇ ਹਨ :

* It involves an evaluation of the inner man through his outward features A caricature is an opinion.

** A pyrimid of home spun topped with driedf prune.

*** A fox grafted onto a lion who use his jaw as men use hands and elephants use trunks.

ਆਕਾਸ਼ ਵਿਚ ਬੜਾ ਉੱਚਾ ਉੱਡ ਸਕਦਾ ਹੈ, ਇਸ ਦੇ ਸਰੀਰ ਦਾ ਰੰਗ ਮਟਮੈਲਾ ਹੁੰਦਾ ਹੈ, ਪੈਰਾਂ ਵਿਚ ਉਂਗਲੀਆਂ ਤਕ ਪਰ ਹੁੰਦੇ ਹਨ। ਇਸ ਦਾ ਸਿਰ ਲਾਲ, ਚੁੰਝ ਨੋਕਦਾਰ, ਤਿੱਖੀ ਤੇ ਮੁੜਵੀਂ ਹੁੰਦੀ ਹੈ। ਨਜ਼ਰ ਬਹੁਤ ਤੇਜ਼, ਉਡਦਾ ਹੋਇਆ ਬਹੁਤ ਦੂਰੋਂ ਮਾਸ ਨੂੰ ਦੇਖਕੇ ਝਪਟਦਾ ਹੈ।

ਰਿੱਛ ਤੇ ਬਾਂਦਰ ਦਾ ਤਮਾਸ਼ਾ ਕਲੰਦਰ ਕਰ ਰਹੇ ਸਨ। ਗੁਰੂ ਜੀ ਬੈਠੇ ਦੇਖ ਰਹੇ ਸਨ। ਸਿੱਖ ਹੱਸ ਰਹੇ ਸਨ। ਭਾਈ ਕੀਰਤੀਆ ਚੌਰ ਧਰ ਕੇ ਬੈਠਾ ਸੀ। ਕੀਰਤੀਏ ਦੀ ਆਪਣੀ ਬ੍ਰਿਤੀ ਕੀ ਸੀ? ਉਸ ਦੀ ਅੰਦਰ ਦੀ ਖ਼ਸਲਤ ਕਿਹੋ ਜਿਹੀ ਸੀ? ਮਨ ਦੀ ਅਵਸਥਾ ਅਨੁਸਾਰ ਉਹ ਕਿਸ ਪਸ਼ੂ ਸ਼੍ਰੇਣੀ ਵਿਚੋਂ ਸੀ? ਉਸ ਨੂੰ ਆਪਣੇ ਪਿਤਾ ਕੋਲੋਂ ਕਿਹੜੀ ਸਿਫ਼ਤ ਵਿਰਸੇ ਵਿਚ ਮਿਲੀ ਸੀ? ਕੀਰਤੀਆ ਸੋਭਾ ਰਾਮ ਦਾ ਪੁੱਤ੍ਰ ਸੀ ਜੋ ਨੌਵੇਂ ਪਾਤਸ਼ਾਹ ਦੀ ਹਜ਼ੂਰੀ ਵਿਚ ਰਿਹਾ ਹੈ। ਸੋਭਾ ਰਾਮ ਇਕ ਦਿਨ ਕੜਾਹ ਪ੍ਰਸ਼ਾਦ ਵਰਤਾ ਰਿਹਾ ਸੀ। ਉਸ ਵੇਲੇ ਇਕ ਸਿਦਕੀ ਸਿਖ, ਭਾਈ ਧੰਨਾ, ਅਨਾਜ ਦਾ ਗੱਡਾ ਭਰਕੇ ਭੇਟ ਲੈ ਆਇਆ। ਉਹ ਹਮੇਸ਼ਾ ਆਪਣੀ ਕਮਾਈ ਵਿਚੋਂ ਦਸਵਾਂ ਹਿੱਸਾ ਗੁਰੂ ਕੇ ਲੰਗਰ ਪਾਉਂਦਾ ਸੀ। ਉਹ ਸੱਚਾ ਸੁੱਚਾ ਤੇ ਧਰਮ ਦੀ ਕਮਾਈ ਕਰਨ ਵਾਲਾ ਸ਼ਰਧਾਵਾਨ ਸਿਖ ਸੀ। ਲਿਖਿਆ ਸੀ :

> ਜਦ ਉਹ ਅਨਾਜ ਦਾ ਗੱਡਾ ਭਰਕੇ ਲੈ ਆਇਆ ਤਾਂ ਸੋਭਾ ਰਾਮ ਕੜਾਹ ਪ੍ਰਸ਼ਾਦ ਵਰਤਾ ਰਿਹਾ ਸੀ, ਓਨ ਪ੍ਰਸ਼ਾਦ ਮੰਗਿਆ ਤਾਂ ਸੋਭੇ ਨੇ ਆਖਿਆ, ਪਰੇ ਖੜਾ ਰਹੁ, ਕਿੱਥੇ ਰਿੱਛ ਜਿਹਾ ਅੱਗੇ ਆਉਂਦਾ ਹੈਂ। ਓਨ ਬੇਨਤੀ ਕੀਤੀ : ਮੇਰਾ ਗੱਡਾ ਜਾਂਦਾ ਹੈ, ਮੈਂ ਛੇਤੀ ਜਾਣਾ ਹੈ, ਪ੍ਰਸ਼ਾਦ ਦੇ ਦਿਓ। ਸੋਭੇ ਨੇ ਕੜਕ ਕੇ ਉਹਨੂੰ ਫੇਰ ਰਿੱਛ ਤੇ ਭੂਛ ਜੱਟ ਦੱਸਿਆ*। ਤਾਂ ਓਨ ਜ਼ਿਮੀਂ ਉੱਤੋਂ ਕੁਣਕੇ ਦਾ ਭੋਰਾ ਚੁੱਕਕੇ ਸ਼ਰਧਾ ਨਾਲ ਮੂੰਹ ਪਾਯਾ.....ਤਦ ਓਸ ਸੋਭੇ ਨੂੰ ਸਰਾਪ ਦਿੱਤਾ। ਜਿੰਕੂ ਤੂੰ ਨੱਕ ਚੜ੍ਹਾ ਹੱਥ ਨਚਾ ਮੈਨੂੰ ਰਿਛ ਦੱਸਿਆ ਹੈ, ਜਾਹ ਤੂੰ ਹੀ ਰਿੱਛ ਜੂਨੀ ਪਾ, ਨੱਕ ਚਿਰਵਾ ਘਰ ਘਰ ਨੱਚਦਾ ਫਿਰ ।
>
> (ਖਾਲਸਾ ਤ੍ਵਾਰੀਖ)

* ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਗੁਰੂ ਜੀ ਕਰਿਤੀਏ ਨੂੰ ਦੱਸਦੇ ਹਨ ਕਿ ਤੇਰੇ ਪਿਤਾ ਨੇ ਕਿਸ ਤਰ੍ਹਾਂ ਕ੍ਰੋਧ ਕਰਕੇ ਝਿੜਕਿਆ:
ਤਵ ਪਿਤ ਨੇ ਕਰਿ ਕ੍ਰੋਧ ਘਨੇਰਾ । ਝਿਰਕਨਿ ਕੀਨਿ ਸਿਖ ਤਿੰਸ ਬੇਰਾ ।।੨੮।। 'ਰੀਛ ਬੇਸ ਕਰਿਕੈ ਮਤਿ ਮੂੜਾ। ਕਯੋਂ ਸਭਿ ਪਰ ਤੂੰ ਹੋਤਿ ਅਰੂੜ੍ਹਾ । ਪਰੇ ਰਹੌਂ ਨਾਂਢੇ ਕਯੋਂ ਆਵਹਿ। ਬਹੁ ਬੋਲਤਿ ਕਯੋਂ ਰੌਰ ਮਚਾਵਹਿ ।।੨੯।।

 www.sikhbookclub.com

ਅਮਾਮ ਗ਼ਜ਼ਾਲੀ ਹੋਏ ਨੂੰ ਅੱਠ ਨੌ ਸੌ ਵਰ੍ਹਾ ਹੋ ਚੁਕਾ ਹੈ। ਉਸ ਨੇ ਲਿਖਿਆ ਹੈ :

ਅਸਲ ਵਿਚ ਆਦਮੀ ਦੀ ਬਣਤਰ ਚਾਰ ਚੀਜ਼ਾਂ ਦੀ ਮਿਲਾਵਟ ਤੁੋਂ ਹੈ – ੧. ਕੁੱਤਾਪਨ, ੨. ਸੂਅਰਪਨ, ੩. ਸ਼ੈਤਾਨਪਨ, ਅਤੇ ੪. ਫਰਿਸ਼ਤਾਪਨ।

ਕੁੱਤਾ ਆਪਣੀ ਸ਼ਕਲ ਸੂਰਤ ਕਰਕੇ ਜੋ ਗੋਸ਼ਤ ਪੋਸਤ ਦੀ ਵਜਹ ਨਾਲ ਹੈ, ਬੁਰਾ ਨਹੀਂ, ਪਰ ਆਦਤਾਂ ਦੇ ਲਿਹਾਜ਼ ਨਾਲ ਬੁਰਾ ਹੈ। ਜੈਸਾ ਕਿ ਆਦਮੀ ਨੂੰ ਵੱਢਦਾ ਹੈ।

ਸੂਅਰ ਆਪਣੀ ਸ਼ਕਲ ਕਾਰਨ ਨਿੰਦਤ ਨਹੀਂ, ਪ੍ਰੰਤੂ ਗੰਦੀਆਂ ਤੇ ਪਲੀਤ ਚੀਜ਼ਾਂ ਦੇ ਲਾਲਚ ਕਾਰਨ ਬੁਰਾ ਹੈ। ਇਹ ਕੁੱਤੇ ਅਤੇ ਸੂਰ ਦੀ ਹਾਲਤ ਰੂਹ ਦੀ ਹਕੀਕਤ ਹੈ।

ਆਦਮੀ ਵਾਸਤੇ ਫ਼ਰਮਾਇਆ ਹੈ ਕਿ ਅਕਲ ਦੀ ਰੌਸ਼ਨੀ ਨਾਲ ਸ਼ੈਤਾਨ ਦੇ ਮਕਰ ਫ਼੍ਰੇਬ ਮਾਲੂਮ ਕਰੇ, ਤਾਂ ਜੋ ਬਦਨਾਮ ਨਾ ਹੋਵੇ ਅਤੇ ਸ਼ੈਤਾਨ ਇਸ ਨਾਲ ਫ਼ਸਾਦ ਨਾ ਕਰ ਸਕੇ... ਜੇਕਰ ਲੋਗ ਇਨਸਾਫ਼ ਤੁੋਂ ਕੰਮ ਲੈਣ ਅਤੇ ਗੌਹ ਕਰਨ ਤਾਂ ਉਹਨਾਂ ਨੂੰ ਦਿੱਸ ਪਵੇਗਾ ਕਿ ਉਹਨਾਂ ਉਤੇ ਦਿਨੇ ਰਾਤ ਤ੍ਰਿਸ਼ਨਾ ਦੇ ਪਾਗਲਪੁਣੇ ਦਾ ਭੂਤ ਚੜ੍ਹਿਆ ਹੋਇਆ ਹੈ। ਵਾਸਤਵ ਵਿਚ ਐਸੇ ਲੋਕਾਂ ਦਾ ਇਹ ਹਾਲ ਹੁੰਦਾ ਹੈ ਕਿ ਭਾਵੇਂ ਉਹ ਬਾਹਰੋਂ ਮਨੁੱਖ ਦੇ ਰੂਪ ਵਿਚ ਹੁੰਦੇ ਹਨ, ਪਰ ਕਿਆਮਤ ਦੇ ਦਿਨ ਇਹ ਭੇਦ ਖੁੱਲ੍ਹੇਗਾ, ਜਦੋਂ ਉਹਨਾਂ ਦਾ ਬਾਹਰਲਾ ਆਕਾਰ ਅੰਦਰਲੀ ਖ਼ਸਲਤ ਦੇ ਮੁਤਾਬਕ ਹੋਵੇਗਾ। ਜਿਨ੍ਹਾਂ ਉਤੇ ਕਾਮ ਅਤੇ ਲੋਭ ਦਾ ਵਸੀਕਾਰ ਹੈ, ਲੋਗ ਉਹਨਾਂ ਨੂੰ ਸੂਅਰ ਦੀ ਸ਼ਕਲ ਵਿਚ ਦੇਖਣਗੇ, ਅਤੇ ਜਿਸ ਤੇ ਕ੍ਰੋਧ ਦਾ ਜ਼ੋਰ ਹੈ ਉਹ ਕੁੱਤੇ ਜਾਂ ਭੇੜੀਏ ਦਾ ਰੂਪ ਧਾਰੇਗਾ।

(ਕੀਮੀਆਏ ਸਆਦਤ, ਸਫ਼ਾ ੧੦)

ਕਈ ਵੇਰ ਪੁੱਛਿਆ ਜਾਂਦਾ ਹੈ : ਕੀ ਫਲਾਣੀ ਸਾਖੀ ਸੱਚੀ ਹੈ? ਕੀ ਐਹ ਕਥਾ ਏਸੇ ਤਰ੍ਹਾਂ ਹੋਈ ਸੀ? ਕੀ ਇਹ ਇਤਿਹਾਸ ਹੈ ਜਾਂ ਕਹਾਣੀ ਹੈ? ਕੀ ਇਹ ਕਵਿਤਾ ਦੇ ਅਲੰਕਾਰ ਹਨ ਜਾਂ ਹਕੀਕੀ ਘਟਨਾਵਾਂ ਹਨ? ਇਹ ਪ੍ਰਸ਼ਨ ਸਿਰਫ਼ ਸਾਡੀਆਂ ਸਾਖੀਆਂ ਉਤੇ ਹੀ ਨਹੀਂ ਉਠਦੇ ਪ੍ਰੰਤੂ ਹਰ ਮੁਲਕ ਦੇ ਕਥਾ ਖੇਤ੍ਰ ਉਤੇ ਐਸੇ ਹੀ ਕਿੰਤੂ ਕੀਤੇ ਜਾਂਦੇ ਹਨ। ਯੂਨਾਨ ਦੀ ਇਕ ਪੁਰਾਤਨ ਕਥਾ ਪ੍ਰਸਿੱਧ ਹੈ। ਇਸ ਦਾ ਸੰਬੰਧ ਇਕ ਸ਼ਕਤੀਵਾਨ ਵਯਕਤੀ ਨਾਲ ਹੈ ਜਿਸ ਦਾ ਨਾਮ ਹਰਕਯੂਲੀਜ਼ (Hercules) ਸੀ, ਜੋ ਕਠਨ ਤੋਂ ਕਠਨ ਕੰਮ ਕਰਨ ਦੀ ਸਮਰਥਾ ਰਖਦਾ ਸੀ। ਉਸ ਦੀ ਵੱਡੀ ਸਿਫਤ ਇਹੋ ਸੀ ਕਿ ਹਰ ਮੁਸ਼ਕਲ ਦੇ ਸਾਹਮਣੇ ਉਸ

ਦੀ ਤਾਕਤ ਵਿਚ ਜੋਸ਼ ਭਰ ਜਾਂਦਾ ਸੀ ਤੇ ਉਸ ਦਾ ਉਤਸ਼ਾਹ ਉਤਾਂਹ ਨੂੰ ਉੱਭਰਦਾ ਸੀ।

ਇਕ ਵੇਰ ਇਸ ਨੂੰ ਇਕ ਖਾਸ ਔਖਿਆਈ ਦਾ ਸਾਹਮਣਾ ਕਰਨਾ ਪਿਆ। ਮੁਕਾਬਲਾ ਇਕ ਭਯਾਨਕ ਜੰਤੂ ਨਾਲ ਸੀ। ਇਹ ਇਕ ਵਿਸ਼ੇਸ਼ ਪ੍ਰਕਾਰ ਦਾ ਜਲ–ਨਾਗ ਸੀ ਤੇ ਇਕ ਦਲਦਲ ਵਿਚ ਰਹਿੰਦਾ ਸੀ। ਇਸ ਨੂੰ ਹਈਡਰਾ (Hydra) ਕਹਿੰਦੇ ਸਨ। ਇਸ ਦੇ ਸੱਤ ਸਿਰ ਸਨ। ਇਸ ਨਾਲ ਲੜਦਿਆਂ ਹਰਕਯੂਲੀਜ਼ ਨੇ ਜਦ ਇਸ ਦਾ ਇਕ ਸਿਰ ਕਟ ਦਿਤਾ ਤਾਂ ਉਸ ਦੇ ਵਗਦੇ ਜ਼ਖਮੀ ਟੁੰਡ ਵਿਚੋਂ ਸੱਤ ਸਿਰ ਹੋਰ ਨਿਕਲ ਆਏ। ਇਕ ਸਿਰ ਦੀ ਥਾਂ ਆਪਣੀ ਗਿੱਚੀ ਵਿਚੋਂ ਸੱਤ ਸਿਰ ਹੋਰ ਬਾਹਰ ਕੱਢ ਲੈਣੇ ਇਹ ਜਲ ਨਾਗ ਦੀ ਸ਼ਕਤੀ ਦਾ ਗੁੱਝਾ ਭੇਦ ਸੀ। ਏਸੇ ਕਰਕੇ ਹੀ ਇਹ ਬਹੁਤ ਖ਼ਤਰਨਾਕ ਸੀ ਜੋ ਮਨੁੱਖ ਅਤੇ ਪਸ਼ੂਆਂ ਦੇ ਸ਼ਿਕਾਰ ਉਤੇ ਪਲਦਾ ਸੀ ਤੇ ਏਸ ਨੂੰ ਕੋਈ ਹਰਾ ਨਹੀਂ ਸੀ ਸਕਦਾ। ਹੁਣ ਹਰਕਯੂਲੀਜ਼ ਕੀ ਕਰੇ? ਉਹ ਘਬਰਾਇਆ ਨਹੀਂ। ਏਸ ਹੋਸ਼ ਮਾਰੂ ਚਮਤਕਾਰ ਦੇ ਸਾਹਮਣੇ ਉਸ ਨੂੰ ਸੋਚ ਫੁਰੀ। ਉਸ ਨੇ ਆਪਣੇ ਸਾਥੀ ਨੂੰ ਆਗਿਆ ਕੀਤੀ ਕਿ ਕੱਟੇ ਸਿਰ ਦੀ ਜ਼ਖਮੀ ਜਗ੍ਹਾ ਲਗਦੇ ਹੱਥੀਂ ਅੱਗ ਨਾਲ ਝੁਲਸਦਾ ਜਾਏ। ਇਹ ਸਾਥੀ ਸਿਰਫ਼ ਤਮਾਸ਼ਾ ਦੇਖਣ ਹੀ ਗਿਆ ਸੀ, ਪਰ ਹਰਕਯੂਲੀਜ਼ ਦੇ ਹੁਕਮ ਨਾਲ ਉਸ ਨੇ ਝਟਪਟ ਹੀ ਇਕ ਲੱਕੜ ਬਾਲ ਲਈ ਤੇ ਜਲ–ਨਾਗ ਦੇ ਹਰ ਤਾਜ਼ਾ ਜ਼ਖ਼ਮ ਨੂੰ ਤਾਉਣ ਲਗ ਪਿਆ। ਦਾਗੀ ਜਗ੍ਹਾ ਤੋਂ ਨਵਾਂ ਸ਼ਗੂਫਾ ਨਹੀਂ ਸੀ ਫੁੱਟਦਾ। ਹਰਕਯੂਲੀਜ਼ ਦੀ ਫਤਹਿ ਹੋਈ।

ਪ੍ਰਸ਼ਨ ਉਠਦਾ ਹੈ, ਕੀ ਇਹ ਕਹਾਣੀ ਸੱਚੀ ਹੈ? ਜਾਂ ਹੋਰ ਐਸੀਆਂ ਪ੍ਰਾਚੀਨ ਕਥਾਵਾਂ, ਜਿਨ੍ਹਾਂ ਨੂੰ ਮਿਥਿਹਾਸ (Mythology) ਦਾ ਨਾਮ ਦਿੱਤਾ ਜਾਂਦਾ ਹੈ, ਕਿਸ ਦਰਜੇ ਤਕ ਵਾਸਤ੍ਵਕ ਸੱਤਾ ਨਾਲ ਭਰਪੂਰ ਹਨ ਤੇ ਕਿਤਨਾ ਕੁ ਉਹਨਾਂ ਵਿਚ ਮਨੋਰੰਜਕ ਸਾਮਾਨ ਦੀ ਜੋੜ ਹੈ? ਯੂਰਪ ਦਾ ਸਾਹਿਤ ਮਿਥਿਹਾਸ ਦੀਆਂ ਐਸੀਆਂ ਵਿਆਖਿਆਵਾਂ ਨਾਲ ਭਰਿਆ ਪਿਆ ਹੈ। ਕਥਾ ਕਹਾਣੀਆਂ ਵਿਚ ਜੁੜਵੇਂ ਅਰਥ ਹੁੰਦੇ ਹਨ ਜੋ ਪ੍ਰਤੱਖ ਘਟਨਾ ਤੋਂ ਵੱਖਰੀ ਹਸਤੀ ਰਖਦੇ ਹਨ। ਇਸ ਮਤਲਬ ਨੂੰ ਦਰਸਾਉਣ ਲਈ ਹੀ ਇਕ ਵਾਰਤਾ ਨੂੰ ਅਚੰਭਾ ਕਰਨ ਵਾਲੇ ਹਾਦਸਿਆਂ ਨਾਲ ਭਰਪੂਰ ਕੀਤਾ ਜਾਂਦਾ ਹੈ। ਅਰਥਾਂ ਵਿਚ ਆਪਣੀ ਸਚਾਈ ਹੁੰਦੀ ਹੈ ਪਰ ਉਹ ਸਿੱਧੀ ਤਰ੍ਹਾਂ ਦਿਲ ਵਿਚ ਖੁੱਭਦੀ ਨਹੀਂ।

ਰਸਕਿਨ (John Ruskin) ਨੇ ਹਰਕਯੂਲੀਜ਼ ਦੀ ਕਥਾ ਬਾਬਤ ਬਹੁਤ ਕੁਛ ਆਖਿਆ ਸੀ, ਜਿਸ ਦਾ ਸੰਖੇਪ ਤੱਤ ਕੁਛ ਐਸ ਤਰ੍ਹਾਂ ਦਾ ਸੀ : ਉਹ ਕਹਿੰਦਾ ਹੈ, ਫਰਜ਼ ਕਰੋ ਮੈਂ ਤੁਹਾਨੂੰ ਸਿਰਫ਼ ਇਤਨੀ ਹੀ ਗੱਲ ਸੁਣਾਉਂਦਾ ਕਿ ਹਰਕਯੂਲੀਜ਼ ਨੇ ਇਕ ਜ਼ਹਿਰੀਲੀ

ਦਲਦਲ ਨੂੰ ਸਾਫ਼ ਕੀਤਾ ਤੇ ਏਸ ਸਫਾਈ ਵਿਚ ਉਸ ਨੂੰ ਬਹੁਤ ਵਿਸ਼ (Poison)ਦਾ ਸਾਹਮਣਾ ਕਰਨਾ ਪਿਆ; ਆਖ਼ਰ ਉਸ ਨੇ ਉਸ ਵਧ ਰਹੇ ਮੌਹਰੇ (Poison) ਨੂੰ ਕਾਬੂ ਵਿਚ ਲੈ ਲਿਆ, ਤਾਂ ਇਸ ਵਾਰਤਾ ਨੂੰ ਦੱਮਣ ਲਈ ਕਈ ਇਕ ਘਟਨਾਵਾਂ ਦੇ ਹੇਰ ਫੇਰ ਤੇ ਹਾਦਸਿਆਂ ਦੇ ਜੋੜ ਦਾ ਸਿਲਸਲਾ ਰਚਣਾ ਪਵੇਗਾ*।

ਸ੍ਰੀ ਗੁਰੂ ਤੇਗ ਬਹਾਦਰ ਜੀ ਬਾਬਤ ਸਾਖੀ ਪੋਥੀ ਵਿਚ ਲਿਖਿਆ ਹੈ :

''ਹਢਿਆਏ, ਜਿੱਥੇ ਗੁਰੂ ਕਾ ਡੇਰਾ ਸੀ, ਓਥੇ ਟਾਲ੍ਹੀਆਂ ਦੀ ਝੰਗੀ ਸੀ, ਪਾਸ ਛੱਪੜ ਸੀ। ਇਕ ਜ਼ਿਮੀਂਦਾਰ ਗੁਰੂ ਜੀ ਕੇ ਪਾਸ ਮੱਥਾ ਟੇਕਕੇ ਬੈਠ ਗਿਆ। ਗੁਰੂ ਜੀ ਨਾਲ ਗੱਲਾਂ ਕਰਨ ਲਗਿਆ : 'ਗੁਰੂ ਜੀ ! ਮਨੁਖ ਮਰ ਜਾਂਦੇ ਹੈਨਿ ਗਲ ਸੁੱਜਕੇ।'

ਗੁਰੂ ਜੀ ਬਚਨ ਕੀਤਾ – 'ਕਿਸੀ ਸਿਖ ਨੂੰ ਦੁੱਖ ਹੋਊਗਾ।' ਓਨ ਆਖਿਆ : 'ਇਕ ਬਾਲਕਾ ਕੱਲ ਮੁਕਲਾਵਾ ਲੈਕੇ ਆਇਆ ਸੀ, ਅਜ ਮਰ ਗਿਆ; ਮੌਤ ਵਡੀ ਪਈ ਹੈ।' ਗੁਰੂ ਜੀ ਕਹਿੰਦੇ : 'ਐਤ ਛਪੜੀ ਇਸ਼ਨਾਨ ਕਰੋ, ਸੁਖ ਹੋਵੇਗੀ'। ਓਸ ਆਖਿਆ – 'ਓਸ ਛਪੜੀ ਤਾਂ ਚਮਿਆਰ ਚੰਮ ਦਬਦੇ ਹਨ, ਅਸ਼ਨਾਨ ਕਿੰਕੂ ਕਰੀਏ ?' ਤਾਂ ਗੁਰੂ ਜੀ ਆਪ ਇਸ਼ਨਾਨ ਕੀਤਾ, ਆਪ ਕਾਰ ਕੱਢੀ। ਓਸ ਜਟ ਨੇ ਜਾਇਕੇ ਪਿੰਡ ਵਿਚ ਕਹਿਆ : 'ਜਬ ਲਗ ਇਸ਼ਨਾਨ ਕਰਣਾ'। ਤ੍ਰੀਮੀ ਪੁਰਸ਼ਾਂ ਛਪੜੀ ਮਾਰਕੇ ਮੱਧ ਸਿੱਟੀ; ਗਾਰਾ ਗੁਰਾ ਲੱਗੇ ਸਿਰ ਪਾਇ ਪਾਇ ਨ੍ਹਾਉਣ, ਸੁਖ ਹੋ ਗਈ। ਹੁਣ ਭੀ ਉਹਨਾਂ ਨੂੰ ਦੁਖ ਹੀਲਾ ਬਣਦਾ ਹੈਨ ਤਾਂ ਗੁਰੂ ਸਰ ਦੀ ਕਾਰ ਕੱਢਦੇ ਹੈਨ, ਏਹ ਬਾਤ ਰੌਸ਼ਨ ਹੈ।''

ਹਢਿਆਇਆ ਪਿੰਡ ਬਰਨਾਲੇ ਦੇ ਨਜ਼ਦੀਕ, ਇਸ ਦਾ ਹੁਣ ਨਾਉਂ 'ਗੁਰੂ ਸਰ' ਹੈ। ਸੁੰਦਰ ਟਿਕਾਣਾ ਹੈ। ਇਕ ਛੱਪੜ ਜਿਸ ਤੋਂ ਬੀਮਰੀ ਦੀ ਅਫ਼ੂਨਤ ਉਠਦੀ ਸੀ, ਗਾਰ ਕਢਵਾਕੇ ਸੁੱਛ ਹੋ ਗਿਆ। ਏਸੇ ਦੇ ਕਾਰਣ ਲੋਗ ਬੀਮਾਰ ਰਹਿੰਦੇ ਸਨ, ਗਲ ਸੁੱਜਕੇ ਮਰ ਜਾਂਦੇ ਸਨ। ਛੱਪੜ ਖ਼ਤਰਨਾਕ ਸੀ, ਜ਼ਹਿਰੀਲਾ ਸੀ, ਗੁਰੂ ਜੀ ਆਪ ਕਾਰ ਕੱਢੀ।

ਸਾਖੀ ਪੋਥੀ ਵਿਚ ਲਿਖਿਆ ਹੈ :

* ਪੂਰੇ ਵਿਸਤਾਰ ਲਈ ਦੇਖੋ ਰਸਕਿਨ ਦੀ -
Queen of the Air, Greek Myths.

 www.sikhbookclub.com

''ਫੇਰ ਅਗਲੇ ਦਿਹ ਬੇਰੀ ਹੇਠ ਜਾਇ ਬੈਠੇ, ਸਿਖਾਂ ਨੂੰ ਬਚਨ ਕੀਤਾ : ਕਹੀਆਂ ਲਿਆਵੋ। ਸਿਖ ਲੈ ਆਏ, ਆਪ ਕਹੀ ਲੈ ਆਏ, ਆਪ ਕਹੀ ਲੈਕੇ ਟੱਕ ਲਾਇਆ, ਆਪ ਗ੍ਰਾਰ ਕੱਢੀ ਦੁਸ਼ਾਲੇ ਨਾਲ, ਪੰਜ ਵਾਰੀ। ਸਿਖ ਸੰਤ ਮਾਈ ਬੀਬੀ ਸਭ ਕੋਈ ਲਗਾ ਕਾਰ ਕਢਣਿ।''

ਸਿਖ ਕਹੀਆਂ ਤਾਂ ਲੈ ਆਏ ਪਰ ਤਸਲੇ ਨਾ ਲਿਆਏ। ਗੁਰੂ ਜੀ ਜਿਸ ਵੇਲੇ ਆਖਿਆ ਸੀ ਕਿ ਕਹੀਆਂ ਲਿਆਵੋ ਤਾਂ ਮਤਲਬ ਕਹੀਆਂ ਟੋਕਰੀਆਂ ਵਗੈਰਾ ਸਭ ਕੁਛ ਲਿਆਉਣ ਦਾ ਸੀ। ਗੁਰੂ ਜੀ ਇਕ ਮਿੰਟ ਬੀ ਹੋਰ ਤਸਲਿਆਂ ਟੋਕਰੀਆਂ ਦਾ ਇੰਤਜ਼ਾਰ ਨਹੀਂ ਸਨ ਕਰ ਸਕਦੇ। ਉਹਨਾਂ ਆਪਣੇ ਦੁਸ਼ਾਲੇ ਵਿਚ ਗਾਰ ਪਾਕੇ ਬਾਹਰ ਕੱਢੀ। ਪੰਜ ਵੇਰ ਕੱਢੀ। ਕਾਰ ਸੇਵਾ ਹੱਥਾਂ ਨਾਲ ਹੀ ਹੋ ਸਕਦੀ ਹੈ, ਪੈਸੇ ਜਾਂ ਕਿਸੇ ਹੋਰ ਵਸੀਲੇ ਨਾਲ ਨਹੀਂ। 'ਕਰ' ਦੇ ਅਰਥ ਹੀ 'ਹੱਥ' ਹੈ।

ਹਰਕਯੂਲੀਜ਼ ਨੇ ਜੋ ਕੁਛ ਦਲਦਲ ਨੂੰ ਜਲ-ਨਾਗ ਤੋਂ ਸਾਫ਼ ਕੀਤਾ, ਕਿਸੇ ਐਸੀ ਅਫ਼ੂਨਤ ਤੋਂ ਹੀ ਬਚਾਉਣ ਦੀ ਸੰਭਾਵਨਾ ਹੈ। ਦਲਦਲ ਦੀ ਵਬਾ ਐਸੀ ਸੀ ਜਿਸ ਦੀ ਸਫਾਈ ਵਿਚ ਜ਼ਰਾ ਵੀ ਡੇਰ ਕੀਤੀ ਜਾਏ ਤਾਂ ਉਤਨੀ ਹੀ ਹੋਰ ਪੈਦਾ ਹੋ ਜਾਂਦੀ ਸੀ। ਬਰਨਾਲੇ ਦੇ ਲਾਗਲੇ ਛੱਪੜਾਂ ਦੀ ਐਸੀ ਹੀ ਦਸ਼ਾ ਸੀ। ਗੁਰੂ ਜੀ ਨੇ ਵੀ ਏਸੇ ਕਰਕੇ ਡੇਰ ਨਹੀਂ ਸੀ ਲਾਈ। ਪੰਜ ਵੇਰ ਯਕਦਮ ਅਪਣੇ ਦੁਸ਼ਾਲੇ ਰਾਹੀਂ ਕਾਰ ਸੇਵਾ ਕਰਕੇ ਛੱਪੜ ਦੀ ਸੂੱਛਤਾ ਦਾ ਪਹਿਲਾ ਕਦਮ ਉਠਾਇਆ, ਜਿਸ ਨੂੰ ਦੇਖ ਰਹੀ ਲੋਕਾਈ ਨੇ ਤੁਰਤ ਹੀ ਹੱਥੋ ਹੱਥੀ ਠੀਕ ਕਰ ਲਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਵਿਚ ਸੇਵਾ ਦੀ ਸਿਖਿਆ ਹੈ। ਬਾਰ ਬਾਰ ਇਸ ਦਾ ਵੇਰਵਾ ਹੈ। ਬੜੀ ਦ੍ਰਿੜ ਤਾਕੀਦ ਨਾਲ ਕਿਹਾ ਹੈ:

ਅਨਿਕ ਭਾਂਤਿ ਕਰਿ ਸੇਵਾ ਕਰੀਐ ॥
ਜੀਉ ਪ੍ਰਾਨ ਧਨੁ ਆਗੈ ਧਰੀਐ ॥

(ਆਸਾ ਮਹਲਾ ੫-੮)

ਪਰ ਜੋ ਸੇਵਾ ਦਾ ਨਮੂਨਾ ਗੁਰੂ ਤੇਗ ਬਹਾਦਰ ਜੀ ਨੇ ਹਢਿਆਏ ਵਰਗੇ ਪਿੰਡਾਂ ਵਿਚ ਪੇਸ਼ ਕੀਤਾ, ਉਸ ਵਿਚ ਰਮਜ਼ ਹੋਰ ਹੈ। ਇਹ ਵੰਨਗੀ ਹੈ ਜਨ ਸਮੂਹ ਦੀ ਇਕੱਠੀ ਸੇਵਾ ਦੀ। ਨਿਜੀ ਸ਼ਖਸੀ (individual) ਸੇਵਾ ਵਿਚ ਤੇ ਜਨ-ਸਮੂਹ ਦੀ ਸੇਵਾ ਵਿਚ ਫਰਕ ਹੈ। ਨਿੱਜੀ ਸੇਵਾ ਤਾਂ ਇਕ ਸਾਧਨ ਹੈ, ਇਕ ਤਰੱਦਦ ਹੈ ਆਪਣੇ ਆਪ ਨੂੰ ਪਵਿਤ੍ਰ ਕਰਨ ਦਾ,

 www.sikhbookclub.com

ਨਿਰਹੰਕਾਰ ਕਰਨ ਦਾ। ਪਰ ਜਨ ਸਮੂਹ ਦਾ ਇਕੱਠੇ ਸੇਵਾ ਵਿਚ ਜੁੱਟ ਪੈਣਾ ਇਹ ਆਦਰਸ਼ ਦੀ ਗੱਲ ਹੈ। ਇਹ ਨਿਰਾ ਸਾਧਨ ਦਾ ਮਾਜਰਾ ਨਹੀਂ। ਇਸ ਦਾ ਸੇਵਾ ਦਾ ਗੁਣ ਹੋਰ ਹੈ, ਇਸ ਦੀ ਤਾਸੀਰ ਹੋਰ ਹੈ। ਇਹ ਉਸ ਇਖ਼ਲਾਕੀ ਬੀਮਾਰੀ ਦਾ ਇਲਾਜ ਹੈ ਜਿਸ ਨੇ ਸਾਰੀ ਕੌਮ ਨੂੰ ਆਪਣੀ ਵਬਾ ਵਿਚ ਗ੍ਰਸਿਆ ਹੋਵੇ। ਨਿਜੀ ਸੇਵਾ ਇਕ ਠੰਢੀ ਚੀਜ਼ ਹੈ, ਸ਼ਾਂਤੀ ਦਾ ਉਪਾ ਹੈ, ਉੱਦਮ ਦੀ ਸਹੂਲਤ ਹੈ। ਭਲਾ ਕਰਨ ਦੇ ਸਬਕ ਪਕਾਉਣ ਦੀ ਸੁਵਿਧਾ ਹੈ। ਪਰ ਜਨ ਸਮੂਹ ਦੀ ਸੇਵਾ ਗਰਮ ਸ਼ੈ ਹੈ, ਇਹ ਸਮੁੰਦਰ ਵਾਕਨ ਹੈ, ਇਸ ਵਿਚ ਲਹਿਰਾਂ ਹਨ, ਜੋਸ਼ ਹੈ, ਜ੍ਵਾਰ ਭਾਟਾ ਹੈ। ਇਹ ਕਿਸੇ ਆਦਰਸ਼ ਦੇ ਆਸਰੇ ਹੈ। ਇਸ ਦਾ ਉਠਾਉ ਤੇ ਉਭਾਰ ਹੈ, ਕਿਸੇ ਅਪਣੇ ਚੰਦ੍ਰਮਾ ਦੇ ਸਾਹਮਣੇ, ਕਿਸੇ ਆਕਾਸ਼ੀ ਖਿੱਚ ਵਿਚ। ਇਕ ਇਖ਼ਲਾਕੀ ਆਦਰਸ਼ ਵਿਚ ਸਮਰਥਾ ਹੁੰਦੀ ਹੈ ਕਿ ਉਹ ਕਾਯਾਂ ਕਲਪ ਕਰ ਦੇਵੇ ਕਿ ਹੇਠਲੀ ਮਿੱਟੀ ਉਪਰ ਆ ਜਾਵੇ। ਇਕ ਐਸਾ ਉੱਦੇਸ਼, ਜਿਸ ਵਿਚ ਜਨ ਸਮੂਹ ਸੇਵਾ ਵਿਚ ਤਤਪਰ ਹੋ ਉਠੇ, ਅਪਣੀ ਹੀ ਸ਼ਕਤੀ ਰਖਦਾ ਹੈ। ਉਸ ਵਿਚ ਕ੍ਰਾਂਤਿ ਦੇ ਬੀਜ ਹੁੰਦੇ ਹਨ, ਉਸ ਤੋਂ ਬਗ਼ਾਵਤ ਦੀ ਜੜ੍ਹ ਫੁਟਦੀ ਹੈ। ਉਸੇ ਤੋਂ ਸੁਤੰਤ੍ਰਤਾ ਦੀ ਪ੍ਰਾਗ ਧੂੜ ਦੀ ਸੁਗੰਧੀ ਫੈਲਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ :

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ[੧] ਮੀਨ[੨] ਕੁਰੰਗਾ[੩] ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ[੪] ਬ੍ਰਿਖ[੫] ਜੋਇਓ ॥

(ਗਉੜੀ ਮਹਲਾ ੫-੭੨)

ਇਨ੍ਹਾਂ ਜਨੌਰੀ ਜਨਮਾਂਤ੍ਰਾਂ ਦੀਆਂ ਆਦਤਾਂ ਇਨਸਾਨ ਦੇ ਅੰਦਰ ਮੌਜੂਦ ਹਨ। ਸਰੂਪ ਭਾਵੇਂ ਮਨੁੱਖ ਦਾ ਮਿਲ ਗਿਆ ਹੈ, ਪਰ ਆਦਤ ਪਸ਼ੂ ਦੀ ਹੈ :

ਕਰਤੂਤਿ ਪਸੂ ਕੀ ਮਾਨਸ ਜਾਤਿ ॥
ਲੋਕ ਪਚਾਰਾ ਕਰੈ ਦਿਨੁ ਰਾਤਿ ॥

(ਸੁਖਮਨੀ, ੪-੫)

੧ ਹਾਥੀ। ੨. ਮੱਛੀ। ੩. ਹਿਰਨ। ੪. ਘੋੜਾ। ੫. ਬੈਲ।

ਡਾਰਵਿਨ (Charles Robert Darvin, ੧੮੦੯–੧੮੮੨ ਈ:) ਵੱਡਾ ਸਾਇੰਸਦਾਨ ਹੋਇਆ ਹੈ। ਉਸ ਨੇ 'ਕਰਤੂਤਿ ਪਸੂ ਕੀ ਮਾਨਸ ਜਾਤਿ' ਵਾਲੇ ਖ਼ਿਆਲ ਨੂੰ ਅਪਣੀ ਤੋਲਵੀਂ ਭਾਸ਼ਾ ਵਿਚ ਐਉਂ ਬਿਆਨ ਕੀਤਾ ਹੈ :

We must however acknowledge as it seems to me that man with all noble qualities still bears in bodily frame the indelible of his lowly origin.

(Descendant of man, Ch-21)

ਇਸ ਦਾ ਭਾਵ ਇਹ ਹੈ ਕਿ ਮਨੁੱਖ ਵਿਚ ਉੱਚੇ ਤੋਂ ਉੱਚੇ ਗੁਣ ਹੁੰਦਿਆਂ ਹੋਇਆਂ ਵੀ ਉਸ ਦੀ ਜਿਸਮਾਨੀ ਚੌਕਾਠ ਵਿਚ ਆਪਣੀ ਨੀਵੀਂ ਮੂਲ ਧਾਤ ਦਾ ਪੱਕਾ ਠੱਪਾ ਲਗਾ ਹੋਇਆ ਹੈ।

'ਕਰਤੂਤਿ ਪਸੂ ਕੀ ਮਾਨਸ ਜਾਤਿ' ਦੇ ਸੂਖਮ ਖਿਆਲ ਨੂੰ ਜਦ ਠੋਸ ਵੇਸ ਦਿੱਤਾ ਜਾਵੇ ਤਾਂ ਸ਼ਕਲ ਹੋਰ ਬਣ ਜਾਂਦੀ ਹੈ। ਅਮ੍ਰੀਕਾ ਵਿਚ ਇਕ ਕਵੀ ਹੈ ਜਿਸ ਦਾ ਨਾਮ ਸੈਂਡਬਰਗ(Carl Sandberg) ਹੈ, ਉਸ ਨੂੰ ਆਪਣੇ ਅੰਦਰ ਇਤਨੇ ਜਾਨਵਰ ਦਿੱਸਦੇ ਹਨ ਕਿ ਪੂਰਾ ਚਿੜੀਆ ਘਰ ਹੀ ਨਜ਼ਰ ਆਉਂਦਾ ਹੈ। ਉਸ ਲਿਖਿਆ ਹੈ :

O, I got a zoo, I got a menagerie inside my ribs under my bony head, under my red valve heart.

ਸੈਂਡਬਰਗ ਅਗੇ ਵਰਣਨ ਕਰਦਾ ਹੈ ਕਿ ਕਿਸ ਤਰ੍ਹਾਂ ਮੇਰੀਆਂ ਕਰਤੂਤਾਂ ਵਿਚ ਬਘਿਆੜ, ਲੂੰਮੜੀ ਤੇ ਹੋਰ ਜਾਨਵਰ ਵਿਚਰਦੇ ਹਨ।

ਸੈਂਡਬਰਗ ਵੀ ਦੱਸਣਾ ਤਾਂ ਏਹੋ ਚਾਹੁੰਦਾ ਹੈ ਕਿ 'ਕਰਤੂਤਿ ਪਸੂ ਕੀ ਮਾਨਸ ਜਾਤਿ'; ਪਰ ਇਸ ਸੂਖਮ ਖ਼ਿਆਲ ਦੀ ਸ਼ਕਲ, ਬਿਆਨ ਵਿਚ ਬਦਲ ਰਹੀ ਹੈ।

ਸਿੱਧਾਂਤਕ ਗੱਲਾਂ ਐਸ ਤਰ੍ਹਾਂ ਆਪਣਾ ਵੇਸ ਸਥੂਲ ਕਰੀ ਜਾਂਦੀਆਂ ਹਨ, ਅਲੰਕਾਰ ਠੋਸ ਹੁੰਦੇ ਜਾਂਦੇ ਹਨ, ਸੂਰਤਾਂ ਧਾਰਨ ਕਰੀ ਜਾਂਦੇ ਹਨ, ਉਪਮਾਵਾਂ (Similies) ਪਲਟਦੀਆਂ ਜਾਂਦੀਆਂ ਹਨ ਰੂਪਕਾਂ (Metaphors) ਵਿਚ ਤੇ ਖਿਆਨਾਂ ਦੀ ਦਿਲਚਸਪੀ ਵਧਦੀ ਜਾਂਦੀ ਹੈ।


www.sikhbookclub.com

ਅਮਾਮ ਗ਼ਜ਼ਾਲੀ ਨੇ ਕਿਹਾ ਸੀ ਕਿ ਮਨੁੱਖ ਦੀ ਖ਼ਸਲਤ ਵਿਚ ਕੁੱਤਾ ਤੇ ਸੂਅਰ ਹਨ। ਇਹ ਨਿਰਾ ਅਲੰਕਾਰ ਨਹੀਂ ਸੀ। ਪਰ ਇਹ ਕਿਸ ਤਰ੍ਹਾਂ ਮੰਨਿਆ ਜਾਏ ਕਿ ਅੰਦਰ ਸਚੀ ਮੁਚੀ ਕੁੱਤਾ ਹੈ ? ਗਜ਼ਾਲੀ ਕਹਿੰਦਾ ਹੈ ਕਿ ਕਯਾਮਤ ਵਾਲੇ ਦਿਨ ਐਸੇ ਲੋਕ ਕੁੱਤੇ ਵਗ਼ੈਰਾ ਜਾਨਵਰਾਂ ਦੀ ਸ਼ਕਲ ਵਿਚ ਹੀ ਨਜ਼ਰ ਆਉਣਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ :

ਮਨਮੁਖ ਨਿੰਦਾ ਕਰਿ ਕਰਿ ਵਿਗੁਤਾ ॥
ਅੰਤਰਿ ਲੋਭੁ ਭਉਕੈ ਜਿਸੁ ਕੁਤਾ ॥
(ਮਾਰੂ ਮ:੩, ਸੋਲਹਾ ੩–੮)

ਇਹ ਤੀਜੇ ਪਾਤਸ਼ਾਹ ਦੀ ਤੁਕ ਹੈ। ਏਸ ਵਿਚ ਕੁੱਤੇ ਦਾ ਜ਼ਿਕਰ ਹੈ, ਜਿਸ ਦਾ ਸੁਬੰਧ ਲੋਭ ਨਾਲ ਹੈ। ਕੀ ਇਹ ਸਚੀ ਮੁਚੀ ਕੁੱਤਾ ਹੈ? ਸ਼ਾਇਦ ਨਹੀਂ। ਗੁਰੂ ਅਮਰਦਾਸ ਜੀ ਨੇ ਆਪ ਹੀ ਇਕ ਥਾਵੇਂ ਸਪਸ਼ਟ ਕਰ ਦਿੱਤਾ ਹੈ :

ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥
(ਭੈਰਉ ਮ: ੩–੧੯)

ਹਲਕ ਜ਼ਹਿਰ ਹੈ ਜੋ ਪਾਗਲ ਕੁੱਤਿਆਂ ਦੇ ਅੰਦਰ ਹੁੰਦੀ ਹੈ। ਲੋਭ ਨੂੰ ਹਲਕ ਕਿਹਾ ਹੈ।

ਪੰਚਮ ਪਾਤਸ਼ਾਹ ਨੇ ਐਸੇ ਖਿਆਲ ਦੀ ਪੁਸ਼ਟੀ ਕੀਤੀ ਹੈ :

ਅੰਤਰਿ ਲੋਭੁ ਫਿਰਹਿ ਹਲਕਾਏ ॥
(ਆਸਾ ਮ: ੫–੮)

ਲੋਭ ਉਹ ਜ਼ਹਿਰ ਹੈ ਜਿਸ ਦੀਆਂ ਅਲਾਮਤਾਂ ਹਲਕਾਏ ਕੁੱਤੇ ਦੀ ਬੀਮਾਰੀ ਨਾਲ ਮਿਲਦੀਆਂ ਹਨ। ਪਸ਼ੂ ਵਿਚ ਆਪਣੀ ਤ੍ਰਿਸ਼ਨਾ ਪੂਰਤੀ ਲਗਨ ਤੋਂ ਵੱਧ ਕੋਈ ਹੋਰ ਵਿਵੇਕ ਬੁਧਿ ਨਹੀਂ ਹੁੰਦੀ, ਜਿਸ ਨਾਲ ਉਹ ਚੀਜ਼ਾਂ ਦੀ ਅਸਲੀ ਕਦਰ ਕੀਮਤ ਪਾ ਸਕੇ। ਭਾਈ ਗੁਰਦਾਸ ਜੀ ਦਾ ਕਥਨ ਹੈ :

ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ ॥
(ਵਾਰ : ੩੪–੪)

 www.sikhbookclub.com

ਇਹ ਤਾਂ ਬਾਂਦਰ ਦੀ ਗੱਲ ਹੈ, ਪਰ ਜਿਸ ਵੇਲੇ ਮਨੁੱਖ ਉੱਚੀਆਂ ਕੀਮਤਾਂ ਨੂੰ ਤਿਆਗ ਦੇਵੇ, ਜਿਸ ਵੇਲੇ ਉਸਦੇ ਅੰਦਰ ਸੁੰਦਰਤਾ ਦੀ ਕੋਈ ਕਦਰ ਨਾ ਰਹਿ ਜਾਵੇ, ਜਿਸ ਵੇਲੇ ਉਹ ਪ੍ਰੇਮ ਦਾ ਪਾਰਖੂ ਨਾ ਰਹੇ, ਉਸ ਵੇਲੇ ਉਹ ਪਸ਼ੂ ਹੋ ਜਾਂਦਾ ਹੈ, ਭਯਾਨਕ ਤੇ ਖ਼ਤਰਨਾਕ! ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਐਸੇ ਮਨਮੁਖ ਨੂੰ 'ਸੱਪ' ਕਿਹਾ ਹੈ :

ਹੋਵੇ ਪਯਾਰ ਦੀ ਰਾਸ ਨ ਜਿਦ੍ਹੇ ਪੱਲੇ
ਉਹ ਸੱਪ ਹੈ ਆਦਮੀ ਨਹੀਂ ਲੋਕੋ !...
ਕੋਹੇ ਸੁੰਦਰਤਾ ਕਰੇ ਨ ਕਦਰ ਉਸ ਦੀ
ਆਦਮੀਅਤ ਨ ਓਸ ਵਿਚ ਰਹੀ ਲੋਕੋ !

(ਲਹਿਰਾਂ ਦੇ ਹਾਰ, ਬਿਸਮਿਲ ਮੋਰ)

ਪਸ਼ੂ ਸ਼੍ਰੇਣੀ ਤੋਂ ਉਪਰ ਉੱਠਣਾ ਬੜਾ ਮੁਸ਼ਕਿਲ ਮਾਮਲਾ ਹੈ। ਜਿਸ ਨੂੰ ਅਸੀਂ ਬਹੁਤ ਉੱਚੀਗੱਲ ਸਮਝਣ ਲਗ ਜਾਂਦੇ ਹਾਂ, ਜ਼ਰੂਰੀ ਨਹੀਂ ਕਿ ਉਹ ਉੱਚੀ ਹੀ ਹੋਵੇ। ਹਜ਼ਰਤ 'ਅਬੂ ਹਸਨਹੈਰੀ' ਦੀ ਕਥਾ ਹੈ ਕਿ ਇਕ ਆਦਮੀ ਨੇ ਹਜ਼ਰਤ ਨੂੰ ਰੋਟੀ ਉਪਰ ਬੁਲਾਵਾ ਦਿਤਾ, ਤਕਿ ਉਨ੍ਹਾਂ ਦੀ ਪ੍ਰੀਖਿਆ ਕਰੇ। ਜਦੋਂ ਆਪ ਉਸ ਦੇ ਘਰ ਦੇ ਦਰਵਾਜ਼ੇ ਤੇ ਪਹੁੰਚੇ ਤਾਂ ਉਹਨੇ ਅੰਦਰ ਦਾਖ਼ਲ ਨਾ ਹੋਣ ਦਿਤਾ ਅਤੇ ਕਿਹਾ : ਹੁਣ ਕੁਛ ਬਾਕੀ ਨਹੀਂ ਰਿਹਾ। ਆਪ ਵਾਪਸ ਚਲੇ ਗਏ। ਜਦੋਂ ਕੁਛ ਦੂਰ ਚਲੇ ਗਏ ਤਾਂ ਉਹ ਆਪ ਦੇ ਪਿੱਛੇ ਪਿੱਛੇ ਗਿਆ ਅਤੇ ਫੇਰ ਬੁਲਾਇਆ। ਜਦੋਂ ਆਪ ਫੇਰ ਉਸ ਦੇ ਘਰ ਦੇ ਦਰਵਾਜ਼ੇ ਤੇ ਪਹੁੰਚੇ ਤਾਂ ਫੇਰ ਅੰਦਰ ਨਾ ਜਾਣ ਦਿੱਤਾ, ਉਹੋ ਕਿਹਾ : ਹੁਣ ਕੁਛ ਨਹੀਂ ਰਿਹਾ। ਕਈ ਵਾਰ ਉਹਨੇ ਹਜ਼ਰਤ ਨਾਲ ਇਹੋ ਸਲੂਕ ਕੀਤਾ. ਉਹ ਜਦੋਂ ਵੀ ਆਪ ਨੂੰ ਬੁਲਾਉਂਦਾ ਸੀ ਆਪ ਚਲੇ ਆਉਂਦੇ ਸਨ ਅਤੇ ਜਦੋਂ ਵਾਪਸ ਮੋੜ ਦੇਂਦਾ ਤਾਂ ਆਪ ਵਾਪਸ ਚਲੇ ਜਾਂਦੇ।

ਆਖ਼ਰ ਉਹਨੇ ਕਿਹਾ : ਐ ਪਵਿਤ੍ਰ ਆਤਮਾ, ਮੈਂ ਤਾਂ ਤੁਹਾਡੀ ਪ੍ਰੀਖਿਆ ਕਰ ਰਿਹਾ ਸਾਂ; ਆਪ ਬੜੇ ਉੱਚੇ ਸਦਾਚਾਰ ਵਾਲੇ ਹੋ।

ਹਜ਼ਰਤ ਨੇ ਕਿਹਾ – ਤੁਸੀਂ ਜੋ ਕੁਛ ਮੇਰੇ ਵਿਚ ਦੇਖਿਆ ਹੈ ਇਹ ਕੋਈ ਮਨੁੱਖ ਦੇ ਸਦਾਚਾਰ ਦੀ ਗਲ ਨਹੀਂ, ਇਹ ਤਾਂ ਕੁੱਤੇ ਦਾ ਸੁਭਾਅ ਹੈ ਕਿ ਜਦੋਂ ਕੁੱਤੇ ਨੂੰ (ਰੋਟੀ ਲਈ) ਬੁਲਾਉਂਦੇ ਹੋ ਉਹ ਆ ਜਾਂਦਾ ਹੈ, ਤੇ ਜਦੋਂ ਕੱਢ ਦੇਂਦੇ ਹੋ, ਨਿਕਲ ਜਾਂਦਾ ਹੈ। ਉਸ ਦੀ ਹੋਰ ਕੀ ਮਜਾਲ ਹੈ!

(ਸਫ਼ਾ ੨੫੫, ਕੀਮੀਆਏ ਸਆਦਤ)

 www.sikhbookclub.com

ਸਾਡੀ ਪਸ਼ੂ ਬ੍ਰਿਤੀ ਕਿਸ ਤਰ੍ਹਾਂ ਖ਼ਤਮ ਹੋਵੇ? ਅਸੀਂ ਅਪਣੀ ਅੰਦਰਲੀ ਜਨੌਰੀ ਬੇਬਸੀ ਤੋਂ ਕਿਸ ਤਰ੍ਹਾਂ ਮੁਕਤ ਹੋਈਏ? ਕਿਸ ਤਰ੍ਹਾਂ ਅਸੀਂ ਆਪਣੀ ਮਨੁੱਖੀ ਸੁਤੰਤ੍ਰਤਾ ਦਾ ਸ੍ਵਾਦ ਚੱਖੀਏ? ਪਸ਼ੂ ਸਾਡੇ ਅੰਦਰ ਕਿਹੜੀ ਥਾਂ ਉਤੇ ਲੁਕੇ ਹੋਏ ਹਨ ਜੋ ਦਿੱਸਦੇ ਨਹੀਂ ?

ਜਿਸ ਤਰ੍ਹਾਂ ਬਾਹਰ ਦੇ ਛੱਪੜ ਵਿਚ ਉਠ ਰਹੀ ਅਫ਼ੂਨਤ (ਸੜਿਆਂਦ) ਸਾਰੇ ਪਿੰਡ ਲਈ ਖੀਮਾਰੀ ਦਾ ਕਾਰਣ ਹੋ ਸਕਦੀ ਹੈ, ਏਸੇ ਤਰ੍ਹਾਂ ਅੰਦਰ ਵੀ ਮੈਲ ਦੇ ਛੱਪੜ ਹਨ, ਇਨ੍ਹਾਂ ਵਿਚੋਂ ਈਰਖਾ ਦਾ ਧੂੰਆਂ ਬਾਹਰ ਆ ਰਿਹਾ ਹੈ। ਕਿਸੇ ਦੇ ਅੰਦਰ ਦੀ ਦਲਦਲ ਵਿਚੋਂ ਕਈ ਪ੍ਰਕਾਰ ਦੀਆਂ ਵਾਸ਼ਨਾ ਦੀ ਵਿਸ਼ੈਲੀ ਹਵਾ ਦੇ ਬੁਲਬਲੇ ਉਠ ਰਹੇ ਹਨ। ਹਢਿਆਏ ਦੇ ਪੇਂਡੂ ਆਪਣੇ ਗਿਰਾਂ ਦੇ ਛੱਪੜ ਨੂੰ ਸਾਫ਼ ਕਰਨ ਲਈ ਤਿਆਰ ਨਹੀਂ ਸਨ। ਇਹ ਹਾਲਤ ਸਿਰਫ਼ ਹਢਿਆਏ ਦੀ ਨਹੀਂ ਸੀ, ਸਾਰੇ ਭਾਰਤਵਰਸ਼ ਦੀ ਇਹੋ ਦਸ਼ਾ ਸੀ। ਏਥੇ ਕੰਮ ਕਰਨਾ ਕਠਨ ਚੀਜ਼ ਹੈ। ਏਥੇ ਸੁਸਤ ਹੋਣਾ, ਨਿਕੰਮੇ ਹੋਣਾ, ਵਿਹਲੇ ਹੋਣਾ, ਨਿਸ਼ਕ੍ਰਿਆ ਹੋਣਾ ਫ਼ਖ਼ਰ ਵਾਲੀ ਗੱਲ ਸਮਝੀ ਜਾਂਦੀ ਰਹੀ ਹੈ। ਏਥੋਂ ਦੀ ਫਿਲਾਸਫ਼ੀ ਵੀ ਕਰਮਹੀਣਤਾ (Actionlessress) ਨੂੰ ਇਕ ਉੱਚੀ ਦਸ਼ਾ ਦਰਸਾ ਕੇ ਉਸੇ ਦੀ ਸਫਾਈ ਪੇਸ਼ ਕਰਦੀ ਹੈ। ਸਾਡੇ ਸਾਰੇ ਦਲਿੱਦਰ, ਆਲਸ ਤੇ ਡਰ ਕਰਮਹੀਣਤਾ ਦੀ ਫਿਲਾਸਫੀ ਦੀ ਉਜ਼ਰਦਾਰੀ ਪੇਸ਼ ਕਰਦੇ ਸੁਖਾਲੇ ਸਾਹ ਬੈਠੇ ਰਹਿੰਦੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਇਕ ਵਿਲੱਖਣ ਵਯਕਤੀ ਸਨ। ਓਹ ਕਈ ਬਰਸ ਗੁਫ਼ ਵਿਚ ਰਹੇ। ਓਹ ਤਪਸਯਾ ਦੇ ਨਿਸ਼ਚਲ ਆਸਨ ਉਤੇ ਬਿਰਾਜਮਾਨ ਰਹੇ। ਓਹ ਗਿਆਨ ਵਿਵੇਕ ਦੀਆਂ ਸਭ ਸਾਧਨਾਂ ਨੂੰ ਸਾਧ ਕੇ ਅਖੰਡ ਸਮਾਧਿ ਵਿਚ ਵਿਚਰਦੇ ਰਹੇ। ਪਰ ਜਦ ਓਹ ਪਰਮਪਦ ਉਪਰ ਪਹੁੰਚੇ ਹੋਏ ਸਨ ਤਾਂ ਵੀ ਉਨ੍ਹਾਂ ਮਹਿਸੂਸ ਕੀਤਾ ਕਿ ਲੋਕਾਂ ਦਾ ਭਲਾ ਕਰਨਾ ਇਹ ਇਕ ਜ਼ਰੂਰੀ ਚੀਜ਼ ਹੈ, ਇਹ ਜ਼ਿੰਦਗੀ ਦਾ ਅਤਿ ਲੋੜੀਂਦਾ ਅੰਗ ਹੈ। ਉਨ੍ਹਾਂ ਦਾ ਕਥਨ ਹੈ :

> ਅਬ ਮੈ ਕਉਨੁ ਉਪਾਇ ਕਰਉ ॥....
> ਜਨਮੁ ਪਾਇ ਕਛੁ ਭਲੋ ਨ ਕੀਨੋ ਤਾਤੇ ਅਧਿਕ ਡਰਉ ॥
> (ਧਨਾਸਰੀ ਮ: ੯-੪)

ਐਡਾ ਵਡਾ ਪਾਰਗਿਰਾਮੀ ਮਹਾਂ ਪੁਰਖ ਜਿਸ ਵੇਲੇ ਇਹ ਕਹੇ : 'ਜਨਮੁ ਪਾਇ ਕਛੁ ਭਲੋ ਨ ਕੀਨੋ ਤਾਤੇ ਅਧਿਕ ਡਰਉ', ਤਦ ਮਾਲੂਮ ਹੁੰਦਾ ਹੈ ਕਿ ਹਿੰਦੁਸਤਾਨ ਦੀ ਮੁੱਢ ਕਦੀਮੀ ਆਲਸੀ ਫਿਲਾਸਫੀ ਸੁੱਤੀ ਸੁੱਤੀ ਜਾਗਣ ਲਗੀ ਹੈ ਤੇ ਉੱਠਕੇ ਬੈਠਣ ਲਈ ਆਕੜਾਂ

 www.sikhbookclub.com

ਭੰਨਣ ਲਗੀ ਹੈ। ਉਹ ਆਪਣੀ ਕ੍ਰਿਆ ਹੀਣਤਾ ਦੇ ਅੰਗਾਂ ਨੂੰ ਹਲੂਣਾ ਦੇਣ ਲਗੀ ਹੈ ਤੇ ਮਨ ਨੂੰ ਜਗਾਉਣ ਲਗੀ ਹੈ ਇਹ ਕਹਿਕੇ :

ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ ॥
(ਤਿਲੰਗ ਮ: ੯-੨)

ਕੰਮ ਕਰਨ ਵਿਚ, ਨੇਕੀ ਕਰਨ ਵਿਚ, ਭਲਾਈ ਕਰਨ ਵਿਚ ਦੁੱਖ ਹਨ, ਪਰ ਭਲਾਈ ਦੇ ਕੰਮਾਂ ਦੀ ਕਾਰਜ-ਸੂਚੀ ਨੂੰ ਸਿਰੇ ਚਾੜ੍ਹਨ ਲਈ ਗੁਰੂ ਜੀ ਨੇ ਕਿਹਾ ਸੀ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ ॥
(ਸੋਰਠਿ ਮ: ੯-੧੧)

ਇਹ ਨਵੀਂ ਸਿੱਖਿਆ ਸੀ। ਇਹ ਨਿਰਾ ਵੇਦਾਂਤ ਦਾ ਮਸਲਾ ਦ੍ਰਿੜ੍ਹਾਉਣ ਦਾ ਉਪਦੇਸ਼ ਨਹੀਂ ਸੀ, ਇਹ ਨਿਸ਼ਕ੍ਰਿਆ ਹੋਣ ਦਾ ਉਜ਼ਰ ਨਹੀਂ ਸੀ, ਇਹ ਕੰਮ ਕਰਣ ਵਾਲਾ ਸਬਕ ਸੀ। ਇਹ ਉਪਕਾਰ ਕਰਨ ਵਾਲਿਆਂ ਦਾ ਅਭਯਾਸ ਪਾਠ ਸੀ। ਇਸ ਦਾ ਮਤਲਬ ਸੀ ਕਿ 'ਦੁਖ' ਉਹਨਾਂ ਗਲਾਂ ਵਿਚ ਨਹੀਂ ਜੋ ਤਕਲੀਫਾਂ ਭਰੇ ਹਾਦਸੇ ਹਨ; ਦੁਖ ਮਨਉਤ ਵਿਚ ਹੈ, ਦੁਖ 'ਮਾਨੈ' ਵਿਚ ਹੈ : ਜੋ ਨਰੁ ਦੁਖ ਮੈ ਦੁਖੁ ਨਹੀਂ 'ਮਾਨੈ'। ਦੁਖ ਮਨ ਵਿਚ ਹੈ। ਦੁਖ ਦੀ ਅਸਲੀਅਤ ਮਨ ਦੀ ਸਮਝ ਵਿਚ ਹੈ। ਦੁਖ ਬਾਹਰ ਨਹੀਂ ਦੁਖ ਅੰਦਰ ਹੈ। ਦੁਖ ਕੇਵਲ ਰਾਇ ਦਾ ਮਾਮਲਾ ਹੈ, ਬੰਦਾ ਦੁਖੀ ਹੈ ਕੇਵਲ ਇਸ ਕਰਕੇ ਕਿ ਉਸਨੂੰ ਇਕ ਐਸੀ ਚੀਜ਼ ਵਾਪਰੀ ਹੈ ਜੋ ਉਸ ਦੀ ਰਾਇ ਵਿਚ ਦੁਖਦਾਈ ਹੈ। ਜੇ ਉਸ ਦੀ ਰਾਇ ਇਹ ਹੋਵੇ ਕਿ ਇਹ ਕੋਈ ਦੁਖ ਦੀ ਚੀਜ਼ ਨਹੀਂ ਤਾਂ ਉਸ ਨੂੰ ਦੁਖ ਨਹੀਂ ਵਾਪਰੇਗਾ।

ਗੁਰੂ ਤੇਗ਼ ਬਹਾਦਰ ਜੀ ਐਸੀ ਹੀ ਉੱਚੀ ਧਾਰਨਾ ਵਾਲੇ ਪਰਮ ਮਨੁੱਖ ਸੇ। ਉਹ ਕ੍ਰਿਯਾਵਾਨ ਸੇ :-

ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂੰ ਆਨ ॥

ਉਨ੍ਹਾਂ ਨੇ ਪਰਉਪਕਾਰ ਲਈ ਹੱਦ ਕਰ ਦਿਤੀ, ਕਿਸੇ ਵੀ ਦੁੱਖ ਨੂੰ ਦੁੱਖ ਮੰਨਕੇ 'ਸੀ' ਨਹੀਂ ਕੀਤੀ।

ਸਾਧੁਨ ਹੇਤ ਇਤੀ ਜਿਨਿ ਕਰੀ।
ਸੀਸ ਦੀਆ ਪਰ 'ਸੀ' ਨ ਉਚਰੀ ॥
(ਬਚਿਤ੍ਰ ਨਾਟਕ)


www.sikhbookclub.com

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਿੱਖਿਆ ਇਹ ਸੀ ਕਿ ਰੂਹਾਨੀਅਤ ਦੀ ਪਰਮ ਉੱਚੀ ਸੁਖੀ ਅਵਸਥਾ ਤੇ ਪਹੁੰਚ ਜਾਣਾ, ਚਾਹੇ ਇਹ ਕਿੱਡੀ ਵਡੀ ਪ੍ਰਾਪਤੀ ਹੈ, ਫੇਰ ਵੀ ਵਿਹਾਰ ਵਿਚ ਇਸ ਅੰਦਰ ਇਕ ਉਕਾਈ ਰਹਿ ਜਾਂਦੀ ਹੈ, ਉਹ ਜ਼ਰੂਰਤ ਹੈ ਭਲਾ ਕਰਨ ਦੀ। ਇਸ ਦੇ ਬਗ਼ੈਰ ਜੀਵਨ ਵਿਚ ਕੁਛ ਊਣਤਾ ਹੈ। ਇਸ ਊਣਤਾ ਨੂੰ ਨਾ ਪੂਰਾ ਕਰ ਸਕਣ ਦੇ ਕਈ ਕਾਰਨ ਹਨ।

ਸਾਰਿਆਂ ਤੋਂ ਵੱਡਾ ਕਾਰਨ ਹੈ 'ਭਯ'। ਕੇਵਲ ਓਹੋ ਆਦਮੀ ਭਲਾ ਕਰ ਸਕਦਾ ਹੈ, ਜੋ ਨਿਡਰ ਹੋਵੇ। ਡਰਾਕੁਲ ਬੰਦਾ ਕੁਛ ਵੀ ਚੀਜ਼ ਸਿਰੇ ਨਹੀਂ ਚਾੜ੍ਹ ਸਕਦਾ। ਇਸ ਕਰਕੇ ਉਹਨਾਂ ਉਸੇ ਆਦਮੀ ਦੀ ਪ੍ਰਸੰਸਾ ਕੀਤੀ ਹੈ :

> ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ ॥
> (ਸੋਰਠਿ ਮਹਲਾ ੯—੧੧)

ਗੁਰੂ ਤੇਗ਼ ਬਹਾਦਰ ਜੀ ਦੇ ਆਸ਼ੇ ਜੀਉਂਦੀਆਂ ਮਿਸਾਲਾਂ ਸਨ ਗੁਰੂ ਗੋਬਿੰਦ ਸਿੰਘ ਜੀ ਲਈ। ਉਹਨਾਂ ਨੇ ਇਨ੍ਹਾਂ ਹੀ ਪੂਰਨਿਆਂ ਉਤੇ ਟੁਰਕੇ ਇਕ ਵਿਸ਼ਾਲ ਕਾਰਜ ਸੂਚੀ ਨੂੰ ਚਾਲੂ ਕੀਤਾ। ਪਰ ਅਪਣੇ ਮਹਾਨ ਕਾਰਜ ਨੂੰ ਅਮਲੀ ਸ਼ਕਲ ਦੇਣ ਲਈ ਉਹਨਾਂ ਨੂੰ ਬਹੁਤ ਹੀ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ।

ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਏਸ ਗਲ ਵਿਚੋਂ ਨਹੀਂ ਜਾਚੀ ਜਾ ਸਕਦੀ ਕਿ ਉਹਨਾਂ ਨੇ ਕੀ ਕੀ ਕਾਰਨਾਮੇ ਕੀਤੇ ਤੇ ਕੀ ਕੀ ਜਿੱਤਾਂ ਜਿੱਤੀਆਂ। ਉਹਨਾਂ ਦੀ ਵਡਿਆਈ ਹੈ ਇਕ ਨਵੀਂ ਫ਼ਿਜ਼ਾ ਪੈਦਾ ਕਰਨ ਵਿਚ, ਇਕ ਨਵਾਂ ਵਾਯੂ ਮੰਡਲ ਬਨਾਉਣ ਵਿਚ, ਇਕ ਨਵਾਂ ਆਦਰਸ਼ ਸਾਹਮਣੇ ਲਿਆਉਣ ਵਿਚ, ਜਿਸ ਨਾਲ ਭਾਰਤ ਵਰਸ਼ ਦੀ ਮਜ਼੍ਹਬੀਅਤ ਅਪਣਾ ਪੁਰਾਣਾ ਵੇਸ ਉਤਾਰ ਕੇ ਨਵੀਨ ਰੂਪ ਧਾਰਨ ਕਰੇ ਪਰ ਜਿਸ ਵੇਲੇ ਇਕ ਕੌਮ ਨੂੰ ਉਠਾਉਣਾ ਹੋਵੇ ਤਾਂ ਇਹ ਜ਼ਰੂਰੀ ਹੈ ਕਿ ਉਸ ਕੌਮ ਦੇ ਸਾਹਮਣੇ ਇਕ ਉੱਚਾ ਆਦਰਸ਼ ਰੱਖਿਆ ਜਾਵੇ ਜੋ ਉਹਨਾਂ ਦੀ ਕਾਇਆਂ ਪਲਟ ਦੇਵੇ।

ਹਿੰਦੂ ਫ਼ਿਲਾਸਫ਼ੀ ਦਾ ਕੇਂਦਰੀ ਨੁਕਤਾ ਹੋਰ ਸੀ—ਸ਼ਾਸਤ੍ਰਾਂ ਦੀ ਸਿੱਖਿਆ ਇਹ ਸੀ ਕਿ ਦੁਨੀਆਂ ਵਿਚ ਸੰਤਾਪ ਅਤੇ ਕਲੇਸ਼ ਹਨ। ਇਹ ਕਿਸੇ ਤਰ੍ਹਾਂ ਹਟਣੇ ਚਾਹੀਦੇ ਹਨ। ਮਤਲਬ ਇਹ ਸੀ ਕਿ ਹਰ ਇਕ ਵਯਕਤੀ ਨੂੰ ਆਪਣੇ ਸੰਤਾਪ ਦੂਰ ਕਰਨੇ ਚਾਹੀਦੇ ਹਨ।

 www.sikhbookclub.com

ਦਰਦ ਹਟ ਜਾਏ, ਏਸ ਤੋਂ ਵੱਧ ਹੋਰ ਕੋਈ ਖੁਸ਼ੀ ਨਹੀਂ ਸੀ। ਭਾਰਤ ਦੇ ਏਸ ਨੁਕਤਾ ਨਿਗਾਹ ਨੂੰ ਯੂਰਪ ਨੇ ਕਿਸ ਤਰ੍ਹਾਂ ਸਮਝਿਆ ? ਉਹ ਹੇਠਲੀ ਟੂਕ ਤੋਂ ਸਪਸ਼ਟ ਹੋ ਜਾਏਗਾ:

For all the happiness mankind can gain
Is not in pleasure but in rest from pain.

ਇਹ ਤੁਕਾਂ (Dryden) ਦੀਆਂ ਲਿਖੀਆਂ ਹਨ ਜੋ ਇੰਗਲਿਸਤਾਨ ਦਾ ਰਾਜ ਕਵੀ (Poet laureate) ਸੀ।

ਇਹ ਤੁਕਾਂ ਉਸ ਪਾਠ ਵਿਚੋਂ ਹਨ, ਜਿਸ ਦਾ ਨਾਮ ਭਾਰਤਵਰਸ਼ ਦਾ ਸ਼ਹਿਨਸ਼ਾਹ (The Indian Emperor) ਹੈ। ਇਸ਼ਾਰਾ ਇਹ ਹੈ ਕਿ ਹਿੰਦ ਵਿਚ ਕਿਸੇ ਹੋਰ ਖੁਸ਼ੀ ਦਾ ਪਤਾ ਨਹੀਂ ਸਿਵਾਏ ਦਰਦ ਦੇ ਛੁਟਕਾਰੇ ਤੋਂ ਜੋ ਹਾਲਤ ਪੈਦਾ ਹੁੰਦੀ ਹੈ।

ਸਾਂਖਯ ਦਰਸ਼ਨ ਏਸ ਮੁਲਕ ਦੀ ਮੁਹਰਲੀ ਫ਼ਿਲਾਸਫ਼ੀ ਹੈ। ਇਸ ਦਾ ਨਿਸ਼ਾਨਾ ਇਨ੍ਹਾਂ ਹੀ ਤਿੰਨਾਂ ਦੁਖਾਂ ਤੋਂ ਛੁਟਕਾਰਾ ਹੈ । ਉਹ ਤਿੰਨ ਦੁਖ ਕਿਹੜੇ ਹਨ ? ਮੋਟਾ ਕਰਕੇ ਸਮਝਣ ਲਈ ਉਹ ਇਹ ਹਨ : (੧) ਤਨ ਦੇ ਰੋਗ, (੨) ਮਨ ਦੇ ਰੋਗ, (੩) ਅਸਮਾਨੀ ਬੱਦ ਖਲਾਵਾਂ, ਜੈਸੇ ਭੁਚਾਲ, ਹੜ, ਅੱਗ ਆਦਿਕ।

ਯੋਗ ਦਰਸ਼ਨ ਵੀ ਇਹਨਾਂ ਹੀ ਲੀਕਾਂ ਉਪਰ ਤੁਰਿਆ ਹੈ। ਲਫ਼ਜ਼ ਉਸ ਨੇ ਦੂਜਾ ਵਰਤਿਆ ਹੈ। ਸਾਂਖਯ ਦਾ ਲਫ਼ਜ਼ ਹੈ 'ਤਾਪ', ਤਿੰਨ ਤਾਪ, ਯੋਗ ਦਾ ਲਫ਼ਜ਼ ਹੈ ਕਲੇਸ਼, ਪੰਜ ਕਲੇਸ਼। ਸਿੱਧਾਂਤਕ ਨੁਕਤਾ ਦੋਨਾਂ ਦਾ ਇਕੋ ਹੈ, ਕਲੇਸ਼ਾਂ ਤੇ ਸੰਤਾਪਾਂ ਤੋਂ ਛੁਟਕਾਰਾ। ਇਹ ਕੋਈ ਦ੍ਰਿੜ ਤੇ ਮੁਸਬਤ (Positive) ਖੁਸ਼ੀ ਵਾਲੀ ਗੱਲ ਨਹੀ ਪ੍ਰੰਤੂ ਘਟਾਉਣੀ ਪਹੁੰਚ (Negative approach) ਹੈ। ਇਕ ਮਾਨਸਕ ਵਿਦਯਾ ਦੇ ਉੱਚ ਵਿਗਯਾਨੀ ਨੇ ਕਿਹਾ ਹੈ ਕਿ ਖੁਸ਼ੀ ਸਿਰਫ ਏਸ ਗੱਲ ਵਿਚ ਨਹੀਂ ਹੁੰਦੀ ਕਿ ਇਨਸਾਨ ਕੋਲ ਇਕ ਘਟਾਉਣਾ ਤਜਰਬਾ (Negative experience) ਹੈ.....ਪ੍ਰੰਤੂ ਖੁਸ਼ੀ ਇਸ ਗੱਲ ਉਪਰ ਨਿਰਧਾਰਿਤ ਹੈ ਕਿ ਇਕ ਮਨੁੱਖ ਕੋਲ ਕਿਤਨੀ ਕੁ ਦ੍ਰਿੜ ਤਸੱਲੀ ਹੈ ਤੇ ਕਿਤਨੀਆਂ ਕੁ ਜ਼ਿੰਦਗੀ ਦੀਆਂ ਚੰਗੀਆਂ ਨਿਆਮਤਾਂ ਉਸ ਨੂੰ ਹਾਸਲ ਹਨ !*

ਸਿਰਫ ਤਿੰਨ ਸੰਤਾਪਾਂ ਨੂੰ ਹਟਾਉਣ ਯਾ ਪੰਜ ਕਲੇਸ਼ਾਂ ਨੂੰ ਦੂਰ ਕਰਨ ਵਿਚ ਸਾਰੀ

* Happiness is not the mere absence of negative experiences.......Happiness depends on the positive satisfaction - the good things in your life. (Dr. Norman Bradbury).

 www.sikhbookclub.com

ਜ਼ਿੰਦਗੀ ਬਿਤਾ ਦੇਣ ਨਾਲ ਕੋਈ ਦ੍ਰਿੜ ਗੱਲ ਪੱਲੇ ਨਹੀਂ ਪੈਂਦੀ। ਇਸ ਦੇ ਐਨ ਬਰਅਕਸ ਜ਼ਿੰਦਗੀ ਨੂੰ ਸਫਲ ਕਰਨ ਦਾ ਉਪਦੇਸ਼ ਸੇਵ ਕਮਾਈ ਵਿਚ ਹੈ, ਜਿਸ ਨਾਲ ਅੰਦਰ ਦੀ ਤਸੱਲੀ ਦ੍ਰਿੜ੍ਹਤਾ ਦਾ ਰੂਪ ਧਾਰਨ ਕਰਕੇ ਖੁਸ਼ੀ ਵਿਚ ਪਲਟਦੀ ਹੈ।

ਸੇਵਾ ਦੀ ਉਪਦੇਸ਼ ਧਾਰਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਤੋਂ ਉਪਜੀ, ਉਸ ਨੇ ਕਈ ਰੂਪ ਧਾਰਨ ਕੀਤੇ, ਉਸ ਦੀ ਇਕ ਸ਼ਕਲ ਗੁਰਦਵਾਰਿਆਂ ਦੀ ਸਥਾਪਨਾ ਵਿਚ ਫੂਲੀਭੂਤ ਹੋਈ। ਪੰਜਵੇਂ ਪਾਤਸ਼ਾਹ ਦਾ ਵਾਕ ਹੈ:

ਮੈ ਬਧੀ ਸਚੁ ਧਰਮਸਾਲ ਹੈ ॥ ਗੁਰਸਿਖਾਂ ਲਹਦਾ ਭਾਲਿਕੈ ॥
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥

ਏਥੇ ਧਰਮਸਾਲ ਦਾ ਮਤਲਬ ਗੁਰਦੁਆਰੇ ਤੋਂ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਗੁਰਦੁਆਰਾ' ਸ਼ਬਦ ਧਰਮਸਾਲ ਦੇ ਅਰਥਾਂ ਵਿਚ ਹੀ ਵਰਤਿਆ ਹੈ, ਪਰ ਬਹੁਤ ਘੱਟ। ਇਕ ਥਾਵੇਂ ਲਿਖਿਆ ਹੈ :

'ਗੁਰਦੁਆਰੈ' ਹਰਿ ਕੀਰਤਨੁ ਸੁਣੀਐ ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥
ਕਲਿ ਕਲੇਸ ਮਿਟਾਏ ਸਤਿਗੁਰੁ
ਹਰਿ ਦਰਗਹ ਦੇਵੈ ਮਾਨਾ ਹੇ ॥ ੪ ॥

(ਮਾਰੂ ਮ: ੫, ਸੋਲਹਾ—੪)

ਇਹ ਵਰਤੋਂ ਬਹੁਤ ਟਾਵੀਂ ਹੈ। ਅਕਸਰ ਜਿਥੇ ਵੀ ਲਫ਼ਜ਼ 'ਗੁਰ ਦੁਆਰਾ' ਜਾਂ 'ਗੁਰੂ ਦੁਆਰਾ' ਆਇਆ ਹੈ ਉਸ ਦੇ ਅਰਥ ਹੋਰ ਹਨ। ਮਤਲਬ ਕਿਸੇ ਅਸਥਾਨ ਦੀ ਸੂਚਨਾ ਤੋਂ ਨਹੀਂ, ਪਰ ਭਾਵ 'ਗੁਰੂ ਦੇ ਦੁਆਰਾ', 'ਗੁਰੂ ਦੇ ਵਸੀਲੇ' ਤੋਂ ਹੈ। ਯਥਾ :

'ਗੁਰ ਦੁਆਰੈ' ਨਾਉ ਪਾਈਐ....

(ਮਾਰੂ ਮ: ੧, ਅਸਟ—੧੧)

ਗੁਰੂ ਦੇ ਜ਼ਰੀਏ ਨਾਮ ਪ੍ਰਾਪਤ ਕਰੀਏ। ਫੇਰ—

ਜਿਸਨੋ ਦੇਇ ਕਿਰਪਾ ਤੇ ਸੁਖੁ ਪਾਏ।
'ਗੁਰੂ ਦੁਆਰੈ' ਆਖਿ ਸੁਣਾਏ ॥

(ਰਾਮਕਲੀ ਮ: ੧, ਓਅੰਕਾਰ--੭)


www.sikhbookclub.com

ਏਥੇ ਵੀ ਭਾਵ 'ਗੁਰੂ ਦੇ ਵਸੀਲੇ' ਤੋਂ ਹੈ।

ਪਰ ਲਫਜ਼ 'ਗੁਰਦੁਆਰਾ' ਗੁਰੂ ਅਰਜਨ ਦੇਵ ਜੀ ਦੇ ਵਕਤ ਪਰਚਲਿਤ ਹੋ ਗਿਆ ਸੀ। ਭਾਈ ਗੁਰਦਾਸ ਜੀ ਨੇ ਲਿਖਿਆ ਹੈ :

ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉ 'ਨਰਾਇਣੁ' ਕਹਿਆ॥
(ਵਾਰ ੧੦–੨੦)

ਇਹ ਤੁਕ ਅਜਾਮਲ ਦੇ ਜ਼ਿਕਰ ਵਿਚ ਹੈ। ਅਜਾਮਲ ਦੇ ਪੁਤ੍ਰ ਦਾ ਨਾਉਂ 'ਨਰਾਇਣ' ਸੀ। ਇਹ ਨਾਉਂ ਗੁਰਦੁਆਰੇ ਵਿਚ ਰਖਿਆ ਗਿਆ ਸੀ। ਅਜਾਮਲ ਨੇ ਉਥੇ ਜਾ ਕੇ ਇਹ ਨਾਉਂ ਰਖਵਾਇਆ ਸੀ। ਅਜਾਮਲ ਦੀ ਕਥਾ ਬਹੁਤ ਪੁਰਾਣੀ ਹੈ। ਇਹ ਪੌਰਾਣਿਕ ਪ੍ਰਸੰਗ ਹੈ।[1] ਉਸ ਵੇਲੇ ਅਜੇ ਸਿਖ ਗੁਰਦੁਆਰੇ ਨਹੀਂ ਸਨ ਬਣੇ। ਭਾਈ ਗੁਰਦਾਸ ਜੀ ਦਾ ਲਫਜ਼ 'ਗੁਰਦੁਆਰਾ' ਸਰਬ ਵਯਾਪਕ ਅਰਥਾਂ ਦੀ ਵਰਤੋਂ ਵਿਚ ਹੈ । ਪਰ ਭਾਈ ਗੁਰਦਾਸ ਨੇ ਗੁਰਦੁਆਰੇ ਨੂੰ ਏਸ ਵਿਸ਼ਾਲ ਵਰਤੋਂ ਤੋਂ ਚੁੱਕਕੇ ਸਿਖ ਗੁਰਦੁਆਰਿਆਂ ਦੇ ਅਰਥਾਂ ਵਿਚ ਮਖ਼ਸੂਸ ਕਰ ਦਿੱਤਾ ਸੀ। ਇਹ ਗੱਲ ਹੇਠਲੀ ਟੂਕ ਤੋਂ ਪ੍ਰਗਟ ਹੋ ਜਾਏਗੀ :

ਗੁਰਮੁਖ ਪੈਰ ਸਕਾਰਥੇ ਗੁਰਮੁਖਿ ਮਾਰਗਿ ਚਾਲ ਚਲੰਦੇ॥
'ਗੁਰੂਦੁਆਰੇ' ਜਾਨਿ ਚਲਿ ਸਾਧ ਸੰਗਤਿ ਚਲਿ ਜਾਇ ਬਹੰਦੇ॥
ਧਾਵਨਿ ਪਰਉਪਕਾਰ ਨੋ ਗੁਰਸਿਖਾਂ ਨੋ ਖੋਜਿ ਲਹੰਦੇ॥
ਦੁਬਿਧਾ ਪੰਥਿ ਨ ਧਾਵਨੀ ਮਾਇਆ ਵਿਚਿ ਉਦਾਸ ਰਹੰਦੇ॥
ਬੰਦਿ ਖਲਾਸੀ ਬੰਦਗੀ ਵਿਰਲੇ ਕੇਈ ਹੁਕਮੀ ਬੰਦੇ॥
(ਵਾਰ ੬–੧੩)

ਗੁਰਦੁਆਰਿਆਂ ਵਿਚ ਜੋ ਕੁਰੀਤੀਆਂ ਦੀ ਹਵਾ ਫੈਲਣ ਲੱਗ ਗਈ ਸੀ, ਉਹ ਪ੍ਰਤੀਤ ਹੁੰਦਾ ਹੈ ਕਿ ਭਾਈ ਗੁਰਦਾਸ ਜੀ ਦੇ ਸਮੇਂ ਵਿਚ ਹੀ ਸ਼ੁਰੂ ਹੋ ਗਈ ਸੀ। ਉਨ੍ਹਾਂ ਦਾ ਕਥਨ ਹੈ :

ਬਾਹਰ ਕੀ ਅਗਨਿ ਬੁਝਤ ਜਲ ਸਰਿਤਾ ਕੈ
ਨਾਉ ਮੈ ਜੌ ਆਗ ਲਾਗੈ ਕੈਸੈ ਕੈ ਬੁਝਾਈਐ॥
ਬਾਹਰ ਸੇ ਭਾਗਿ ਓਟ ਲੀਜੀਅਤ ਕੋਟ ਗੜ੍ਹ

੧ ਦੇਖੋ ਭਾਗਵਤ ਪੁਰਾਣ, ੬੭੧–੩


www.sikhbookclub.com

ਗੜ੍ਹ ਮੈ ਜੌ ਲੂਟ ਲੀਜੈ ਕਹੋ ਕਤ ਜਾਈਐ ॥
ਚੋਰਨ ਕੇ ਤ੍ਰਾਸ ਜਾਇ ਸ਼ਰਨ ਨਰਿੰਦ ਗਹੈ
ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ ॥
ਮਾਇਆ ਡਰ ਡਰਪਤ ਹਾਰ ਗੁਰਦ੍ਵਾਰੇ ਜਾਵੈ
ਤਹਾਂ ਜੋ ਬਿਆਪੈ ਮਾਇਆ ਕਹਾਂ ਠਹਿਰਾਈਐ ॥
(ਕਬਿਤ—੫੪੪)

ਇਸ ਕਬਿਤ ਦੇ ਅਰਥ ਹਨ :

(ਨਦੀ ਤੋਂ) ਬਾਹਰ ਦੀ ਲੱਗੀ ਅੱਗ ਤਾਂ ਨਦੀ ਦੇ ਪਾਣੀ ਨਾਲ ਬੁਝ ਜਾਂਦੀ ਹੈ, (ਪਰ) ਜੇ (ਨਦੀ ਵਿਚ ਜਾਂਦੀ) ਬੇੜੀ ਨੂੰ ਹੀ ਅੱਗ ਲੱਗ ਜਾਏ ਤਾਂ ਕਿਵੇਂ ਬੁਝਾਈਏ ? ਬਾਹਰ (ਦੀ ਅਪਦਾ ਤੋਂ ਤਾਂ) ਭੱਜਕੇ ਪੱਕੇ ਕਿਲ੍ਹੇ ਦਾ ਆਸਰਾ ਫੜੀਦਾ ਹੈ, (ਪਰ) ਜੇ ਕਿਲ੍ਹੇ ਵਿਚ ਹੀ ਲੁੱਟੇ ਜਾਈਏ ਤਾਂ ਦੱਸੋ ਕਿੱਥੇ (ਬਚਾਉ ਲਈ) ਜਾਈਏ ? ਚੋਰਾਂ ਦੇ ਡਰ ਕਰਕੇ ਤਾਂ ਰਾਜਾ ਦੀ ਸ਼ਰਨ ਫੜੀਦੀ ਹੈ, (ਪਰ ਜੇ) ਰਾਜਾ ਹੀ ਮਾਰੇ (ਤਾਂ ਇਸ) ਜੀਉੜੇ ਨੂੰ ਕਿਵੇਂ ਬਚਾਈਏ ? (ਤਿਵੇਂ) ਮਾਇਆ (ਦੇ ਪੈਣ) ਦੇ ਡਰ ਤੋਂ (ਤਾਂ ਸਭ ਆਸਰਿਆਂ ਤੋਂ) ਹਾਰਕੇ (ਪ੍ਰਾਣੀ) ਗੁਰਦੁਆਰੇ ਜਾਂਦਾ ਹੈ, ਜੇ ਓਥੇ ਬੀ ਮਾਇਆ ਆ ਵਾਪਰੇ (ਤਾਂ ਫਿਰ) ਕਿੱਥੇ ਟਿਕਾਉ ?

ਇਹ ਸਿਖ ਗੁਰਦੁਆਰੇ ਨੂੰ ਸਨਮੁਖ ਰੱਖਕੇ ਭਾਈ ਗੁਰਦਾਸ ਨੇ ਲਿਖਿਆ ਹੈ । ਇਸ ਵਿਚ ਕੇਵਲ ਵਰਤਮਾਨ ਦਾ ਹਾਲ ਨਹੀਂ ਸੀ, ਪ੍ਰੰਤੂ ਭਵਿਸ਼ ਦੀ ਦੂਰਦਰਸ਼ਤਾ ਦੀ ਸੋਝੀ ਬੜੀ ਗਾੜ੍ਹੀ ਕਰਕੇ ਸੰਘਣੀ ਰਬੜੀ ਬਣਾਕੇ ਰੱਖੀ ਹੋਈ ਹੈ :

ਗੁਰਦੁਆਰੇ ਬਣਾਏ ਗਏ ਸਨ, ਖ਼ਾਸ ਮਤਲਬ ਲਈ । ਇਨ੍ਹਾਂ ਦਾ ਦਰਸ਼ਨ ਦੀਦਾਰ ਆਪਣਾ ਪ੍ਰਯੋਜਨ ਰੱਖਦਾ ਸੀ । ਚੌਂਕੀਆਂ, ਝੰਡੇ, ਬੁੰਗੇ ਆਦਿਕ ਸਿਰਫ ਤਵਾਰੀਖੀ ਯਾਦਗਾਰਾਂ ਨ੍ਹੀਂ ਸਨ, ਪ੍ਰੰਤੂ ਜੀਉਂਦੀਆਂ ਚੇਤਾਉਣੀਆਂ ਸਨ । ਇਕ ਸੱਚੇ ਸਿਦਕੀ ਹਿਰਦੇ ਲਈ ਇਹ ਹੋਰ ਅਰਥ ਰਖਦੀਆਂ ਸਨ । ਇਹ ਦੱਸਦੀਆਂ ਸਨ ਕਿ ਅਸੀਂ ਇਕੱਲੇ ਨਹੀਂ ਹਾਂ, ਸਾਡਾ ਗੁਜ਼ਰ ਚੁਕਾ ਜ਼ਮਾਨਾ ਅਜੇ ਮੌਜੂਦ ਹੈ ! ਉਹ ਸਾਡੇ ਵਿਚ ਕੇਂਦ੍ਰਿਤ (focussed) ਹੈ ਤੇ ਸਾਡੀ ਹਸਤੀ ਵਿਚ ਵਯਕਤੀਗਤ ਹੈ । ਸਾਡੇ ਇਕ ਇਕ ਜਣੇ ਦੇ ਅੰਦਰਲੇ ਵਿਚ ਸਰਬ ਸ਼ਹੀਦੀ ਫੌਜਾਂ ਇਕ ਸੰਘਣੇ ਜੀਵਨ ਵਿਚ ਸੰਘਟਤ ਹਨ । ਸਾਡੇ ਜਿਸਮ ਦੇ ਕੱਚੇ

 www.sikhbookclub.com

ਧਾਗੇ ਵਿਚ ਉਹ ਸਾਰੇ ਹੀ ਸੁੱਚੇ ਲਾਲ ਪ੍ਰੋਤੇ ਹੋਏ ਹਨ ਜੋ ਸਾਡੇ ਜੀਵਨ ਨੂੰ ਇਤਿਹਾਸਿਕ ਏਕਤਾ ਬਖਸ਼ ਰਹੇ ਹਨ।

ਇਹ ਸਨ ਅਰਥ ਗੁਰਦੁਆਰੇ ਦੇ ਇਕ ਸੱਚੇ ਸਿਦਕੀ ਸਿੰਘ ਲਈ।

ਗੁਰਦੁਆਰੇ ਆਦਰਸ਼ ਸਨ। ਇਹ ਸੇਵਾ ਦੀ ਮੰਗ ਕਰਦੇ ਸਨ। ਇਹਨਾਂ ਦੀ ਅਪੀਲ ਜ਼ਬਰਦਸਤ ਸੀ। ਇਹ ਆਪਣਾ ਆਪਾ ਕੁਰਬਾਨ ਕਰਨ ਲਈ ਬੁਲਾਵਾ ਦੇਂਦੇ ਸਨ। ਲੋਕ ਖੁਸ਼ੀ ਨਾਲ ਇਨ੍ਹਾਂ ਦੀ ਖ਼ਾਤਰ ਆਪਣੀ ਕੁਰਬਾਨੀ ਦੀ ਸੇਵਾ ਹਾਜ਼ਰ ਕਰ ਦੇਂਦੇ ਸਨ। ਇਹ ਉਹ ਜਜ਼ਬਾ ਪੈਦਾ ਕਰਦੇ ਸਨ ਜਿਸ ਅੰਦਰ ਮੌਤ ਵੀ ਜੀਵਨ ਮਾਲੂਮ ਹੁੰਦੀ ਹੈ, ਅਮਰ ਜੀਵਨ। ਭਾਈ ਰਤਨ ਸਿੰਘ ਭੰਗੂ ਨੇ ਲਿਖਿਆ ਹੈ:

ਜੈਸੀ ਭੂਮਿ ਕੁਲਛੇਤਰੀ ਤੈਸੀ ਢਿਗ ਗੁਰਦ੍ਵਾਰ ॥<br>
ਮਰੇ ਜੋ ਢਿਗ ਗੁਰਦ੍ਵਾਰ ਕੇ ਸਿਖ ਹੋ ਸੁ ਜਨਮ ਹਜ਼ਾਰ ॥<br>
(ਪ੍ਰਾਚੀਨ ਪੰਥ ਪ੍ਰਕਾਸ਼–੩੨੫)

ਇਹ ਉਸ ਵੇਲੇ ਦੀ ਮਾਨਸਿਕ ਸਥਿਤੀ ਸੀ। ਇਹ ਜਨ ਸਮੂਹ ਦੀ ਸੇਵਾ ਤੋਂ ਪੈਦਾ ਹੋਇਆ ਕ੍ਰਿਸ਼ਮਾ ਸੀ। ਇਸ ਵਿਚ ਗੁਰਦੁਆਰੇ ਸਹਾਈ ਸਨ। ਕੌਮ ਨੂੰ ਇਕ ਉਦੇਸ਼ ਪ੍ਰਾਪਤ ਹੋ ਗਿਆ ਸੀ। ਖੁਸ਼ੀ ਹੁਣ ਏਸ ਗੱਲ ਵਿਚ ਨਹੀਂ ਸੀ ਰਹੀ ਕਿ ਪੰਜ ਕਲੇਸ਼ ਕਿਸ ਤਰ੍ਹਾਂ ਨਵਿਰਤ ਹੋਣ, ਜਾਂ ਤ੍ਰਿੰਨ ਤਾਪ ਕਿਸ ਤਰ੍ਹਾਂ ਦੂਰ ਹੋਣ, ਖੁਸ਼ੀ ਏਸ ਗੱਲ ਵਿਚ ਹੋ ਗਈ ਸੀ ਕਿ ਦੂਜਿਆਂ ਨੂੰ ਕਿਸ ਤਰ੍ਹਾਂ ਖੁਸ਼ ਕੀਤਾ ਜਾਵੇ, ਕਿਸ ਤਰ੍ਹਾਂ ਭਲਾਈ ਕੀਤੀ ਜਾਏ, ਕਿਸ ਤਰ੍ਹਾਂ ਪਰਉਪਕਾਰ ਦੀ ਖ਼ਾਤਰ ਆਪਾ ਵਾਰਿਆ ਜਾਏ। ਏਸ ਉਦੇਸ਼ ਹੇਠ ਮੁਲਕ ਦੀ ਆਬੋ ਹਵਾ ਬਦਲਣ ਲਗ ਪਈ ਸੀ। ਭਗਤੀ ਨੇ ਆਪਣਾ ਰੂਪ ਵਟਾ ਲਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹਾ ਹੈ:

ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ ॥<br>
(ਗਉੜੀ ਮ: ੩, ਛੰਤ – ੪)

ਭਗਤੀ ਸੇਵਾ ਦੀ ਸੁਰਤਿ ਵਾਲੀ ਬਣ ਗਈ ਸੀ, ਭਗਤੀ ਸੇਵਾ ਭਗਤੀ ਬਣ ਗਈ ਸੀ। 'ਸੇਵਾ-ਭਗਤੀ' ਨੂੰ ਐਸ ਤਰ੍ਹਾਂ ਅਮਲੀ ਜਾਮਾ ਪਹਿਨਾਇਆ ਗਿਆ। ਏਸ ਨੂੰ ਵਯਕਤੀਗਤ ਇਕੱਲ ਤੋਂ ਚੁੱਕਕੇ ਸਰਬ ਸਾਂਝੀ ਬਣਾ ਦਿੱਤਾ ਗਿਆ। ਇਹ ਤਰੀਕਾ ਕੱਢਿਆ ਗਿਆ, ਆਪਾ ਗਵਾਉਣ ਦਾ।

 www.sikhbookclub.com

ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਵੇਲੇ ਖਾਲਸਾ ਸਾਜਿਆ ਸੀ ਤਾਂ ਸੀਸ ਮੰਗੇ ਸਨ। ਪੰਜ ਵੇਰੀਂ ਉਹਨਾਂ ਇਹ ਮੰਗ ਕੀਤੀ। ਪੰਜ ਵੇਰੀਂ ਉਹਨਾਂ ਤੰਬੂ ਅੰਦਰ ਜਾਕੇ ਬਕਰਾ ਝਟਕਾਇਆ। ਉਨ੍ਹਾਂ ਉਸ ਵੇਲੇ ਐਸ ਤਰ੍ਹਾਂ ਪੰਜ ਜਾਨਵਰ ਮਾਰੇ ਸਨ। ਇਹ ਪੰਜ ਮਰੇ ਪਸ਼ੂ ਕੇਵਲ ਸੰਕੇਤ ਹਨ (Symbol) : ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ। ਕਾਮ ਕ੍ਰੋਧ ਨੂੰ ਮਾਰਨ ਲਈ ਕਈ ਪੁਰਾਣੇ ਤਰੀਕੇ ਸਨ। ਗਿਆਨ ਮਾਰਗ ਸੀ, ਯੋਗ ਸਾਧਨ ਸਨ, ਤਾਂਤ੍ਰਿਕ ਅਭਯਾਸ ਅਤੇ ਇਖ਼ਲਾਕੀ ਅਮਲ ਸਨ।

ਪਰ ਜੋ ਤਰੀਕਾ ਗੁਰੂ ਗੋਬਿੰਦ ਸਿੰਘ ਜੀ ਨੇ ਇਖ਼ਤਿਆਰ ਕੀਤਾ ਉਹ ਹੋਰ ਸੀ। ਉਸ ਦਾ ਆਧਾਰ ਕੋਈ ਯੋਗਕ ਸਾਧਨ ਨਹੀਂ ਸੀ, ਨਾ ਹੀ ਉਹ ਪ੍ਰਾਣਾਂ ਦੀ ਵਿਲੀਨਤਾ ਦਾ ਮਨ ਨੂੰ ਰੋਕਣ ਦਾ ਵਸੀਲਾ ਸੀ। ਉਹ ਇਕ ਫੁਰਤੀਲਾ ਸਾਹਸੀ, ਉਦਯੋਗੀ ਕਾਰਜ ਦਾ ਉਦੇਸ਼ ਸੀ। ਜੋ ਆਦਰਸ਼ ਉਨ੍ਹਾਂ ਪੇਸ਼ ਕੀਤਾ, ਉਸ ਦੀ ਖ਼ੂਬੀ ਇਹ ਸੀ ਕਿ ਉਸ ਦੇ ਸਨਮੁਖ ਅੰਦਰ ਦੇ ਪੰਜ ਪਸ਼ੂ ਆਪੋ ਆਪਣੀ ਬਲੀ ਦੇਣ ਲਈ ਤਿਆਰ ਹੋ ਗਏ। ਗੁਰੂ ਜੀ ਮਨੁੱਖ ਦੇ ਅੰਦਰ ਜਾਨਵਰਾਂ ਦੇ ਵਸੇਬੇ ਨੂੰ ਪਸੰਦ ਨਹੀਂ ਸਨ ਕਰਦੇ। ਉਹਨਾਂ ਦੇ ਗਿਰਦ ਜੋ ਲੋਕ ਰਹਿੰਦੇ ਸਨ, ਉਹਨਾਂ ਵਿਚ ਬਹੁਤੇ ਪਸ਼ੂਆਂ ਦੀਆਂ ਖ਼ਸਲਤਾਂ ਤੋਂ ਪਾਕ ਨਹੀਂ ਸਨ। ਆਪਣੇ ਨਿਕਟਵਰਤੀਆਂ ਦੀਆਂ ਕਮਜ਼ੋਰੀਆਂ ਨੂੰ ਚਾਹੇ ਉਹ ਅਣਡਿੱਠ ਕਰ ਦੇਂਦੇ ਸਨ, ਪਰ ਉਨ੍ਹਾਂ ਖ਼ਾਮੀਆਂ ਦਾ ਅਸਲਾ ਉਨ੍ਹਾਂ ਨੂੰ ਦਿੱਸ ਪੈਂਦਾ ਸੀ। ਉਨ੍ਹਾਂ ਦੇ ਸਾਹਮਣੇ ਮਨੁੱਖ ਦੇ ਜਨੌਰੀ ਅੰਕੁਰ ਪ੍ਰਤੱਖ ਹੋ ਦ੍ਰਿਸ਼ਟੀ ਗੋਚਰ ਹੋ ਜਾਂਦੇ ਸਨ।

ਉਨ੍ਹਾਂ ਨੇ ਜਿਸ ਵੇਲੇ ਰਿੱਛ ਦਾ ਤਮਾਸ਼ਾ ਦੇਖਿਆ ਤਾਂ ਉਨ੍ਹਾਂ ਨੂੰ ਆਪਣਾ ਸੋਭਾ ਰਾਮ ਯਾਦ ਆਇਆ। ਮਨੁੱਖ ਦੇ ਅੰਦਰ ਚੀਜ਼ਾਂ ਲਈ ਅਕਹਿ ਪਕੜ ਹੈ। ਉਸ ਦਾ ਸਥੂਲ ਵਸਤਾਂ ਦਾ ਜੱਫਾ ਰਿੱਛ ਦਾ ਜੱਫਾ ਹੈ ਜੋ ਛੁੱਟ ਨਹੀਂ ਸਕਦਾ। ਹਰ ਕੋਈ ਆਪੋ ਆਪਣੀ ਥਾਵੇਂ ਆਪਣੇ ਚੁਧਰੱਮੇ ਨੂੰ ਜੱਫਾ ਮਾਰਕੇ ਬੈਠਾ ਹੈ। ਇਕ ਕੜਾਹ ਪ੍ਰਸ਼ਾਦ ਵਰਤਾਉਣ ਵਾਲੇ ਲਈ ਉਦਾਰ ਚਿਤ ਹੋਕੇ ਮੁਕਤ ਹੱਥ ਨਾਲ ਗੱਫਾ ਵਰਤਾ ਦੇਣਾ ਮੁਸ਼ਕਲ ਗੱਲ ਹੈ। ਜੋ ਚੀਜ਼ ਹੱਥ ਵਿਚ ਫੜੀ ਹੈ, ਛੱਡਣੀ ਔਖੀ ਹੈ। ਇਹ ਰਿੱਛ ਬਿਰਤੀ ਕਿਸ ਤਰ੍ਹਾਂ ਠੀਕ ਹੋਵੇ। ਇਹ ਪਕੜ ਦੀ ਮੁੱਠ ਦਾ ਕੁੜੱਲ ਕਿਸ ਤਰ੍ਹਾਂ ਨਰਮ ਹੋਵੇ ?

ਕੈਲਨ ਨੇ ਕਿਹਾ ਹੈ ਕਿ ਮੈਂ ਬਾਂਦਰ ਅਤੇ ਗਿੱਧ ਦੇ ਦੋਗ਼ਲੇਪਨ ਤੋਂ ਬਣਿਆ ਹਾਂ। ਇਹ ਉਹ ਸਿਰਫ਼ ਆਪਣੇ ਲਈ ਹੀ ਨਹੀਂ ਕਹਿ ਰਿਹਾ। ਉਸ ਦਾ ਇਹ ਲਕਬ ਅਜ ਕਲ ਦੀ ਸਾਰੀ ਜਨਤਾ ਉਪਰ ਘਟਦਾ ਹੈ। ਪਰ ਜੋ ਲੋਕਾਈ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ

ਉਨ੍ਹਾਂ ਦੇ ਇਰਦ ਗਿਰਦ ਸੀ, ਉਹਨਾਂ ਦੇ ਵਿਚ ਵੀ ਖੱਚਰਪੁਣੇ ਵਾਲੀ ਮਿਲਾਵਟ ਸੀ। ਉਹ ਦੋਗ਼ਲੇ ਸਨ ਰਿੱਛ ਅਤੇ ਗਿੱਦੜ ਦੇ, ਜਿਸ ਦਾ ਮਤਲਬ ਇਹ ਹੈ ਕਿ ਮਨੁਖਾਂ ਵਿਚ ਰਿੱਛ ਅਤੇ ਗਿੱਦੜ ਦੀ ਡਬਲ ਖਾਸੀਅਤ ਸੀ। ਜਿੱਥੇ ਤਾਂ ਉਹਨਾਂ ਦਾ ਵੱਸ ਚੱਲੇ, ਰਿੱਛ ਵਾਲਾ ਜਫਾ ਪਾ ਬੈਠਣਾ ਤੇ ਕਿਸੇ ਹੀਲੇ ਨਾ ਛੱਡਣਾ, ਪਰ ਜਿੱਥੇ ਮੁਕਾਬਲਾ ਆਪਣੇ ਨਾਲੋਂ ਤਕੜੇ ਨਾਲ ਹੋਵੇ ਉਥੋਂ ਨੱਸ ਉਠਣਾ, ਗਿੱਦੜ ਵਾਕੁਣ ਭੱਜ ਜਾਣਾ, ਕਿਸੇ ਆਪਣੀ ਇੱਜ਼ਤ ਆਬਰੋ ਦੀ ਕੋਈ ਪਰਵਾਹ ਨਾ ਕਰਨੀ।

ਗੁਰੂ ਜੀ ਕਲੰਦਰਾਂ ਦੇ ਦਿਖਾਏ ਤਮਾਸ਼ੇ ਹੇਠ ਪ੍ਰਕਿਰਤੀ ਦਾ ਤਮਾਸ਼ਾ ਦੇਖ ਰਹੇ ਸਨ। ਮਨੁੱਖ ਦੀ ਫਿਤਰਤ ਨੰਗੀ ਹੋਕੇ ਨੱਚਣ ਲੱਗ ਪਈ ਸੀ। ਉਹਨਾਂ ਨੂੰ ਨਜ਼ਰੀ ਪਿਆ ਕਿ ਐਸ ਵੇਲੇ ਦੀ ਲੁਕਾਈ ਕਿਸ ਰੋਗ ਵਿਚ ਗ੍ਰਸਤ ਹੈ। ਉਹਨਾਂ ਨੂੰ ਦਿੱਸ ਪਿਆ ਕਿ ਹਰ ਮਨੁੱਖ ਵਿਚ ਵਾਰੋ ਵਾਰੀ ਰਿੱਛਪੁਣਾ ਤੇ ਗਿੱਦੜਪੁਣਾ ਆਪਣੇ ਜੌਹਰ ਦਿਖਾਉਂਦਾ ਹੈ। ਆਪਣੇ ਭਰਾਵਾਂ ਦੀ ਵਰਤੋਂ ਵਿਚ ਤਾਂ ਇਹ ਰਿੱਛ ਹਨ, ਪਰ ਦੁਸ਼ਮਨ ਦੇ ਮੁਕਾਬਲੇ, ਗ਼ੈਰ ਦੇ ਮੁਕਾਬਲੇ, ਮੁਗ਼ਲ ਜ਼ੁਲਮ ਦੇ ਮੁਕਾਬਲੇ, ਬਹੂ ਬੇਟੀਆਂ ਦੀ ਇੱਜ਼ਤ ਰੱਖਣ ਦੇ ਮੁਕਾਬਲੇ ਓਹ ਗਿੱਦੜ ਹਨ।

ਪਰ ਫੇਰ ਉਹ ਸਿੱਖ ਕਿਹੜੇ ਸਨ ਜਿਨ੍ਹਾਂ ਦੀ ਖ਼ਾਤਰ ਗੁਰੂ ਅਰਜਨ ਦੇਵ ਜੀ ਨੇ 'ਧਰਮਸਾਲ' ਬੱਧੀ ਸੀ। ਗੁਰਸਿਖਾਂ ਨੂੰ ਲੱਭਕੇ ਉਥੇ ਰੱਖਿਆ ਜਾਂਦਾ ਸੀ, ਤੇ ਉਨ੍ਹਾਂ ਦੀ ਸੇਵਾ ਹੁੰਦੀ ਸੀ, ਕਿਸ ਪ੍ਰਕਾਰ ਸੇਵਾ? ਚਰਨ ਧੋਣ ਦੀ, ਪੱਖੇ ਦੀ, ਠੰਢੀ ਹਵਾ ਝੱਲਣ ਦੀ ਤੇ ਇਹ ਸਾਰੀ ਗੱਲ ਕਿਸ ਨਿੰਮਰਤਾ ਨਾਲ[੧]?

ਇਹ ਆਦਰਸ਼ ਕਿਸ ਤਰ੍ਹਾਂ ਗੁੰਮ ਹੋ ਗਿਆ? ਕਿੱਡੀ ਜਲਦੀ ਤੇ ਕਿਉਂ? ਕਿਸ ਤਰ੍ਹਾਂ ਨੀਵੇਂ ਲੋਕਾਂ ਗੁਰਦੁਆਰਿਆਂ ਉਤੇ ਕਬਜ਼ੇ ਕਰ ਲਏ, ਅਰ ਇਹ ਗੱਲ ਗੁਰੂ ਜੀ ਦੀ ਹੀਨ ਹਯਾਤ (ਜੀਵਨ ਕਾਲ) ਵਿਚ ਹੀ ਹੋ ਗਈ? ਇਤਿਹਾਸ ਗਵਾਹ ਹੈ ਕਿ ਗੁਰੂ ਤੇਗ ਬਹਾਦਰ ਜੀ ਨੂੰ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਤੋਂ ਰੋੜਿਆ ਗਿਆ ਤੇ ਅੰਦਰ ਨਾ ਵੜਨ ਦਿੱਤਾ।

੧ ਮੈਂ ਬਾਧੀ ਧਰਮਸਾਲ ਹੈ ॥ ਗੁਰਸਿਖਾਂ ਲਹਦਾ ਭਾਲਿਕੈ ॥
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥
(ਸਿਰੀ ਰਾਗੁ ਮ: ੫)

ਇਸ ਤੋਂ ਸਪਸ਼ਟ ਹੈ ਕਿ ਕਿਸ ਕਿਸ ਕਿਸਮ ਦੀ ਜਾਨਵਰੀ ਚੇਸ਼ਟਾ ਨੇ ਗੁਰਦੁਆਰਿਆਂ ਉਤੇ ਰਿੱਛ ਜੱਫਾ ਪੂਰਣ ਤੌਰ ਉਤੇ ਪੁਆ ਦਿੱਤਾ ਸੀ ਤੇ ਕਿੱਡੀ ਜਲਦੀ।

੧੭੫੬ ਬਿਕ੍ਰਮੀ ਦੀ ਵੈਸਾਖੀ ਨੂੰ ਅਨੰਦਪੁਰ ਵਿਚ ਵਡਾ ਪੁਰਬ ਮਨਾਉਣ ਦੀਆਂ ਤਿਆਰੀਆਂ ਹਨ। ਮੰਗਤਾਂ ਦੂਰ ਦੂਰ ਤੋਂ ਪਹੁੰਚ ਰਹੀਆਂ ਹਨ। ਕਈ ਹਫਤੇ ਪਹਿਲੇ ਹੀ ਬਹੁਤ ਇਕੱਠ ਹੋ ਚੁਕਾ ਸੀ। ਹੁਣ ਰੋਜ਼ ਸਤਿਸੰਗੀ ਦਰਬਾਰ ਲਗਦਾ ਹੈ। ਇਕ ਦਿਨ ਭਾਈ ਨੰਦ ਲਾਲ ਜੀ ਨੇ ਆਪਣੇ ਫ਼ਾਰਸੀ ਦੇ ਕੁਛ ਛੰਦ ਪੇਸ਼ ਕੀਤੇ। ਉਨ੍ਹਾਂ ਵਿਚੋਂ ਇਕ ਇਹ ਸੀ :

ਖ਼ੁਦਪਰਸਤੀ ਅਜ਼ ਮਿਯਾਂ ਬਰਦਾਸ਼ਤੰਦ ॥<br>
ਤੁਖ਼ਮੇ ਹਕ ਦਰ ਕਿਸ਼ਤੇ ਦਿਲਹਾ ਕਾਸ਼ਤੰਦ ॥<br>
(ਜ਼ਿੰਦਗੀ ਨਾਮਾ)

ਜਿਸ ਦਾ ਭਾਵ ਹੈ ਕਿ ਆਪਣਾ ਹੰਕਾਰ ਦੂਰ ਕਰਕੇ ਸੰਤਾਂ ਨੇ ਹੱਕ ਦਾ ਬੀਜ ਦਿਲ ਦੇ ਖੇਤ ਵਿਚ ਬੀਜਿਆ ਹੈ।

ਇਹ ਸੁਣਕੇ ਆਪ ਮੁਸਕਰਾਏ, ਕਹਿਣ ਲਗੇ 'ਠੀਕ ਹੈ। ਖੇਤ ਵਿਚ ਬੀਜ ਪੈ ਗਿਆ, ਉਹ ਉੱਗ ਵੀ ਪਿਆ, ਪਰ ਨੰਦ ਲਾਲ ਜੀ ਇਹ ਦੱਸੋ ਕਿ ਉਸ ਖੇਤੀ ਦਾ ਬਣਿਆ ਕੀ ?'

ਨੰਦ ਲਾਲ ਜੀ ਚੁਪ ਸਨ, ਸ਼ਾਇਦ ਪ੍ਰਸ਼ਨ ਨੂੰ ਚੰਗੀ ਤਰ੍ਹਾਂ ਸਮਝਿਆ ਨਹੀਂ ਸੀ। ਗੁਰੂ ਜੀ ਨੇ ਫੇਰ ਕਿਹਾ, 'ਨੰਦ ਲਾਲ ਜੀ ਦੱਸੋ, ਖੇਤੀ ਦਾ ਬਣਿਆ ਕੀ ?' ਨੰਦ ਲਾਲ ਨੇ ਕਿਹਾ, 'ਮਹਾਰਾਜ ਮੈਂ ਏਥੇ ਆਪ ਦੇ ਚਰਨਾਂ ਵਿਚ ਆਕੇ ਇਹ ਗੱਲ ਸਿੱਖੀ ਹੈ ਕਿ ਜਿੱਥੇ ਹੰਕਾਰ ਹੋਵੇ ਰੂਹਾਨੀਅਤ ਦਾ ਤੁਖ਼ਮ ਪੈਦਾ ਨਹੀਂ ਹੁੰਦਾ। ਮੇਰੀ ਕੋਈ ਭੁੱਲ ਹੋਵੇ ਤਾਂ ਹਜ਼ੂਰ ਮੁਆਫ਼ ਕਰ ਦੇਣ! ਏਥੋਂ ਦੇ ਸਤਿਸੰਗ ਵਿਚ ਹੀ ਬੈਠਕੇ ਜੋ ਮੈਂ ਗੁਰਬਾਣੀ ਸੁਣੀ ਹੈ ਉਸ ਦਾ ਅਰਥ ਭਾਵ ਮੈਂ ਏਹੋ ਹੀ ਸਮਝਿਆ ਹੈ। ਖ਼ੁਦ ਹਜ਼ੂਰ ਨੇ ਹੰਕਾਰ ਬਾਬਤ ਫ਼ੁਰਮਾਇਆ ਹੈ :

ਜੇ ਜੇ ਬਾਦ ਕਰਤ ਹੰਕਾਰਾ ॥<br>
ਤਿਨ ਤੇ ਭਿੰਨ ਰਹਤ ਕਰਤਾਰਾ ॥<br>
(ਅਕਾਲ ਉਸਤਤਿ)

ਮੈਂ ਹਜ਼ੂਰ ਦਾ ਗੁਲਾਮ ਹਾਂ, ਮੈਂ ਕੁਰਬਾਨ ਹਾਂ ਉਸ ਦੇ ਜੋ ਹਜ਼ੂਰ ਦੀਆਂ ਚਸ਼ਮਾਂ ਵਿਚੋਂ ਝਰਦਾ ਹੈ! ਜੋ ਭੁੱਲ ਖ਼ਾਦਮ ਦੀ ਹੈ, ਕੱਢ ਦਿਓ।' ਇਤਨਾ ਕਹਿਕੇ ਨੰਦ ਲਾਲ ਜੀ ਸੇਜਲ


www.sikhbookclub.com

ਨੇਤ੍ਰ ਚੁਪ ਹੋ ਗਏ। ਗੁਰੂ ਜੀ ਨੇ ਫੇਰ ਕਿਹਾ: 'ਨੰਦ ਲਾਲ ਜੀ, ਪਰ ਇਹ ਦੱਸੋ ਕਿ ਖੇਤੀ ਦਾ ਬਣਿਆ ਕੀ ?' ਨੰਦ ਲਾਲ ਨੇ ਬੜੀ ਹਲੀਮੀ ਵਿਚ ਉੱਤਰ ਦਿਤਾ, 'ਜੀ ਮੈਂ ਗ਼ਰੀਬ ਨੂੰ ਕੋਈ ਅਕਲ ਫੁਰਦੀ ਨਹੀਂ। ਮੈਂ ਜੋ ਸ਼ਿਅਰ 'ਖ਼ੁਦਪ੍ਰਸਤੀ' ਤੇ ਲਿਖਿਆ ਹੈ, ਉਹ ਗੁਰੂ ਅਰਜਨ ਦੇਵ ਜੀ ਦੀ ਸਤਿ ਸਰੂਪ ਬਾਣੀ ਤੋਂ ਮੁਤਾਸਰ ਹੋ ਕੇ ਕਿਹਾ ਹੈ। ਉਹਨਾਂ ਫੁਰਮਾਇਆ ਹੈ:

ਖੁਦੀ ਮਿਟੀ ਤਬ ਸੁਖ ਭਏ ॥

(ਬਾਵਨ ਅਖਰੀ ੪੯)

ਉਹਨਾਂ ਦਾ ਸ਼ਬਦ ਸਰੂਪ ਵਜੂਦ ਮੇਰੀਆਂ ਅੱਖਾਂ ਦੇ ਸਾਹਮਣੇ ਝਲਕ ਰਿਹਾ ਸੀ ਜਦ ਮੈਂ ਇਹ ਲਿਖਿਆ :

ਖ਼ੁਦਪਰਸਤੀ ਅਜ਼ ਮਿਯਾਂ ਬਰਦਾਸ਼ਤੰਦ ॥<br>
ਤੁਖ਼ਮੇ ਹਕ ਦਰ ਕਿਸ਼ਤੇ ਦਿਲਹਾ ਕਾਸ਼ਤੰਦ ॥

ਇਤਨਾ ਕਹਿਕੇ ਨੰਦ ਲਾਲ ਜੀ ਚੁੱਪ ਹੋ ਗਏ, ਉਹਨਾਂ ਦੇ ਹੱਥ ਜੁੜੇ ਸਨ, ਬੁੱਲ੍ਹ ਵੀ ਘੁੱਟੇ ਗਏ, ਨੇਤ੍ਰ ਮੁੰਦੇ ਗਏ, ਪਰ ਮੇਜਲਤਾ ਗੋਰੀਆਂ ਰੁਖ਼ਸਾਰਾਂ ਉਤੇ, ਉਹਨਾਂ ਚਿੱਟੀਆਂ ਭਖਦੀਆਂ ਪਠਾਣੀ ਗੋਲ ਗੱਲ੍ਹਾਂ ਉਤੇ ਟਿਪ ਟਿਪ ਕਰਨ ਲੱਗ ਪਈ। ਨੰਦ ਲਾਲ ਜੀ ਦੇ ਅੰਦਰ ਇਹ ਭਾਵ ਉਗਮ ਰਿਹਾ ਸੀ :

ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ ॥............<br>
..............ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥

(ਗਉੜੀ ਵਾਰ ਮ: ੪–੯)

ਗੁਰੂ ਜੀ ਨੇ ਕਿਹਾ: 'ਨੰਦ ਲਾਲ ਜੀ! ਸਾਵਧਾਨ ਹੋਵੋ, ਸੁਣੋ : ਠੀਕ ਹੈ ਬੀਜ ਹੱਕ ਦਾ ਬੀਜਿਆ ਗਿਆ, ਪੌਦੇ ਤਿਆਰ ਹੋ ਗਏ, ਠੀਕ ਹੋਇਆ; ਖੇਤ ਲਹਿ–ਲਹਾਉਣ ਲੱਗਾ, ਠੀਕ ਹੋਇਆ; ਪਰ ਸਿਰੇ ਚੜ੍ਹਨ ਵਿਚ ਕਸਰ ਰਹਿ ਗਈ। ਰਖਵਾਲੀ ਪੂਰੀ ਨਾ ਹੋਈ, ਰਿੱਛ ਆ ਗਿਆ, ਚਰ ਗਿਆ'। ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਦਰਬਾਰ ਵਿਚ ਕੁਛ ਹਲਚਲ ਜਿਹੀ ਮਚ ਗਈ। ਚੇਤੋ ਮਸੰਦ ਆ ਗਿਆ। ਏਸ ਨੂੰ ਗੁਰੂ ਜੀ ਨੇ ਬੁਲਵਾ ਭੇਜਿਆ ਸੀ। ਸ਼ਿਕਾਇਤ ਸੀ ਕਿ ਇਹ ਜੋ ਗੁਰੂ ਨਮਿਤ ਉਗ੍ਰਾਹੀ ਲਿਆਉਂਦਾ ਹੈ, ਵਿੱਚੋਂ ਖਾ ਜਾਂਦਾ ਹੈ! ਹੁਣ ਸ਼ੱਕ ਚੂੜੇ ਬਾਬਤ ਸੀ, ਜੋ ਇਕ ਸਿੱਖ ਨੇ ਭੇਟਾ ਵਜੋਂ ਭੇਜਿਆ ਸੀ, ਪਰ ਖ਼ਜ਼ਾਨੇ ਦਾਖ਼ਲ ਨਹੀਂ ਸੀ ਹੋਇਆ। ਉਹ ਸਿਖ ਵੀ ਐਸ ਵੇਲੇ ਦਰਬਾਰ ਵਿਚ ਹਾਜ਼ਰ ਸੀ। ਚੇਤੋ

 www.sikhbookclub.com

ਦੇ ਮੁਕਰਨ ਉਪਰ ਉਸ ਦੇ ਘਰ ਦੀ ਤਲਾਸ਼ੀ ਲਈ ਆਦਮੀ ਘੱਲੇ ਗਏ ਸਨ। ਚੂੜਾ ਬਰਾਮਦ ਹੋ ਗਿਆ। ਚੇਤੋ ਕੋਈ ਮਾਮੂਲੀ ਮਸੰਦ ਨਹੀਂ ਸੀ, ਵਡਾ ਮੇਉੜਾ ਸੀ, ਮਸੰਦਾਂ ਦਾ ਚੌਧਰੀ ਸੀ; ਮਸੰਦਾਂ ਦੀ ਗਿਰਾਵਟ ਬਹੁਤ ਵਧ ਗਈ ਸੀ। ਕਾਰਭੇਟ ਦੀ ਉਗ੍ਰਾਹੀ ਲਈ ਇਹੋ ਜਾਂਦੇ ਸਨ। ਇਹ ਜ਼ਰੀਆ ਸਨ ਨਕਦੀ ਦੀ ਨਹਿਰ ਦਾ, ਜੋ ਸਿਦਕੀ ਸਿਖਾਂ ਦੇ ਭੰਡਾਰਿਆਂ ਵਿਚੋਂ ਨਿਕਲਕੇ ਗੁਰੂ ਕੇ ਖ਼ਜ਼ਾਨੇ ਅੱਪੜਦੀ ਸੀ ਤੇ ਉਪਕਾਰ ਵਿਚ ਖਰਚ ਹੁੰਦੀ ਸੀ। ਮਸੰਦਾਂ ਦੀ ਬੁੱਧੀ ਭ੍ਰਿਸ਼ਟ ਹੋ ਗਈ ਸੀ। ਉਹ ਸਮਝਦੇ ਸਨ ਕਿ ਉਹਨਾਂ ਦੀ ਕਾਰਗੁਜ਼ਾਰੀ ਬਗ਼ੈਰ ਗੁਰ ਗੱਦੀ ਚੱਲ ਨਹੀਂ ਸਕਦੀ। ਚਾਰੋਂ ਪਾਸੇ ਗਿਰਾਵਟ ਹੀ ਗਿਰਾਵਟ ਸੀ। ਮਨੁੱਖ ਜਾਨਵਰਾਂ ਦਾ ਰਵੱਈਆ ਹੀ ਰੱਖਦੇ ਸਨ। ਮੁਲਕ ਦੇ ਹਾਕਮ ਬਘਿਆੜ ਸਨ, ਗੁਰੂ ਜੀ ਦੇ ਮਾਲ ਖ਼ਜ਼ਾਨੇ ਦੇ ਸੇਵਕ ਰਿੱਛ। ਸਿਰਕਰਦੇ ਹਿੰਦੂ, ਜ਼ਮੀਨਾਂ ਵਾਲੇ, ਪੈਸੇ ਵਾਲੇ, ਰਾਜ ਸਿੰਘਾਸਣ ਉਪਰ ਬੈਠਣ ਵਾਲੇ ਸਭ ਗਿੱਦੜ, ਬਾਕੀ ਮੁਲਕ ਵਿਚ ਭੁੱਖੇ ਨੰਗੇ ਕੁੱਤੇ। ਸਿਰਫ਼ ਇਕ ਚਾਲਾਕ ਸ਼੍ਰੇਣੀ ਸੀ ਜੋ ਕਲੰਦਰ ਸਨ ਤੇ ਸਭ ਦਾ ਤਮਾਸ਼ਾ ਬਣਾਕੇ ਆਪਣਾ ਢਿੱਡ ਭਰਦੇ ਸਨ। ਖਾਲਸਾ ਤਵਾਰੀਖ ਵਿਚ ਲਿਖਿਆ ਹੈ:

''੧੭੫੬ ਬਿ: ਦੀ ਵੈਸਾਖੀ ਨੂੰ ਬੇਅੰਤ ਸਿਖ ਆ ਕੱਠੇ ਹੋਏ, ਹਰ ਵੇਲੇ ਸ਼ਬਦ ਦੀ ਘਨਘੋਰ ਲੱਗੀ ਰਹੇ, ਗੁਰੂ ਕੇ ਦਰਸ਼ਨ ਕਰ ਕਰ ਸਿਖ ਨਿਹਾਲ ਪਏ ਹੋਵਣ।

ਵੈਸਾਖੀ ਤੋਂ ਇਕ ਦਿਨ ਪਹਿਲੇ ਗੁਰੂ ਸਾਹਿਬ ਨੇ ਕੇਸਗੜ੍ਹ ਨਾਮੇ ਸਥਾਨ ਪਰ (ਜੋ ਬੜਾ ਲੰਮਾ ਚੌੜਾ ਚੌਂਤਰਾ ਬਣਾ ਛਡਿਆ ਸੀ ਉਸ ਦੇ ਪਾਸ) ਪਸ਼ਮੀਨੇ ਦਾ ਵਡਾ ਤੰਬੂ ਖੜਾ ਕਰਵਾਕੇ ਇਕ ਬੜਾ ਭਾਰੀ ਦਰਬਾਰ ਕੀਤਾ। ਜਿਸ ਵਿਚ ਪੰਜ ਕੁ ਹਜ਼ਾਰ ਸਿਖ ਸੀ, ਪਰ ਸਭ ਦੇ ਨੇਤ੍ਰ—ਚਕੋਰ ਗੁਰੂ ਮੁਖ ਚੰਦ ਵਲ ਇਕ ਟੱਕ ਲਗ ਰਹੇ ਸੀ। ਤਦੋਂ ਗੁਰੂ ਜੀ ਨੇ ਸਿੰਘਾਸਨ ਪੁਰ ਖੜੇ ਹੋ ਸਭ ਸੰਗਤ ਨੂੰ ਪਰਖਣ ਲਈ ਭਰੀ ਸਭਾ ਵਿਚ ਬਚਨ ਕੀਤਾ ਕਿ ਅਸੀਂ ਪੰਜਾਂ ਸਿਖਾਂ ਦੇ ਸੀਸ ਅਕਾਲ ਪੁਰਖ ਦੇ ਅਰਪਣ ਕਰਨੇ ਹਨ, ਜੇਹੜੇ ਗੁਰੂ ਕੇ ਪਿਆਰੇ ਖੁਸ਼ ਹੋ ਸੀਸ ਦੇਵਣਗੇ, ਉਹ ਸਦਾ ਸਚਖੰਡ ਦੇ ਮਨਇੱਛਤ ਸੁਖ ਭੋਗਣਗੇ। ਏਸ ਬਚਨ ਨੇ ਸਭ ਦੇ ਦਿਲ ਵਿਚ ਹੌਲ ਪਾ ਦਿਤਾ। ਚੁੱਪ ਹੋ ਗਏ, ਕਈ ਸੰਸੇ ਫੁਰ ਪਏ, ਮੂੰਹਾਂ ਤੇ ਜ਼ਰਦੀ ਛਾ ਗਈ।.....ਕੱਚੇ ਸਿੱਖਾਂ ਤੇ ਮਸੰਦਾਂ ਨੇ ਉੱਠਕੇ ਚੱਲਣਾ ਬਥੇਰਾ ਚਾਹਿਆ ਤੇ ਕਾਨਾਫੂਸੀ ਕੀਤੀ ਪਰ ਗੁਰੂ ਦੇ ਪ੍ਰਤਾਪ ਤੇ ਦਬਾ ਹੇਠ ਦਬੇ ਰਹੇ, ਉਠ ਨਾ ਸਕੇ, ਸਭ ਚਿਤ੍ਰਕਾਰੀ ਵਾਂਙੂ ਜੜ੍ਹ ਵਤ ਹੋ ਰਹੇ।''

 www.sikhbookclub.com

ਇਹ ਇਕ ਅਜੀਬ ਦ੍ਰਿਸ਼ ਸੀ। ਗੁਰੂ ਜੀ ਪੰਜ ਸੀਸ ਮੰਗ ਰਹੇ ਹਨ ਤੇ ਕਹਿੰਦੇ ਹਨ ਅਕਾਲ ਪੁਰਖ ਦੀ ਭੇਟ ਕਰਨੇ ਹਨ। ਪੰਜ ਹਜ਼ਾਰ ਸਿਖ ਬੈਠਾ ਹੈ, ਸੁਣ ਰਿਹਾ ਹੈ। ਕੀ ਸੁਣ ਰਿਹਾ ਹੈ ? ਉਹ ਕੁਛ, ਜਿਸ ਨਾਲ ਇਕ ਧਮਾਕੇ ਦੀ ਬਿਜਲੀ ਲਹਿਰ ਕੂੰਦ ਜਾਂਦੀ ਹੈ। ਇਕ ਸੁਨਸਨੀ ਛਾ ਜਾਂਦੀ ਹੈ। ਇਕ ਸੱਨਾਟਾ ਫੈਲ ਜਾਂਦਾ ਹੈ ! ਪਰ ਤਦ ਵੀ ਇਕ ਸਿਖ ਉਠਦਾ ਹੈ, ਆਪਣਾ 'ਆਪਾ' ਹਾਜ਼ਰ ਕਰਦਾ ਹੈ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਜਾਂਦੇ ਹਨ। ਇਕ ਬੱਕਰਾ ਝਟਕਾਉਂਦੇ ਹਨ, ਲਹੂ ਦੀ ਧਾਰ ਵਗ ਟੁਰਦੀ ਨਜ਼ਰ ਆਉਂਦੀ ਹੈ। ਆਪ ਗੁਰੂ ਜੀ ਤੰਬੂ ਤੋਂ ਬਾਹਰ ਨਿਕਲਕੇ ਮੁੜ ਅਪਣੀ ਮੰਗ ਦੁਹਰਾਉਂਦੇ ਹਨ। ਇਕ ਹੋਰ ਸਿਖ ਨਿਤਰਦਾ ਹੈ। ਜਿਸ ਨੂੰ ਤੰਬੂ ਅੰਦਰ ਲੈ ਜਾਂਦੇ ਹਨ। ਫੇਰ ਲਹੂ ਦੀ ਧਾਰ ਵਗਦੀ ਹੈ। ਗੁਰੂ ਜੀ ਪੰਜ ਵੇਰ ਏਹੋ ਕਰਤਵ ਕਰਦੇ ਹਨ। ਤੰਬੂ ਦੇ ਅੰਦਰ ਪੰਜ ਬੱਕਰੇ ਝਟਕਾਏ ਜਾਂਦੇ ਹਨ। ਪੰਜ ਪਸ਼ੂ ਮਾਰੇ ਜਾਂਦੇ ਹਨ। ਤੰਬੂ ਦੇ ਪੰਜ ਬੱਕਰੇ ਮਾਨੋ ਸੰਕੇਤ ਹੈ ਜਿਸਮ ਦੇ ਅੰਦਰ ਵਿਚਰ ਰਹੇ ਵਿਕਾਰਾਂ (passions) ਦਾ, ਕਾਮ ਕ੍ਰੋਧ ਲੋਭ ਮੋਹ ਹੰਕਾਰ ਦਾ। ਇਹ ਅੰਦਰ ਦੇ ਪੰਜ ਜਾਨਵਰ ਹਨ ਤੇ ਪੰਜੇ ਮਰ ਜਾਂਦੇ ਹਨ। ਜਿਸ ਦੇ ਵੀ ਇਹ ਪੰਜੇ ਮਰ ਜਾਣ ਉਹ ਇਨ੍ਹਾਂ ਤੋਂ ਖਾਲਸ ਹੋ ਜਾਂਦਾ ਹੈ, ਉਹ ਖਾਲਸਾ ਹੋ ਜਾਂਦਾ ਹੈ।

ਜਿਸ ਵੇਲੇ ਤਲਵਾਰ ਸੂਤੀ ਹੋਈ ਗੁਰੂ ਜੀ ਸੀਸ ਮੰਗ ਰਹੇ ਹਨ, ਉਸ ਵੇਲੇ ਸਾਰਿਆਂ ਤੇ ਮੂਰਛਾ ਛਾ ਜਾਂਦੀ ਹੈ। ਇਕ ਸਦਮੇ ਦੀ ਚੋਟ ਲਗਦੀ ਹੈ, ਕਈ ਉੱਠਕੇ ਨੱਸਣਾ ਚਾਹੁੰਦੇ ਹਨ 'ਪਰ ਗੁਰੂ ਕੇ ਪ੍ਰਤਾਪ ਤੇ ਦਬਾ ਹੇਠ ਦਬੇ ਰਹੇ, ਉਠ ਨਾ ਸਕੇ ਸਭ ਚਿਤ੍ਰਕਾਰੀ ਵਾਂਙੂ ਜੜ੍ਹ ਵਤ ਹੋ ਰਹੇ।'

ਇਹ ਸਦਮਾ ਉਹਨਾਂ ਦਾ ਇਲਾਜ ਸੀ, 'ਧਮਾਕਾ ਇਲਾਜ' (Shock Treatment) ! ਇਸ ਨਾਲ ਮਨੁੱਖ ਆਪ ਨਹੀਂ ਦੌੜੇ ਉਹਨਾਂ ਦਾ ਡਰ ਦੌੜ ਗਿਆ, ਅੰਦਰ ਦਾ ਗਿੱਦੜ ਭੱਜ ਗਿਆ, ਜਿਉਂ ਜਿਉਂ ਬੱਕਰੇ ਝਟਕੀਂਦੇ ਗਏ, ਅੰਦਰ ਦੇ ਪਸ਼ੂ ਵਾਰੋ ਵਾਰੀ ਨੱਸਦੇ ਗਏ। ਔਹ ਗਿੱਦੜ ਗਿਆ, ਰਿੱਛ ਗਿਆ, ਕੁੱਤਾ ਗਿਆ, ਸੂਰ ਗਿਆ, ਪਿੱਛੇ ਕੀ ਰਹਿ ਗਿਆ ? ਕੀ ਮਨੁੱਖ ਦਾ ਅੰਦਰਲਾ ਚਿੜੀਆ ਘਰ ਐਸ ਤਰ੍ਹਾਂ ਸਾਰਾ ਸੱਖਣਾ ਹੋ ਗਿਆ ? ਨਹੀਂ, ਇਕ ਜਾਨਵਰ ਤਦ ਵੀ ਪਿੱਛੇ ਰਹਿ ਜਾਂਦਾ ਹੈ।ਉਹ ਹੈ ਸ਼ੇਰ, ਜੋ ਨਿਰਭੈ ਵਿਚਰਦਾ ਹੈ, ਜੋ ਉਸ ਵੇਲੇ ਸੁੱਤਾ ਉਠਦਾ ਹੈ, ਜਿਸ ਵੇਲੇ ਬਾਕੀ ਦਾ ਚਿੜੀਆ ਘਰ ਖਾਲੀ ਹੋ ਜਾਏ। ਸ਼ੇਰ ਨਿਰਭੈਤਾ ਦਾ ਚਿੰਨ੍ਹ ਹੈ। ਉਸ ਕੋਲ ਕੋਈ ਸਾਮਾਨ ਨਹੀਂ, ਹਥਿਆਰ ਨਹੀਂ, ਉਸ ਕੋਲ ਕੇਵਲ ਆਪਣਾ ਆਪ ਹੈ। ਇਹ ਗਲ ਅੰਗ੍ਰੇਜ਼ੀ ਸ਼ਾਇਰ ਕੀਟਸ J. Keats) ਨੇ ਇਕ ਥਾਵੇਂ ਲਿਖੀ ਹੈ :

What weapons has the lion but himself.
(Keats, 'King Stephen')

ਇਹ ਛੋਟੀ ਜਿਹੀ ਗੱਲ ਨਹੀਂ, ਭਾਰੀ ਗੱਲ ਹੈ ਕਿ ਬਗ਼ੈਰ ਸਾਜ਼ੋਸਾਮਾਨ ਦੇ, ਬਗ਼ੈਰ ਸ਼ਾਹੀ ਲਸ਼ਕਰਾਂ ਦੇ, ਬਗ਼ੈਰ ਤੋਪਖਾਨੇ ਦੇ, ਬਗ਼ੈਰ ਜੰਬੂਰਾਂ, ਹਾਥੀਆਂ ਤੇ ਊਠਾਂ ਦੇ, ਬਗ਼ੈਰ ਖਜ਼ਾਨਿਆਂ ਅਤੇ ਰਸਦਾਂ ਦੇ ਇਕ ਆਦਮੀ ਆਪਣੇ ਆਪ ਵਿਚ ਹੌਸਲਾ ਪੈਦਾ ਕਰੇ ਤੇ ਹਰ ਮੁਕਾਬਲੇ ਲਈ ਨਿਡਰ ਤਿਆਰ ਹੋਵੇ। ਇਹ ਸ਼ੇਰ ਬ੍ਰਿਤੀ ਹੈ। ਗੁਰੂ ਜੀ ਆਪਣੇ ਆਪ ਨੂੰ ਸ਼ੇਰ ਦੇ ਰੂਪਕ ਵਿਚ ਹੀ ਬਿਆਨ ਕਰਦੇ ਹਨ :

ਚੁ ਸ਼ੇਰੇ ਜ਼ਿਆਂ ਜ਼ਿੰਦਾ ਮਾਨਦ ਹਮੀਂ।
(ਜ਼ਫ਼ਰਨਾਮਾ)

ਤੇ ਔਰੰਗਜ਼ੇਬ ਨੂੰ ਦੱਸਦੇ ਹਨ ਕਿ ਮੈਂ ਸ਼ੇਰ ਬੱਬਰ ਅਜੇ ਜੀਉਂਦਾ ਹਾਂ। ਔਰੰਗਜ਼ੇਬ ਨੂੰ ਗਿੱਦੜ ਦੱਸਦੇ ਹਨ:

ਚਿਹ ਸ਼ੁਦ ਗਰ ਸ਼ਿਗਾਲੇ ਬ–ਮਕਰੋ ਰਿਆ
ਹਮੀਂ ਕੁਸ਼ਤ ਦੋ ਬੱਚ੍ਹਾਏ ਸ਼ੇਰ ਰਾ।।
(ਜ਼ਫ਼ਰਨਾਮਾ)

ਕਹਿੰਦੇ ਹਨ: 'ਕੀ ਹੋਇਆ ਜੇ ਗਿੱਦੜ ਨੇ ਮਕਰ ਤੇ ਫਰੇਬ ਨਾਲ ਸ਼ੇਰ ਦੇ ਦੋ ਬੱਚੇ ਮਾਰ ਦਿਤੇ'। ਸ਼ੇਰ ਬੜੀ ਸ਼ਾਨਦਾਰ ਚੀਜ਼ ਹੈ। ਵਿਸ਼ਨੂੰ ਭਗਵਾਨ ਨੂੰ ਵੀ ਲੋੜ ਪਈ ਸੀ ਸ਼ੇਰ ਵਰਗਾ ਅਵਤਾਰ ਧਾਰਨ ਦੀ। ਜਿਸ ਨੂੰ ਨਰਸਿੰਘ ਅਵਤਾਰ ਕਹਿੰਦੇ ਹਨ ਤੇ ਜਿਸ ਨੇ ਮਹਾਂਬਲੀ ਹਰਨਾਕਸ਼ ਰਾਜੇ ਨੂੰ ਮਾਰਕੇ ਪ੍ਰਹਿਲਾਦ ਦੀ ਰਖਯਾ ਕੀਤੀ ਸੀ :

ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ।।
(ਆਸਾ ਮਹਲਾ ੪ ਛੰਤ–੭੦)

ਨਰਸਿੰਘ ਦੀ ਗਰਜ ਹੀ ਐਸੀ ਸੀ ਕਿ ਉਸ ਨੂੰ ਸੁਣਦੇ ਹੀ ਹਰਨਾਖਸ਼ ਦੀ ਫੌਜ ਦੇ ਸਾਰੇ ਜੋਧੇ ਨੱਸ ਗਏ, ਇਕ ਵੀ ਨਾ ਟਿਕਿਆ, ਸਿਵਾਏ ਹਰਨਾਖਸ਼ ਦੇ। ਗੁਰੂ ਗੋਬਿੰਦ ਸਿੰਘ ਨੇ ਨਰਸਿੰਘ ਦੀ ਗਰਜ ਦਾ ਅਸਰ ਆਪ ਐਸ ਤਰ੍ਹਾਂ ਲਿਖਿਆ ਹੈ :

ਗਰਜਤ ਰਣ ਨਰਸਿੰਘ ਕੇ ਭੱਜੇ ਸੂਰ ਅਨੇਕ।।
ਏਕ ਟਿਕਯੋ ਹਿਰਨਾਛ ਤਹਿ ਅਵਰ ਨ ਜੋਧਾ ਏਕ।।
(ਚੌਵੀ ਅਵਤਾਰ)


www.sikhbookclub.com

ਐਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਘਰ ਵਿਚ ਹੰਕਾਰ ਨੂੰ ਨਿੰਦਿਆ ਹੈ ਤੇ ਸਿੱਖਿਆ ਦਿਤੀ ਹੈ ਕਿ ਖ਼ੁਦਪ੍ਰਸਤੀ ਨੂੰ ਛੱਡੋ, ਇਹ ਕੇਵਲ ਆਚਰਨ ਸ਼ੁੱਧੀ ਲਈ ਜ਼ਰੂਰੀ ਨਹੀਂ, ਰੂਹਾਨੀ ਤਰੱਕੀ ਦਾ ਵੀ ਭੇਦ ਹੈ। ਹੰਕਾਰ ਨੂੰ ਨਵਿਰਤ ਕਰਨ ਲਈ ਸੇਵਾ ਦਾ ਸਾਧਨ ਦੱਸਿਆ ਹੈ। ਸੇਵਾ ਦੋ ਪ੍ਰਕਾਰ ਦੀ ਹੈ। ਵਯਕਤੀਗਤ (Individual) ਤੇ ਦੂਜੀ ਜਨ ਸਮੂਹ ਦੀ ਇਕੱਠੀ ਸੇਵਾ। ਦੂਜੀ ਵਿਚ ਸੰਗਠਨ ਦਾ ਤੱਤ ਹੈ, ਉਤਸ਼ਾਹ ਹੈ, ਤੇ ਕਿਸੇ ਆਦਰਸ਼ ਦੇ ਆਸਰੇ ਹੈ। ਆਦਰਸ਼ ਐਸਾ ਹੋਣਾ ਚਾਹੀਦਾ ਹੈ ਜੋ ਕੁਰਬਾਨੀ ਦਾ ਜਜ਼ਬਾ ਉਤਪੰਨ ਕਰੇ।

ਐਸ ਤਰ੍ਹਾਂ ਦਾ ਜੀਵਨ ਪੈਦਾ ਕੀਤਿਆਂ ਅੰਦਰ ਦੇ ਜਾਨਵਰ ਲਗਦੇ ਹੱਥੀਂ ਬਲੀਦਾਨ ਹੋ ਜਾਂਦੇ ਹਨ। ਮਨੁੱਖ ਪਸ਼ੂ–ਬ੍ਰਿਤੀ ਤੋਂ ਉਚਾ ਉਠਦਾ ਹੈ, ਉਹ ਨਿਡਰ ਹੋ ਜਾਂਦਾ ਹੈ।

ਵਾਹਿਗੁਰੂ ਦਾ ਸਰੂਪ ਅਕਾਲ ਪੁਰਖ ਹੈ, ਪਰ ਜਿਸ ਵੇਲੇ ਉਹ ਆਪਣੇ ਕਾਰਜ ਸਾਧਕ ਰੂਪ ਵਿਚ ਹੁੰਦਾ ਹੈ ਤਾਂ ਉਹ ਨਿਰਭਉ ਸੂਰਤ ਵਿਚ ਵਿਚਰਦਾ ਹੈ। ਉਹ ਪੁਰਖ ਹੁੰਦਾ ਹੋਇਆ ਵੀ ਮਨੁੱਖ ਦੀ ਕਮਜ਼ੋਰੀ ਤੋਂ ਪਾਕ ਹੁੰਦਾ ਹੈ, ਉਹ ਸ਼ੇਰ ਅਨੁਰੂਪ ਹੁੰਦਾ ਹੈ, ਉਹ ਵਾਕਈ ਨਰਸਿੰਘ ਹੁੰਦਾ ਹੈ। ਉਪਨਿਸ਼ਦ ਵਿਚ ਲਿਖਿਆ ਹੈ ਕਿ ਬ੍ਰਹਮ ਅਜਰ ਹੈ, ਅਮਰ ਹੈ, ਨਿਰਭਯ ਹੈ। ਫੇਰ ਕਿਹਾ ਹੈ ਕਿ 'ਨਿਰਭੈਤਾ' ਹੀ ਬ੍ਰਹਮ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਨੂੰ ਨਿਰਭੈਤਾ ਦਾ ਵੇਸ ਪ੍ਰਦਾਨ ਕੀਤਾ, ਜੋ ਖਾਲਸਾ ਸਰੂਪ ਹੈ। ਇਹ ਉਤਨਾ ਚਿਰ ਹੀ ਠਹਿਰ ਸਕਦਾ ਹੈ ਜਿਤਨਾ ਚਿਰ ਕੁਰਬਾਨੀ ਦੇ ਜਜ਼ਬੇ ਨਾਲ ਭਰਪੂਰ ਹੈ। ਵੈਸਾਖੀ ਦਾ ਪੁਰਬ ਏਸ ਰੂਪਾਂਤਰ ਦਾ ਯਾਦ ਕਰਾਊ ਚਿੰਨ੍ਹ (Memorial Symbol) ਹੈ। ਏਸ ਨੂੰ ਏਸ ਯਾਦ ਵਿਚ ਮਨਾਉਣਾ ਚਾਹੀਦਾ ਹੈ, ਜਿਸ ਨਾਲ ਕੁਰਬਾਨੀ ਦਾ ਉਤਸ਼ਾਹ ਜੀਵਨ ਨੂੰ ਭਰਪੂਰ ਕਰ ਦੇਵੇ।

ਗੁਰੂ ਗੋਬਿੰਦ ਸਿੰਘ ਜੀ ਕੀਹ ਸੇ ? ਉਨ੍ਹਾਂ ਦਾ ਕੰਮ ਕੀਹ ਸੀ ? ਇਸ ਦੀ ਕਦਰ ਕੀਮਤ ਉਹੀ ਲੋਕ ਪਾ ਸਕਦੇ ਹਨ ਜਿਨ੍ਹਾਂ ਦਾ ਅਨੁਭਵ ਵਿਸ਼ਾਲ ਹੋਵੇ ਤੇ ਜਿਨ੍ਹਾਂ ਦੀ ਵਿਦਿਆ ਬਹੁਤ ਗੰਭੀਰ ਹੋਵੇ ਤੇ ਜਿਨ੍ਹਾਂ ਨੇ ਮਜ਼੍ਹਬਾਂ ਦੀ ਮੁਤਾਲਿਆ ਨੂੰ ਤੋਲਵੀਂ ਕਸਵਟੀ ਉਤੇ ਜਾਂਚਿਆ ਹੋਵੇ। ਐਸਾ ਹੀ ਇਕ ਮਨੁੱਖ ਜਤਿੰਦਰਾ ਮੋਹਨ ਚੈਟਰਜੀ ਹੈ। ਉਸ ਨੇ ਜੋ ਕੁਛ ਕਿਹਾ ਹੈ ਉਹ ਉਸ ਦੇ ਆਪਣੇ ਲਫਜ਼ਾਂ ਵਿਚ ਇਹ ਹੈ:

 www.sikhbookclub.com

Ekanatha Guru Gobind Singh, who combined the cults of Ramachandra and Zarathushtra, and brought the Gita to life, is for me, the greatest prophet of Scriptural Nationalism*

(The Ethical Conception of the Gatha.)

ਸੁਆਮੀ ਵਿਵੇਕਾਨੰਦ ਨੂੰ ਆਦਮੀ ਦਾ ਸ਼ੁੱਧ ਸਰੂਪ 'ਸ਼ੇਰ' ਹੀ ਨਜ਼ਰ ਆਇਆ ਸੀ, ਏਸ ਕਰਕੇ ਉਸਨੇ ਵੰਗਰਕੇ ਕਿਹਾ:

ਐ ਸ਼ੇਰੋ, ਆਓ ! ਆਪਣਾ ਭਰਮ ਜਾਲ ਤੋੜ ਦਿਓ ਕਿ ਤੁਸੀਂ ਭੇਡਾਂ ਹੋ। ਤੁਸੀਂ ਅਮਰ ਹੋ, ਆਤਮਾ ਹੋ, ਮੁਕਤ ਹੋ, ਅਨੰਦ ਹੋ।**

ਖਾਲਸਾ ਜੀ ! ਤੁਸੀਂ ਸ਼ੇਰ ਹੋ, ਵੈਸਾਖੀ ਦੇ ਦਿਨ ਤੁਹਾਡਾ ਭਰਮ–ਜਾਲ ਟੁੱਟ ਗਿਆ ਸੀ। ਤੁਸਾਨੂੰ ਆਪਣੇ ਸ਼ੁੱਧ ਸਰੂਪ ਦੇ ਦਰਸ਼ਨ ਹੋ ਗਏ ਸਨ। ਉਸੇ ਸਰੂਪ ਦੇ ਅਨੁਰੂਪ ਕਰਤੱਵ ਜੀਵਨ ਵਿਚ ਜੀ ਉਠੋ।

* ਅਰਥਾਤ– ਏਕ ਨਾਥ ਗੁਰੂ ਗੋਬਿੰਦ ਸਿੰਘ, ਜਿਸ ਨੇ ਸ੍ਰੀ ਰਾਮਚੰਦ੍ਰ ਤੇ ਜ਼ਰਤੁਸ਼ਤਰਾ ਦੇ ਧਾਰਮਕ ਭਾਵਾਂ ਨੂੰ, ਜੋੜ ਦਿਤਾ ਤੇ ਗੀਤਾ ਨੂੰ ਅਮਲੀ ਜੀਵਨ ਬਖਸ਼ਿਆ, ਉਹ ਮੇਰੇ ਲਈ ਧਾਰਮਕ ਜਗਤ ਦਾ ਵਡੇ ਤੋਂ ਵੱਡਾ ਅਵਤਾਰ ਹੈ।

** Come up, o lions and shake off the delusion that you are sheep; you are souls immortal, spirits free, blest and eternal.

[] (Address at the Parliament of Religions Chicago. 15-9-1893

# ੨. ਭੂਮਿਕਾ

੧.

ਹੀਰਾ ਇਕ ਹੁੰਦਾ ਹੈ, ਉਸ ਦੇ ਪਹਿਲੂ ਅਨੇਕ ਹੁੰਦੇ ਹਨ। ਰੌਸ਼ਨੀ ਜਿਸ ਵੇਲੇ ਪੈਂਦੀ ਹੈ, ਪਹਿਲੂ ਸਾਰੇ ਚਮਕ ਉਠਦੇ ਹਨ। ਹਰ ਚਮਕ ਦੀ ਛਟਾ ਵੱਖਰੀ ਹੁੰਦੀ ਹੈ। ਹਰ ਛਟਾ ਵਿਚ ਅਨੇਕ ਰੰਗ ਹੁੰਦੇ ਹਨ। ਹਰ ਰੰਗ ਵਿਚ ਕਈ ਸ਼ੁਆਵਾਂ ਹੁੰਦੀਆਂ ਹਨ। ਹਰ ਸ਼ੁਆ ਵਿਚ ਹਲਕੇ ਗੂੜ੍ਹੇ ਭਾਂਤ ਭਾਂਤ ਦੇ ਵੰਨ ਹੁੰਦੇ ਹਨ। ਹਰ ਵੰਨ ਦੀ ਆਪੋ ਆਪਣੀ ਡਲ੍ਹਕ ਹੁੰਦੀ ਹੈ। ਹਰ ਡਲ੍ਹਕ ਦੀ ਸ਼ਾਨ ਵੱਖਰੀ ਹੁੰਦੀ ਹੈ। ਹਰ ਸ਼ਾਨ ਦੀ ਦਮਕ ਵੱਖਰੀ, ਅਦਾ ਵੱਖਰੀ, ਮਸਤੀ ਵੱਖਰੀ, ਝੂਮ ਵੱਖਰੀ। ਐਸੀ ਬਹੁਰੂਪੀ ਜਲਵਾਗਰੀ ਦੇ ਜਾਦੂ ਹੇਠ ਹੀਰੇ ਦੀ ਹਸਤੀ ਇਕ ਹੁੰਦੀ ਹੈ, ਜੋ ਬਾਹਰੋਂ ਪੈ ਰਹੀ ਰੌਸ਼ਨੀ ਨਾਲ ਆਪਣਾ ਵਿਹਾਰ ਪਹਿਲੂ ਬਪਹਿਲੂ ਕਰਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਇਕ ਨਿਰਾਲਾ ਰਤਨ ਸੀ। ਉਸ ਦੇ ਪਹਿਲੂ ਅਨੇਕ ਸਨ, ਜਿਨ੍ਹਾਂ ਉਤੇ ਰੌਸ਼ਨੀ ਪੈਕੇ ਉਹ ਬਾਹਰੋਂ ਦੇ ਜਲੌ ਵਿਚ ਪ੍ਰਕਾਸ਼ਮਾਨ ਹੁੰਦੇ ਸਨ। ਪਰ ਉਸ ਨਿਰਾਲੇ ਰਤਨ ਦੇ ਅੰਦਰ ਨਿਜ ਪ੍ਰਕਾਸ਼ ਵੀ ਸੀ, ਇਹ ਉਸ ਦੀ ਸੱਤਯਾ ਸੀ, ਉਸ ਦੀ ਸ਼ਖਸੀਅਤ, ਉਸ ਦੀ ਵਯਕਤੀ ਦਾ ਬਲ, ਉਸ ਦੇ ਸਰੂਪ ਦੀ ਜਾਗਤਿ ਜੋਤ, ਜੋ ਉਸ ਦੇ ਕੌਤਕਾਂ ਦੇ ਅਨੇਕ ਪਹਿਲੂਆਂ ਵਿਚੋਂ ਜਗਮਗਾ ਉਠਦੀ ਸੀ। ਗੁਰੂ ਜੀ ਦਾ ਇਕ ਪਹਿਲੂ ਬੜੇ ਵਡੇ ਪੈਮਾਨੇ ਉਤੇ ਸਾਹਿਤਕ ਰਚਨਾ ਸੀ।

੨.

ਗੁਰੂ ਜੀ ਜੋ ਕਵਿਤਾ ਲਿਖਦੇ ਸਨ ਉਸ ਨੂੰ ਨਕਲ ਕਰਨ ਵਾਲੇ ਕਈ ਲਿਖਾਰੀ ਸਨ। ਇਨ੍ਹਾਂ ਵਿਚੋਂ ਇਕ ਬਹੁਤ ਹੁਸ਼ਿਆਰ ਸੀ। ਇਸ ਦਾ ਨਾਂ 'ਹਰਿਦਾਸ' ਸੀ।

ਹਰਿਦਾਸ ਆਪਣੇ ਕੰਮ ਦੀ ਪੂਰੀ ਸਮਝ ਰਖਦਾ ਸੀ। ਉਸ ਦੀ ਸਿਆਣਪ ਉਸ ਦੇ ਉਤਾਰੇ ਦੇ ਕੰਮ ਨਾਲ ਐਸੀ ਰਚੀ ਮਿਚੀ ਸੀ ਕਿ ਜੋ ਚੀਜ਼ ਉਸ ਦੇ ਹੱਥੋਂ ਨਿਕਲੇ ਉਹ ਬੇਨੁਕਸ ਹੁੰਦੀ ਸੀ। ਹਰਿਦਾਸ ਥੱਕਦਾ ਨਹੀਂ ਸੀ। ਉਹ ਅੱਕਦਾ ਵੀ ਘੱਟ ਸੀ। ਇਹ ਉਸ


www.sikhbookclub.com

ਵਿਚ ਵਾਧਾ ਸੀ। ਉਸ ਦੇ ਅੰਦਰ ਉਹ ਉਕਤਾ ਪੈਦਾ ਨਹੀਂ ਸੀ ਹੁੰਦਾ ਜੋ ਇਕੋ ਕਿਸਮ ਦੀ ਲਗਾਤਾਰਤਾ ਤੋਂ ਉਤਪੰਨ ਹੁੰਦਾ ਹੈ। ਇਹ ਇਸ ਕਰਕੇ ਸੀ ਕਿ ਉਸ ਵਿਚ ਬੂਝ ਸੀ। ਬੂਝ ਉੱਪਰ ਦੀ ਸ਼ੈ ਹੈ, ਸਮਝ ਤੋਂ ਉੱਪਰ ਦੀ। ਬੂਝ ਦਵਾਰਾ ਕੰਮ ਦੀ ਸ਼ਕਲ ਹੋਰ ਹੋ ਜਾਂਦੀ ਹੈ। ਕੰਮ ਦਾ ਸਰੂਪ ਵੱਡਾ ਤੇ ਵਯਾਪਕ ਦਿੱਸਣ ਲੱਗ ਪੈਂਦਾ ਹੈ। ਬੂਝ ਨਿਰਜਿੰਦ ਕੰਮ ਵਿਚ ਜਾਨ ਪਾ ਦੇਂਦੀ ਹੈ। ਕੰਮ ਦੀਆਂ ਏਸ ਤਰ੍ਹਾਂ ਤਿੰਨ ਅਵਸਥਾ ਹੋ ਜਾਂਦੀਆਂ ਹਨ, ਪਹਿਲੇ ਨਿਰੇ ਹੱਥਾਂ ਨਾਲ ਕਰਨਾ, ਫੇਰ ਸਮਝ ਰਲਾਕੇ ਕਰਨਾ, ਤੀਜੇ ਉਸ ਵਿਚੋਂ ਇਕ ਅੰਦਰਵਾਰ ਦੀ ਬੂਝ ਪੈਦਾ ਹੋ ਜਾਣੀ।

ਨਿਰਾ ਹੱਥਾਂ ਨਾਲ ਤਾਂ ਆਦਮੀ ਮਿੱਟੀ ਹੀ ਢੋਂਦਾ ਹੈ। ਸਮਝ ਵਾਲਾ ਘਾੜਤ ਘੜਕੇ ਉਸ ਦੇ ਖਿਡੌਣੇ ਬਣਾ ਦੇਂਦਾ ਹੈ, ਬੂਝ ਵਾਲਾ ਜਾਨ ਪਾ ਦੇਂਦਾ ਹੈ।

ਹਰਿਦਾਸ ਦੇ ਉਤਾਰੇ ਭੁੱਲਾਂ ਦੇ ਲਿਹਾਜ਼ ਨਾਲ ਬੇ–ਐਬ ਹੁੰਦੇ ਸਨ। ਪਰ ਨਕਲ ਕਰਦਿਆਂ ਉਸਨੂੰ ਜੋ ਸੁਆਦ ਆਉਂਦਾ ਸੀ ਉਹ ਉਸ ਦੀ ਬੂਝ ਦਾ ਰਸ ਸੀ, ਇਹ ਕੰਮ ਕਰਦਾ ਉਹ ਕਈ ਥਾਵਾਂ ਤੇ ਅਟਕ ਜਾਂਦਾ ਸੀ। ਜਿਥੇ ਕੋਈ ਐਸਾ ਨੁਕਤਾ ਆ ਜਾਵੇ, ਜੋ ਵਿਲੱਖਣ ਹੋਵੇ, ਉਹ ਸੋਚਣ ਲੱਗ ਜਾਂਦਾ ਸੀ। ਉਸ ਦੇ ਕੰਮ ਵਿਚ ਸਹਿਜ ਸੁਭਾ ਦੀ ਪ੍ਰਵਾਹ ਰੂਪ ਸਰਲਤਾ ਦੇ ਹੁੰਦਿਆਂ ਵੀ ਅਨੇਕ ਥਾਵਾਂ ਤੇ ਬੂਝ ਦੀ ਠਿਠੰਬਰਤਾ ਸੀ; ਪਰ ਹੌਲੇ ਹੌਲੇ ਇਸ ਠਿਠੰਬਰਤਾ ਦਾ ਰੂਪ ਬਦਲ ਗਿਆ ਤੇ ਉਹ ਇਤਨੀ ਸੂਖਮ ਹੋ ਗਈ ਕਿ ਉਸ ਵਿਚ ਇਕ ਐਸੀ ਕਲਾ ਦੀ ਪ੍ਰਬੀਨਤਾ ਦਾ ਰੰਗ ਛਾ ਗਿਆ, ਜਿਸ ਨਾਲ ਉਸ ਦੇ ਉਤਾਰੇ ਦਾ ਬਾਕੀ ਦਾ ਸਾਰਾ ਕੰਮ ਉਸ ਰਾਹੇ ਪੈ ਗਿਆ ਜੋ ਸਮਝ ਤੇ ਬੂਝ ਦੇ ਦੋਪਹੀਆ ਵਿਹਾਰ ਦੀ ਤਾਲ ਗਤਿ ਦੀ ਅਡੋਲ ਚਾਲ ਹੈ।

## ੩.

ਹਰਿਦਾਸ ਦੇ ਨਾਲ ਹੁਣ ਇਕ ਬੰਦਾ ਹੋਰ ਜੋੜ ਦਿਤਾ ਗਿਆ। ਐਸੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਸੀ। ਇਹ ਇਕ ਨੌਜਵਾਨ ਮੁੰਡਾ ਸੀ। ਮਾਪਿਆਂ ਦਾ ਇਕੋ ਇਕ ਪੁਤ੍ਰ ਸੀ। ਸੁਖਾਂ ਸੁਖੇਂਦਿਆਂ ਲੱਭਾ ਸੀ। ਮਾਂ ਦਾ ਲਾਡਲਾ ਸੀ। ਪਿਉ ਦੇ ਜਿਗਰ ਦਾ ਟੁਕੜਾ ਸੀ। ਹੁਣ ਗੁਰ ਦਰਬਾਰ ਵਿਚ ਸੀ। ਗੁਰੂ ਜੀ ਦੀ ਆਗਿਆ ਸੀ ਏਸ ਨੂੰ ਕਾਰੇ ਲਾਵੋ, ਵੇਹਲਿਆਂ ਨਾ ਬਹਿਣ ਦਿਓ; ਸੋ ਹਰਿਦਾਸ ਦੇ ਨਾਲ ਉਤਾਰਿਆਂ ਦੇ ਕੰਮ ਵਿਚ ਪਾਇਆ ਗਿਆ। ਇਸ ਨੂੰ ਸਾਰੇ 'ਜੋਗਾ ਜੋਗਾ' ਕਰਕੇ ਬੁਲਾਉਂਦੇ ਸਨ। ਇਹ ਸਭ ਦਾ ਲਾਡਲਾ ਤੇ ਪਿਆਰਾ ਸੀ।

 www.sikhbookclub.com

ਹਰਿਦਾਸ ਨੇ ਇਸ ਉਪਰ ਬੜੀ ਮੇਹਨਤ ਕੀਤੀ। ਹੱਥਾਂ ਦੀ ਕਾਰੀਗਰੀ ਤੋਂ ਇਲਾਵਾ 'ਸਮਝ' ਉਪਰ ਵੀ ਬੜਾ ਅਸਰ ਪਾਇਆ। ਹੁਣ ਉਹ ਏਸ ਨੂੰ 'ਬੂਝ' ਦਾ ਸਬਕ ਪੜ੍ਹਾ ਰਿਹਾ ਸੀ। ਪਰ ਇਹ ਸਾਰੀ ਗੱਲ ਬਹੁਤ ਤੇਜ਼ੀ ਵਿਚ ਹੋ ਰਹੀ ਸੀ, ਜਿਸ ਨਾਲ ਪਰਪੱਕਤਾ ਵਿਚ ਫਰਕ ਪੈ ਰਿਹਾ ਸੀ। ਉਸ ਦੇ ਉਤਾਰੇ ਦੇ ਹਰਫ਼ ਬੜੇ ਗੋਲ ਬਣ ਜਾਂਦੇ ਸਨ, ਪਰ ਮਾਤ੍ਰਾ ਲਾਉਣ ਵਿਚ ਗ਼ਲਤੀ ਕਰ ਜਾਂਦਾ ਸੀ। ਸਿਹਾਰੀਆਂ ਬਿਹਾਰੀਆਂ ਤਾਂ ਠੀਕ ਹੋ ਗਈਆਂ ਸਨ, ਪਰ ਲਾਵਾਂ ਦੁਲਾਵਾਂ ਵਿਚ ਭੁੱਲ ਖਾ ਜਾਂਦਾ ਸੀ, ਜੋ ਆਦਤ ਉਸ ਦੀ ਅਖ਼ੀਰ ਤਕ ਜਾਰੀ ਰਹੀ।

ਵੈਸੇ ਹਰ ਗੱਲ ਵਿਚ ਉਹ ਸਮਝ ਨੂੰ ਵਰਤਦਾ ਸੀ, ਪਰ ਮੁਹਾਵਰੇ ਦੇ ਲਫ਼ਜ਼ਾਂ ਉੱਤੇ ਭੁਲੇਖਾ ਖਾ ਜਾਂਦਾ ਸੀ। ਐਸੇ ਪ੍ਰਚਲਤ ਸ਼ਬਦਾਂ ਨੂੰ, ਜੋ ਬੋਲ ਚਾਲ ਦੀ ਤਰਜ਼ ਬਣ ਗਏ ਹਨ, ਉਹ ਕਿਸੇ ਵੇਲੇ ਅਸਲੀ ਵਸਤੂ ਦੇ ਅਰਥਾਂ ਵਿਚ ਸਮਝ ਲੈਂਦਾ ਸੀ।

ਪਰ ਉਸ ਦੇ ਅੰਦਰ ਰਸ ਦਾ ਨੁਕਤਾ ਸੀ। ਉਸ ਦੀ 'ਬੂਝ' 'ਸਮਝ' ਕੋਲੋਂ ਵੀ ਇਕ ਪੈਰ ਵੱਧ ਮਾਰਦੀ ਸੀ। ਨਕਲ ਕਰਦਿਆਂ ਕਵਿਤਾ ਦਾ ਭਾਵ ਰੂਪ ਗੁਣ ਉਸ ਦੇ ਅੰਦਰ ਘਰ ਕਰੀ ਜਾਂਦਾ ਸੀ।

ਅਜ ਉਹ ਉਤਾਰਾ ਕਰ ਰਿਹਾ ਸੀ ਤਾਂ ਠਿਠੰਖਰ ਗਿਆ, ਸਾਹਮਣੇ ਪਈ ਅਸਲ ਲਿਖਤ ਦੀ ਇਹ ਪੰਕਤੀ ਸੀ :

ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥
(ਪਾਤਸ਼ਾਹੀ ੧੦, ਚਰਿਤ੍ਰ)

ਸੋਚਣ ਲੱਗਾ ਕਿ ਐਸਾ ਕਿਉਂ ਗੁਰੂ ਮਹਾਰਾਜ ਨੇ ਲਿਖਿਆ ਹੈ। ਇਨ੍ਹਾਂ ਸੰਸਿਆਂ ਵਿਚ ਨਕਲ ਕਰਨੀ ਭੁੱਲ ਗਿਆ। ਕਿਤਨੀ ਦੇਰ ਬੈਠਾ ਰਿਹਾ। ਮਨ ਭੌਂਦਲ ਗਿਆ, ਅੱਖਾਂ ਮੀਟ ਲਈਆਂ। ਬੰਦ ਨੈਣਾਂ ਅੱਗੇ ਇਕ ਨਵਾਂ ਸੰਸਾਰ ਰਚਿਆ ਗਿਆ। ਇਕ ਜਾਦੂ ਦੀ ਨਗਰੀ ਮਥੂਲ ਵੇਸ ਧਾਰਨ ਕਰਨ ਲੱਗ ਪਈ। ਕੁਛ ਬੱਦਲ ਦਿੱਸੇ ਜੋ ਮਲੂਮ ਹੁੰਦਾ ਸੀ ਚੱਕਰ ਕੱਟ ਰਹੇ ਹਨ। ਬੱਦਲਾਂ ਨੇ ਹੌਲੇ ਹੌਲੇ ਸ਼ਕਲਾਂ ਧਾਰਨ ਕਰ ਲਈਆਂ। ਉਹਨਾਂ ਦੇ ਮਾਨੁੱਖੀ ਹੁਲੀਏ ਉੱਘੜਨ ਲੱਗ ਪਏ। ਫੇਰ ਤਿੱਖੇ ਬਾਂਕੇ ਨਕਸ਼ ਨਿਖਰ ਆਏ। ਮੁੰਡੇ ਨੇ ਅਵਾਜ਼ ਦਿੱਤੀ, ਪੁਛਿਆ : 'ਤੁਸੀਂ ਕੌਣ ਹੋ ?' ਸਾਰਿਆਂ ਨੇ ਇਕ ਜ਼ੁਬਾਨ ਉੱਤਰ ਦਿੱਤਾ :

'ਅਸੀਂ ਸੁਪਨੇ ਹਾਂ'। ਮੁੰਡੇ ਨੇ ਫਿਰ ਪੁਛਿਆ : 'ਤੁਸੀਂ ਨਾਰਾਂ ਹੋ ?' ਉਹਨਾਂ ਕਿਹਾ : 'ਹਾਂ, ਅਸੀਂ ਸਭ ਨਾਰਾਂ ਹਾਂ'। ਉਸ ਨੇ ਕਿਹਾ : 'ਤੁਸੀਂ ਕੀ ਕਰ ਰਹੀਆਂ ਹੋ ?' ਉੱਤਰ ਮਿਲਿਆ: 'ਤਲਾਸ਼' !

ਮੁੰਡਾ ਘਬਰਾ ਗਿਆ, ਹੈਂ, 'ਤਲਾਸ਼' ? ਕਿਸ ਦੀ ਤਲਾਸ਼ ? ਤੁਸੀਂ ਨਾਰਾਂ ਹੋ, 'ਪਰ–ਨਾਰਾਂ' ਹੋ, ਦੂਰ ਹਟੋ, ਕਲਗ਼ੀਆਂ ਵਾਲੇ ਦਾ ਹੁਕਮ ਹੈ:

ਪਰ ਨਾਰੀ ਕੀ ਸੇਜ ਭੂਲਿ..........॥

ਉਹਨਾਂ ਨੇ ਵਿਚੋਂ ਗੱਲ ਟੁੱਕ ਦਿੱਤੀ, ਤੇ ਕਿਹਾ : 'ਅਸੀਂ 'ਪਰ ਨਾਰਾਂ' ਨਹੀਂ, ਨਾ ਹੀ ਅਸੀਂ 'ਨਿਜ ਨਾਰਾਂ' ਹਾਂ। ਅਸੀਂ ਨਾਰਾਂ ਦੀਆਂ ਤਨ ਮਾਤ੍ਰਾਂ ਹਾਂ, ਨਾਰਾਂ ਦਾ ਤੱਤ, ਉਹਨਾਂ ਦਾ ਸਤ, ਉਹਨਾਂ ਦਾ ਖਿੱਚਿਆ ਹੋਇਆ ਅਰਕ, ਉਹਨਾਂ ਦਾ ਰੂਹ, ਰੂਹ ਦਾ ਰੂਹ, ਰੂਹ ਨਾਰ, ਰੂਹ ਗੁਲਾ––ਨਾਰ, ਜਿਸ ਦੀ ਸੁਗੰਧੀ ਨਾਲ ਮਨੁੱਖ ਦੇ ਹਿਰਦੇ ਦਾ ਅਕਾਸ਼ ਸੁਪਨਿਆਂ ਦੀ ਵਾਸ਼ਨਾਂ ਦੀ ਤਿਤ੍ਰ–ਖੰਭੀ ਲਾਲਸਾ ਧਾਰਨ ਕਰਦਾ ਹੈ।'

ਇਤਨਾ ਕਹਿਕੇ ਉਹ ਹੱਸੀਆਂ, ਜ਼ੋਰ ਦਾ ਹੱਸੀਆਂ, ਜਿਸ ਨਾਲ ਘੋਰ ਖੜਾਕ ਹੋਇਆ, ਐਸ ਤਰ੍ਹਾਂ ਜਿਸ ਤਰ੍ਹਾਂ ਬੱਦਲ ਗੱਜਦਾ ਹੈ ਤੇ ਜਿਸ ਦੇ ਨਾਲ ਹੀ ਘਰ ਦੇ ਬੂਹੇ ਖੜਕਨ ਲੱਗ ਜਾਂਦੇ ਹਨ। ਮੁੰਡੇ ਦੇ ਦਿਲ ਦੇ ਬੰਦ ਦਰਵਾਜ਼ੇ ਆਪਣੀ ਚੂਥੀ ਵਿਚ ਖੜ੍ਹੋਤੇ ਹਿੱਲ ਗਏ। ਅੰਦਰ ਦੇ ਕੁੰਡੇ ਖੜਕ ਗਏ, ਉਸ ਦਾ ਜਿਸਮ ਤ੍ਰਬ੍ਹਕ ਗਿਆ। ਅੱਖ ਖੋਲ੍ਹ ਕੇ ਮਲਨ ਲੱਗ ਪਿਆ।

ਹਰਿਦਾਸ ਅੱਜ ਹਜ਼ੂਰੀ ਵਿਚ ਹਾਜ਼ਰ ਸੀ। ਕੰਮ ਸਮਝ ਰਿਹਾ ਸੀ। ਮੁੰਡਾ ਕਾਹਲਾ ਉਡੀਕ ਰਿਹਾ ਸੀ। ਆਖ਼ਰ ਤੰਗ ਆਕੇ ਟੁਰ ਪਿਆ। ਉਸ ਦੀ ਉਤਾਰੇ ਦੀ ਕਲਮ ਅਗਾਂਹ ਨਹੀਂ ਸੀ ਤੁਰਦੀ। ਜਿਸ ਵੇਲੇ ਉਹ ਕੋਸ਼ਿਸ਼ ਕਰਦਾ ਸੀ, ਲਿਖਣ ਦਾ ਹੱਥ ਅਟਕ ਜਾਂਦਾ ਸੀ। ਮਲੂਮ ਹੁੰਦਾ ਸੀ ਉਂਗਲਾਂ ਵਿਚ ਫਾਲਜ ਹੋ ਗਿਆ ਹੈ, ਆਖ਼ਰ ਉਸ ਨੇ ਕਲਮ ਛੱਡ ਦਿੱਤੀ ਤੇ ਚੌਪਾ ਸਿੰਘ ਦੇ ਟਿਕਾਣੇ ਚਲਾ ਗਿਆ।

## ੪.

ਗੁਰੂ ਜੀ ਦੇ ਹਜ਼ੂਰ ਬਹੁਤ ਸਾਧ ਸੰਗਤ ਸੀ। ਪੜ੍ਹੇ ਵੀ ਸਨ, ਅਨਪੜ੍ਹੇ ਵੀ, ਮਹਾਂ ਪੰਡਤ ਵੀ ਸਨ। ਸਭ ਆਪੋ ਆਪਣੀ ਸੇਵਾ ਤੇ ਵਿਦਯਾ ਦੇ ਚਮਤਕਾਰੀ ਸਨ। ਸਾਰੇ ਏਸ ਗੱਲ ਲਈ ਤਤਪਰ ਰਹਿੰਦੇ ਸਨ ਕਿ ਜੋ ਗੁਰੂ ਜੀ ਦੀਆਂ ਆਗਯਾ ਹੋਵਨ, ਉਨ੍ਹਾਂ ਮੁਤਾਬਕ


www.sikhbookclub.com

ਜੀਵਨ ਢਾਲਿਆ ਜਾਵੇ। ਗੁਰੂ ਜੀ ਦੀ ਆਗਯਾ ਵਿਚੋਂ ਕਤਈ ਹੁਕਮ ਕਿਹੜੇ ਹਨ, ਫੈਸਲਾਕੁਨ ਜਿਹੜੇ ਹਨ, ਫਤਵਾ ਰੂਪ ਕਿਹੜੇ ਹਨ ਤੇ ਫੇਰ ਕਿਹੜੇ ਐਸੇ ਹਨ ਜੋ ਕੇਵਲ ਪਰਸਪਰ ਵਿਹਾਰ ਲਈ ਸ੍ਰੇਸ਼ਟਾਚਾਰ ਦੇ ਨਿਯਮ ਮਾਤ੍ਰ ਹਨ; ਜਾਂ ਐਸੇ ਜੋ ਕਿਸੇ ਸੰਕਟ ਵੇਲੇ ਰਾਜਨੀਤੀ ਵਾਕੁਣ ਤੇ ਜ਼ਰੂਰਤ ਅਨੁਸਾਰ ਵਧਾ ਘਟਾ ਕੇ ਵਰਤੇ ਜਾ ਸਕਦੇ ਸਨ। ਇਹ ਗੱਲਾਂ ਹਰ ਕੋਈ ਆਪਣੀ ਬੁਧੀ ਮੁਤਾਬਕ ਸਮਝਦਾ ਤੇ ਉਨ੍ਹਾਂ ਨੂੰ ਸ਼੍ਰੇਣੀ ਬੱਧ ਕਰਦਾ ਸੀ। ਪਰ ਤਦ ਵੀ ਕੁਛ ਐਸੀਆਂ ਸਥੂਲ ਗੱਲਾਂ ਸਪਸ਼ਟ ਸਨ ਜਿਨ੍ਹਾਂ ਉਪਰ ਸਾਰੇ ਸਹਿਮਤ ਸਨ ਤੇ ਉਨ੍ਹਾਂ ਦੇ ਮੁਤੱਲਕ ਜੋ ਹੁਕਮ ਸਨ ਓਹ ਸਿੱਖੀ ਦੇ ਸਰੂਪ ਦੀ ਸਥਿਰਤਾ ਦੇ ਮੁੱਢਲੇ ਅਸੂਲ ਸਮਝੇ ਜਾਂਦੇ ਹਨ।

ਗੁਰੂ ਜੀ ਦੇ ਹੁਕਮਾਂ ਦੀ ਵਯਾਖਯਾ ਕਰਨ ਵਾਲੇ ਬਹੁਤ ਸਨ। ਉਨ੍ਹਾਂ ਵਯਾਖਯਾ ਦੇ ਫੇਰ ਅਗੋਂ ਟੀਕਾਕਾਰ ਬਥੇਰੇ ਸਨ। ਉਨ੍ਹਾਂ ਟੀਕਿਆਂ ਨੂੰ ਮੁੜ ਨਜ਼ਮ ਜਾਂ ਨਸਰ ਦਾ ਲਿਖਤੀ ਸਰੂਪ ਦੇਣ ਵਾਲੇ ਕਈ ਕੁ ਸਨ। ਇਹ ਲਿਖਤੀ ਸਰੂਪ ਕਈ ਨਾਵਾਂ ਹੇਠ ਪ੍ਰਚਲਤ ਹੋ ਰਹੇ ਸਨ। ਐਸ ਵੇਲੇ ਪਬਲਿਕ ਵਿਚ ਜੋ ਘੱਟ ਵੱਧ ਮਸ਼ਹੂਰ ਹਨ, ਉਹ ਇਹ ਹਨ :– ਭਾਈ ਨੰਦ ਲਾਲ ਜੀ ਦਾ ਤਨਖਾਹਨਾਮਾ ਤੇ ਰਹਿਤਨਾਮਾ, ਭਾਈ ਦੇਸਾਂ ਸਿੰਘ ਦਾ ਰਹਿਤਨਾਮਾ, ਭਾਈ ਚੌਪਾ ਸਿੰਘ ਦਾ ਰਹਿਤਨਾਮਾ, ਭਾਈ ਦਯਾ ਸਿੰਘ ਦਾ ਰਹਿਤਨਾਮਾ, ਸੈਨਾਪਤਿਦਾ 'ਗੁਰ ਸ਼ੋਭਾ' ਤੇ ਇਕ ਹੋਰ ਗ੍ਰੰਥ, ਜਿਸ ਦਾ ਨਾਮ 'ਪ੍ਰੇਮ ਸੁਮਾਰਗ' ਹੈ।

ਏਸ ਸੰਬੰਧ ਵਿਚ ਨੰਦ ਲਾਲ, ਦੇਸਾਂ ਸਿੰਘ ਤੇ ਸੈਨਾਪਤਿ ਦੀਆਂ ਲਿਖਤਾਂ ਛੰਦ ਬੱਧ ਹਨ, ਬਾਕੀ ਦੀਆਂ ਵਾਰਤਕ।

ਚੌਪਾ ਸਿੰਘ ਤੇ ਦੇਸਾ ਸਿੰਘ ਦਾ ਆਪਸ ਵਿਚ ਬਹੁਤ ਮੇਲ ਜੋਲ ਸੀ, ਚਾਹੇ ਚੌਪਾ ਸਿੰਘ ਉਮਰ ਵਿਚ ਬਹੁਤ ਵਡੇਰਾ ਸੀ। ਦੇਸਾ ਸਿੰਘ ਬੜਾ ਸੁਧਰਿਆ ਹੋਇਆ ਕਵਿ ਸੀ, ਤਾਂ ਵੀ ਚੌਪਾ ਸਿੰਘ ਨੂੰ ਇਹ ਮਾਣ ਪ੍ਰਾਪਤ ਸੀ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਖਿਡਾਵਾ ਰਹਿ ਚੁਕਾ ਸੀ। ਏਸ ਸਬਬ ਉਸ ਦੇ ਅਧਿਕਾਰ ਦਾ ਪਾਸਾ ਹਰ ਗੱਲ ਵਿਚ ਥੋੜਾ ਬਹੁਤ ਵੱਧ ਰਹਿੰਦਾ ਸੀ।

ਚੌਪਾ ਸਿੰਘ ਖਿਡਾਵੇ ਦੀ ਸੇਵਾ ਬੜੀ ਹੁਸ਼ਿਆਰੀ ਨਾਲ ਕਰ ਚੁਕਾ ਸੀ । ਬਾਲ ਅਵਸਥਾ ਵਿਚ ਗੁਰੂ ਜੀ ਦੇ ਨੇੜੇ ਕੋਈ ਖੇਚਲ ਤੇ ਰੋਗ ਉਸ ਨਹੀਂ ਸੀ ਆਵਣ ਦਿੱਤਾ । ਉਹ ਬਹੁਤ ਸਫ਼ਾਈ ਪਸੰਦ ਸੀ ਤੇ ਹਰ ਗੱਲ ਵਿਚ ਉਸ ਨੂੰ 'ਸੁੱਚਮ' ਦਾ ਖਿਆਲ ਰਹਿੰਦਾ ਸੀ। ਹੱਥ ਧੋਣੇ ਤੇ ਧੁਵੌਣੇ ਦਾ ਤਾਂ ਉਸ ਨੂੰ ਪੱਕਾ ਵਹਿਮ ਤੇ ਪੂਰਾ ਖ਼ਬਤ ਸੀ । ਇਹ ਚੀਜ਼ ਉਸ ਦੇ


www.sikhbookclub.com

ਰਹਿਤਨਾਮੇ ਵਿਚ ਵੀ ਝਲਕ ਮਾਰ ਜਾਂਦੀ ਹੈ। ਲਿਖਦਾ ਹੈ ਕਿ 'ਪਰਸ਼ਾਦ ਵਰਤੌਂਦਾ ਬੋਲੇ ਨਾ, ਬੋਲੇ ਤਾਂ ਮੁਖ ਕੋ ਰੁਮਾਲ ਸੇ ਢਕੇ'। ਫੇਰ ਲਿਖਦਾ ਹੈ 'ਪਿੰਡਾ ਖੁਰਕੇ ਤਾਂ ਹਥ ਧੋਇ ਲਵੇ'। ਦਯਾ ਸਿੰਘ ਦਾ ਖਿਆਲ ਹੋਰ ਸੀ, ਉਹ ਕਹਿੰਦਾ ਸੀ ਕਿ 'ਪਰਸ਼ਾਦ ਪਵਿੱਤਰ ਵਸਤੂ ਹੈ'। ਮਤਲਬ ਸੀ ਕਿ ਜੇ ਕੋਈ ਵਰਤਾਉਂਦਿਆਂ ਬੋਲ ਵੀ ਪਿਆ ਹੈ ਤਾਂ ਵੀ ਉਹ ਪਵਿੱਤਰ ਹੈ। ਉਸ ਨੇ ਲਿਖਿਆ ਹੈ 'ਪਰਸ਼ਾਦ ਕੋ ਨਿੰਦੇ ਸੋ ਤਨਖਾਹੀਆ ਹੈ'।

ਇਕ ਦਿਨ ਚੌਪਾ ਸਿੰਘ ਤੇ ਦੇਸਾ ਸਿੰਘ ਬੈਠੇ ਗੱਲਾਂ ਕਰ ਰਹੇ ਸਨ। ਵਿਸ਼ਯ ਰਹਿਤ ਮਰਿਯਾਦਾ ਦਾ ਸੀ। ਸੁਆਲ ਇਹ ਸੀ ਕਿ ਭੁੱਲਾਂ ਕਿਹੜੀਆਂ ਹਨ, ਕੁਕਰਮ ਕਿਹੜੇ ਹਨ ਤੇ ਮਹਾਂ ਕੁਕਰਮ ਕਿਹੜੇ ਕਿਹੜੇ ਹਨ। ਚੌਪਾ ਸਿੰਘ ਕਹਿੰਦਾ ਸੀ: ਕੁੱਠਾ, ਤਮਾਕੂ, ਭੱਦਣ, ਵਿਭਚਾਰ ਇਹ ਚਾਰ ਮਹਾਂ ਕੁਕਰਮ ਹਨ। ਦੇਸਾ ਸਿੰਘ ਦੀ ਕੁਕਰਮਾਂ ਦੀ ਫ਼ਹਿਰਿਸਤ ਹੋਰ ਸੀ। ਉਹ ਕਹਿੰਦਾ ਸੀ: ਜੂਆ, ਚੋਰੀ, ਮਦਿਰਾ (ਸ਼ਰਾਬ), ਝੂਠ, ਵਿਭਚਾਰ, ਇਹ ਪੰਜ ਮਹਾਂ ਕੁਕਰਮ ਹਨ। ਚੌਪਾ ਸਿੰਘ ਦਾ ਇਤਰਾਜ਼ ਸੀ ਕਿ ਤਮਾਕੂ ਮਹਾਂ ਕੁਕਰਮ ਹੈ। ਦੇਸਾ ਸਿੰਘ ਕਹਿੰਦਾ ਸੀ: ਸਾਰੇ ਨਸ਼ੇ ਮਹਾਂ ਕੁਕਰਮ ਹਨ ਤੇ ਉਹ ਸਾਰੇ ਇਕ 'ਮਦਿਰਾ' ਦੀ ਜਮਾਤਬੰਦੀ ਵਿਚ ਆ ਜਾਂਦੇ ਹਨ। ਨਿਰੇ ਤਮਾਕੂ ਕਹਿਣ ਨਾਲ ਸਿਰਫ ਤਮਾਕੂ ਹੀ ਆਉਂਦਾ ਹੈ, ਹੋਰ ਨਸ਼ੇ ਬਾਹਰ ਰਹਿ ਜਾਂਦੇ ਹਨ। ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਜੋਗਾ ਸਿੰਘ ਆ ਗਿਆ।

ਮੁੰਡੇ ਨੂੰ ਘਾਬਰਿਆ ਹੋਇਆ ਦੇਖਕੇ ਚੌਪਾ ਸਿੰਘ ਕਹਿਣ ਲੱਗਾ– 'ਕਿਉ ਓਇ ਜੋਗੜਿਆ, ਕੀ ਹੋਇਆ ਈ ? ਸਾਹੋ ਸਾਹ [illegible] ਹੋਇਆ ਹੈਂ ? ਕਿਧਰ ਦਾ ਧਾੜਾ ਪੈ ਗਿਆ ਹੈ ?' ਪੂਰਾ ਨਾਮ ਜੋਗਾ ਸਿੰਘ ਸੀ, ਪ[illegible] ਸਿੰਘ ਇਸ ਨੂੰ ਲਾਡ ਨਾਲ ਅਜੇ ਜੋਗੜਾ ਹੀ ਬੁਲਾਉਂਦਾ ਸੀ। ਜੋਗਾ ਸਿੰਘ ਨੇ ਕਿਹਾ: 'ਜੀ, ਧਾੜੇ ਜਿਹਾ ਧਾੜਾ ਪਿਆ'। ਦੇਸਾ ਸਿੰਘ ਨੇ ਗੱਲ ਟੁੱਕ ਦਿੱਤੀ ਤੇ ਕਿਹਾ: 'ਧਾੜੇ ਦਾ ਨਾਂ ਨਾ ਲੈ, ਸਿੱਧੀ ਤਰ੍ਹਾਂ ਗੱਲ ਦੱਸ।'

ਜੋਗਾ ਸਿੰਘ ਨੇ ਕਿਹਾ– ਜੀ, ਤੁਸੀਂ ਕਹਿੰਦੇ ਸਾਓ ਸਿੰਘ ਬਣਨ ਲਈ ਪੰਜ ਛੋਟਾਂ ਜ਼ਰੂਰੀ ਹਨ, ਤੁਸੀਂ ਦੱਸੋ ਏਹੋ ਹੀ ਆਖਿਆ ਸੀ ਨਾ, ਤੁਸਾਂ ਤੇ ਦੋਹੜਾ ਬੀ ਬਣਾ ਮਾਰਿਆ ਸੀ:–

ਦੇਸਾ ਸਿੰਘ ਨੇ ਕਿਹਾ: ਹਾਂ, ਮੈਂ ਕਿਹਾ ਸੀ:–

ਪਰ ਨਾਰੀ, ਜੂਆ, ਅਸਤਿ, ਮਦਿਰਾ, ਚੋਰੀ ਜਾਨ ॥
ਪਾਂਚ ਐਬ ਯਿਹ ਜਗਤ ਮੇ, ਤਜੇ ਸੁ ਸਿੰਘ ਸੁਜਾਨ ॥

 www.sikhbookclub.com

ਮੁੰਡਾ ਚਮਕ ਉਠਿਆ: 'ਹਾਂ' ਔਹ ਦੇਖ ਲਓ, ਤੁਸੀਂ ਪਰ ਨਾਰੀ ਆਖੀ ਸੀ। ਪਰ ਨਾਰੀ ਸਚੀ ਮੁਚੀ ਦੀ ਕਿ ਝੂਠੀ ਮੂਠੀ ਦੀ ?'

ਚੌਂਪਾ ਸਿੰਘ– ਝੂਠੀ ਮੂਠੀ ਦੀ ਕੀ ਹੁੰਦੀ ਹੈ ?

ਜੋਗਾ ਸਿੰਘ– ਜੀ, ਸੁਪਨੇ ਦੀ।

ਚੌਂਪਾ ਸਿੰਘ– ਹੈ ਤੇਰੀ ਆਖੀ ਦੀ ਸੀ ਕਿ, ਤੇਰਾ ਸਤਯਾਨਾਸ ! ਤੂੰ ਛੋਟਾ ਜਿਹਾ ਛੋਕਰਾ ਐਸੇ ਯੱਕੜ ਹੁਣੇ ਹੀ ਮਾਰਨ ਲੱਗ ਪਿਆ ਹੈਂ ?

ਜੋਗਾ ਸਿੰਘ– ਜੀ ਨਹੀਂ, ਯੱਕੜ ਨਹੀਂ, ਮੈਂ ਅੱਜ ਉਤਾਰਾ ਕਰ ਰਿਹਾ ਸਾਂ, ਉਥੇ ਲਿਖਿਆ ਸੀ: –

ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥

ਉਹ ਪਰ ਨਾਰੀ ਤੇ ਝੂਠੀ ਮੂਠੀ ਦੀ ਹੈ, ਸੁਪਨੇ ਦੀ ਹੈ।

ਚੌਂਪਾ ਸਿੰਘ– ਤੂੰ ਉਤਾਰਾ ਕਰਕੇ ਭੌਂਤਲ ਗਿਆ ਹੈਂ, ਦੋ ਚਾਰ ਦਿਨ ਠੰਢੀ ਸ਼ਰਦਾਈ ਪੀ, ਹੋਰ ਕੰਮ ਨਾ ਕਰ, ਬਦਾਮ, ਸੌਂਫ, ਖੰਡ, ਕਾਲੀ ਮਿਰਚ ਤੇ ਚਿੱਟਾ ਜ਼ੀਰਾ ਆਦਿਕ।

ਜੋਗਾ ਸਿੰਘ– ਅੱਛਾ ਜੀ, ਪੀ ਲਵਾਂਗਾ, ਪਰ ਇਹ ਤਾਂ ਦੱਸੋ ਕਿ.......।

ਦੇਸਾ ਸਿੰਘ (ਗੱਲ ਟੁੱਕ ਕੇ) – ਪਰ ਇਹ ਦੱਸਦਾ ਹਾਂ ਕਿ ਸ਼ਰਦਾਈ ਵਿਚ 'ਸੁਖ ਨਿਧਾਨ' ਨਾ ਪਾ ਲਈਂ।

ਚੌਂਪਾ ਸਿੰਘ– ਨਾ ਪਾਈਂ ਓਇ, ਨਹੀਂ ਤੇ ਬਕੌਲ ਦੇਸਾ ਸਿੰਘ ਉਹ ਸ਼ਰਦਾਈ ਨਹੀਂ ਰਹੇਗੀ।

ਦੇਸਾ ਸਿੰਘ– ਸ਼ਰਦਾਈ ਨਹੀਂ ਰਹੇਗੀ, ਮਦਿਰਾ ਬਣ ਜਾਏਗੀ'।

ਚੌਂਪਾ ਸਿੰਘ– ਮਹਾਂ ਕੁਕਰਮ ਹੋ ਜਾਏਗਾ।

ਜੋਗਾ ਸਿੰਘ– ਜੀ ਤੁਸੀਂ ਏਹੋ ਕਿਹਾ ਹੈ: ਬਦਾਮ, ਸੌਂਫ, ਕਾਲੀ ਮਿਰਚ ਤੇ ਚਿੱਟਾ ਜ਼ੀਰਾ ਆਦਿਕ। 'ਆਦਿਕ' ਕੀ ਹੁੰਦਾ ਹੈ ?

ਦੇਸਾ ਸਿੰਘ– ਓਇ 'ਆਦਿਕ' ਤੋਂ ਮਤਲਬ ਕੋਈ ਹੋਰ ਐਹੋ ਜਿਹੀ ਚੀਜ਼, ਕੋਈ

 www.sikhbookclub.com

ਲਾਚੀ ਲੂਚੀ ਪਾ ਲਵੀਂ, ਦੋ ਕਤਰੇ ਰੂਹ ਗੁਲਾਬ ਦੇ ਪਾ ਦੇਈਂ।

ਜੋਗਾ ਸਿੰਘ– ਰੂਹ ਗੁਲਾਬ ਤੇ ਹੋਇਆ, ਪਰ ਇਹ ਦੱਸੋ ਜੀ ਕਿ ਰੂਹ ਦਾ ਰੂਹ ਕੀ ਹੁੰਦਾ ਹੈ ? ਰੂਹ ਨਾਰ ਕੀ ਹੁੰਦਾ ਹੈ ?

ਚੌਪਾ ਸਿੰਘ– ਰੂਹ ਨਾਰ ਨਹੀਂ ਹੁੰਦਾ, ਰੂਹ ਅਨਾਰ ਭਾਵੇਂ ਹੋਵੇ, ਜਿਸ ਤਰ੍ਹਾਂ ਨਿੰਬੂ ਦਾ ਸਤ ਹੁੰਦਾ ਹੈ, ਏਸ ਤਰ੍ਹਾਂ ਅਨਾਰ ਦਾ ਸਤ ਹੋਣਾ ਹੈ। ਕਿਸੇ ਨੇ ਅਨਾਰ ਦੀ ਖਟਾਈ ਤੋਂ ਰੂਹ ਅਨਾਰ ਬਣਾ ਮਾਰਿਆ ਹੋਣਾ ਹੈ।

ਜੋਗਾ ਸਿੰਘ– ਅਨਾਰ ਨਹੀਂ ਜੀ, ਨਾਰ, ਨਾਰ, ਜਿਸ ਨੂੰ ਤੁਸੀਂ ਨਾਰੀ ਕਹਿੰਦੇ ਹੋ। ਉਸ ਦਾ ਰੂਹ ਕੀ ਹੁੰਦਾ ਹੈ, ਉਸ ਦੇ ਰੂਹ ਦਾ ਰੂਹ, ਰੂਹ ਗੁਲਾ ਨਾਰ, ਰੂਹ......

ਚੌਪਾ ਸਿੰਘ ਉਸ ਦੇ ਮੂੰਹ ਵੱਲ ਤੱਕ ਰਿਹਾ ਸੀ, ਲੜਕੇ ਦੀਆਂ ਅੱਖਾਂ ਖਿੱਚੀਆਂ ਹੋਈਆਂ ਸਨ। ਉਸ ਦੀਆਂ ਅਧ-ਮੀਟੀਆਂ ਝਿੰਮਣੀਆਂ ਉਤੇ ਲਾਲ ਡੋਰਿਆਂ ਦੀ ਕਸ ਸੀ। ਚੌਪਾ ਸਿੰਘ ਫੇਰ ਕਹਿਣ ਲਗਾ:

''ਓ ਮੁੰਡਿਆ ! ਤੂੰ ਇਨ੍ਹਾਂ ਵਹਿਣਾਂ ਵਿਚ ਨਾ ਪਿਆ ਕਰ : ਜੇ ਇੰਵ ਹੀ ਰੁੜ੍ਹਿਓਂ ਤਾਂ ਸ਼ੁਦਾਈ ਹੋ ਜਾਏਂਗਾ, ਜਾਂ......।''

ਜੋਗਾ ਸਿੰਘ– ਜਾਂ ਕੀ ?

ਚੌਪਾ ਸਿੰਘ– ਜਾਂ ਫੇਰ ਫਕੀਰ ਹੋ ਜਾਏਂਗਾ; ਕੋਈ ਵਲੀ, ਕੋਈ ਕਰਾਮਾਤੀ ਸਾਧ, ਕੋਈ ਅਜ਼ਮਤ ਵਾਲਾ ਦਰਵੇਸ਼, ਜਿਸ ਦੀ ਕੋਈ ਮੜ੍ਹੀ ਮਸੀਤ ਬਣਦੀ ਹੈ, ਕੋਈ ਧੜੀ ਧਰਮਸ਼ਾਲ, ਕੋਈ ਸੁੱਖਣਾਂ ਸ਼ਗਨਾਂ ਦੀ ਥਾਂ, ਕੋਈ ਆਸਾਂ ਮੁਰਾਦਾਂ ਦੀ ਜਾ, ਕੋਈ ਸਿਧ ਸਾਧਕ ਦੀ ਸਮਾਧ, ਕੋਈ ਪੀਰਾਂ ਦੀ ਦਰਗਾਹ, ਕੋਈ ਮਜੌਰਾਂ ਦੀ ਠੌਰ, ਕੋਈ ਵੇਹਲਿਆਂ ਦੇ ਡਕਾਰ ਮਾਰਨ ਦੀ ਹਵਾੜ ਲਈ ਗੁੰਬਦ, ਜਿਨ੍ਹਾਂ ਦੀਆਂ ਕਲਸੀਆਂ ਦੇ ਕਿੰਗਰਿਆਂ ਵਿਚ ਕਬੂਤਰ, ਕਬੂਤਰੀਆਂ ਵਾਰੋ ਵਾਰੀ ਅੰਡੇ ਸੇਕਦੇ ਹਨ।

## ੫.

ਪਹਾੜੀ ਰਾਜੇ ਖੁਸ਼ ਨਹੀਂ ਸਨ, ਸਭ ਤੋਂ ਜ਼ਿਆਦਾ ਦੁਖ ਬਿਲਾਸਪੁਰ ਦੇ ਰਾਜੇ ਨੂੰ ਸੀ। ਆਨੰਦਪੁਰ ਉਸ ਦੇ ਨੇੜੇ ਹੀ ਸੀ। ਉਸੇ ਦੀ ਰਿਆਸਤ ਦਾ ਹੀ ਇਕ ਹਿੱਸਾ ਸੀ। ਸਿੱਖ ਤਾਕਤ ਪਕੜ ਰਹੇ ਸਨ। ਉਹ ਰੰਗ ਰੂਪ ਵਟਾ ਰਹੇ ਸਨ। ਰਿਆਸਤੀ ਮੂੰਹੀਏਂ ਖ਼ਬਰਾਂ

 www.sikhbookclub.com

ਪਹੁੰਚਾ ਰਹੇ ਸਨ ਕਿ ਉਹ ਜਥੇਬੰਦ ਹੋ ਰਹੇ ਹਨ, ਜਥੇ ਫੌਜੀ ਲੀਕਾਂ ਉੱਕਰ ਰਹੇ ਹਨ, ਤੇ ਘੜ ਰਹੇ ਹਨ ਨਵੇਂ ਕਾਨੂੰਨ, ਨਵਾਂ ਇਖ਼ਲਾਕ, ਨਵਾਂ ਸਦਾਚਾਰ, ਨਵਾਂ ਧਰਮ, ਨਵੀਂ ਪ੍ਰਤਿਗਯਾ, ਨਵਾਂ ਉਤਸ਼ਾਹ, ਨਵਾਂ ਜੋਸ਼, ਨਵਾਂ ਜਜ਼ਬਾ, ਨਵਾਂ ਪ੍ਰੇਮ, ਨਵਾਂ ਜੀਵਨ, ਨਵੀਂ ਕੁਰਬਾਨੀ, ਨਵੀਂ ਮੌਤ।

ਰਾਜਾ ਸੁਣ ਸੁਣ ਕੇ ਦੁਖੀ ਹੁੰਦਾ ਸੀ; ਆਖ਼ਰ ਉਸ ਨੇ ਆਂਢ ਗੁਆਂਢ ਦੇ ਰਾਜਿਆਂ ਨਾਲ ਸਲਾਹ ਮਸ਼ਵਰੇ ਕੀਤੇ। ਸਿੱਟਾ ਇਹ ਹੋਇਆ ਕਿ ਰਾਜਿਆਂ ਦਾ ਇਕ ਡੈਪੂਟੇਸ਼ਨ ਬਣਕੇ ਆਨੰਦਪੁਰ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਵਾਸਤੇ ਗਿਆ।

ਰਾਜਿਆਂ ਦਾ ਆਪੂੰ ਜਾਣਾ ਇਸ ਗੱਲ ਦਾ ਸਬੂਤ ਸੀ ਕਿ ਉਹ ਆਪਣੀ ਕਮਜ਼ੋਰੀ ਦੇ ਸਾਖੀ ਹੋ ਰਹੇ ਸਨ, ਪਰ ਉਹ ਮਜਬੂਰ ਸਨ। ਉਨ੍ਹਾਂ ਦੀ ਕਮਜ਼ੋਰੀ ਇਸ ਕਰਕੇ ਵਧ ਰਹੀ ਸੀ ਕਿ ਉਨ੍ਹਾਂ ਦੀਆਂ ਰਿਆਸਤਾਂ ਵਿਚ ਸਿੱਖੀ ਦਾ ਪ੍ਰਚਾਰ ਵਣ ਰਿਹਾ ਸੀ, ਰਿਆਸਤੀ ਜਨਤਾ ਨਵੇਂ ਪ੍ਰਭਾਵ ਹੇਠ ਆ ਰਹੀ ਸੀ। ਰਾਜਿਆਂ ਨੂੰ ਇਹ ਵੀ ਡਰ ਸੀ ਕਿ ਜੇ ਡੈਪੂਟੇਸ਼ਨ ਵਿਚ ਸਿਰਫ, ਆਪਣੇ ਬੰਦੇ ਹੀ ਘੱਲੇ ਤਾਂ ਹੋ ਸਕਦਾ ਹੈ ਕਿ ਉਹ ਕੰਮ ਨਾ ਸਾਰ ਸਕਣ ਤੇ ਵਾਯੂ ਮੰਡਲ ਦੇ ਅਸਰ ਹੇਠ ਪਾਸਾ ਪਲਟ ਲੈਣ ਤੇ ਗੁਰੂ ਜੀ ਦੇ ਪੱਖੀ ਹੋ ਜਾਣ। ਐਸੀ ਬੇਇਤਬਾਰੀ, ਜ਼ਯਾਦਾ ਵਜਹ ਸੀ ਉਨ੍ਹਾਂ ਦੇ ਆਪੂੰ ਚੱਲਕੇ ਆਉਣ ਦੀ। ਪਰ ਤਾਂ ਵੀ ਉਨ੍ਹਾਂ ਨੇ ਆਪਣੇ ਨਾਲ ਕਈ ਸੂੰਹੀਏ, ਮੁਖਬਰੀਏ, ਤੇ ਕਿਸਮ ਕਿਸਮ ਦੇ ਗੁਪਤਚਰਾਂ ਦਾ ਬੰਦੋਬਸਤ ਕਰ ਰਖਿਆ ਸੀ।

ਇਹ ਸਿਰਫ ਆਨੰਦਪੁਰ ਦੇ ਵਿਰੁੱਧ ਆਪਣੀ ਹਿਫ਼ਾਜ਼ਤ ਦੀ ਇਹਤਿਆਤ ਨਹੀਂ ਸੀ, ਪਰ ਇਸ ਵਿਚ ਬਹੁਤ ਸਾਰੀ ਝਲਕ ਰਾਜੇ ਅੱਗੇ ਕਦੇ ਗ਼ੈਰ ਜ਼ਮੀਨ ਉਪਰ ਡੇਰਾ ਪਾ ਕੇ ਇੱਕਠੇ ਨਹੀਂ ਸਨ ਹੋਏ। ਸਿਰਫ ਇਕ ਰਾਜਾ ਸੀ ਜਿਸ ਨੇ ਕੋਈ ਸੂੰਹੀਆਂ ਨਹੀਂ ਸੀ ਲਿਆ, ਇਹ ਕਾਠਗੜ੍ਹ ਦਾ ਰਾਜਪਤਿ ਸੀ। ਬਾਕੀ ਰਾਜਿਆਂ ਨਾਲ ਬਹੁਤ ਖ਼ੁਫ਼ੀਆ ਸ਼ਕਲ ਦਾ ਸਰੋਸਾਮਾਨ ਸੀ, ਹੋਰ ਰਾਜੇ ਇਹ ਸਨ:– ਹੰਡੂਰ, ਜਸਵਾਲ, ਗੁਲੇਰ, ਕਹਿਲੂਰ, ਆਦਿਕ।

ਕਾਠਗੜ੍ਹ ਦੇ ਰਾਜੇ ਨਾਲ ਕੇਵਲ ਕੌਰ ਸਾਹਿਬ ਸਨ, ਜਿਸ ਬਾਬਤ ਮਸ਼ਹੂਰ ਕੀਤਾ ਗਿਆ ਸੀ ਕਿ ਉਨ੍ਹਾਂ ਨੇ ਹੁਣੇ ਹੁਣੇ ਉਸਨੂੰ ਗੋਦ ਲਿਆ ਹੈ। ਕਾਠਗੜ੍ਹ ਨਰੇਸ਼ ਬਹੁਤ ਹੁਸ਼ਿਆਰ ਸੀ, ਜਿਥੇ ਹੋਰ ਰਾਜੇ ਕਿਸੇ ਰਾਜਸੀ ਦਰਬਾਰ ਵਿਚ ਆਪਣੇ ਕਿਸੇ ਮੀਰ ਮੁਸਾਹਿਬ ਨੂੰ ਨਾਲ ਨਹੀਂ ਸਨ ਲਿਜਾ ਸਕਦੇ, ਕਾਠਗੜ੍ਹੀਆ ਆਪਣੇ ਕੌਰ ਸਾਹਿਬ ਨੂੰ ਨਾਲ ਲੈ ਜਾਂਦਾ ਸੀ, ਇਸ ਉਪਰ ਕੋਈ ਇਤਰਾਜ਼ ਨਹੀਂ ਸੀ ਕਰ ਸਕਦਾ। ਕਾਠਗੜ੍ਹ ਦੀ ਨੀਤੀ ਵਿਚ ਇਹੋ

 www.sikhbookclub.com

ਵਡਾ ਹਥਿਆਰ ਸੀ। ਕੌਰ ਸਾਹਿਬ ਆਪਣੀ ਨਿਪੁੰਨਤਾ ਨਾਲ ਕੀ ਸੰਫਲਤਾ ਪੈਦਾ ਕਰ ਸਕਦੇ ਹਨ, ਰਾਜੇ ਲਈ ਇਹ ਭਰੋਸੇ ਤੇ ਅਭਿਮਾਨ ਦੀ ਗੱਲ ਸੀ।

ਗੁਰੂ ਜੀ ਨਾਲ ਰਾਜਿਆਂ ਦੀ ਗੱਲ ਬਾਤ ਸਫਲਤਾ ਨੂੰ ਨਾ ਪਹੁੰਚੀ। ਉਹਨਾਂ ਦਾ ਮੁੱਦਾਅ ਇਹ ਸੀ ਕਿ ਆਨੰਦ ਪੁਰ ਦਰਬਾਰ ਅਪਣੀ ਧਾਰਮਿਕ ਫੌਜੀ ਜਥੇਬੰਦੀ ਦਾ ਖਿਆਲ ਛੱਡ ਦੇਵੇ, ਪਰ ਇਹ ਗੱਲ ਬੇ-ਅਸਰ ਰਹੀ। ਜੋ ਕੁਛ ਗੁਰੂ ਜੀ ਨੇ ਰਾਜਿਆਂ ਨੂੰ ਸਮਝਾਇਆ ਉਹ ਜ਼ਾਤ ਪਾਤ ਤੋਂ ਉਪਰ ਉੱਠਕੇ ਧਰਮ ਦੀਆਂ ਨੀਹਾਂ ਉਤੇ ਰਾਸ਼ਟਰੀ ਸੰਗਠਨ ਦੀ ਨਵੀਨ ਜਥੇਬੰਦੀ ਸੀ, ਪਰ ਉਹ ਰਾਜਿਆਂ ਨੂੰ ਨਾ ਪੁੜੀ, ਗੱਲ ਅਧੂਰੀ ਵਿਚਾਲੇ ਰਹੀ, ਕੋਈ ਫੈਸਲਾਕੁਨ ਗੱਲ ਨਾ ਹੋ ਸਕੀ।

੬.

ਕਾਠਗੜ੍ਹ ਦਾ ਰਾਜਾ ਬਹੁਤ ਪਰੇਸ਼ਾਨ ਹੋ ਗਿਆ। ਰਾਤ ਵੇਲੇ ਅਪਣੇ ਡੇਰੇ ਉਸ ਨੇ ਦੇਖਿਆ ਕਿ ਕੌਰ ਸਾਹਿਬ ਬੀਮਾਰ ਹਨ। ਮੱਥਾ ਗਰਮ ਹੈ, ਤ੍ਰੇਲੀ ਹੈ, ਪਾਸੇ ਪਲਟਾ ਖਾ ਰਹੇ ਹਨ, ਨਬਜ਼ ਤੇਜ਼ ਹੈ। ਦਿਲ ਦੇ ਧੜ ਧੜ ਵੱਜਣ ਦੀ ਆਵਾਜ਼ ਆ ਰਹੀ ਹੈ। ਰਾਜੇ ਨੇ ਪੁਛਿਆ: ਕਿਉਂ ਕੀ ਗਲ ਹੈ ?

ਕੌਰ- ਪਤਾ ਨਹੀਂ, ਹੋਸ਼ ਮੁਕਦੀ ਜਾਂਦੀ ਹੈ। ਜਿੰਦ ਹਥ ਵਿਚੋਂ ਉੱਡਣ ਨੂੰ ਕਰਦੀ ਪਈ ਹੈ, ਪੰਛੀ ਵਾਕੁਣ ਹਥ ਵਿਚੋਂ। ਜਿੰਦ ਬੋਟ ਹੈ, ਖੰਭ ਨਿਕਲ ਰਹੇ ਹਨ, ਫੜਕ ਰਹੇ ਹਨ, ਔਹ ਉੱਡੇ, ਔਹ ਗਈ.......ਗਈ, ਜਿੰਦ ਗਈ।

ਰਾਜਾ ਨਬਜ਼ ਟਟੋਲ ਰਿਹਾ ਹੈ। ਉਸ ਦਾ ਆਪਣਾ ਮੱਥਾ ਗਰਮ ਹੋ ਗਿਆ, ਤ੍ਰੇਲੀ ਆ ਗਈ, ਦਿਲ ਧੜ ਧੜ ਵੱਜਣ ਲੱਗਾ; ਕੌਰ ਦੀ ਨਬਜ਼ ਨਹੀਂ ਲੱਭਦੀ।

ਰਾਜਾ ਬੇਤਾਬ ਹੋ ਗਿਆ, ਫੇਰ ਕੌਰ ਦੇ ਕੰਨ ਨਾਲ ਮੂੰਹ ਲਾਕੇ ਕਹਿਣ ਲੱਗਾ- ਓ ਮੇਰੀ ਜਿੰਦ! ਮੇਰੀ ਜਾਨ! ਮੇਰਾ ਆਸ ਭਰੋਸਾ! ਮੇਰੀ ਲਾਡੋ, ਮੇਰਾ ਸਭ ਕੁਝ, ਇਹ ਕੀ ਮਾਜਰਾ ਹੈ ? ਅਸੀਂ ਗ਼ੈਰ ਥਾਂ ਤੇ ਹਾਂ, ਆਸੇ ਪਾਸੇ ਵੈਰ ਹੀ ਵੈਰ ਹੈ! ਤੂੰ ਉਠ ਹੋਸ਼ ਕਰ, ਸੰਭਲ!

ਕੌਰ ਨੇ ਅੱਖ ਖੋਹਲੀ, ਜ਼ੋਰ ਲਗਾ ਕੇ ਝਿੰਮਣੀਆਂ ਉੱਚੀਆਂ ਕੀਤੀਆਂ; ਉਹ ਹੌਲੀ ਹੌਲੀ ਉੱਠੀਆਂ, ਕਿਸੇ ਸੁੰਦਰ ਅਦਾ ਅੰਦਰ ਆਹਿਸਤੇ ਆਹਿਸਤੇ ਉੱਚੀਆਂ ਹੋ ਗਈਆਂ


www.sikhbookclub.com

ਤੇ ਅੱਖਾਂ ਪੂਰੀਆਂ ਖੁਲ੍ਹ ਗਈਆਂ। ਰਾਜੇ ਦਾ ਡਿੱਗਾ ਹੋਇਆ ਮਨ ਵੀ ਨਾਲ ਨਾਲ ਉਠਦਾ ਗਿਆ ਤੇ ਸਥਿਰ ਹੋ ਗਿਆ। ਕੌਰ ਨੇ ਕਿਹਾ ਕਿ ਵੈਦ ਬੁਲਾ ਲਓ; ਇਹ ਕਹਿੰਦਿਆਂ ਫੇਰ ਕੜੱਕ ਅੱਖਾਂ ਬੰਦ ਕਰ ਦਿਤੀਆਂ; ਕੌਰ ਬੇਹੋਸ਼ੀ ਦੀ ਨੀਂਦ ਵਿਚ ਗੜੂੰਦ ਹੋ ਗਿਆ।

ਇਹ ਗਲ ਰਾਜੇ ਨੂੰ ਮਨਜ਼ੂਰ ਨਹੀਂ ਸੀ; ਵੈਦ ? ਨਹੀਂ, ਉਹ ਵੈਦ ਨਹੀਂ ਬੁਲਾਏਗਾ। ਨਹੀਂ, ਹਰਗਿਜ਼ ਨਹੀਂ, ਕਦਾਚਿਤ ਨਹੀਂ। ਉਹ ਸਿਰਫ ਆਪਣਾ ਨਿਜੀ ਵੈਦ ਹੀ ਬੁਲਾ ਸਕਦਾ ਸੀ, ਜੋ ਪਾਸ ਨਹੀਂ ਸੀ। ਗ਼ੈਰ ਵੈਦ ਨਹੀਂ, ਹਰਗਿਜ਼ ਨਹੀਂ। ਵੈਦ ਦਾ ਲਫ਼ਜ਼ ਕੌਰ ਦੇ ਮੂੰਹੋਂ ਸੁਣਕੇ ਪਤਾ ਨਹੀਂ ਰਾਜੇ ਨੂੰ ਕੀ ਚਿਪ ਚੜ੍ਹੀ। ਉਸ ਦਾ ਮਨ ਹੋਰ ਦਾ ਹੋਰ ਹੁੰਦਾ ਗਿਆ, ਉਸ ਦੇ ਖਿਆਲ ਬਦਲਦੇ ਗਏ, ਮੁਹੱਬਤ ਤੇ ਸਨੇਹ ਖ਼ਤਮ ਹੁੰਦਾ ਗਿਆ, ਗੁੱਸਾ ਤੇ ਅਣਖ ਜਾਗਣ ਲਗ ਪਏ, ਆਖ਼ਰ ਕ੍ਰੋਧ ਦੀ ਜੁਆਲਾ ਭੜਕ ਉਠੀ। ਕਹਿਣ ਲੱਗਾ– ਨਹੀਂ , ਵੈਦ ਨਹੀਂ– ਕਦਾਚਿਤ ਨਹੀਂ, ਇਹ ਗ਼ੈਰ ਮੁਲਕ ਹੈ, ਮੈਂ ਰਾਜਾ ਹਾਂ; ਕੁਛ ਪ੍ਰਵਾਹ ਨਹੀਂ। ਕੌਰ ਮਰ ਜਾਏ ਕੁਛ ਗੱਲ ਨਹੀਂ, ਮੈਂ ਅਚਾਰਜ ਵੀ ਨਹੀਂ ਸੱਦਣ ਲੱਗਾ, ਮੈਂ ਖੱਫਣ ਵੀ ਨਹੀਂ ਮੰਗਵਾਵਾਂਗਾ, ਮੈਂ ਚਿਖਾ ਵੀ ਨਹੀਂ ਬਣਵਾਵਾਂਗਾ, ਮੈਂ ਨੜੋਇਆ ਵੀ ਨਹੀਂ ਕੱਢਾਂਗਾ, ਮੈਂ ਏਸੇ ਡੇਰੇ ਨੂੰ ਹੀ ਅੱਗ ਲਾ ਦਿਆਂਗਾ, ਫੂਕ ਦਿਆਂਗਾ; ਕੌਰ ਸਮੇਤ ਸਾਰਾ ਮਾਲ ਅਸਬਾਬ ਭਸਮੀ ਭੂਤ ਕਰ ਦਿਆਂਗਾ, ਮੈਂ ਰਾਜਾ ਹਾਂ, ਮੈਂ ਮੈਂ ਮੈਂ.......।

ਰਾਜਾ ਗੁੱਸੇ ਨਾਲ ਕੰਬ ਰਿਹਾ ਸੀ। 'ਮੈਂ ਮੈਂ' ਕਰੀ ਜਾਂਦਾ ਸੀ। ਫੇਰ ਉਸ ਨੂੰ ਚੱਕਰ ਆਇਆ, ਸ਼ਾਇਦ ਗੁੱਸੇ ਵਿਚ ਕੋਈ ਸੂਖਮ ਨਾੜੀ ਫਟ ਗਈ, ਉਹ ਧੜੰਮ ਕਰਕੇ ਡਿਗ ਪਿਆ। ਡਿੱਗਾ ਪਿਆ ਬੇਹੋਸ਼ ਹੈ, ਪਰ ਜ਼ਬਾਨ ਹਿੱਲੀ ਜਾਂਦੀ ਹੈ, ਉਹ ਖਥਲਾ ਰਹੀ ਹੈ, ਤੇ ਕਹੀ ਜਾਂਦੀ ਹੈ 'ਮੈਂ ਮੈਂ ਮੈਂ'।

੭.

ਜਿਸ ਰਾਤ ਕੌਰ ਬੀਮਾਰ ਹੋਇਆ ਹੈ, ਉਸ ਦਿਨ ਉਹ ਗੁਰੂ ਜੀ ਨੂੰ ਮਿਲਕੇ ਆਇਆ ਸੀ। ਰਾਜੇ ਨੇ ਖਾਸ ਮੰਗ ਕੀਤੀ ਸੀ ਕੌਰ ਲਈ ਇਕ ਨਿੱਜੀ ਮੁਲਾਕਾਤ ਦੀ; ਪਰ ਜਿਸ ਵੇਲੇ ਕੌਰ ਮਿਲਿਆ ਹੈ ਉਸ ਵੇਲੇ ਹਰਿਦਾਸ ਅਤੇ ਜੋਗਾ ਸਿੰਘ ਗੁਰੂ ਜੀ ਕੋਲ ਬੈਠੇ ਹੋਏ ਸਨ।

ਹਰਿਦਾਸ ਨੇ ਜੋਗਾ ਸਿੰਘ ਵਲ ਇਸ਼ਾਰਾ ਕਰਕੇ ਕਿਹਾ– ਮਹਾਰਾਜ! ਇਸ ਦੀ ਸ਼ੰਕਾ ਨਵਿਰਤ ਕਰੋ। ਇਹ ਕਹਿੰਦਾ ਹੈ ਕਿ ਜਦ ਦਰਬਾਰ ਵਿਚ ਕੀਰਤਨ ਹੁੰਦਾ ਹੈ ਤਾਂ ਰਾਗੀ ਗਾਉਂਦੇ ਹਨ:–

 www.sikhbookclub.com

ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥
ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ ॥
(ਫੁਨਹੇ.ਮ: ੫–੧੩)

ਇਹ ਕਹਿੰਦਾ ਹੈ ਕਿ ਇਕ ਇਸਤ੍ਰੀ ਸੁਪਨੇ ਵਿਚ ਸੁੰਦਰ ਪੁਰਖ ਦੇਖਦੀ ਹੈ, ਇਹ ਗੱਲ ਰਾਗੀ ਸਿੰਘ ਦਰਬਾਰ ਵਿਚ ਪੜ੍ਹਦੇ ਹਨ, ਇਸ ਦਾ ਕੀਰਤਨ ਕਰਦੇ ਹਨ। ਜੇ ਨਾਰੀ ਲਈ ਪਰ ਪੁਰਸ਼ ਦਾ ਸੁਪਨਾ ਜਾਇਜ਼ ਹੈ ਤਾਂ ਹਜ਼ੂਰ ਨੇ ਪਰ ਨਾਰੀ ਦੇ ਸੁਪਨੇ ਉਤੇ ਕਿਉਂ ਤਰਕ ਕੀਤੀ ਹੈ ?

ਗੁਰੂ ਜੀ ਨੇ ਕਿਹਾ– ਹਰਿਦਾਸ ! ਤੂੰ ਆਪ ਸੋਚ ਤੇ ਆਪਣੀ ਸਮਝ ਤੋਂ ਇਸ ਦਾ ਉੱਤਰ ਦੇਹ !

ਗੁਰੂ ਜੀ ਨੇ ਹਰਿਦਾਸ ਵਲ ਆਪਣੀ ਦ੍ਰਿਸ਼ਟੀ ਸੁੱਟੀ, ਉਸ ਨੇ ਅੱਖਾਂ ਮੀਟ ਲਈਆਂ ਤੇ ਹਲਕੇ ਹਲਕੇ ਝੂੰਮਦੇ ਸਿਰ ਵਿਚੋਂ ਪੋਲਾ ਜਿਹਾ ਮੂੰਹ ਖੋਲ੍ਹਕੇ ਕਹਿਣ ਲੱਗਾ:–

ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥
(ਵਾਰ ਵਡ: ਮ: ੩–੧੫)

ਇਹ ਗੁਰਵਾਕ ਹੈ, ਅਸੀਂ ਸਭ ਇਸਤ੍ਰੀਆਂ ਹਾਂ, ਪੁਰਖ ਇਕੋ ਹੈ, ਓਹੋ ਇਕੋ, ਸਿਰਫ ਓਹੋ ਇਕੋ ਮਰਦ ਹੈ, ਬਾਕੀ ਸਭ ਦਰਜੇ ਬਦਰਜੇ ਛੋਹਰੀਆਂ ਹਾਂ, ਲੜਕੀਆਂ ਹਾਂ। ਓਹੋ ਇਕੋ ਵੰਨੜਾ ਹੈ, ਬਾਕੀ ਸਭ ਨੱਢੀਆਂ ਹਾਂ। ਓਹੋ ਇਕ ਲਾੜਾ ਹੈ, ਬਾਕੀ ਸਭ ਲਾੜੀਆਂ ਹਾਂ। ਓਹੋ ਇਕ ਗੱਭਰੂ ਹੈ, ਓਹੋ ਇਕ ਪੁਲਿੰਗ ਹੈ, ਬਾਕੀ ਸਾਰੀ ਦੀ ਸਾਰੀ ਸ੍ਰਿਸ਼ਟੀ ਇਸਤ੍ਰੀ ਲਿੰਗ।

ਜਿਸ ਵੇਲੇ ਹਰਿਦਾਸ ਇਹ ਕਹਿ ਰਿਹਾ ਸੀ ਕਿ ਸਾਰੀ ਸ੍ਰਿਸ਼ਟੀ ਇਸਤ੍ਰੀ ਲਿੰਗ ਹੈ; ਉਸ ਵੇਲੇ ਕੌਰ ਨਿਜੀ ਮੁਲਾਕਾਤ ਲਈ ਦਾਖ਼ਲ ਹੋ ਚੁਕਾ ਸੀ।

ਗੁਰੂ ਜੀ ਦਾ ਇਸ਼ਾਰਾ ਪਾਕੇ ਹਰਿਦਾਸ ਤੇ ਜੋਗਾ ਸਿੰਘ ਉਠਕੇ ਚਲੇ ਗਏ, ਜਾਂਦਿਆਂ ਜਾਂਦਿਆਂ ਜੋਗਾ ਸਿੰਘ ਨੇ ਕੌਰ ਵੱਲ ਬੜੀ ਗਹੁ ਨਾਲ ਤੱਕਿਆ, ਮਲੂਮ ਹੁੰਦਾ ਸੀ ਸਿਆਣਦਾ ਹੈ। ਉਹ ਲੰਘਦਾ ਲੰਘਦਾ ਵੀ ਉਸ ਵੱਲ ਦੇਖਦਾ ਗਿਆ। ਕੌਰ ਨੂੰ ਵੀ ਐਉਂ ਲਗਾ ਕਿ ਕੋਈ ਪਿਛਲੇ ਜਨਮ ਦੀ ਸਿਞਾਣ ਜਾਗਣ ਲੱਗੀ ਹੈ। ਪਰ ਕੌਰ ਦਾ ਮਨ ਹਰਿਦਾਸ ਦੇ ਅਖ਼ੀਰਲੇ ਫ਼ਿਕਰੇ ਨਾਲ ਟੁੰਬਿਆ ਗਿਆ, ਤੀਰ ਵਾਕੁਣ ਪਰੋਤਾ ਗਿਆ; ਹਰਿਦਾਸ ਨੇ ਕਿਹਾ ਸੀ:– 'ਬਾਕੀ ਸਾਰੀ ਸ੍ਰਿਸ਼ਟੀ ਇਸਤ੍ਰੀ ਲਿੰਗ ਹੈ'।

 www.sikhbookclub.com

ਇਹ ਸੁਣਦਿਆਂ ਹੀ ਕੌਰ ਆਪਣੇ ਜਿਸਮ ਵਲ ਦੇਖਣ ਲਗ ਪਿਆ, ਉਸ ਨੂੰ ਭੁੱਲ ਗਿਆ ਕਿ ਗੁਰੂ ਜੀ ਦੇ ਹਜ਼ੂਰ ਕੀ ਸਤਿਕਾਰ ਪ੍ਰਗਟ ਕਰਨਾ ਹੈ। ਰਸਤੇ ਵਿਚ ਅਦਬ ਦਾ ਸਬਕ ਯਾਦ ਕਰਦਾ ਆਉਂਦਾ ਸੀ, ਪਹੁੰਚਦਿਆਂ ਹੀ ਤੌਖਲੇ ਵਿਚ ਪੈ ਗਿਆ: ਕੀ ਮੇਰਾ ਸਰੂਪ ਮੈਨੂੰ ਪੁਲਿੰਗ ਜ਼ਾਹਰ ਕਰਦਾ ਹੈ ਜਾਂ ਇਸਤ੍ਰੀ ਲਿੰਗ!

ਏਸ ਦੁਚਿੱਤੀ ਵਿਚ ਸ਼ਰਮਾ ਘਬਰਾ ਰਿਹਾ ਸੀ ਕਿ ਗੁਰੂ ਜੀ ਨੇ ਇਕ ਆਸਣ ਉਤੇ ਬੈਠਣ ਲਈ ਇਸ਼ਾਰਾ ਕੀਤਾ; ਨਾਲ ਹੀ ਕਿਹਾ: ਕੌਰ ਸਾਹਿਬ, ਸਾਵਧਾਨ ਹੋਵੋ, ਅਸੀਂ ਕਵਿਤਾ ਦੇ ਅਲੰਕਾਰਾਂ ਦਾ ਵਰਣਨ ਕਰ ਰਹੇ ਹਾਂ, ਤੁਸਾਂ ਤਾਂ ਨੀਤੀ ਦੀਆਂ ਗੱਲਾਂ ਕਹਨੀਆਂ ਹਨ। ਤੁਹਾਡੀ ਨੀਤੀ, ਰਾਜਨੀਤੀ ਹੈ। ਸਾਡੀ ਨੀਤੀ ਵਿਚ ਵੀ ਕਵਿਤਾ ਦੇ ਹੀ ਕਟਾਖਯ ਹਨ। ਦੇਖੋ, ਜੋ ਸਾਡੇ ਦਰਬਾਰ ਵਿਚ ਇਸਤ੍ਰੀਆਂ ਹਨ ਅਸੀਂ ਉਹਨਾਂ ਦੇ ਨਾਮ 'ਕੌਰ' ਰਖ ਦੇਂਦੇ ਹਾਂ, ਅਸਾਂ ਅੱਜ ਹੀ ਦੋ ਬੀਬੀਆਂ ਦੇ ਨਾਮ ਰਖੇ ਹਨ – ਖੜਗਵੰਤ ਕੌਰ ਤੇ ਯੁਧਵੰਤ ਕੌਰ। ਸਾਨੂੰ ਕਈਆਂ ਨੇ ਕਿਹਾ ਹੈ ਕਿ 'ਕੌਰ' ਤਾਂ ਆਦਮੀਆਂ ਦਾ ਨਾਮ ਹੈ ਪਰ ਅਸਾਂ ਕਿਹਾ : ਹਾਂ ਅਸੀਂ ਇਕ ਨਾਟਕ ਰਚ ਰਹੇ ਹਾਂ, ਜੋ ਜੋ ਲੀਲ੍ਹਾ ਜਿਸ ਨੇ ਕਰਨੀ ਹੈ ਉਸ ਮੁਤਾਬਕ ਅਸੀਂ ਨਾਮ ਧਰ ਰਹੇ ਹਾਂ; ਨਾਟਕ ਵਿਚ ਇਸਤ੍ਰੀ ਮਨੁੱਖ ਦਾ ਸਾਂਗ ਵੀ ਬਣ ਸਕਦੀ ਹੈ।

ਜਿਸ ਲਹਿਜ਼ੇ ਵਿਚ ਗੁਰੂ ਜੀ ਗੱਲਾਂ ਕਰ ਰਹੇ ਸਨ ਉਸ ਵਿਚ ਖਾਸ ਮਟਕ ਸੀ, ਗਲ ਗਲ ਤੇ ਕੌਰ ਦਾ ਦਿਲ ਹਿੱਲ ਜਾਂਦਾ ਸੀ। ਗੁਰੂ ਜੀ ਨੇ ਕਿਹਾ: ਐਸ ਵੇਲੇ ਧਾਰਮਿਕ ਵਿਵਸਥਾ ਨੂੰ ਸਾਹਮਣੇ ਰੱਖਕੇ ਅਸਾਂ ਇਸਤ੍ਰੀ ਜਾਮੇ ਨੂੰ 'ਕੌਰ' ਦਾ ਵੇਸ ਪੁਆ ਦਿਤਾ ਹੈ, ਇਹ ਨਾਟਕ ਹੈ, ਵਚਿੱਤ੍ਰ ਨਾਟਕ।

ਫੇਰ ਹੱਸੇ ਤੇ ਆਖਣ ਲੱਗੇ : ਦੇਖੋ ਕੌਰ ਸਾਹਿਬ, ਵਡੇ ਆਦਮੀ ਜੋ ਸੰਸਾਰ ਵਿਚ ਆਉਂਦੇ ਹਨ, ਉਹ ਨਾਟਕ ਹੀ ਕਰਦੇ ਹਨ। ਉਹਨਾਂ ਦਾ ਅਸਲੀ ਸਰੂਪ ਕਿਸੇ ਹੋਰ ਦੁਨੀਆਂ ਦਾ ਹੁੰਦਾ ਹੈ; ਏਸ ਜਗਤ ਵਿਚ ਸਿਵਾਏ ਨਾਟਕ ਦੇ ਹੋਰ ਕੁਛ ਹੋ ਹੀ ਨਹੀਂ ਸਕਦਾ। ਰਾਮ ਕਥਾ ਸਾਰੀ ਨਾਟਕ ਹੈ – 'ਹਨੂੰਮਾਨ ਨਾਟਕ'। ਐਹ ਦੇਖ, ਐਹ ਹਨੂੰਮਾਨ ਨਾਟਕ ਦਾ ਗੁਟਕਾ ਪਿਆ ਹੈ। ਕੌਰ ਸਾਹਿਬ ਤੁਹਾਨੂੰ ਪਤਾ ਹੈ ਰਾਮਾਇਣ ਦਾ ਸਾਰ ਅੰਸ਼ ਕੀ ਹੈ ?

ਕੌਰ ਹੈਰਾਨ ਪਰੇਸ਼ਾਨ ਹੋਕੇ ਗੱਲਾਂ ਸੁਣੀ ਗਿਆ, ਉਸ ਕੋਲ ਅਪਣੀ ਗੱਲ ਕਰਨ ਦਾ ਕੋਈ ਸਾਹਸ ਨਾ ਰਿਹਾ। ਕੌਰ ਦਾ ਮਨ ਇਕਾਗਰ ਹੁੰਦਾ ਗਿਆ, ਜੁੜਦਾ ਗਿਆ, ਪਰ ਹੱਥ ਹਿਲਦੇ ਰਹੇ। ਕਦੀ ਦੋਨਾਂ ਹੱਥਾਂ ਵਿਚ ਆਪਣੀਆਂ ਦੋਨੋਂ ਹੱਥ ਗਲ੍ਹਾਂ ਦਬਾ ਲੈਂਦਾ ਸੀ, ਉਸ ਦਾ ਮੂੰਹ ਸਾਫ਼ ਗੋਲ ਤੇ ਪੋਲਾ ਪੋਲਾ ਸੀ। ਕੋਈ ਦਾੜ੍ਹੀ ਮੁੱਛ ਨਹੀਂ ਸੀ, ਉਸ ਦੇ

 www.sikhbookclub.com

ਦੋਨੋਂ ਹੱਥ ਗਲ੍ਹਾਂ ਉਪਰ ਫਬਕੇ ਬੈਠ ਜਾਂਦੇ ਸਨ। ਕਦੀ ਦੋਹਾਂ ਹੱਥਾਂ ਨਾਲ ਆਪਣੀ ਛਾਤੀ ਫੜ ਲੈਂਦਾ ਸੀ, ਉਸ ਨੂੰ ਆਪਣਾ ਸੀਨਾ ਉੱਭਰਦਾ ਲੱਗਦਾ ਸੀ। ਜਿਸ ਵੇਲੇ ਗੁਰੂ ਜੀ ਕਹਿ ਰਹੇ ਸਨ, ਅਸਾਂ ਅੱਜ ਦੋ ਬੀਬੀਆਂ ਦੇ ਨਾਮ 'ਕੌਰ' ਰਖੇ ਹਨ, ਉਸ ਨੂੰ ਐਉਂ ਮਾਲੂਮ ਹੋਇਆ ਉਸ ਦੀ ਛਾਤੀ ਫਟਣ ਲੱਗੀ ਹੈ, ਜਾਮੇ ਦੀਆਂ ਤਣੀਆਂ ਟੁੱਟਣ ਲੱਗੀਆਂ ਹਨ, ਹਿਰਦਾ ਪੱਸਲੀਆਂ ਨੂੰ ਚੀਰਕੇ ਬਾਹਰ ਉੱਲਰ ਰਿਹਾ ਹੈ। ਉਸ ਦਾ ਸਿਰ ਚਕਰਾ ਗਿਆ, ਬਾਕੀ ਦੀ ਗੱਲ ਉਸ ਨੇ ਕੁਛ ਉਨਮਨੀ ਜੇਹੀ ਹਾਲਤ ਵਿਚ ਸੁਣੀ। ਜਦ ਉਹ ਫੇਰ ਸਾਵਧਾਨ ਹੋਇਆ ਤਾਂ ਗੁਰੂ ਜੀ ਕਹਿ ਰਹੇ ਸਨ, ਸਾਰੀ ਰਾਮਾਯਣ ਦਾ ਸਾਰ-ਅੰਸ਼ ਕੀ ਹੈ? ਅਖ਼ੀਰ ਵਿਚ ਏਹੋ ਦੱਸਿਆ ਹੈ ਕਿ ਇਹ ਭਗਵਾਨ ਦੀ ਖੇਡ ਸੀ। ਮਨੁੱਖ ਦਾ ਰੂਪ ਧਰਕੇ ਭਗਵਾਨ ਨੇ ਉਹ ਨਾਟਕੀ ਚਰਿਤ੍ਰ ਕੀਤੇ ਜੋ ਐਨ ਮਨੁੱਖ ਦੇ ਸੁਭਾ ਦੀ ਪੂਰੀ ਨਕਲ ਸੀ। ਜਿਸ ਤਰ੍ਹਾਂ ਇਕ ਨਟ ਅਨੇਕਾਂ ਹੀ ਵੇਸ ਧਾਰਨ ਕਰਦਾ ਹੈ ਤੇ ਜੈਸਾ ਉਸ ਨੇ ਚਰਿਤ੍ਰ ਕਰਨਾ ਹੁੰਦਾ ਹੈ ਵੈਸਾ ਹੀ ਭੇਸ ਬਣਾ ਲੈਂਦਾ ਹੈ। ਉਹ ਨਟ ਸਾਰੇ ਭਾਵ ਦਿਖਾ ਦੇਂਦਾ ਹੈ। ਪਰ ਆਪ ਉਹ ਵੈਸਾ ਨਹੀਂ ਹੁੰਦਾ*।

ਕੌਰ ਜੋ ਕੁਛ ਕਹਿਣ ਵਾਸਤੇ ਆਇਆ ਸੀ, ਉਹ ਮਨ ਦੀ ਮਨ ਵਿਚ ਹੀ ਰਹਿ ਗਈ, ਉਹ ਇਕ ਲਫ਼ਜ਼ ਬੀ ਨਹੀਂ ਬੋਲ ਸਕਿਆ। ਉਹ ਸੁਣਦਾ ਰਿਹਾ। 'ਹਰਿਦਾਸ' ਦੇ ਲਫ਼ਜ਼ ਉਸ ਦੇ ਕੰਨਾਂ ਵਿਚ ਗੂੰਜ ਜਾਂਦੇ ਸਨ: 'ਇਸੁ ਜਗ ਮਹਿ ਪੁਰਖੁ ਏਕ ਹੈ ਹੋਰ ਸਗਲੀ ਨਾਰਿ ਸਬਾਈ।'

ਉਹ ਗੁਰੂ ਜੀ ਵੱਲ ਤੱਕਦਾ ਸੀ ਤੇ ਦਿਲ ਵਿਚ ਕਹਿੰਦਾ ਸੀ: ਇਹ 'ਏਕ ਪੁਰਖ' ਹੈ, ਅਸਲੀ ਪੁਰਖ, ਮਰਦ, ਪੂਰਣ ਮਰਦ, ਸੰਪੂਰਣ ਮਰਦ। ਮੈਂ ਕੌਰ ਹਾਂ, ਜਿਸ ਤਰ੍ਹਾਂ 'ਬਲਵੰਤ ਕੌਰ', 'ਯੁਧਵੰਤ ਕੌਰ', ਹਾਂ ਮੇਰੀ ਵੀ ਇਹ ਕਾਇਆਂ ਪਲਟ ਦੇਣ ਤੇ ਨਾਮ ਰਖ ਦੇਣ 'ਕੁਮੰਤ ਕੌਰ', 'ਕੁਲਕੁਲੰਕ ਕੌਰ', ਫੇਰ ਕੈਸਾ ਮਜ਼ਾ ਆਵੇ ?

* ਭਕਤਿ ਹੇਤ ਭਗਵਾਨ ਪ੍ਰਭ ਰਾਮ ਧਰਯੋ ਤਨ ਭੂਪ ।।
ਕੀਏ ਚਰਿਤ ਪਾਵਨ ਪਰਮ ਪ੍ਰਾਕ੍ਰਿਤ ਨਰ ਅਨੁਰੂਪ ।।
ਯਥਾ ਅਨੇਕਨ ਵੇਸ਼ ਧਰਿ ਨ੍ਰਿਤ ਕਰੇ ਨਟ ਕੋਇ ।।
ਭਾਵ ਦਿਖਾਵੈ ਅਨਿਤ ਬਿਧਿ ਆਪ ਨ ਹੋਵੈ ਸੋਇ ।।

 www.sikhbookclub.com

ਪਰ ਉਹ ਬੋਲ ਨਹੀਂ ਸਕਿਆ। ਵੇਲਾ ਹੋ ਗਿਆ, ਨਿਜੀ ਮੁਲਾਕਾਤ ਦਾ ਵਕਤ ਖ਼ਤਮ। ਕੌਰ ਪ੍ਰਣਾਮ ਕਰਕੇ ਉਠ ਖਲੋਤਾ, ਤੁਰ ਪਿਆ। ਗੁਰੂ ਜੀ ਥੋੜਾ ਦੂਰ ਨਾਲ ਆਏ। ਟੁਰਦੇ ਟੁਰਦੇ ਕਹਿ ਰਹੇ ਸਨ: ਸਮਰਥ ਪੁਰਖ ਅਵਤਾਰ ਲੈਂਦੇ ਹਨ ਤੇ ਸੰਸਾਰ ਵਿਚ ਰੂਹ ਦਾ ਵਪਾਰ ਕਰਦੇ ਹਨ, ਉਹ ਆਤਮਕ ਵਪਾਰੀ ਹਨ। ਉਹਨਾਂ ਦਾ ਵਿਹਾਰ ਉਹਨਾਂ ਦੀ ਲੀਲ੍ਹਾ ਹੈ, ਨਾਟਕ ਹੈ, ਉਹਨਾਂ ਨੂੰ ਵੈਸਾ ਹੀ ਵੇਸ ਧਾਰਨ ਕਰਨਾ ਪੈਂਦਾ ਹੈ। ਪਰ ਮਧਮ ਵਯਕਤੀਆਂ ਜੋ ਦੁਨੀਆਂ ਵਿਚ ਆਉਂਦੀਆਂ ਹਨ ਉਹ ਜਿਸਮ ਦਾ ਵਪਾਰ ਕਰਦੀਆਂ ਹਨ, ਇਹ ਉਹਨਾਂ ਦੀ ਲੀਲ੍ਹਾ ਹੈ, ਉਹਨਾਂ ਨੂੰ ਵੈਸਾ ਹੀ ਵੇਸ ਧਾਰਨਾ ਪੈਂਦਾ ਹੈ। ਜਿਸਮ ਦੇ ਵਪਾਰ ਲਈ ਵੇਸ ਕਰਨਾ ਇਹ ਵੇਸ਼ਯਾ ਕਰਮ ਹੈ, ਇਹ ਅਧੋਗਤੀ ਹੈ; ਅਸੀਂਹਰ ਵਯਕਤੀ ਨੂੰ ਕਰਮ ਦੀ ਅਧੋਗਤੀ ਵਿਚੋਂ ਕੱਢਕੇ ਉਬਾਰਨਾ ਹੈ।

੮.

ਸਵੇਰ ਹੋ ਗਈ, ਕਾਠਗੜ੍ਹ ਨਰੇਸ਼ ਦੀ ਅੱਖ ਖੁਲ੍ਹੀ, ਸਰੀਰ ਸਿਥਲ ਸੀ, ਕਮਜ਼ੋਰ ਸੀ। ਰਾਤ ਸਾਰੀ ਜ਼ਮੀਨ ਉਪਰ ਹੀ ਰਿਹਾ ਜਿਥੇ ਡਿੱਗਾ ਸੀ। ਅੱਖ ਖਲ੍ਹਦਿਆਂ ਹੀ ਅਵਾਜ਼ ਦਿਤੀ: 'ਕੌਰ! ਕੌਰ!!' ਕੋਈ ਜਵਾਬ ਨਾ ਆਇਆ। ਮੁਸ਼ਕਲ ਨਾਲ ਉੱਠਿਆ, ਦੇਖਿਆ: ਕੌਰ ਦਾ ਮੰਜਾ ਖਾਲੀ ਸੀ। ਅਪਣਾ ਮੰਜਾ ਵੀ ਖਾਲੀ ਦਿੱਸਿਆ। ਤੰਬੂ ਵਿਚ ਚਾਰੇ ਪਾਸੇ ਨਜ਼ਰ ਮਾਰੀ। ਦਰਵਾਜ਼ੇ ਕੋਲ ਇਕ ਕਾਗਜ਼ ਦਾ ਟੁਕੜਾ ਸੀ ਉਸ ਉਤੇ ਲਿਖਿਆ ਸੀ:

ਸਮੇਂ ਸਮੇਂ ਕਾ ਵੇਸ ਹੈ, ਸਮੇਂ ਸਮੇਂ ਕਾ ਭੇਸ।
ਨਟੀ ਗਈ ਥੀ ਛਲਨ ਕੋ ਹੁਈ ਨਟ ਕੇ ਪੇਸ਼।
ਉਲਟ ਪੁਲਟ ਸੁਧ ਬੁਧਿ ਗਈ ਬਿਗੜਾ ਕਾਜ ਵਿਸ਼ੇਸ਼।
ਭੇਸ ਵੇਸ ਨਾਟਕ ਤਜਾ ਅੰਤਰ ਲਗ ਗਈ ਠੇਸ।

ਰਾਜਾ ਪੜ੍ਹਕੇ ਪਾਗ਼ਲ ਜਿਹਾ ਹੋ ਗਿਆ। ਮੂੰਹ ਕੌੜਾ ਹੋ ਗਿਆ, ਬੁਲ੍ਹਾਂ ਉਤੇ ਝੱਗ ਆ ਗਈ। ਕਹਿਣ ਲੱਗਾ: ''ਹਾਂ, ਜਾਦੂਗਰ ਹਨ, ਮੁੱਠ ਚਲਾ ਜਾਂਦੇ ਹਨ, ਅੱਖਾਂ ਵਿਚ ਤਾਂ ਢਾਕਾ ਬੰਗਾਲਾ ਹੈ, ਕਾਮ ਰੂਪਦਾ ਟੂਣਾ ਹੈ, ਮਨੁੱਖ ਨੂੰ ਮੇਂਢਾ ਬਣਾ ਦੇਂਦੇ ਹਨ, ਜਨੌਰ ਬਣਾ ਕੇ ਬੰਨ੍ਹ ਦੇਂਦੇ ਹਨ। ਸ਼ੇਰ ਜਾਨਵਰ ਨਹੀਂ ਤੇ ਕੀ ਹੈ? ਸਾਰੇ ਏਥੇ ਫ਼ਖ਼ਰ ਨਾਲ ਕਹਿੰਦੇ ਹਨ: ਅਸੀਂ 'ਸਿੰਘ' ਹਾਂ, ਇਹ ਕਾਮ ਰੂਪ ਦਾ ਜਾਦੂ ਜੋ ਚੰਗੇ ਭਲੇ ਮਨੁੱਖ ਨੂੰ ਜਾਨਵਰ ਬਣਾ ਦੇਂਦਾ ਹੈ। ਮੇਂਢਾ ਬਣਾ ਮਾਰਿਆ ਤਾਂ ਕੀ? ਸ਼ੇਰ ਬਣਾ ਦਿਤਾ ਤਾਂ ਕੀ, ਸ਼ੇਰ ਦੀ ਵੀ ਪੂਛ ਹੈ।ਪਤਾ ਨਹੀਂ ਕੌਰ ਹੁਣ ਕੀ ਬਣਿਆ ਬੈਠਾ ਏ। ਦੁਮ ਹਿਲਾ ਰਿਹਾ ਹੈ ਕਿ ਸਿੰਗ ਝੁਲਾ ਰਿਹਾ ਹੈ; ਹਿਣਕ ਰਿਹਾ ਹੈ ਕਿ ਹੀਂਗ ਰਿਹਾ ਹੈ। ਅੱਛਾ, ਕੋਈ ਗਲ ਨਹੀਂ, ਮੈਨੂੰ ਹੁਣ ਚਲਣਾ ਚਾਹੀਦਾ ਹੈ, ਖਿਸਕਣਾ ਹੀ ਚਾਹੀਦਾ ਹੈ। ਆਪਣੀ ਇੱਜ਼ਤ ਲੈਕੇ ਏਥੋਂ ਨਿਕਲ ਜਾਣਾ ਹੀ ਠੀਕ ਹੈ।

 www.sikhbookclub.com

ਏਸ ਦੁਖ ਵੇਲੇ ਹੋਰ ਰਾਜਿਆਂ ਉੱਪਰ ਮੈਨੂੰ ਭਰੋਸਾ ਨਹੀਂ, ਉਹ ਚਿੱਘੀਆਂ ਮਾਰਨਗੇ, ਮਜ਼ਾਕ ਕਰਨਗੇ, ਹਾਸੋ ਹੀਣਾ ਕਰਨਗੇ। ਠੱਠੇ ਦੀ ਖਿੜਖਿੱਲੀ ਮਚ ਜਾਏਗੀ। ਕੌਰ ਨੂੰ ਮੈਂ ਕਿਤੇ ਜਾਣ ਨਹੀਂ ਦੇਣ ਲਗਾ। ਦੋ ਚਾਰ ਦਿਨਾਂ ਦੀ ਖੇਡ ਹੈ, ਹੁਣ ਏਥੋਂ ਚੱਲਾਂ। ਇਹ ਕਹਿੰਦਾ ਬਾਹਰ ਨਿਕਲਿਆ। ਇਕ ਨੌਕਰ ਹੱਥ ਬਿਲਾਸਪੁਰ ਦੇ ਰਾਜੇ ਨੂੰ ਸੁਨੇਹਾ ਭੇਜ ਦਿਤਾ ਕਿ ਕੌਰ ਸਖਤ ਬੀਮਾਰ ਹੋ ਗਿਆ, ਮੈਂ ਇਕ ਦਮ ਜਾ ਰਿਹਾ ਹਾਂ। ਉਸ ਦਾ ਇਲਾਜ ਜ਼ਰੂਰੀ ਹੈ। ਏਥੇ ਮੁਨਾਸਬ ਪ੍ਰਬੰਧ ਨਹੀਂ, ਗਲ ਮਿਲਕੇ ਸਾਰੀ ਕਰਾਂਗਾ।

## ੯.

ਗੁਰੂ ਜੀ ਦਾ ਦਰਬਾਰ ਲਗਾ ਸੀ, ਚੋਬਦਾਰ ਨੇ ਆਕੇ ਖ਼ਤ ਦਿਤਾ। ਭਾਈ ਨੰਦ ਲਾਲ ਜੀ ਨੇ ਪੜ੍ਹਕੇ ਸੁਣਾਇਆ, ਇਹ ਫ਼ਾਰਸੀ ਅਖਰਾਂ ਵਿਚ ਸੀ, ਲੰਮਾ ਚੌੜਾ ਚਿੱਠਾ ਸੀ। ਇਹ ਜੋਗਾ ਸਿੰਘ ਦੇ ਮਾਪਿਆਂ ਵਲੋਂ ਸੀ ਜੋ ਪਿਸ਼ੌਰ ਵਿਚ ਰਹਿੰਦੇ ਸਨ। ਮਤਲਬ ਇਹ ਸੀ :

> ਮੁੰਡਾ ਸਾਡਾ ਘਰ ਭੇਜ ਦਿਓ, ਏਸ ਦਾ ਵਿਆਹ ਕਰਨਾ ਹੈ। ਹਿਹ ਅੜਮੰਨ ਹੈ; ਹੁਕਮ ਦੇਕੇ ਘੱਲ ਦਿਓ, ਅਸੀਂ ਏਸ ਦਾ ਵਿਆਹ ਪਹਿਲੋਂ ਕਰਨ ਲਗੇ ਸਾਂ, ਓਦੋਂ ਨਾ ਮੰਨਿਆ ਤੇ ਚੋਰੀ ਘਰੋਂ ਨੱਸ ਪਿਆ ਤੇ ਹਜ਼ੂਰ ਦੀ ਸ਼ਰਨ ਆ ਟਿਕਿਆ। ਜਲਦੀ ਵਿਆਹ ਦਾ ਕਾਰਣ ਉਸ ਵੇਲੇ ਇਹ ਸੀ ਕਿ ਕੁੜੀ ਵਾਲੇ ਕਾਹਲੇ ਸਨ। ਕਾਹਲ ਦਾ ਸਬੱਬ ਰਾਜਸੀ ਗਲਾਂ ਸਨ। ਉਹ ਧੀ ਅਣਵਿਆਹੀ ਨਹੀਂ ਸਨ ਰਖ ਸਕਦੇ। ਕਈ ਖ਼ਤਰੇ ਸਨ। ਛੋਟੀ ਉਮਰੇ ਹੀ ਵਿਆਹ ਮੁਨਾਸਬ ਸਮਝਿਆ ਸੀ। ਪਰ ਜੋਗਾ ਸਿੰਘ ਕਾਜ਼ ਤੋਂ ਪਹਿਲੇ ਨੱਸ ਗਿਆ, ਅਸੀਂ ਲਾਚਾਰ ਸਾਂ, ਪਰ ਕੁੜੀ ਦੇ ਮਾਪਿਆਂ ਨੇ ਸਰਕਾਰੇ ਦਰਬਾਰੇ ਮਸ਼ਹੂਰ ਕਰ ਦਿਤਾ ਕਿ ਵਿਆਹ ਹੋ ਗਿਆ ਹੈ। ਬੁਰੀ ਅੱਖ ਤੋਂ ਬਚਣ ਲਈ ਉਹਨਾਂ ਇੰਞ ਕੀਤਾ, ਹੁਣ ਉਹ ਚਾਹੁੰਦੇ ਹਨ ਵਿਆਹ ਹੋ ਜਾਵੇ। ਜ਼ਾਹਿਰਦਾਰੀ ਲਈ ਮੁਕਲਾਵੇ ਦੇ ਪੱਜ ਸਾਰੀਆਂ ਜ਼ਰੂਰੀ ਰਸਮਾਂ ਕਰ ਲੈਣਗੇ, ਰਹਿ ਬਣ ਆਵੇਗੀ। ਕਾਕੀ ਬਹੁਤ ਸਿਆਣੀ ਹੋ ਗਈ ਹੈ, ਪੜ੍ਹ ਲਿਖ ਗਈ ਹੈ, ਹੁਣ ਪੇਕੇ ਸਮਾਈ ਨਹੀਂ, ਅਸੀਂ ਫੇਰਿਆਂ ਤੋਂ ਪਹਿਲੇ ਘਰ ਲਿਆ ਨਹੀਂ ਸਕਦੇ, ਸਾਰੇ ਕਬੀਲੇ ਵਿਚ ਦੁਖ ਹੈ; ਦੁਤਰਫੀ ਕਸ਼ਟ ਹੈ, ਤੁਸੀਂ ਦੁਖ ਹਰਤਾ ਹੋ, ਸਾਡੇ ਬੰਧਨ ਕੱਟੋ।''

ਗੁਰੂ ਜੀ ਨੇ ਹਰਿਦਾਸ ਵਲ ਤੱਕਿਆ, ਆਗਿਆ ਕੀਤੀ ਕਿ ਜੋਗਾ ਸਿੰਘ ਵਾਪਸ ਚਲਾ ਜਾਵੇ।

 www.sikhbookclub.com

੧੦.

ਜੋਗਾ ਸਿੰਘ ਦੇ ਉਤਾਰੇ ਦਾ ਕੰਮ ਕਾਫ਼ੀ ਸਰਲ ਚਲ ਰਿਹਾ ਸੀ, ਉਸ ਨੂੰ ਅਲੰਕਾਰਾਂ ਦੀ ਹੱਛੇਰੀ ਸੋਝੀ ਪੈ ਰਹੀ ਸੀ। ਉਹ ਹੁਣ ਉਪਮਾ ਤੇ ਰੂਪਕ ਦਾ ਫਰਕ ਵੀ ਸਮਝ ਗਿਆ ਸੀ। ਉਸ ਦਾ ਆਪਣਾ ਕਵੀ ਮਨ ਵੀ ਭਾਵ ਦੇ ਤਰੰਗਾਂ ਉਤੇ ਹਿਲਦਾ ਰਹਿੰਦਾ ਸੀ। ਉਹ ਮੂੰਹੋਂ ਵੀ ਕੁਛ ਨਾ ਕੁਛ ਉਚਾਰਦਾ ਰਹਿੰਦਾ ਸੀ, ਕਈ ਵਰਣਿਕ ਤੇ ਮਾਤ੍ਰਿਕ ਛੰਦ ਵੀ ਘੜ ਲੈਂਦਾ ਸੀ।

ਅਜ ਨੰਦੋ ਦੀ ਭੱਠੀ ਉਤੇ ਦਾਣੇ ਲੈਣ ਗਿਆ ਤਾਂ ਝੀਉਰੀ ਅਜੇ ਘਰ ਨਹੀਂ ਸੀ ਮੁੜੀ, ਪਰ ਧੂੰਆਂ ਨਿਕਲ ਰਿਹਾ ਸੀ, ਕੜਾਹੀ ਵਿਚ ਰੇਤ ਗਰਮ ਸੀ। ਇਤਨੇ ਨੂੰ ਅੰਦਰੋਂ ਨਿਕਲਕੇ ਇਕ ਕੁੜੀ ਗੱਦੀ ਉਤੇ ਆ ਬੈਠੀ ਤੇ ਬੋਲੀ : ਲਓ ਜੀ, ਮੈਂ ਦਾਣੇ ਭੁੰਨ ਦੇਂਦੀ ਹਾਂ, ਮਾਸੀ ਨੂੰ ਡੇਰ ਲੱਗ ਗਈ, ਆਉਂਦੀ ਹੀ ਹੋਣੀ ਹੈ। ਇਹ ਕੁੜੀ ਕੌਣ ਹੈ? ਅੱਗੇ ਕਦੇ ਦੇਖੀ ਨਹੀਂ, ਸ਼ਾਇਦ ਨੰਦੋ ਦੀ ਭਣੇਵੀਂ ਹੋਵੇ, ਜੋ ਵਾਂਢਿਓਂ ਆਈ ਹੋਵੇ। ਪਰ ਸਖਤ ਕਾਲੀ ਸੀ। ਦਾਣੇ ਭੱਠੀ ਵਿਚ ਪਾਉਣ ਲਗਿਆਂ, ਉਸ ਨੇ ਪੁੱਛਿਆ : ਜੀ ਮੁਰਮੁਰੇ ਬਣਾਵਾਂ ਕਿ ਫੁੱਲੇ? ਕੁੜੀ ਦੇ ਪੁੱਛਣ ਦਾ ਢੰਗ ਨਿਰਾਲਾ ਸੀ। ਬੜਾ ਨਾਜ਼ੁਕ ਲਹਿਜ਼ਾ ਸੀ, ਜੋ ਉਸ ਦੇ ਕਾਲੇ ਰੰਗ ਨਾਲ ਫਬਦਾ ਨਹੀਂ ਸੀ। ਜੋਗਾ ਸਿੰਘ ਦੇ ਦਿਲ ਵਿਚ ਗੁੰਬਦ ਦੀ ਪੋਲੀ ਅਵਾਜ਼ ਵਾਕੁਣ ਬੋਲਣ ਲਗ ਪਏ ਇਹ ਲਫਜ਼ : 'ਜੀ ਮੁਰਮੁਰੇ ਬਣਾਵਾਂ ਕਿ ਫੁੱਲੇ ?' ਉਸ ਨੇ ਇਸ ਦਾ ਜਵਾਬ ਅਜੇ ਕੁਛ ਨਹੀਂ ਸੀ ਦਿਤਾ ਕਿ ਕੁੜੀ ਨੇ ਜੋਗਾ ਸਿੰਘ ਵਲ ਤੱਕਿਆ। ਉਸ ਦੀ ਤੱਕਣੀ ਐਸ ਤਰ੍ਹਾਂ ਦੀ ਸੀ ਕਿ ਜਿਸ ਤਰ੍ਹਾਂ ਅਧ-ਮੀਟੀਆਂ ਅੱਖਾਂ ਨੂੰ ਜ਼ੋਰ ਲਾਕੇ ਖੋਲ੍ਹਿਆ ਹੋਵੇ, ਸ਼ਾਇਦ ਭਠੀ ਦੇ ਕੌੜੇ ਧੂੰਏਂ ਕਰਕੇ ਉਸ ਦੇ ਨੈਣ ਮੁੰਦੇ ਸਨ। ਪਰ ਜਿਸ ਸੋਹਲ ਤਰੀਕੇ ਨਾਲ ਉਸ ਨੇ ਝਿੰਮਣੀਆਂ ਚੁੱਕੀਆਂ, ਹੇਠੋਂ ਉਨ੍ਹਾਂ ਦੇ ਰੋਸ਼ਨੀ ਜੇਹੀ ਨਿਕਲਦੀ ਦਿੱਸੀ। ਸ਼ਾਇਦ ਇਹ ਇਸ ਕਰਕੇ ਸੀ ਕਿ ਮੂੰਹ ਦਾ ਰੰਗ ਕਾਲਾ ਹਨੇਰਾ ਸੀ, ਜਿਸ ਉਤੇ ਉਘੜਦੀਆਂ ਅੱਖਾਂ ਦਾ ਫਿੱਕਾ ਰੰਗ ਚਮਕ ਉਠਿਆ।

ਜੋਗਾ ਸਿੰਘ ਦਾ ਕਵੀ ਮਨ ਤਣੁੱਕਾ ਖਾ ਗਿਆ। ਉਸ ਦੇ ਅੰਦਰ ਇਕ ਭਾਵ ਦਾ ਉਛਾਲਾ ਆਇਆ। ਉਸ ਵਾਸਤੇ ਮੁਸ਼ਕਲ ਸੀ ਕਿ ਫੈਸਲਾ ਕਰੇ ਕਿ ਮੁਰਮੁਰਾ ਬਣੇ ਯਾ ਫੁੱਲੇ। ਉਸ ਦੀ ਸੁਰਤ ਮਾੜੀ ਜੇਹੀ ਸੋਚ ਦੇ ਖਿੰਡਾਉ ਵਿਚ ਵੀ ਨਹੀਂ ਜਾ ਸਕਦੀ ਸੀ।

ਉਸ ਦੇ ਇਕਾਗਰ ਮਨ ਨੇ ਜੇਬ ਵਿਚੋਂ ਕਾਗਤ ਕੱਢੇ, ਕਲਮ ਦਵਾਤ ਤਾਂ ਕੋਈ ਸੀ ਹੀ ਨਹੀਂ, ਭੱਠੀ ਦੇ ਕੋਲੇ ਨਾਲ ਲਿਖ ਸੁਟਿਆ :


www.sikhbookclub.com

ਝਮਕ ਗਈ ਬੱਦਲ ਵਿਚ ਬਿਜਲੀ,
ਵਿਚ ਕਾਲੇ ਦੇ ਦਮਕ ਗਈ।
ਕਿਸ ਜੌਹਰੀ ਪਰਖਿਆ ਸੋਨਾ,
ਚਮਕ ਕਸੌਟੀ ਲੀਕ ਪਈ।

ਕੁੜੀ ਨੇ ਫੁੱਲੇ ਵੀ ਬਣਾ ਦਿਤੇ ਤੇ ਮੁਰਮੁਰੇ ਵੀ – ਫੁੱਲੇ ਕੁਛ ਸੜ ਗਏ ਸਨ ਤੇ ਮੁਰਮੁਰੇ ਅੱਧ ਕੱਚੇ। ਪਰ ਜੋਗਾ ਸਿੰਘ ਦਾ ਮਨ ਕਵਿਤਾ ਦੇ ਮੋਤੀ ਚੂਰ ਲੱਡੂ ਭੋਰ ਰਿਹਾ ਸੀ। ਦਾਣੇ ਲੈਕੇ ਟੁਰ ਪਿਆ ਤਾਂ ਨੰਦੋ ਝੀਉਰੀ ਆ ਗਈ, ਉਸ ਨੇ ਅਵਾਜ਼ ਦਿਤੀ . ਭਾਈ ਪੈਸੇ ਤਾਂ ਦੇ ਜਾ। ਜੋਗਾ ਸਿੰਘ ਦੋ ਚਾਰ ਕਦਮ ਮੁੜਕੇ ਫੇਰ ਭੱਠੀ ਤੇ ਆਇਆ ਤੇ ਕਾਹਲੀ ਨਾਲ ਖੀਸਾ ਉਲਟਕੇ ਓਨ੍ਹੀਂ ਹੀ ਕਦਮੀਂ, ਮਨੋ ਭਾਵ ਦੇ ਖਿਆਲੀ ਘੋੜੇ ਉਪਰ ਸਵਾਰ ਘਰ ਪਹੁੰਚ ਗਿਆ।

## ੧੧.

ਜੋਗਾ ਸਿੰਘ ਹਰਿਦਾਸ ਦੇ ਘਰ ਬੈਠਾਂ ਉਤਾਰਾ ਕਰ ਰਿਹਾ ਸੀ, ਉਤਾਰਾ ਕਰਦਾ ਕਰਦਾ ਕਲਮ ਛਡ ਦੇਂਦਾ ਸੀ, ਫੇਰ ਆਪਣੇ ਛੰਦ ਨੂੰ ਪੜ੍ਹਦਾ ਸੀ। ਬੰਦ ਮੂੰਹ ਨਾਲ ਗੁਣਗੁਣਾਕੇ ਗਾਉਂਦਾ ਸੀ। ਉਸ ਦੇ ਦੰਦ ਜੁੜੇ ਸਨ ਕੱਚੇ ਮੁਰਮੁਰੇ ਦੀ ਲੇਸ ਨਾਲ। ਉਸ ਦਾ ਸਿਰ ਝੂਮਦਾ ਸੀ। ਨਾਲ ਹੀ ਸੋਚਦਾ ਸੀ, ਮਹਾਰਾਜ ਕਿਤਨੇ ਖੁਸ਼ ਹੋਣਗੇ, ਸੁਣਨਗੇ ਤੇ ਸ਼ਾਬਾਸ਼ ਕਹਿਣਗੇ। ਆਖਣਗੇ : ਅਸ਼ਕੇ ਓ ਜੋਗਿਆ, ਬੱਲੇ ਓ ਬੱਲੇ। ਸ਼ਾਇਦ ਆਖ ਦੇਣ ਤੂੰ ਹੁਣ ਸਾਡਾ ਤਰਵਿੰਜਵਾਂ ਹੈਂ। ਬਵਿੰਜਾ ਕਵੀਆਂ ਦੀ ਤਾਂ ਉਹਨਾਂ ਕੋਈ ਸੌਂਹ ਨਹੀਂ ਨਾ ਖਾਧੀ ਹੋਈ। ਖੁਸ਼ ਹੋਣਗੇ, ਕਹਿਣਗੇ...ਤੂੰ...।

ਜੋਗਾ ਸਿੰਘ ਨੇ ਇਤਨੀ ਗੱਲ ਸੋਚੀ ਹੀ ਸੀ ਕਿ ਹਰਿਦਾਸ ਆ ਗਿਆ। ਹੁਣ ਤੀਕ ਤਾਂ ਜੋਗਾ ਸਿੰਘ ਮੂੰਹ ਅੰਦਰ ਹੀ ਗੁਣ-ਗੁਣਾਉਂਦਾ ਸੀ, ਪਰ ਹਰਿਦਾਸ ਨੂੰ ਦੇਖਕੇ ਉਸ ਨੇ ਜ਼ੋਰ ਨਾਲ ਦੰਦ ਖੋਲ੍ਹੇ; ਮੁਰਮਰੇ ਦੀ ਚਿਪਕ ਨੂੰ ਘੁੱਟ ਭਰਕੇ ਅੰਦਰ ਲੰਘਾਇਆ, ਫੇਰ ਖੰਘੂਰੇ ਨਾਲ ਸੰਘ ਖੁਰਕ ਕੇ ਖੁਲ੍ਹੇ ਕੰਠ ਨਾਲ ਜ਼ਬਾਨੀ ਉੱਚੀ ਪੜ੍ਹਨ ਲਗਾ। ਉਸਨੂੰ ਸ਼ੱਕ ਸੀ ਆਪਣਾ ਲਿਖਿਆ ਗ਼ਲਤ ਨਾਂ ਪੜ੍ਹ ਜਾਵਾਂ, ਨਾਲ ਹੀ ਜੇਬ ਟਟੋਲ ਕੇ ਕਾਗਤ ਲੱਭਣ ਲੱਗਾ, ਪਰ ਕਾਗ਼ਤ ਨਾ ਲੱਭਾ, ਸ਼ਾਇਦ ਕਿਤੇ ਢਹਿ ਪਿਆ ਸੀ, ਸੋ ਇਕ ਹੋਰ ਖੰਘੂਰਾ ਮਾਰਕੇ ਉਚੀ ਦਿਤੀ ਗਾਉਣ ਲੱਗਾ। ਉਹ ਇਕ ਇਕ ਤੁਕ ਨੂੰ ਦੋ ਦੋ ਤਿੰਨ ਤਿੰਨ ਵਾਰੀ ਪੜ੍ਹਦਾ ਸੀ, ਜਿਸ ਤਰ੍ਹਾਂ ਕੋਈ ਬੜਾ ਭਾਰਾ ਮੁਸ਼ਾਇਰਾ ਹੋ ਰਿਹਾ ਹੈ। ਹਰਿਦਾਸ ਸੁਣਦਾ ਰਿਹਾ, ਉਹ ਆਪ ਭੀ ਫਿਲਬਦੀਆ ਕਵੀ ਸੀ। ਹਰਿਦਾਸ ਨੇ ਬੜੀ ਨਰਮ ਸੁਰ ਵਿਚ ਕਿਹਾ :

 www.sikhbookclub.com

ਨ ਝਮਕੀ ਬੱਦਲ ਵਿਚ ਬਿਜਲੀ
ਨਾ ਕਾਲੇ ਵਿੱਚ ਦਮਕ ਪਈ।
ਘਰ ਜਾਵਨ ਦਾ ਹੁਕਮ ਹੈ ਹੋਇਆ
ਵੰਨੜੀ ਜਾ ਕੇ ਵਿਆਹੁਣ ਲਈ।
ਕਸਵਟੀ ਤੇ ਪਰਖ ਨ ਹੁਣ ਤੂੰ
ਦੜ ਵੱਟੀਂ ਤੇ ਪਰਖ ਲਈਂ।
ਨਿਭਣ ਨਿਭਾਵਣ ਦਾ ਵਲ ਸਿੱਖੀਂ
ਨਹੀਂ ਤਾਂ ਮੁੰਡਿਆ ਨਰਕ ਹਈ।

ਹਰਿਦਾਸ ਨੇ ਪਸ਼ੌਰ ਦੇ ਖ਼ਤ ਦਾ ਜ਼ਿਕਰ ਕੀਤਾ ਤੇ ਗੁਰੂ ਜੀ ਦੀ ਆਗਿਆ ਦੱਸ ਦਿੱਤੀ। ਜੋਗਾ ਸਿੰਘ ਨੇ ਸਿਰ ਨਿਵਾ ਦਿੱਤਾ। ਕੁਝ ਹੀਲ ਹੁਜਤ ਨਾ ਕੀਤੀ, ਟੁਰ ਪਿਆ। ਟੁਰਨ ਲੱਗੇ ਨੇ ਉਤਾਰਿਆਂ ਦੇ ਬਸਤੇ ਉਤੇ ਇਕ ਹਸਰਤ ਦੀ ਨਜ਼ਰ ਨਾਲ ਦੇਖਿਆ ਤੇ ਕਿਹਾ :

ਡੁੱਬ ਗਿਆ ਲਹਿੰਦੇ ਨੂੰ ਸੂਰਜ
ਰਾਤ ਹਨੇਰੀ ਛਾਇ ਗਈ।
ਸਹਿਮ ਪਸਰਿਆ ਚਾਰੌਂ ਤਰਫੀਂ
ਆਸ ਨਿਰਾਸਾ ਖਾਇ ਗਈ।

## ੧੨.

ਜਦ ਰਾਜੇ ਆਨੰਦਪੁਰ ਆਏ ਤਾਂ ਗੁਰੂ ਜੀ ਵੱਲੋਂ ਉਨ੍ਹਾਂ ਦੀ ਰਖਯਾ ਦਾ ਬਾਹਲਾ ਪ੍ਰਬੰਧ ਸੀ, ਨਾਲ ਹੀ ਇਸ ਗੱਲ ਦਾ ਵੀ ਤਕੜਾ ਇੰਤਜ਼ਾਮ ਸੀ ਕਿ ਉਹਨਾਂ ਵਲੋਂ ਕੋਈ ਚਾਲ ਨਾ ਖੇਡੀ ਜਾਏ। ਰੱਖਯਾ ਦਾ ਬੰਦੋਬਸਤ ਘਰਬਾਰਾ ਸਿੰਘ ਦੇ ਸਪੁਰਦ ਸੀ। ਪਰ ਰਾਜਿਆਂ ਦੀ ਚਾਲ ਨੀਤੀ ਦੀ ਰੋਕ ਥਾਮ ਦੇ ਉਪਾਓ ਦਰਬਾਰਾ ਸਿੰਘ ਕੋਲ ਸਨ। ਜਦ ਰਾਜੇ ਚਲੇ ਗਏ ਤਾਂ ਘਰਬਾਰਾ ਸਿੰਘ ਦੀ ਮੁਸੀਬਤ ਹਟੀ। ਉਸ ਨੂੰ ਐਉਂ ਲਗਾ ਕਿ ਲਗਾਤਾਰ ਤਾਪ ਚੜ੍ਹਿਆ ਹੋਇਆ ਸੀ, ਜੋ ਹੁਣ ਟੁੱਟ ਗਿਆ ਹੈ। ਪਰ ਦਰਬਾਰਾ ਸਿੰਘ ਅਜੇ ਸੁਖਾਲੀ ਨੀਂਦ ਨਹੀਂ ਸੀ ਸੌਂਦਾ; ਉਹ ਸਮਝਦਾ ਸੀ ਕਿ ਉਸ ਦੀ ਬੀਮਾਰੀ ਤੇਈਏ ਚੌਥੇ ਦਾ ਤਾਪ ਹੈ। ਇਕ ਅੱਧਾ ਦਿਨ ਬੁਖਾਰ ਦਾ ਵਿਚੋਂ ਰੁਕੇ ਰਹਿਣਾ ਸਿਹਤ ਦੀ ਨਿਸ਼ਾਨੀ ਨਹੀਂ, ਪ੍ਰੰਤੂ ਬੀਮਾਰੀ ਦਾ ਖਾਸ ਚਿੰਨ੍ਹ ਹੈ।


www.sikhbookclub.com

ਅਜ ਦਰਬਾਰਾ ਸਿੰਘ ਦੇ ਘਰ ਅਮੀਰ ਜ਼ਮਾਂਦਰ ਬੈਠਾ ਹੈ। ਅਪਣੇ ਰੋਜ਼ਨਾਮਚੇ ਦੀਆਂ ਟੂਕਾਂ ਸੁਣਾ ਰਿਹਾ ਹੈ। ਅਮੀਰ ਇਕ ਪਠਾਣ ਬੱਚਾ ਸੀ, ਜੋ ਗੁਪਤ ਸੇਵਾ ਵਿਚ ਨਿਯੁਕਤ ਸੀ। ਇਸ ਦੀ ਵਫਾਦਾਰੀ ਉਪਰ ਪੂਰਾ ਭਰੋਸਾ ਸੀ। ਅਮੀਰ ਨੇ ਦੱਸਿਆ : ਕਹਿਲੂਰ ਦਾ ਰਾਜਾ ਤਿੰਨ ਬੰਦੇ ਪਿੱਛੇ ਛੱਡ ਗਿਆ ਹੈ, ਜੋ ਇਸ ਗਲ ਦੀ ਗਿਣਤੀ ਕਰਨ ਕਿ ਉਸ ਦੀ ਬਿਲਾਸਪੁਰ ਰਿਆਸਤ ਦੇ ਕਿਤਨੇ ਆਦਮੀ ਸਿੱਖ ਬਣਨ ਲਈ ਤਿਆਰ ਹੋ ਰਹੇ ਹਨ ਤੇ ਉਹਨਾਂ ਦੇ ਪਿਛਲੇ ਪਿੰਡਾਂ ਦੇ ਨਾਉਂ ਥਾਉਂ ਪਤੇ ਕੀਹ ਹਨ। ਹੰਡੂਰ ਦੇ ਰਾਜੇ ਨੇ ਦੋ ਛੱਡੇ ਹਨ ਜੋ ਇਸ ਗਲ ਲਈ ਮੁਕੱਰਰ ਹਨ ਕਿ ਉਸ ਦੇ ਭਾਈਚਾਰੇ ਦੇ ਦੁਸ਼ਮਨ, ਜੋ ਲਾ-ਪਤਾ ਹਨ, ਉਹਨਾਂ ਵਿਚੋਂ ਕੋਈ ਐਸਾ ਤਾਂ ਨਹੀਂ ਜਿਸ ਨੇ ਏਸ ਦਰਬਾਰ ਵਿਚ ਪਨਾਹ ਲਈ ਹੋਵੇ।

ਜਸਵਾਲ ਰਾਜੇ ਨੇ ਸਿਰਫ਼ ਇਕ ਸੂੰਹੀਆਂ ਛਡਿਆ ਹੈ, ਉਹ ਸਿਰਫ਼ ਏਸ ਮਤਲਬ ਲਈ ਕਿ ਉਸ ਦਾ ਇਕ ਸ਼ਰੀਕ ਬਾਹਰਲੀਆਂ ਰਿਆਸਤਾਂ ਨਾਲ ਖ਼ਤੋ ਕਿਤਾਬਤ ਕਰਦਾ ਹੈ। ਉਸ ਦੀ ਕੋਈ ਚਿੱਠੀ ਜੇ ਏਸ ਦਰਬਾਰ ਵਿਚ ਆਵੇ ਤਾਂ ਕਿੜ ਰਖੇ।

ਏਸ ਤਰ੍ਹਾਂ ਸਾਰਿਆਂ ਰਾਜਿਆਂ ਦੀਆਂ ਗੱਲਾਂ ਅਮੀਰ ਨੇ ਸੁਣਾਈਆਂ। ਕਾਠਗੜ੍ਹ ਬਾਬਤ ਕਿਹਾ ਕਿ ਉਹ ਸਾਰਿਆਂ ਤੋਂ ਪਹਿਲੋਂ ਚਲਾ ਗਿਆ ਹੈ, ਉਸ ਦਾ ਕੌਰ ਬੀਮਾਰ ਹੋ ਗਿਆ ਸੀ, ਉਹ ਉਸ ਨੂੰ ਡੋਲੀ ਵਿਚ ਪਾਕੇ ਕੂਚ ਕਰ ਗਿਆ ਹੈ। ਡੋਲੀ ਦੇ ਚਾਰ ਕਹਾਰ ਸਨ, ਪੰਜਵਾਂ ਰਸਤੇ ਵਿਚੋਂ ਮਿਲ ਗਿਆ, ਜੋ ਫਾਲਤੂ ਉਹਨਾਂ ਨਾਲ ਲੈ ਲਿਆ। ਇਹ ਫਾਲਤੂ ਆਪਣਾ ਫੱਗੂ ਹੀ ਸੀ, ਜਿਸ ਨੂੰ ਮੈਂ ਖਾਸ ਤੌਰ ਤੇ ਕਾਠਗੜ੍ਹ ਦੀ ਨਿਗਰਾਨੀ ਲਈ ਲਾਇਆ ਹੋਇਆ ਸੀ। ਪਹਿਲੇ ਪੜਾ ਤੇ ਹੀ ਫੱਗੂ ਭਾਂਪ ਗਿਆ ਕਿ ਡੋਲੀ ਖਾਲੀ ਹੈ ਤੇ ਇਕ ਪੱਜ ਹੈ ਜੋ ਚਾਰ ਕਹਾਰ ਸਿਰ ਉਤੇ ਅਣਜਾਣੇ ਚੱਕੀ ਫਿਰਦੇ ਹਨ। ਫੱਗੂ ਅੱਖ ਬਚਾਕੇ ਓਥੋਂ ਨਿਕਲ ਗਿਆ ਤੇ ਏਸ ਤਲਾਸ਼ ਵਿਚ ਇਕ ਦਮ ਲੱਗਾ ਕਿ ਕੌਰ ਕਿੱਥੇ ਹੈ। ਉਹ ਉਸ ਥਾਂ ਤੇ ਆਇਆ ਜਿਥੇ ਕਾਠਗੜ੍ਹ ਰਾਜੇ ਦਾ ਡੇਰਾ ਸੀ। ਉਸ ਨੇ ਰਾਜੇ ਦੇ ਪੈਰਾਂ ਦੇ ਨਿਸ਼ਾਨ ਦੇਖੇ, ਇਹ ਪੂਰੇ ਸੋਲ੍ਹੀਏ ਦੀ ਜੁੱਤੀ ਦਾ ਖੁਰਾ ਸੀ। ਛੋਟੇ ਪੈਰਾਂ ਦੇ ਨਿਸ਼ਾਨ ਵੀ ਲੱਭੇ, ਇਹ ਬਚਕਾਨੇ ਦੇ ਨਿਸ਼ਾਨ ਸਨ, ਪਰ ਨਾਲ ਹੀ ਦੋ ਆਦਮੀਆਂ ਦੇ ਹੋਰ ਨਿਸ਼ਾਨ ਸਨ ਜੋ ਰਾਜੇ ਦੀ ਜੁੱਤੀ ਕੋਲੋਂ ਵੀ ਦੋ ਉਂਗਲ ਵਡੇ ਸਨ, ਅਤੇ ਬਚਕਾਨੇ ਨਾਲ ਕਦਮ ਬਕਦਮ ਬਚਵੀਂ ਵਿੱਥ ਉਤੇ ਚਲਦੇ ਮਲੂਮ ਹੁੰਦੇ ਸਨ। ਬਚਕਾਨੇ ਦਾ ਖੁਰਾ ਨੱਪਦਾ ਫੱਗੂ ਤੋੜ ਤਕ ਚਲਦਾ ਗਿਆ ਤੇ ਇਕ ਘਰ ਪਹੁੰਚਾ। ਇਹ ਟੁੱਟਾ ਫੁੱਟਾ ਘਰ ਸੀ। ਫੂਸ ਜੇਹੇ ਦੀ ਝੁੱਗੀ ਸੀ। ਇਹ ਨੰਦੋ ਮਹਿਰੀ ਦੀ ਝੁੱਗੀ ਹੈ, ਜੋ ਦਾਣੇ ਭੁੰਨਦੀ ਹੈ, ਜਿਸ ਭੜਭੂੰਜਣ ਦੀ ਭੱਠੀ ਤੋਂ ਅਸੀਂ ਭੁੱਜੇ ਦਾਣੇ ਮਕਈ ਛੋਲਿਆਂ ਦੇ ਲੈਂਦੇ

 www.sikhbookclub.com

ਰਹਿੰਦੇ ਹਾਂ। ਫੱਗੂ ਨੇ ਦੋ ਦਿਨ ਲੁਕਵੀਂ ਨਜ਼ਰ ਉਥੇ ਰਖੀ ਪਰ ਕੁਛ ਪਤਾ ਨਾ ਲੱਗਾ। ਇਕ ਦਿਨ ਨੰਦੋ ਜੰਗਲ ਵਿਚੋਂ ਭੱਠੀ ਲਈ ਬਾਲਣ ਚੁਗਕੇ ਲਿਆ ਰਹੀ ਸੀ ਕਿ ਫੱਗੂ ਨੇ ਉਸਨੂੰ ਪਕੜ ਲਿਆ। ਪੰਡ ਸਿਰੋਂ ਸੁਟਾ ਦਿਤੀ, ਉਸ ਦੇ ਗਲੇ ਵਿਚ ਕਮੰਦ ਪਾਕੇ ਸੰਘ ਘੁੱਟਣ ਲਗਾ, ਤੇ ਹੁਕਮ ਦੇਕੇ ਪੁੱਛਣ ਲਗਾ, ''ਬਤਾ ਸੁਸਰੀ ਕੌਰ ਕਹਾਂ ਹੈ ?'' ਨੰਦੋ ਮੌਤ ਦੇ ਘਾਟ ਉਤੇ ਤੁਲੀ ਖੜੋਤੀ ਸੀ, ਉਸ ਦੀਆਂ ਅੱਖਾਂ ਦੇ ਡੇਲੇ ਬਾਹਰ ਉਲਟਕੇ ਡਿੱਗਣ ਹੀ ਵਾਲੇ ਸਨ ਕਿ ਉਸ ਨੇ ਇਸ਼ਾਰੇ ਨਾਲ ਕਿਹਾ: ਮੈਂ ਦੱਸਦੀ ਹਾਂ। ਫੱਗੂ ਨੇ ਕਮੰਦ ਥੋੜੀ ਨਰਮ ਕੀਤੀ, ਇਤਨੀ ਕੁ ਢਿੱਲੀ ਜਿਸ ਨਾਲ ਸੰਘ ਬੋਲਣ ਜੋਗਾ ਖੁਲ੍ਹ ਜਾਏ ਪਰ ਜਮ ਦੀ ਫਾਹੀ ਗਲ ਵਿਚ ਮਹਿਸੂਸ ਹੁੰਦੀ ਰਹੇ। ਨੰਦੋ ਨੇ ਜੋ ਕੁਛ ਦੱਸਿਆ ਉਹ ਹੈਰਾਨ ਕਰਨ ਵਾਲੀ ਗਲ ਹੈ ਤੇ ਫੱਗੂ ਪੜਤਾਲ ਕਰ ਚੁੱਕਾ ਹੈ ਕਿ ਇਹ ਠੀਕ ਹੈ।

ਦਰਬਾਰਾ ਸਿੰਘ – ਨੰਦੋ ਨੇ ਕੀ ਦੱਸਿਆ ?

ਅਮੀਰ – ਇਹ, ਕਿ ਕੌਰ ਮੁੰਡਾ ਨਹੀਂ ਸੀ, ਕੁੜੀ ਸੀ।

ਦਰਬਾਰਾ ਸਿੰਘ – ਹੈਂ ? ਇਹ ਕਿਵ ?

ਅਮੀਰ – ਬੱਸ ਜੀ ਇਸੇ ਤਰ੍ਹਾਂ ਹੈ। ਰਾਜਾ ਇਕ ਲੜਕੀ ਓਥੋਂ ਨਾਲ ਲਿਆਇਆ ਸੀ। ਕੌਰ ਦਾ ਭੇਸ ਬਣਾਕੇ।

ਦਰਬਾਰਾ ਸਿੰਘ – ਇਹ ਉਸ ਦੀ ਡੂੰਘੀ ਚਾਲ ਸੀ।

ਅਮੀਰ – ਜੀ ਇਹ ਤੁਸੀਂ ਜਾਣੋ।

ਦਰਬਾਰਾ ਸਿੰਘ – ਖ਼ੈਰ, ਨੰਦੋ ਦੀ ਸਾਰੀ ਗਲ ਸੁਣਾ।

ਅਮੀਰ – ਜੀ, ਕੌਰ ਨੂੰ ਗੁਰੂ ਜੀ ਦੀ ਨਿਜੀ ਮੁਲਾਕਾਤ ਦੇ ਬਾਦ ਇਕਦਮ ਕੁਛ ਹੋ ਗਿਆ। ਕੁਛ ਤਪ, ਤਪਾਲੀ, ਬੁਖਾਰ, ਸਰਸਾਮ। ਉਹ ਚੋਰੀ ਤੰਬੂ ਵਿਚੋਂ ਨਿਕਲ ਗਿਆ, ਨੀਮ ਬੇਹੋਸ਼ੀ ਵਿਚ। ਨੱਸਕੇ ਨੰਦੋ ਦੀ ਝੁੱਗੀ ਵਿਚ ਵੜ ਗਿਆ। ਧੜੰਮ ਢਹਿ ਪਿਆ। ਨੰਦੋ ਨੇ ਠੰਢੇ ਪਾਣੀ ਦੇ ਛੱਟੇ ਮਾਰੇ, ਹੋਸ਼ ਆਈ ਤਾਂ ਉਸਨੇ ਨੰਦੋ ਨੂੰ ਸਾਰੀ ਗਲ ਸੁਣਾਈ ਤੇ ਇਹ ਵੀ ਦੱਸਿਆ ਕਿ ਰਾਜਾ ਕਿਸ ਤਰ੍ਹਾਂ ਉਸ ਨੂੰ ਲੜਕੇ ਦੇ ਭੇਸ ਵਿਚ ਨਾਲ ਰੱਖਦਾ ਸੀ ਤੇ ਰਾਜਸੀ ਚਾਲਾਂ ਲਈ ਸਮੇਂ ਸਿਰ ਵਰਤਦਾ ਸੀ। ਨੰਦੋ ਦਸਦੀ ਸੀ, ਕੌਰ ਬਾਰ ਬਾਰ ਇਹ ਕਹਿ ਉਠਦਾ ਸੀ: ''ਜਿਸਮ ਦੇ ਵਪਾਰ ਲਈ ਵੇਸ ਕਰਨਾ ਇਹ ਵੇਸ਼ਯਾ ਕਰਮ ਹੈ। ਇਹ

ਅਧੋਗਤੀ ਹੈ।'' ਕੌਰ ਦਿਨ ਰਾਤ ਏਸ ਫਿਕਰੇ ਦਾ ਜਾਪ ਕਰਦਾ ਸੀ, ਸੁੱਤਾ ਵੀ ਜਾਗਦਾ ਵੀ, ਸੁਪਨੇ ਵਿਚ ਬੜਾਕੇ ਬੀ ਏਹੋ ਕਹਿੰਦਾ ਸੀ।

ਦਰਬਾਰਾ ਸਿੰਘ – ਨੰਦੋ ਦਾ ਕੌਰ ਨੂੰ ਆਪਣੇ ਕੋਲ ਰਖ ਸਕਣਾ ਬੜੀ ਹਿੰਮਤ ਤੇ ਮੁਸੀਬਤ ਦੀ ਗੱਲ ਹੈ।

ਅਮੀਰ – ਜੀ, ਨੰਦੋ ਨੇ ਉਸ ਦੇ ਮੁੰਡਿਆਂ ਵਾਲੇ ਕਪੜੇ ਲੁਹਾ ਦਿਤੇ, ਆਪਣੇ ਫਟੇ ਪੁਰਾਣੇ ਚੀਥੜੇ ਪੁਆ ਦਿਤੇ, ਮੂੰਹ ਦਾ ਰੰਗ ਵੀ ਵਟਾ ਦਿਤਾ।

ਦਰਬਾਰਾ ਸਿੰਘ – ਮੂੰਹ ਦਾ ਰੰਗ ਕਿਸ ਤਰ੍ਹਾਂ ਵਟਾਇਆ ?

ਅਮੀਰ – ਭੱਠੀ ਤੋਂ ਕੜਾਹੀ, ਮੂਧੀ ਕੀਤੀ, ਕਿਹਾ ਦੋਵੇਂ ਹੱਥ ਏਹਦੇ ਤੇ ਮਲ।

ਦਰਬਾਰਾ ਸਿੰਘ – ਤੇ ਮੂੰਹ ਤੇ ਫੇਰ ਲੇ।

ਅਮੀਰ – ਹੱਸ ਪਿਆ।

ਦਰਬਾਰਾ ਸਿੰਘ – ਤੇ ਕੌਰ ਦੇ ਕਪੜੇ ਕਿੱਥੇ ਲੁਕਾਏ ?

ਅਮੀਰ – ਜੀ, ਸਾੜ ਸੁੱਟੇ, ਭੱਠੀ ਤਾਂ ਉਸ ਵੇਲੇ ਮੂਧੀ ਪਈ ਸੀ, ਕਪੜਿਆਂ ਦੀ ਢੇਰੀ ਕਰਕੇ ਉਤੇ ਸੁੱਕੇ ਕੱਖ ਪਾ ਕੇ ਅੱਗ ਲਾ ਦਿਤੀ।

ਦਰਬਾਰਾ ਸਿੰਘ – ਇਕ ਝੀਉਰੀ ਵੀ ਰੇਸ਼ਮੀ ਕਪੜੇ ਸਾੜਨ ਦਾ ਹੌਸਲਾ ਕਰ ਸਕਦੀ ਹੈ ? ਹੈਰਾਨੀ ਹੈ !

ਅਮੀਰ – ਜੀ ਆਨੰਦਪੁਰ ਦੀ ਆਬੋਹਵਾ ਦਾ ਅਸਰ ਹੈ। ਸਾੜੇ ? ਅਣਹੋਣੀ ਜੇਹੀ ਗੱਲ ਹੈ ਕਿ ਇਕ ਝੀਉਰੀ ਇਹ ਜਿਗਰਾ ਕਰ ਸਕੇ!

ਅਮੀਰ – ਜੀ, ਮੈਂ ਉਹ ਖਾਕ ਦੀ ਢੇਰੀ ਦੇਖੀ ਹੈ, ਰੇਸ਼ਮ ਦੀ ਸੁਆਹ ਹੋਰ ਹੀ ਹੁੰਦੀ ਹੈ, ਉਸ ਦੀ ਮੁਲੈਮੀ ਨੂੰ ਕੋਈ ਸਰਕੰਡੇ ਦੀ ਰਾਖ ਨਹੀਂ ਪਹੁੰਚ ਸਕਦੀ। ਏਸ ਵਿਚ ਸ਼ੱਕ ਨਹੀਂ ਕਿ ਉਹ ਰੇਸ਼ਮ ਦੀ ਭਸਮ ਹੈ। ਮੈਂ ਉਹ ਥੋੜੀ ਚੁਕ ਲਿਆਂਦੀ ਹੈ, ਐਸ ਪੋਟਲੀ ਵਿਚ ਹੈ, ਲਓ ਦੇਖੋ!

ਅਮੀਰ ਨੇ ਪੋਟਲੀ ਖੋਲ੍ਹਕੇ ਚਿੱਟੀ ਜਿਹੀ, ਘਸਮੈਲੀ ਜਿਹੀ ਸੁਆਹ ਅੱਗੇ ਕਰ ਦਿਤੀ, ਤੇ ਨਾਲ ਹੀ ਕਿਹਾ ਮੈਂ ਇਹ ਰੱਖੀ ਹੈ, ਦਵਾ ਦਾਰੂ ਲਈ। ਫੱਟਾਂ ਵਿਚ ਭਰਨ ਲਈ

 www.sikhbookclub.com

ਅਕਸੀਰ ਹੈ, ਇਕ ਦਮ ਲਹੂ ਬੰਦ ਹੋ ਜਾਂਦਾ ਹੈ। ਜ਼ਖਮ ਮੌਲ ਆਉਂਦਾ ਹੈ। ਇਹ ਭੱਠੀ ਦੀ ਸੁਆਹ ਨਹੀਂ, ਇਹ ਰੇਸ਼ਮ ਦੀ ਭਸਮ ਹੈ।

ਦਰਬਾਰਾ ਸਿੰਘ– ਐਸ ਵੇਲੇ ਉਹ ਲੜਕੀ ਕਿੱਥੇ ਹੈ ?

ਅਮੀਰ– ਜੀ, ਲਾਪਤਾ ਹੈ। ਕਾਠਗੜ੍ਹ ਵਾਲਾ ਜਾਂਦਾ ਹੋਇਆ ਜੋ ਆਦਮੀ ਮੁਕੱਰਰ ਕਰ ਗਿਆ ਸੀ, ਕੌਰ ਨੂੰ ਲੱਭਣ ਤੇ ਪਕੜਨ ਲਈ ਉਹ ਬਿਲਾਸਪੁਰੀਏ ਸੂੰਹੀਏਂ ਸਨ। ਜਿਨ੍ਹਾਂ ਨਾਲ ਬਹੁਤ ਭਾਰੀ ਇਨਾਮ ਦਾ ਇਕਰਾਰ ਕਰ ਗਿਆ ਸੀ। ਉਹ ਜਲਦੀ ਹੀ ਪੈਰਾਂ ਦੀ ਟੋਹ ਲਾਉਂਦੇ ਭੱਠੀ ਦੇ ਨੇੜੇ ਅੱਪੜ ਰਹੇ ਸਨ। ਨੰਦੋ ਭਾਂਪ ਗਈ, ਉਸ ਨੇ ਮੌਕਾ ਤਾੜਕੇ ਕੁੜੀ ਨੂੰ ਭਜਾ ਦਿਤਾ। ਸੂੰਹੀਏਂ ਕੁਛ ਕੌਂਦਲੇ ਜੇਹੇ ਰਹਿ ਗਏ, ਪਰ ਉਹ ਮਗਰੇ ਹਨ, ਟੋਹ ਉਹਨਾਂ ਛੱਡੀ ਨਹੀਂ; ਪਰ ਗ਼ੈਰ ਇਲਾਕਾ ਹੋਣ ਕਰਕੇ ਕਦਮ ਸੰਕੋਚਵੇਂ ਤੇ ਫੂਕ ਫੂਕ ਕੇ ਰਖਦੇ ਹਨ। ਫੱਗੂ ਨੇ ਇਹ ਪੜਤਾਲ ਕੀਤੀ ਹੈ।

ਦਰਬਾਰਾ ਸਿੰਘ– ਹੂੰ, ਇਹ ਮਾੜੀ ਗੱਲ ਹੈ।

ਅਮੀਰ– ਜੀ ਕੋਈ ਪੰਜ ਬੰਦੇ ਮੁਕੱਰਰ ਕਰ ਦਿਓ, ਕੌਰ ਦੀ ਹਿਫਾਜ਼ਤ ਲਈ, ਬੜਾ ਖ਼ਤਰਾ ਹੈ।

ਦਰਬਾਰਾ ਸਿੰਘ– ਨਹੀਂ ਇਕੋ ਕਾਫੀ ਹੈ, ਇਕ ਦੀ ਆਗਿਆ ਮਿਲ ਜਾਏਗੀ, ਇਕੋ ਕਾਫੀ ਹੈ।

੧੩

ਅਨੰਦ ਪੁਰ ਵਿਚ ਕੁਛ ਵਕਤ ਜ਼ਾਹਿਰਾ ਸ਼ਾਂਤੀ ਰਹੀ, ਫੇਰ ਹਵਾ ਬਦਲ ਗਈ, ਖ਼ਬਰਾਂ ਦਾ ਰੰਗ ਹੋਰ ਹੋ ਗਿਆ। ਪਹਾੜੀ ਰਾਜਿਆਂ ਮਿਲਕੇ ਮਤਾ ਪਕਾਇਆ, ਇਹ ਅਚਾਨਕ ਆਨੰਦ ਪੁਰ ਉਪਰ ਹਮਲਾ ਕਰਨ ਦਾ ਸੀ, ਪਰ ਸਲਾਹ ਵਿਚ ਪਿਛੋਂ ਕੁਛ ਫਰਕ ਕਰ ਦਿਤਾ। ਪਹਿਲੇ ਗੁਰੂ ਜੀ ਵਲ ਇਕ ਚਿੱਠੀ ਲਿਖੀ, ਇਸ ਵਿਚ ਉਹਨਾਂ ਦੇ ਸ਼ਿਕਾਰ ਕਰਨ ਉਤੇ ਇਤਰਾਜ਼ ਸੀ। ਇਹ ਵੀ ਲਿਖਿਆ ਸੀ ਕਿ ਸਿਖ ਇਨ੍ਹਾਂ ਇਲਾਕਿਆਂ ਵਿਚ ਬਹੁਤ ਮਿਰਗ, ਭਾਲੂ, ਚਿੱਤਰੇ ਆਦਿਕ ਮਾਰਦੇ ਹਨ, ਇਹ ਗੱਲ ਸਾਨੂੰ ਭਾਉਂਦੀ ਨਹੀਂ, ਇਹ ਰੀਤ ਬੰਦ ਕਰ ਦਿੱਤੀ ਜਾਏ।

 www.sikhbookclub.com

ਨਾਲ ਹੀ ਗੁਰੂ ਦਰਬਾਰ ਵਿਚ ਖ਼ਬਰਾਂ ਪਹੁੰਚ ਗਈਆਂ ਕਿ ਰਾਜਿਆਂ ਵਲੋਂ ਜੰਗ ਦੀ ਤਿਆਰੀ ਦਾ ਪੂਰਾ ਸਾਮਾਨ ਹੋ ਰਿਹਾ ਹੈ। ਦੂਰ ਦੂਰ ਦੇ ਸੂੰਹੀਆਂ ਨੇ ਆਕੇ ਇਹ ਵੀ ਕੰਨਸੋਆਂ ਦਿੱਤੀਆਂ ਕਿ ਸਰਹਿੰਦ ਦੇ ਸੂਬੇ ਦੀ ਸੈਨਾ ਵੀ ਆਨੰਦਪੁਰ ਉਤੇ ਹਮਲੇ ਦੀ ਵਿਉਂਤ ਕਰ ਰਹੀ ਹੈ। ਉਸ ਵਿਚ ਸਿਰਫ ਜ਼ੋਰ ਇਹ ਹੈ ਕਿ ਉਹ ਲਾਹੌਰ ਦੇ ਫੌਜਦਾਰ ਨੂੰ ਨਾਲ ਸ਼ਾਮਲ ਕਰਨਾ ਚਾਹੁੰਦੇ ਹਨ, ਨਾਲ ਹੀ ਦਿੱਲੀ ਤੋਂ ਕੁਮਕ ਦੀ ਯਾਚਨਾ ਕਰ ਰਹੇ ਹਨ।

ਅਨੰਦਪੁਰ ਵਿਚ ਇਨ੍ਹਾਂ ਸਾਰੀਆਂ ਗੱਲਾਂ ਉਪਰ ਦੀਰਘ ਵਿਚਾਰ ਹੋ ਰਹੇ ਸਨ। ਪਰ ਇਕ ਗੱਲ ਦਾ ਝਟ ਪਟ ਫੈਸਲਾ ਕੀਤਾ ਗਿਆ। ਗੁਰ ਦਰਬਾਰ ਵਲੋਂ ਹੁਕਮ ਜਾਰੀ ਕੀਤਾ ਗਿਆ। ਸਿੰਘਾਂ ਦੀ ਮੰਗ ਕੀਤੀ ਗਈ, ਅਨੰਦਪੁਰ ਵਿਚ ਤੁਰਤ ਪਹੁੰਚਣ ਦੀ ਪ੍ਰੇਰਨਾ ਭੇਜੀ ਗਈ। ਇਹ ਹੁਕਮਨਾਮੇ ਲੈ ਕੇ ਮਸੰਦ, ਮੇਉੜੇ, ਕਾਰਦਾਰ, ਗੁਪਤਚਰ ਤੇ ਹੋਰ ਅਮਲਾ ਫੈਲਾ ਇਕਦਮ ਪੰਜਾਬ ਸਾਰੇ ਵਿਚ ਤੇ ਕਾਬਲ ਦੀ ਹੱਦ ਤਕ ਫੈਲ ਗਿਆ। ਉਸ ਵੇਲੇ ਅੰਦਾਜ਼ਾ ਲਗਾਇਆ ਗਿਆ ਸੀ ਕਿ ਸਿੰਘਾਂ ਦੀ ਗਿਣਤੀ ਆਨੰਦਪੁਰ ਵਿਚ ਹਜ਼ਾਰ ਤੋਂ ਘਟ ਹੈ, ਖਿਆਲ ਸੀ ਕਿ ਇਹ ਜਲਦੀ ਹੀ ਦਸ ਗੁਣਾਂ ਵਧ ਜਾਣੀ ਚਾਹੀਦੀ ਸੀ।

ਗੁਰੂ ਜੀ ਦਾ ਹੁਕਮ ਲੈਕੇ ਜੋ ਆਦਮੀ ਪਸ਼ੌਰ ਪਹੁੰਚਾ ਉਹ ਆਪਣੀ ਹੀ ਤਬੀਅਤ ਦਾ ਬੰਦਾ ਸੀ, ਉਹ ਗੁਰੂ ਜੀ ਦਾ ਪੂਰਨ ਭਗਤ ਸੀ, ਪਰ ਕੁਛ ਮੌਜੀ ਰੰਗ ਦਾ ਸੀ। ਇਹ ਸੁਥਰੇ ਸ਼ਾਹੀ ਕੁਨਬੇ ਵਿਚੋਂ ਸੀ, ਨਾਮ ਇਸ ਦਾ ਮਸਤਾਨਾ ਸਿੰਘ ਸੀ। ਹੁਕਮ ਦਿਖਾਕੇ ਇਹ ਗੱਲ ਅੱਖਾਂ ਟੱਡਕੇ ਭਾਂਪਦਾ ਸੀ ਕਿ ਪੜ੍ਹਨ ਵਾਲੇ ਦਾ ਰੰਗ ਕਿਤਨਾਕੁ ਬਦਲਦਾ ਹੈ ਤੇ ਕਿਸ ਤਰ੍ਹਾਂ ਉਹ ਤਿਲਮਲਾਉਂਦਾ ਤੇ ਕੀ ਉਜ਼ਰ ਪੇਸ਼ ਕਰਦਾ ਹੈ ਤੇ ਫੇਰ ਕਿਤਨੇ ਕੁ ਐਸੇ ਹਨ ਜੋ ਆਪਣਾ ਕਾਰੋਬਾਰ ਛੱਡਕੇ ਤਤਫਟ ਆਨੰਦਪੁਰ ਦਾ ਰਾਹ ਫੜਦੇ ਹਨ। ਐਸੀ ਗਿਣਤੀ ਦਾ ਨੋਟ ਉਹ ਨਾਲੋ ਨਾਲ ਰੱਖੀ ਜਾਂਦਾ ਸੀ। ਉਸ ਨੂੰ ਆਪਣੇ ਕੰਮ ਵਿਚ ਬੜਾ ਮਜ਼ਾ ਆ ਰਿਹਾ ਸੀ।

ਜੋਗਾ ਸਿੰਘ ਦਾ ਕਾਜ ਰਚਿਆ ਹੋਇਆ ਸੀ, ਜਿਸ ਵੇਲੇ ਮਸਤਾਨਾ ਸਿੰਘ ਵਿਆਹ-ਘਰ ਵਿਚ ਪਹੁੰਚਾ ਹੈ। ਇਸ ਨੂੰ ਪਤਾ ਨਹੀਂ ਕੀ ਸੁੱਝੀ ? ਕੁਛ ਚਿਰ ਮਸਤ ਬੈਠਾ ਰਿਹਾ। ਲਾਵਾਂ ਸ਼ੁਰੂ ਹੋ ਗਈਆਂ। ਜਿਸ ਵੇਲੇ ਤੀਜੀ ਲਾਂ ਪੜ੍ਹੀ ਜਾ ਚੁਕੀ ਤੇ ਜੋਗਾ ਸਿੰਘ ਤੀਸਰੀ ਫੇਰੀ ਲੈਕੇ ਮੱਥਾ ਟੇਕਕੇ ਬੈਠਾ ਹੀ ਸੀ ਕਿ ਇਸ ਨੇ ਉਸ ਦੇ ਸਾਹਮਣੇ ਹੁਕਮਨਾਮਾ ਰੱਖ ਦਿੱਤਾ। ਪੜ੍ਹਦਾ ਹੀ ਉਹ ਗੱਦੀ ਤੋਂ ਉਠਕੇ ਉਰੇ ਹੋ ਗਿਆ, ਉਸ ਦੇ ਕਮਰਕੱਸੇ ਨਾਲ ਦੁਪੱਟਾ ਬੱਝਾ ਹੋਇਆ ਸੀ, ਜਿਸ ਦਾ ਇਕ ਸਿਰਾ ਲਾੜੀ ਦੇ ਹੱਥ ਵਿਚ ਸੀ। ਜੋਗਾ ਸਿੰਘ ਨੇ ਕਮਰਬੰਦ ਖੋਲ੍ਹ ਦਿੱਤਾ, ਤੇ ਹੋਰ ਖੁੱਲ੍ਹਾ ਤੇ ਪਰੇਡੇ ਹੋ ਕੇ ਹੁਕਮਨਾਮਾ ਵਾਚਣ ਲੱਗਾ।


www.sikhbookclub.com

ਲਿਖਿਆ ਸੀ: ''ਜੋ ਮੇਰਾ ਸਿੱਖ, ਜਿਥੇ ਜਿਥੇ ਹੈ, ਮੇਰਾ ਦਰਸ਼ਨ ਏਸ ਹੁਕਮਨਾਮੇ ਵਿਚ ਕਰੇ, ਅਨੰਦਪੁਰ ਪਹੁੰਚੇ, ਵਿਲਮ ਨਾ ਕਰੇ।''

੧੪.

ਵਿਆਹ ਵਾਲੇ ਘਰ ਵਿਚ ਹਫੜਾ ਤਫੜੀ ਮਚ ਗਈ, ਕੁੜਮ, ਸਾਕ, ਪੈਂਚ, ਚੌਧਰੀ ਇਕੱਠੇ ਹੋ ਗਏ। ਬਹੁਤ ਰੌਲਾ ਗੌਲਾ, ਬਹਿਸ ਮੁਬਹਿਸਾ, ਮਿੰਨਤਾਂ, ਤਰਲੇ, ਹਾੜੇ, ਵਾਸਤੇ, ਡਰਾਵੇ, ਧਮਕੀਆਂ ਸਭ ਨਿਰਅਰਥਕ ਗਈਆਂ। ਜੋਗਾ ਸਿੰਘ ਖਿਸਕ ਗਿਆ, ਦਾਉ ਪੇਚ ਖੇਡਦਾ ਤਿਲਕ ਗਿਆ। ਮਸਤਾਨਾ ਸਿੰਘ ਵੀ ਗ਼ਾਇਬ ਹੋ ਗਿਆ। ਕੁਛ ਦੇਰ ਕੁੜਮਾਂ ਦੀ ਬਹੁਤ ਹੀ ਤੂੰ ਤੂੰ ਮੈਂ ਮੈਂ ਹੋਈ। ਆਖ਼ਰ ਫੈਸਲਾ ਹੋ ਗਿਆ ਕਿ ਚੌਥੀ ਲਾਂ ਉਸ ਦੇ ਕਮਰਕੱਸੇ ਨਾਲ ਕਰ ਦਿੱਤੀ ਜਾਏ। ਇਸ ਗੱਲ ਨੂੰ ਸਿਰੇ ਚਾੜ੍ਹਨ ਲਈ ਜਦ ਸਾਰੇ ਦਰਬਾਰ ਸਜਾ ਕੇ ਬੈਠੇ ਤਾਂ ਪਤਾ ਲੱਗਾ ਕਿ ਲਾੜੀ ਵੀ ਗ਼ਾਇਬ ਹੈ! ਹੈਂ! ਇਹ ਕੀ ਬੱਜ ਵੱਜ ਗਈ।

੧੫.

ਬਿਲਾਸਪੁਰੀਏ ਸੂੰਹੀਏਂ ਜੋ ਕਾਠਗੜ੍ਹ ਨਰੇਸ਼ ਦਾ ਕੰਮ ਕਰ ਰਹੇ ਸਨ ਬੜੇ ਪਰੇਸ਼ਾਨ ਸਨ। ਇਕ ਦਿਨ ਉਹਨਾਂ ਨੇ ਨੰਦੋ ਮਹਿਰੀ ਦੀ ਤਲਾਸ਼ੀ ਲਈ, ਪਰ ਕੋਈ ਪਤੇ ਦੀ ਚੀਜ਼ ਹੱਥ ਨਾ ਆਈ। ਇਕ ਆਲ੍ਹੇ ਵਿਚ ਕਾਗ਼ਤ ਦਾ ਟੁਕੜਾ ਸੀ। ਉਸ ਉਤੇ ਲਿਖਿਆ ਸੀ:

''ਝਮਕ ਗਈ ਬੱਦਲ ਵਿਚ ਬਿਜਲੀ......।''

ਪੁੱਛਿਆ ਇਹ ਕੀ ਹੈ ਤਾਂ ਨੰਦੋ ਨੇ ਦੱਸਿਆ ਕਿ ਜੀ, ਜੋਗਾ ਸਿੰਘ ਦਾ ਪੈਸੇ ਕਢਦਿਆਂ ਖੀਸੇ ਵਿਚੋਂ ਇਹ ਡਿੱਗਾ ਸੀ, ਮੈਂ ਜਾਤਾ ਕੋਈ ਐਵੇਂ ਕਾਗ਼ਤ ਹੈ, ਭੱਠੀ ਵਿਚ ਝੋਕਣ ਲੱਗੀ ਸਾਂ, ਪਰ ਰੁਕ ਗਈ, ਮਤੇ ਕੋਈ ਟੌਂਬੂ ਨਾ ਹੋਵੇ, ਜਿਸ ਨੂੰ ਪੁਰਜ਼ਾ ਆਂਹਦੇ ਨੇ, ਕੋਈ ਹੁੰਡੀ ਪਰਚਾ, ਤਦ ਦਾ ਇਥਾਂਹ ਹੈ ਕਿ ਕਿਸੇ ਨੂੰ ਦਿਖਾ ਕੇ ਜਾਲੂੰ।

ਦੋਨਾਂ ਸੂਹੀਆਂ ਨੇ ਆਪਸ ਵਿਚ ਅੱਖ ਦੇ ਇਸ਼ਾਰੇ ਲੜਾਏ, ਬਾਹਰ ਆ ਗਏ, ਜਲਦੀ ਹੀ ਇਕ ਤੇਜ਼ ਸਾਂਡਨੀ ਦਾ ਬੰਦੋਬਸਤ ਕੀਤਾ ਤੇ ਚਾਲੇ ਪੈ ਗਏ। ਉਹਨਾਂ ਦਾ ਖ਼ਿਆਲ ਹੋਇਆ ਕਿ ਜੋਗਾ ਸਿੰਘ ਕੌਰ ਨੂੰ ਖਿਸਕਾ ਕੇ ਨਾਲ ਲੈ ਗਿਆ ਹੈ!

ਸੂੰਹੀਏਂ ਅਜੇ ਪਸ਼ੌਰ ਨਹੀਂ ਸਨ ਪਹੁੰਚੇ ਤਾਂ ਉਹਨਾਂ ਨੂੰ ਜੋਗਾ ਸਿੰਘ ਦੀਆਂ ਖ਼ਬਰਾਂ ਰਸਤੇ ਵਿਚ ਮਿਲਣੀਆਂ ਸ਼ੁਰੂ ਹੋ ਗਈਆਂ। ਲੋਕ ਬੜੇ ਫ਼ਖ਼ਰ ਨਾਲ ਗਲਾਂ ਕਰ ਰਹੇ ਸਨ ਕਿ ਕਿਸ ਤਰ੍ਹਾਂ ਚੌਥੀ ਲਾਂ ਵਿੱਚੇ ਛੱਡ ਕੇ ਉਹ ਨੱਸ ਗਿਆ ਹੈ। ਸੂੰਹੀਆਂ ਦਾ ਵਿਸ਼ਵਾਸ ਦ੍ਰਿੜ੍ਹ


www.sikhbookclub.com

ਹੋ ਗਿਆ ਕਿ ਇਹ ਸਭ ਕੌਰ ਦੀ ਖ਼ਾਤਰ ਹੋਇਆ ਹੈ। ਉਹਨਾਂ ਨੂੰ ਇਹ ਤੇ ਪਤਾ ਹੀ ਸੀ ਕਿ ਕੌਰ ਲੜਕੀ ਹੈ ਜੋ ਮੁੰਡਿਆਂ ਦੇ ਭੇਸ ਬਨਾਉਣ ਵਿਚ ਮਾਹਿਰ ਹੈ। ਥੋੜਾ ਚਿਰ ਐਧਰ ਓਧਰ ਟੱਕਰਾਂ ਮਾਰਨ ਦੇ ਬਾਦ ਉਹ ਏਸ ਤਲਾਸ਼ ਵਿਚ ਨਿਕਲੇ ਕਿ ਕਿਸੇ ਰੌਲੇ ਕੋਲੋਂ ਰੰਮਲ ਪਵਾਈਏ। ਪਤਾ ਲਗਾ ਕਿ ਏਥੇ ਇਕ ਜੋਗੀ ਆਇਆ ਹੈ ਜੋ ਅਗਮ ਨਿਗਮ ਦੀਆਂ ਗੱਲਾਂ ਕਰਦਾ ਹੈ, ਉਥੇ ਜਾ ਅੱਪੜੇ। ਲੱਕੜਾਂ ਦੀ ਧੂਣੀ ਜਲ ਰਹੀ ਸੀ। ਸਾਹਮਣੇ ਲੋਹੇ ਦੀ ਤ੍ਰਿਸੂਲ ਗੱਡੀ ਸੀ, ਜੋਗੀ ਅੱਖਾਂ ਮੀਟਕੇ ਬੈਠਾ ਸੀ। ਸਾਰੇ ਪਿੰਡੇ ਉਪਰ ਸੁਆਹ ਮਲੀ ਸੀ। ਜਟਾਂ ਸਖਤ ਕਾਲੀਆਂ ਤੇ ਲੰਮੀਆਂ ਸਨ, ਆਕੜੀਆਂ ਹੋਈਆਂ ਪੇਚਦਾਰ ਨਹੀਂ ਸਨ, ਖੁਲ੍ਹੀਆਂ ਮਰੋੜੀਆਂ ਲਿਟਾਂ ਸਨ ਜੋ ਜ਼ਰਾ ਕੁ ਵੀ ਸਿਰ ਦੇ ਹਿੱਲਣ ਨਾਲ ਕੁਛ ਚਿਰ ਹੇਠਾਂਹ ਉਤਾਂਹ ਹਿਲਦੀਆਂ ਰਹਿੰਦੀਆਂ ਸਨ, ਜਿਵੇਂ ਇਕ ਵਲਦਾਰ ਗੋਲ ਕਮਾਨੀ ਲਚਕਦੀ ਰਹਿੰਦੀ ਹੈ। ਛਾਤੀ ਉਤੇ ਇਕ ਟੁਕੜਾ ਖੱਲ ਦਾ ਖਿੱਚਕੇ ਬੱਧਾ ਹੋਇਆ ਸੀ। ਤੇੜ ਇਕ ਕੁਪੀਨ ਉਸ ਅਗੇ ਪਰਨਾ ਤੇ ਲੋਹੇ ਦੇ ਜ਼ੰਜੀਰ ਦੀ ਹਲਕੀ ਤੜਾਗੀ ਕੱਸੀ ਸੀ। ਸਾਹਮਣੇ ਇਕ ਚੇਲਾ ਬੈਠਾ ਸੀ। ਜੋਗੀ ਨੇ ਅੱਖ ਖੋਹਲੀ, ਚੇਲੇ ਨੇ ਹੱਥ ਜੋੜਕੇ ਬੇਨਤੀ ਕੀਤੀ: ਮਹਾਰਾਜ, ਕੋਈ ਆਗਿਆ ਕਰੋ।

ਜੋਗੀ ਬੋਲਿਆ:

ਹਮਨ ਹੈ ਇਸ਼ਕ ਮਸਤਾਨਾ ਹਮਨ ਕੋ ਹੋਸ਼ਿਆਰੀ ਕਯਾ।
ਰਹੇ ਆਜ਼ਾਦ ਯਾ ਜਗ ਮੇ ਹਮਨ ਦੁਨਿਯਾ ਸੇ ਯਾਰੀ ਕਯਾ।
ਜੋ ਬਿਛੜੇ ਹੈਂ ਪਿਆਰੇ ਸੇ ਭਟਕਤੇ ਦਰਬਦਰ ਫਿਰਤੇ।
ਹਮਾਰਾ ਯਾਰ ਹੈ ਹਮ ਮੇਂ ਹਮਨ ਕੋ ਇੰਤਜ਼ਾਰੀ ਕਯਾ।
ਖਲਕ ਸਬ ਨਾਮ ਅਪਨੇ ਕੋ ਬਹੁਤ ਕਰ ਸਿਰ ਫਟਕਤਾ ਹੈ।
ਹਮਨ ਗੁਰਨਾਮ ਸਾਂਚਾ ਹੈ ਹਮਨ ਦੁਨਿਯਾ ਸੇ ਯਾਰੀ ਕਯਾ।
ਨ ਪਲ ਬਿਛੜੇ ਪਿਯਾ ਹਮਸੇ ਨ ਹਮ ਬਿਛੜੈਂ ਪਿਆਰੇ ਸੇ।
ਉਨ੍ਹੀਂ ਸੇ ਨੇਹ ਲਾਗੀ ਹੈ ਹਮਨ ਕੋ ਬੇਕਰਾਰੀ ਕਯਾ।
'ਕਬੀਰ' ਇਸ਼ਕ ਕਾ ਮਾਤਾ ਦੂਈ ਕੋ ਦੂਰ ਕਰ ਦਿਲ ਸੇ।
ਜੋ ਚਲਨਾ ਰਾਹ ਨਾਜ਼ਕ ਹੈ ਹਮਨ ਸਿਰ ਬੋਝ ਭਾਰੀ ਕਯਾ।

ਜੋਗੀ ਬੜੀ ਰਹਾ ਲਾਕੇ ਗਾ ਰਿਹਾ ਸੀ, ਪੜ੍ਹਨ ਲਗਿਆਂ ਉਸ ਨੇ ਅੱਖਾਂ ਖੋਲ੍ਹੀਆਂ ਸਨ। ਉਸ ਦਾ ਚੇਲਾ ਤੇ ਦੋਨੋਂ ਸੂੰਹੀਏ ਬੜੇ ਆਨੰਦ ਨਾਲ ਅਖਾਂ ਮੀਟਕੇ ਸੁਣ ਰਹੇ ਸਨ। ਜੋਗੀ ਦੀ ਅਖੀਰਲੀ ਤੁਕ ਪੜ੍ਹਨ ਵੇਲੇ ਇਕ ਸਾਧੂਆਂ ਦੀ ਟੋਲੀ ਓਧਰੋਂ ਲੰਘ ਰਹੀ ਸੀ।


www.sikhbookclub.com

ਉਹ ਖੜੇ ਹੋ ਗਏ। ਜੋਗੀ ਨੇ ਆਪਣੇ ਗੀਤ ਦਾ ਭੋਗ ਪਾਇਆ ਤਾਂ ਅੱਖਾਂ ਮੀਟ ਲਈਆਂ, ਸਾਧੂਆਂ ਨੇ ਨਮਸਕਾਰ ਕੀਤੀ ਤੇ ਟੁਰਨ ਲਗੇ। ਇਕ ਸਾਧੂ ਬੋਲਿਆ, ਜੈ ਹੋ, ਜੈ ਗੁਰੂ ਗੋਰਖ ਨਾਥ। ਦੂਜਾ ਬੋਲਿਆ, ਜੈ ਗੁਰੂ ਮਛਿੰਦਰ ਨਾਥ। ਤੀਜਾ ਬੋਲਿਆ, ਜੈ ਗੁਰੂ ਜਲੰਧਰ ਨਾਥ। ਸਾਧੂ ਜੈ ਬੁਲਾਂਦੇ ਟੁਰੀ ਗਏ, ਪਰ ਉਹਨਾਂ ਦੀ ਜੈ ਦੀ ਆਵਾਜ਼ ਮੱਧਮ ਹੁੰਦੀ ਦੇਰ ਤੱਕ ਆਉਂਦੀ ਰਹੀ, ਉਹ ਵਾਰੋ ਵਾਰੀ ਜੈ ਬੁਲਾਂਦੇ ਜਾਂਦੇ ਸਨ– ਜੈ ਆਦ ਨਾਥ, ਜੈ ਕੰਬੜ ਨਾਥ, ਜੈ ਚੌਰੰਗੀ ਨਾਥ, ਜੈ ਸ਼ੈਲ ਨਾਥ, ਜੈ ਉਦਯ ਨਾਥ, ਜੈ ਸੰਤੋਖ ਨਾਥ।

ਜਿਸ ਵੇਲੇ 'ਨਾਥ ਜੈਕਾਰਿਆਂ' ਦੀ ਆਵਾਜ਼ ਖ਼ਤਮ ਹੋਈ ਤਾਂ ਫੇਰ ਤਿੰਨੇ ਬੈਠਿਆਂ ਦਾ ਧਿਆਨ ਜੋਗੀ ਵਲ ਲਗ ਗਿਆ।

ਜੋਗੀ ਦੇ ਆਸੇ ਪਾਸੇ ਸੁਆਹ ਖਿੱਲਰੀ ਸੀ। ਸੁਆਹ ਵਿਚ ਪੈਰਾਂ ਦੇ ਨਿਸ਼ਾਨ ਸਨ। ਪੈਰ ਛੋਟੇ ਛੋਟੇ ਸਨ। ਨਿਸ਼ਾਨ ਵਿਚ ਇਕ ਖਾਸ ਗੱਲ ਸੀ, ਸੱਜੇ ਪੈਰ ਦੇ ਅੰਗੂਠੇ ਦੇ ਗਲੇ ਵਿਚ ਇਕ ਖਾਸ ਡੂੰਘਾ ਗੋਲ ਜੇਹਾ ਚਿੰਨ੍ਹ ਸੀ। ਸੂਹੀਆਂ ਨੇ ਆਪਸ ਵਿਚ ਅੱਖਾਂ ਦੇ ਇਸ਼ਾਰੇ ਲੜਾਏ! ਫੇਰ ਅਰਜ਼ ਕੀਤੀ ਕਿ ਅਸਾਂ ਚਰਨ ਬੰਦਨਾਂ ਕਰਨੀ ਹੈ, ਰੱਜਕੇ ਮੱਥਾ ਟੇਕਣਾ ਹੈ, ਜਨਮ ਜਨਮ ਦੀ ਭੁੱਖ ਲਾਹੁਣੀ ਹੈ। ਜੋਗੀ ਹਿਚਕਿਚਾ ਰਿਹਾ ਸੀ, ਸੂੰਹੀਏਂ ਬਜ਼ਿਦ ਸਨ, ਕਹੀ ਜਾ ਰਹੇ ਸਨ, ਜੀ ਸਾਨੂੰ ਭਿੱਖਿਆ ਪਾਓ, ਜੀ ਸਾਨੂੰ ਚਰਨ–ਰਜ ਦੀ ਖੈਰ ਪਾਓ, ਜੀ ਬਗੈਰ ਚਰਨ ਸਪਰਸ਼ ਦੇ ਸਾਡੀ ਮੁਕਤੀ ਨਹੀਂ। ਸਾਨੂੰ ਪਤਾ ਹੈ ਸਾਧੂ ਦੇ ਚਰਨਾਂ ਵਿਚ ਹਰੀ ਨਿਵਾਸ ਕਰਦਾ ਹੈ। ਅਸੀਂ ਅਜ ਉਸ ਦੇ ਬਿਸ਼੍ਰਾਮ ਅਸਥਾਨ ਵਿਚ ਪਹੁੰਚ ਗਏ ਹਾਂ, ਹੁਣ ਖਾਲੀ ਨਹੀਂ ਮੁੜ ਸਕਦੇ। ਇਹ ਕਹਿੰਦਿਆਂ ਹੀ ਇਕ ਸੂੰਹੀਏਂ ਨੇ ਆਪਣਾ ਹੱਥ ਅਗੇ ਪਸਾਰਿਆ ਤੇ ਬੜੀ ਫੁਰਤੀ ਨਾਲ ਵੱਜੀ ਚੌਕੜੀ ਹੇਠ ਚਰਨ ਛੁਹ ਲਿਆ। ਉਸ ਨੂੰ ਪਤਾ ਲਗ ਗਿਆ ਕਿ ਇਹ ਇਕ ਕੁੜੀ ਦੇ ਮੁਲੈਮ ਪੈਰ ਹਨ, ਬਹੁਤ ਨਰਮ ਹਨ, ਉਂਗਲਾਂ ਕੂਲੀਆਂ ਹਨ! ਅੰਗੂਠੇ ਵਿਚ ਇਕ ਛੱਲਾ ਫਸਿਆ ਹੈ ਜੋ ਸਖ਼ਤ ਭੀੜਾ ਹੈ।

ਸੂਹੀਏਂ ਨੇ ਹਥ ਬਾਹਰ ਕੱਢ ਲਿਆ, ਫੇਰ ਬੋਲਿਆ: ਨਾਥ ਜੀ ਤੁਸਾਂ ਬੜੀ ਦਇਆ ..ੀਤੀ ਹੈ। ਹੋਰ ਕੋਈ ਸ਼ੰਕਾ ਨਹੀਂ, ਸਿਰਫ਼ ਇਹ ਦੱਸੋ ਕਿ ਜੋਗੀਆਂ ਦੇ ਪੈਰ ਕਿਉਂ ਨਰਮ ਹੁੰਦੇ ਹਨ?

ਜੋਗੀ– ਅਰੇ ਬਾਵਰੇ ਜੋਗੀ ਕੇ ਨਰਮ ਪੈਰ ਕਯਾ? ਜੋਗੀ ਕੇ ਪੈਰ ਕਹਾਂ, ਵੁਹ ਹੋਤੇ ਹੀ ਨਹੀਂ। ਜੋਗੀ ਪਵਨ ਮੇਂ ਚਲਤੇ ਹੈਂ, ਗਗਨ ਮੇਂ ਉੜਤੇ ਹੈਂ, ਖੇਚਰੀ ਮੁੱਦ੍ਰਾ ਸੇ ਗਮਨ ਕਰਤੇ ਹੈਂ।

 www.sikhbookclub.com

ਦੂਜਾ ਸੂੰਹੀਆਂ– ਜੀ ਅਸਾਂ ਸੁਣਿਆ ਸੀ ਝੂਠੇ ਦੇ ਪੈਰ ਨਹੀਂ ਹੁੰਦੇ, ਤੁਸੀਂ ਆਂਹਦੇ ਹੋ ਜੋਗੀ ਦੇ ਪੈਰ ਨਹੀਂ ਹੁੰਦੇ। ਭਲਾ ਫੇਰ ਇਹ ਗਲ ਕਿਸ ਤਰ੍ਹਾਂ ਬਣੀ ?

ਚੇਲਾ– ਓ ਮੂਰਖੋ ਤੁਸੀਂ ਗੁਰੂ–ਨਿੰਦਕ ਹੋ, ਮੈਨੂੰ ਪਤਾ ਹੈ, ਤੁਸੀਂ ਕੌਣ ਹੋ, ਤੁਸੀਂ ਬਿਲਾਸਪੁਰੀਏ ਹੋ, ਤੁਸੀਂ ਸੂੰਹੀਏਂ ਹੋ, ਤੁਸੀਂ ਸ਼ਰਾਰਤ ਕਰ ਰਹੇ ਹੋ, ਖ਼ਬਰਦਾਰ ! ਖ਼ਬਰਦਾਰ!!

ਇਕ ਸੂੰਹੀਆ–ਤੂੰ ਬਦਮਾਸ਼ ਹੈਂ, ਏਸ ਲੜਕੀ ਦਾ ਪਖੰਡ ਬਣਾ ਰਿਹਾ ਹੈਂ !

ਦੂਜਾ ਸੂੰਹੀਆ–ਮੈਂ ਪਛਾਣ ਲਿਆ ਤੂੰ ਕੌਣ ਹੈਂ, ਤੇਰੀ ਅਵਾਜ਼ ਕਿਥੋਂ ਗੁੱਝੀ ਰਹੇ, ਤੂੰ ਆਨੰਦਪੁਰ ਦਾ ਮੁਖ਼ਬਰ ਹੈਂ। ਪੱਕਾ ਸੂੰਹੀਆਂ, ਜਿਸ ਨੂੰ ਹਜ਼ੂਰੀ ਚੋਬਦਾਰੀ ਮਿਲੀ ਹੈ। ਇਹ ਕਹਿੰਦੀਆਂ ਹੀ ਤਿੰਨੇ ਜਣੇ 'ਤੇਰੀ ਸੀ ਕਿ' 'ਤੇਰੀ ਸੀ ਕਿ' ਕਰਨ ਲਗ ਪਏ, ਫੇਰ ਪੈਂਤੜੇ ਬੰਨ੍ਹਕੇ ਲੜਨ ਲਗੇ। ਪਤਾ ਨਹੀਂ ਉਹਨਾਂ ਆਪਣੀਆਂ ਗੁਪਤੀਆਂ ਕਿਥੋਂ ਕੱਢ ਮਾਰੀਆਂ, ਪੂਰੀ ਪਟੇਬਾਜ਼ੀ ਦੀ ਲੜਾਈ ਹੋਈ। ਚੇਲੇ ਨੇ ਦੋਹਾਂ ਨੂੰ ਮਾਰ ਮੁਕਾਯਾ।

ਗੁਰੂ ਵਿਚਾਰਾ ਹੈਰਾਨ ਪਰੇਸ਼ਾਨ ਸੀ, ਉਹ ਚੇਲੇ ਦੀ ਜਿੱਤ ਉਤੇ ਖੁਸ਼ ਸੀ, ਪਰ ਉਹ ਖੁਸ਼ੀ ਝਟ ਬਦਲ ਗਈ। ਚੇਲੇ ਨੇ ਹੁਣ ਜੋਗੀ ਰਾਜ ਗੁਰੂ ਦੀਆਂ ਮੁਸ਼ਕਾਂ ਬੱਧੀਆਂ। ਮੂੰਹ ਠੋਕ ਕੇ ਬੰਦ ਕਰ ਦਿਤਾ। ਇਕ ਗਠੜੀ ਜੇਹੀ ਬਣਾਕੇ ਮੋਢੇ ਪਿੱਛੇ ਲਟਕਾ ਲਈ ਤੇ ਤੁਰ ਪਿਆ, ਇਹ ਚੇਲਾ ਬੜਾ ਸੁਡੌਲ ਤੇ ਲੰਮਾ ਉਚਾ ਚੌੜੀ ਛਾਤੀ ਵਾਲਾ ਆਨੰਦਪੁਰ ਦਾ ਵਾਸੀ ਗੁਰ ਦਰਬਾਰ ਦਾ ਚੋਬਦਾਰ ਸੀ, ਜੋ ਆਗਯਾ ਅਨੁਸਾਰ ਕੌਰ ਦੀ ਤਲਾਸ਼ ਤੇ ਰਖਿਆ ਲਈ ਮੁਲਕ ਗਾਹ ਰਿਹਾ ਸੀ। ਦਰਬਾਰਾ ਸਿੰਘ ਨੇ ਖਾਸ ਗੁਰੂ ਜੀ ਕੋਲੋਂ ਮੰਗਕੇ ਏਸ ਉਚੇਚੇ ਕੰਮ ਉਤੇ ਨਿਯੁਕਤ ਕੀਤਾ ਸੀ।ਆਖ਼ਰ ਉਸ ਨੂੰ ਟੋਹ ਇਕ ਜੋਗੀਆਂ ਦੇ ਟਿੱਲੇ ਤੋਂ ਲੱਗੀ! ਜਿਥੋਂ ਪਤਾ ਚਲਿਆ ਕਿ ਵਿਚਾਰ ਨਾਥ ਸਿੱਧ ਨੇ ਇਕ ਲੜਕੀ ਨੂੰ ਜੋਗ ਦਿਤਾ ਹੈ! ਉਸ ਨੂੰ ਆਸਨ, ਕੁਪੀਨ, ਚੰਮ ਤੇ ਤ੍ਰਿਸਲ ਵਗ਼ੈਰਾ ਚੀਜ਼ਾਂ ਦਿਤੀਆਂ ਹਨ। ਚੋਬਦਾਰ ਨੂੰ ਯਕੀਨ ਹੋ ਗਿਆ ਕਿ ਇਹ ਕੌਰ ਹੀ ਹੈ, ਸੋ ਏਸ ਕਰਕੇ ਉਸ ਦੇ ਮਗਰ ਰਿਹਾ! ਜਿਸ ਦਿਨ ਉਸ ਨੇ ਜੋਗੀ ਨੂੰ ਆ ਲੱਭਿਆ ਤੇ ਚੇਲੇ ਵਾਕੁਣ ਸ਼ਰਧਾਲੂ ਬਣਕੇ ਆਗ੍ਯਾ ਵਿਚ ਬੈਠ ਗਿਆ, ਤਾਂ ਥੋੜੇ ਹੀ ਚਿਰ ਮਗਰੋਂ ਦੋ ਕੰਟਕ ਹੋਰ ਪਹੁੰਚ ਗਏ, ਉਹ ਵੀ ਕੌਰ ਦੀ ਤਲਾਸ਼ ਵਿਚ ਸਨ।

ਚੋਬਦਾਰ ਨੂੰ ਬਿਲਾਸੀਪੁਰੀਆਂ ਦੀ ਸਾਂਡਨੀ ਮਿਲ ਗਈ।


www.sikhbookclub.com

## ੧੬.

ਚੋਬਦਾਰ ਨੇ ਚਾਈਂ ਚਾਈਂ ਦਰਬਾਰਾ ਸਿੰਘ ਕੋਲ ਆਪਣਾ ਤੋਹਫਾ ਪੇਸ਼ ਕੀਤਾ ਤੇ ਸਾਰੀ ਵਿਥਯਾ ਸੁਣਾਈ। ਦਰਬਾਰਾ ਸਿੰਘ ਦੀ ਸਿੰਘਣੀ ਨੇ ਬਣੇ ਹੋਏ ਜੋਗੀ ਨੂੰ ਇਸ਼ਨਾਨ ਪਾਣੀ ਕਰਾਇਆ, ਠੰਢਿਆਂ ਕੀਤਾ, ਆਪਣੇ ਕਪੜੇ ਦਿਤੇ ਤੇ ਉਸ ਦੀ ਵਿਥਯਾ ਸੁਣੀ। ਗੱਲਾਂ ਤੁੋਂ ਪਤਾ ਲੱਗ ਗਿਆ ਕਿ ਇਹ ਕੌਰ ਨਹੀਂ, ਇਹ ਕੋਈ ਹੋਰ ਹੀ ਹੈ, ਕੋਈ ਨਵਾਂ ਜਨੌਰ ਹੱਥ ਪੈ ਗਿਆ ਹੈ, ਜਿਸ ਦੇ ਪੈਰਾਂ ਤੋਂ ਸੁਆਹ ਮਲ ਮਲਕੇ ਧੋਂਦਿਆਂ ਹੇਠੋਂ ਮਹਿੰਦੀ ਰੱਤਾ ਲਾਲ ਚੰਮ ਲਿਸ਼ਕ ਪਿਆ ਹੈ। ਹਥਾਂ ਦਾ ਵੀ ਏਹੋ ਹਾਲ ਹੈ। ਇਹ ਕੌਰ ਹੋ ਨਹੀਂ ਸਕਦੀ, ਕਿਸੇ ਹੋਰ ਦੀ ਮਹਿੰਦੀ ਰਤੀ ਲਾਡੋ ਹਥ ਆ ਗਈ ਹੈ, ਜਿਸ ਨੂੰ ਚੋਬਦਾਰ ਮੁਸ਼ਕਲ ਘਾਲਕੇ ਨਸਾਈ ਲਿਆਇਆ ਹੈ। ਇਸ ਮਹਿੰਦੀ ਰੱਤੇ ਜਨੌਰ ਨੇ ਦੱਸਿਆ ਕਿ ਮੇਰਾ ਨਾਮ 'ਸੰਤੀ' ਹੈ। ਮੇਰਾ ਵਿਆਹ ਰਚਿਆ ਹੋਇਆ ਸੀ ਕਿ ਪਤੀ ਲਾਵਾਂ ਤੋਂ ਉਠ ਭੋਜਆ। ਇਹ ਵਿਥਿਆ ਹੈਰਾਨ ਕਰਨ ਵਾਲੀ ਸੀ ਪਰ ਦੋ ਕੁ ਦਿਨਾਂ ਵਿਚ ਹੀ ਦਰਬਾਰਾ ਸਿੰਘ ਨੇ ਸਾਰੀ ਤਫ਼ਤੀਸ਼ ਮੁਕੰਮਲ ਤੇ ਨਿਸ਼ਚੇ ਕਰ ਲਈ ਕਿ ਇਹ ਜੋਗਾ ਸਿੰਘ ਦਾ ਮਾਮਲਾ ਹੈ, ਜੋ ਲਾਵਾਂ ਤੋਂ ਉਠਕੇ ਭੱਜਿਆ ਹੋਇਆ ਅਜੇ ਰਸਤੇ ਵਿਚ ਪੈਦਲ ਪੈਂਡਾ ਮੁਕਾ ਰਿਹਾ ਹੈ, ਤੇ ਉਸ ਦੀ 'ਤਿੰਨ ਬਟਾ ਚਾਰ' ਪਤਨੀ ਸਾਂਡਨੀ ਦੀ ਫੁਰਤੀਲੀ ਸਵਾਰੀ ਕਾਰਣ ਪਹਿਲੇ ਹੀ ਆਨੰਦ ਪੁਰ ਪਹੁੰਚ ਗਈ ਹੈ। ਦਰਬਾਰਾ ਸਿੰਘ ਸੋਚੀਂ ਪੈ ਗਿਆ, ਅਮੀਰ ਨੂੰ ਬਹੁਤ ਖਿਝ ਚੜ੍ਹੀ। ਚੋਬਦਾਰ ਕੁਛ ਸ਼ਰਮਸਾਰ ਹੋਕੇ ਜਲਦੀ ਹੀ ਕੌਰ ਦੀ ਤਲਾਸ਼ ਵਿਚ ਫੇਰ ਭੱਜ ਗਿਆ।

ਆਪਣੀ ਮੁਕੰਮਲ ਤਫ਼ਤੀਸ਼ ਦੇ ਨਾਲ ਦਰਬਾਰਾ ਸਿੰਘ ਨੇ ਸਾਰਾ ਹਾਲ ਤੇ ਸੰਤੀ ਨੂੰ ਗੁਰੂ ਸਾਹਿਬ ਦੇ ਪੇਸ਼ ਕੀਤਾ। ਨਾਲ ਹੀ ਆਪਣੇ ਆਦਮੀਆਂ ਕੋਲੋਂ, ਜੋ ਕੌਰ ਦੀ ਤਲਾਸ਼ ਵਿਚ ਖੁੰਝਾਈ ਤੇ ਭੁੱਲ ਹੋਈ ਸੀ, ਉਸ ਦੀ ਖਿਮਾ ਮੰਗੀ।

## ੧੭.

ਕੌਰ ਜਦੋਂ ਨੱਸੀ ਤਾਂ ਉਹ ਬਿਲਾਸਪੁਰੀ ਸੂੰਹੀਆਂ ਤੋਂ ਡਰਕੇ ਨੱਸੀ ਸੀ। ਨੰਦੋ ਮਹਿਰੀ ਨੇ ਉਸ ਨੂੰ ਭਜਾ ਦਿਤਾ ਸੀ। ਬਿਲਾਸਪੁਰੀਏ ਉਸ ਨੂੰ ਨਾ ਲੱਭ ਸਕੇ। ਉਹਨਾਂ ਉਸ ਤਲਾਸ਼ ਵਿਚ ਸੰਤੀ ਨੂੰ ਜਾ ਹੱਥ ਪਾਇਆ। ਏਹੋ ਗ਼ਲਤੀ ਚੋਬਦਾਰ ਨੇ ਖਾਧੀ ਸੀ। ਨਤੀਜਾ ਇਹ ਹੋਇਆ ਕਿ ਬਿਲਾਸਪੁਰੀਏ ਸੂੰਹੀਏਂ ਚੋਬਦਾਰ ਦੇ ਹਥੋਂ ਮੌਤ ਦੇ ਘਾਟ ਉਤਾਰੇ ਗਏ ਤੇ ਸੰਤੀ ਗੁਰ ਦਰਬਾਰ ਸਿੰਘ ਅੱਪੜ ਗਈ। ਅਜ ਓਹੋ ਸੰਤੀ ਗੁਰੂ ਜੀ ਦੀ ਹਜ਼ੂਰੀ ਵਿਚ ਪੇਸ਼ ਹੈ।


www.sikhbookclub.com

ਉਸ ਦੇ ਅੰਦਰ ਦੀ ਦਸ਼ਾ ਅਜੀਬ ਹੈ। ਘਬਰਾ, ਸ਼ਰਮ, ਭਰੋਸਾ, ਉਸ ਦੇ ਹਿਰਦੇ ਵਿਚ ਵਾਰੋ ਵਾਰੀ ਉੱਚੇ ਨੀਵੇਂ ਡੋਲਦੇ ਹਨ, ਜਿਸ ਤਰ੍ਹਾਂ ਸਮੁੰਦਰ ਦਾ ਪਾਣੀ ਵਧਦਾ ਘਟਦਾ ਹਿਠਾਂਹ ਉਤਾਂਹ ਹੁੰਦਾ ਹੈ। ਨਾਲ ਹੀ ਉਸ ਦੇ ਚਿਹਰੇ ਦਾ ਰੰਗ ਬਦਲਦਾ ਹੈ। ਘਬਰਾ ਨਾਲ ਸਾਵਾ ਹੋਣ ਲਗਦਾ ਹੈ ਕਿ ਸਰਮ ਨਾਲ ਕੱਚਾ ਪੀਲਾ ਹੋ ਜਾਂਦਾ ਹੈ। ਫੇਰ ਝਟ ਹੀ ਗਲ੍ਹਾਂ ਉਤੇ ਗੁਲਾਬੀ ਭਾ ਆ ਜਾਂਦੀ ਹੈ, ਜਿਸ ਥੋਂ ਪਤਾ ਲਗਦਾ ਹੈ ਕਿ ਉਸ ਦੇ ਅੰਦਰ ਬੇਵਸਾਹੀ ਘਟਕੇ ਕੁਛ ਆਸ ਭਰੋਸਾ ਜਾਗ ਰਿਹਾ ਹੈ। ਤਿੰਨੇ ਰੰਗ ਨਿਖਰਦੇ ਉਭਰਦੇ ਮਿਲਵੀਂ ਛਟਾ ਦਿਖਾ ਰਹੇ ਹਨ। ਗੁਰੂ ਜੀ ਪੁੱਛ ਰਹੇ ਹਨ :

ਗੁਰੂ ਜੀ – ਤੂੰ ਜੋਗੀ ਹੈਂ ?

ਵਯਕਤੀ – ਜੀ...ਨਹੀਂ, ਨਹੀਂ ਜੀ, ਜੀ...ਨਹੀਂ।

ਗੁਰੂ ਜੀ – ਤੂੰ ਕੀ ਹੈਂ ?

ਵਯਕਤੀ – ਜੀ, ਮੈਂ– –ਜੀ, ਵਿਯੋਗੀ, ਮੈਂ ਜੀ ਰੋਗੀ, ਜੀ ਸੋਗੀ, ਜੀ ਅੰਦਰ ਜੋਗੀ ਨ ਬਾਹਰ ਜੋਗੀ, ਨਾ ਕਿਸੇ ਕੰਮ ਜੋਗੀ, ਮੈਂ ਨਾ ਹਾਂ, ਨ ਹੋਈ, ਨ ਹੋਗੀ।

ਗੁਰੂ ਜੀ – ਤੈਨੂੰ ਕੀ ਚਾਹੀਦਾ ਹੈ ?

ਵਯਕਤੀ – ਜੀ ਇਕ ਲਾਂ, ਬਸ ਇੱਕੋ ।

ਗੁਰੂ ਜੀ – ਇਕ ਲਾਂ ? ਤੈਨੂੰ ਪਤੀ ਦੀ ਇੱਛਾ ਹੈ ?

ਵਯਕਤੀ – ਜੀ ਨਹੀਂ, ਕੇਵਲ ਲਾਂ ਦੀ ਇੱਛਾ ਹੈ ?

ਗੁਰੂ ਜੀ – ਲਾਵਾਂ ਨਾਲ ਤਾਂ ਵਿਆਹ ਹੁੰਦਾ ਹੈ ।

ਵਯਕਤੀ – ਜੀ ਹੁੰਦਾ ਹੋਊ, ਮੈਨੂੰ ਉਹ ਨਹੀਂ ਚਾਹੀਦਾ। ਮੈਨੂੰ ਲਾਂ ਚਾਹੀਦੀ ਹੈ। ਮੈਨੂੰ ਤਾਂ ਇਹੋ ਪਤਾ ਹੈ ਕਿ ਪਹਿਲੀ ਲਾਂ ਨਾਲ ਦੂਜੀ, ਦੂਜੀ ਨਾਲ ਤੀਜੀ, ਤੀਜੀ ਨਾਲ ਚੌਥੀ।

ਗੁਰੂ ਜੀ – ਤੇ ਚੌਥੀ ਨਾਲ ?

ਵਯਕਤੀ – ਜੀ ਚੌਥੀ ਨਾਲ ਲਾਵਾਂ ਦਾ ਪਾਠ ਸੰਪੂਰਨ ਹੁੰਦਾ ਹੈ।

ਗੁਰੂ ਜੀ – ਲਾਵਾਂ ਕੀ ਹੁੰਦੀਆਂ ਹਨ ?


www.sikhbookclub.com

ਵਯਕਤੀ – ਜੀ ਲਾਵਾਂ ਲਤਾਂ ਹੁੰਦੀਆਂ ਹਨ, ਚਾਰ ਲਤਾਂ ਨਾਲ ਗਊ ਬਣਦੀ ਹੈ, ਕਾਮਧੇਨ ਗਾਂ; ਪੰਜ ਲੱਤਾਂ ਕਿਸੇ ਦੀਆਂ ਨਹੀਂ। ਚਾਰ ਲੱਤਾਂ ਹਨ, ਚਾਰ ਲਾਵਾਂ। ਮੈਂ ਲੰਙੀ ਹਾਂ, ਲੰਗੜੀ ਵੱਛੀ, ਮੇਰੀਆਂ ਤਿੰਨ ਲੱਤਾਂ ਹਨ, ਮੇਰੀ ਇਕ ਲਾ ਭੰਗ ਹੋ ਗਈ ਹੈ। ਮੈਂ ਅੰਗਹੀਨ ਹਾਂ, ਮੈਂ ਲਾਂ ਮੰਗਦੀ ਹਾਂ, ਵਿਆਹ ਨਹੀਂ।

ਗੁਰੂ ਜੀ – ਅਸਾਂ ਸੁਣਿਆ ਹੈ ਤੇਰੀ ਚੌਥੀ ਲਾਂ ਕਮਰ ਬੰਦ ਨਾਲ ਕਰਨ ਨੂੰ ਤਿਆਰ ਸਨ।

ਵਯਕਤੀ – ਜੀ ਹਾਂ, ਮੈਂ ਏਸੇ ਕਰਕੇ ਨੱਸ ਗਈ, ਮੈਂ ਵਿਚਾਰਨਾਥ ਸਿੱਧ ਦੀ ਕੁਟੀਆ ਵਿਚ ਜਾ ਵੜੀ। ਉਥੇ ਕਈਆਂ ਨੇ ਕਿਹਾ ਲੜਕੀ ਏਥੇ ਨਹੀਂ ਰਹਿ ਸਕਦੀ, ਜੋਗ ਮਰਿਯਾਦਾ ਭੰਗ ਹੁੰਦੀ ਹੈ। ਕਿਸੇ ਨੇ ਕਿਹਾ ਸ਼ਰਨ ਆਈ ਇਸਤ੍ਰੀ ਕਿਸ ਮੂੰਹ ਨਾਲ ਕੱਢੋਗੇ। ਇਕ ਬੁੱਢੇ ਜੰਗਮ ਨੇ ਟੁਰਦਿਆਂ ਟੁਰਦਿਆਂ ਕਿਹਾ, ਇਸ ਨੂੰ ਲੜਕੀ ਨਾ ਰਹਿਣ ਦਿਓ, ਪਹਿਲੇ ਲੜਕਾ ਬਣਾ ਘੱਤੋ, ਮੁੰਡੇ ਦਾ ਵੇਸ ਕਰਾ ਦਿਓ, ਜੋਗ ਮੰਤ੍ਰ ਦਿਓ ਤੇ ਬਾਹਰ ਭ੍ਰਮਨ ਦਾ ਆਦੇਸ਼ ਦੇ ਦਿਓ। ਹੌਲੇ ਹੌਲੇ ਪੂਰਾ ਜੰਗਮ ਸਾਧੂ ਹੋ ਜਾਏਗਾ, ਕਿਤੇ ਦਾ ਕਿਤੇ ਪਹੁੰਚ ਜਾਏਗਾ। ਸੋ ਸਿਧ ਗੁਰੂ ਸ੍ਰੀ ਵਿਚਾਰ ਨਾਥ ਜੀ ਨੇ ਮੈਨੂੰ ਭ੍ਰਮਣ ਦਾ ਆਦੇਸ਼ ਦੇਕੇ ਕੱਢ ਦਿਤਾ। ਮੈਂ ਏਸ ਤਰ੍ਹਾਂ ਟੁਰਦੀ ਗਈ ਸੀ ਜਿਸ ਤਰ੍ਹਾਂ ਲੰਗੜੀ ਵੱਛੀ ਤਿੰਨ ਲੱਤਾਂ ਦੇ ਭਾਰ ਸਟਕ ਪਟਕ ਸਿਰ ਮਾਰਦੀ ਤੁਰਦੀ ਹੈ, ਜੀ ਟੁਰ ਨਹੀਂ ਸੀ ਹੁੰਦਾ, ਬੈਠ ਗਈ, ਤ੍ਰਿਸ਼ੂਲ ਗੱਡਕੇ ਬੈਠ ਗਈ। ਲੱਤ ਹੀਨ ਕਿਸ ਤਰ੍ਹਾਂ ਕੋਈ ਜੰਗਮ ਹੋ ਸਕਦਾ ਹੈ। ਜੀ ਤੁਹਾਡਾ ਚੋਬਦਾਰ, ਜਿਸ ਮੈਨੂੰ ਏਥੇ ਪਹੁੰਚਾਇਆ, ਉਹ ਸਾਂਡਨੀ ਤੇ ਲਿਆਇਆ ਹੈ, ਸਾਂਡਨੀ ਦੀਆਂ ਚਾਰ ਲੱਤਾਂ ਸਨ, ਮੈਂ ਓਸ ਤੋਂ ਵਧ ਭੱਜ ਸਕਦੀ ਸਾਂ ਜੇ ਇਕ ਲੱਤ ਨਾ ਟੁੱਟੀ ਹੁੰਦੀ। ਨਾ ਚੋਬਦਾਰ ਮੇਰੀ ਪੰਡ ਬੰਨ੍ਹ ਸਕਦਾ, ਨਾ ਮੁਸ਼ਕਾਂ ਕੱਸ ਸਕਦਾ, ਨਾ ਸਾਂਡਨੀ ਮੈਨੂੰ ਪਕੜ ਸਕਦੀ। ਮੈਂ ਨੱਸਦੀ ਉਡਦੀ ਜਾਣਾ ਸੀ ਤੇ ਕਿਸੇ ਦੇ ਹੱਥ ਨਹੀਂ ਸੀ ਆਉਣਾ। ਪਰ ਮੇਰੀ ਲੱਤ, ਮੇਰੀ ਚੌਥੀ ਲੱਤ, ਮੇਰੀ ਚੌਥੀ ਲਾਂ, ਹਾਇ ਮੈਂ ਕੀ ਕਰਾਂ। ਮੈਨੂੰ ਕਮਰ ਬੰਦ ਦੀ ਲਾਂ ਨਹੀਂ ਚਾਹੀਦੀ, ਨਕਲੀ ਲਾਂ, ਨਕਲੀ ਲੱਤ, ਕਾਠ ਦੀ ਲੱਤ, ਵਾਂਸ ਦੀ ਲੱਤ। ਲੋਕ ਵਾਂਸ ਦੀਆਂ ਲੱਤਾਂ ਲਾ ਲੈਂਦੇ ਹਨ, ਲੰਮੇ ਲੰਮੇ ਵੰਝ ਤੇ ਉਚੇ ਹੋ ਹੋ ਟੁਰਦੇ ਹਨ, ਪਰ ਕਿੰਨਾ ਕੁ ਚਿਰ ? ਥੱਕ ਪੈਂਦੇ ਹਨ, ਹੇਠ ਉਤਰ ਆਉਂਦੇ ਹਨ, ਵਾਂਸ ਲਾਂਭੇ ਰਖ ਦੇਂਦੇ ਹਨ। ਵਾਂਸ ਲੱਤਾਂ ਤੇ ਨਹੀਂ ਬਣ ਜਾਂਦੇ। ਕਮਰ ਬੰਦ ਵਾਂਸ ਦੀ ਲੱਤ ਹੈ। ਮੈਂ ਨੱਸ ਗਈ, ਵਾਂਸ ਤੋਂ ਡਰਦੀ ਨੱਸ ਉੱਠੀ।


www.sikhbookclub.com

ਗੁਰੂ ਜੀ ਮੁਸਕਰਾ ਪਏ, ਉਹਨਾਂ ਆਪਣੇ ਮੁਖਾਰਬਿੰਦ ਤੋਂ ਉਚਾਰਿਆ: ਬੀਬਿਆ! ਵੰਝ ਤੋਂ ਕੀ ਡਰਨਾ, ਜੋ ਅਸਲੀ ਲਾਵਾਂ ਹਨ ਉਹ ਵੀ ਵੰਝ ਹੀ ਹਨ। ਵਿਆਹ ਵੀ ਇਕ ਵੰਝ ਹੈ, ਪਰ ਇਹ ਉਹ ਵੰਝ ਹੈ ਜਿਸ ਨਾਲ ਗ੍ਰਿਹਸਤ ਦੀ ਬੇੜੀ ਟੁਰਦੀ ਹੈ। ਵਿਆਹ ਵਿਚ ਤਿੰਨ ਜਣੇ ਹਿੱਸਾ ਲੈਂਦੇ ਹਨ – ਜਾਂਞੀ, ਮਾਂਞੀ ਤੇ ਵਾਂਞੀ। ਜਾਂਞੀ ਤੇ ਮਾਂਞੀ ਚਲੇ ਜਾਂਦੇ ਹਨ, ਲਾੜੀ ਤੇ ਲਾੜਾ ਰਹਿ ਜਾਂਦੇ ਹਨ, ਉਹ ਵਾਂਞੀ ਹਨ। ਵਿਆਹ ਉਹਨਾਂ ਦੇ ਹੱਥ ਵਿਚ ਵੰਝ ਹੈ, ਜਿਸ ਨਾਲ ਉਹ ਜੀਵਨ ਯਾਤ੍ਰਾ ਦੀ ਕਿਸ਼ਤੀ ਨੂੰ ਚੱਪੂ ਲਾਕੇ ਪਾਰ ਲੈ ਜਾਂਦੇ ਹਨ।

## ੧੮.

ਪਿੰਡ ਦੇ ਪਰਲੇ ਪਾਰ ਇਕ ਉੱਚੀ ਟਿੱਬੀ ਹੇਠ ਇਕ ਨਾਲਾ ਵਗਦਾ ਹੈ ਜੋ ਇਕ ਬਨ ਦੇ ਵਿਚਦੀ ਲੰਘਦਾ ਹੋਇਆ ਵਡੇ ਦਰਿਆ ਦੇ ਨਾਲ ਜਾ ਮਿਲਦਾ ਹੈ। ਬਿਰਛ ਬੜੇ ਉੱਚੇ ਹਨ, ਵਿਚ ਵਿਚ ਨਿੱਕੀਆਂ ਝਾੜੀਆਂ ਹਨ, ਜਿਥੇ ਥੋੜੀ ਥਾਂ ਖਾਲੀ ਆਉਂਦੀ ਹੈ ਉਥੇ ਬਬੜ ਘਾਹ ਉੱਚਾ ਉੱਗਿਆ ਹੈ। ਨਾਲਾ ਜੰਗਲ ਦੇ ਵਿਚੋਂ ਦੀ ਧੀਰੇ ਧੀਰੇ ਲੰਘਦਾ ਹੈ। ਦੋਨੋਂ ਕੰਢਿਆਂ ਉਤੇ ਸਰਕੰਡੇ ਖੜੇ ਹਨ; ਵਿਚ ਵਿਚ ਉੱਚੇ ਨੜੇ ਤੇ ਕਾਨੇ ਹਨ, ਜੰਗਲ ਇਤਨਾ ਘਣਾ ਹੈ ਕਿ ਦਿਨ ਵੇਲੇ ਵੀ ਅੰਦਰ ਘੁਪ ਘੇਰ ਹਨੇਰਾ ਹੈ। ਇਸ ਟਿੱਬੇ ਦੀ ਇਕ ਵੱਖੀ ਵੱਨੇ ਇਕ ਸਾਧੂ ਦੀ ਕੁਟੀਆ ਹੈ। ਇਹ ਇਕ ਅਤੀਤ ਬਾਵਾ ਹੈ, ਜੋ ਉਹਨਾਂ ਟਿਕਾਣਿਆਂ ਦੀ ਤਲਾਸ਼ ਕਰ ਰਿਹਾ ਹੈ ਜੋ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਯਾਤ੍ਰਾ ਦੇ ਯਾਦ ਕਰਾਊ ਨਿਸ਼ਾਨ ਹਨ। ਸਾਧ ਨੇ ਅਖਾਂ ਮੀਟੀਆਂ ਹਨ। ਮਲੂਮ ਹੁੰਦਾ ਹੈ, ਸਮਾਧਿ ਜੋੜਕੇ ਬੈਠਾ ਹੈ। ਸਾਹਮਣੇ ਇਕ ਲੜਕੀ ਬੈਠੀ ਹੈ, ਥੱਕੀ ਮਾਂਦੀ, ਕਾਲੀ, ਪਾਟੇ ਪੁਰਾਣੇ ਕਪੜੇ ਪਾਏ ਹੋਏ। ਇਹ ਕੌਰ ਹੈ, ਜੋ ਨੰਦੋ ਮਹਿਰੀ ਦੇ ਕਹੇ ਜੰਗਲਾਂ ਦੇ ਰਸਤੇ ਏਸ ਟਿਕਾਣੇ ਆ ਪਹੁੰਚੀ ਹੈ। ਲੜਕੀ ਕੁਛ ਦੇਰ ਬੈਠੀ ਰਹੀ, ਪਰ ਸਾਧ ਨੇ ਅੱਖ ਨਾ ਖੋਹਲੀ, ਆਖ਼ਰ ਉਹ ਅੱਕ ਗਈ। ਤੁਰ ਪਈ ਤੇ ਆਪਣੇ ਟੁੱਟੇ ਭੱਜੇ ਅੰਗਾਂ ਨੂੰ ਘਸੀਟਦੀ ਟਿਬੇ ਦੇ ਉਤੇ ਚੜ੍ਹ ਗਈ। ਬੈਠ ਗਈ ਤੇ ਵਗਦੇ ਨਾਲੇ ਨੂੰ ਦੇਖਣ ਲਗੀ। ਉਹ ਡਾਢੀ ਖ਼ਤਰਨਾਕ ਥਾਂ ਤੇ ਬੈਠੀ ਸੀ। ਟਿੱਬੇ ਦੀ ਚੜ੍ਹਾਈ ਐਨ ਉਥੇ ਖ਼ਤਮ ਹੁੰਦੀ ਸੀ। ਅਗੇ ਚਟਾਨਾਂ ਦੀ ਦੀਵਾਰ ਸੀ ਜੋ ਸੂਤ ਵਿਚ ਬਣੀ ਕੰਧ ਵਾਕਣ ਸਿਧੀ ਪਾਣੀ ਤਕ ਹੇਠ ਨੂੰ ਗਈ ਸੀ। ਉਸ ਦਾ ਮਨ ਹਜ਼ਾਰ ਕਿਸਮ ਦੇ ਸੰਸਿਆਂ ਦੇ ਚੱਕਰ ਕੱਟ ਰਿਹਾ ਸੀ। ਇਤਨੇ ਨੂੰ ਕੋਈ ਆਵਾਜ਼ ਆਈ। ਸ਼ਾਇਦ ਉਸੇ ਸਾਧੂ ਦੀ ਆਵਾਜ਼ ਸੀ। ਉਹ ਗਾ ਰਿਹਾ ਸੀ। ਸੁਰ ਧੀਮੀ ਸੀ, ਪਰ ਲਫਜ਼ ਸਪਸ਼ਟ ਸਨ, ਆਵਾਜ਼ ਸੀ :


www.sikhbookclub.com

ਉਤਰਿ ਗਇਓ ਮੇਰੇ ਮਨ ਕਾ ਸੰਸਾ
ਜਬ ਤੇ ਦਰਸਨੁ ਪਾਇਆ ॥

(ਸਾਰਗ ਮ. ੫–੭੪)

ਕੌਰ ਕਹਿਣ ਲੱਗੀ :-- ਨਹੀਂ, ਨਹੀਂ, ਮੇਰੇ ਮਨ ਦਾ ਸੰਸਾ ਨਹੀਂ ਉਤਰਿਆ, ਮੈਂ ਦਰਸ਼ਨ ਤਾਂ ਕਰ ਚੁਕੀ ਹਾਂ, ਪਰ ਸੰਸਾ ਹੋਰ ਵਧ ਗਿਆ ਹੈ। ਦਰਸ਼ਨ ਤੋਂ ਪਹਿਲੇ ਸੰਸਾ ਕੋਈ ਨਹੀਂ ਸੀ। ਸਾਰੇ ਸੰਸੇ ਦਰਸ਼ਨ ਦੇ ਬਾਦ ਪਏ ਹਨ। ਹਾਏ, ਮੇਰਾ ਸੰਸਾ ਕੌਣ ਨਵਿਰਤ ਕਰੇ ! ਉਹਨਾਂ ਕਿਹਾ ਸੀ :

''ਅਸਾਂ ਹਰ ਵਯਕਤੀ ਨੂੰ ਵੇਸ਼ਯਾ ਕਰਮ ਦੀ
ਅਧੋਗਤੀ ਵਿਚੋਂ ਕੱਢ ਕੇ ਉਭਾਰਨਾ ਹੈ।''

ਉਹ ਕਿਸ ਤਰ੍ਹਾਂ ਕੱਢਦੇ ਹਨ। ਮੈਨੂੰ ਕਿਸ ਤਰ੍ਹਾਂ ਕੱਢਣਗੇ ! ਫੇਰ ਕੰਨ ਲਾਕੇ ਆਵਾਜ਼ ਦੀ ਸੋਧ ਲੈਣ ਲੱਗੀ, ਹੁਣ ਤੁਕ ਆ ਰਹੀ ਸੀ :

ਬਾਹ ਪਕਰਿ ਕਢਿ ਲੀਨੇ ਅਪੁਨੇ
ਗ੍ਰਿਹ ਅੰਧ ਕੂਪ ਤੇ ਮਾਇਆ ॥

(ਸਾਰਗ ਮ: ੫–੭੪)

ਕੌਰ ਦੇ ਮਨ ਵਿਚ ਬਿਜਲੀ ਜੇਹੀ ਚਮਕ ਗਈ। ਕਹਿਣ ਲੱਗੀ : ਠੀਕ ਹੈ। ਬਾਂਹ ਪਕੜਕੇ ਕੱਢਦੇ ਹਨ। ਆਪੂੰ ਕੱਢਦੇ ਹਨ, ਪਰ ਕੇਵਲ ਉਹਨਾਂ ਨੂੰ ਕੱਢਦੇ ਹਨ ਜੋ ਅੰਧ ਕੂਪ ਵਿਚ ਡਿੱਗ ਪੈਣ। ਅੰਨ੍ਹੇ ਖੂਹ ਵਿਚ ਮਰਨਹਾਰਿਆਂ ਨੂੰ ਧੂਹਕੇ ਕੱਢ ਲੈਂਦੇ ਹਨ। ਮੈਂ ਤਾਂ ਅੰਨ੍ਹੇ ਖੂਹ ਦੀ ਮਣ ਉਤੇ ਬੈਠੀ ਹਾਂ। ਮੈਨੂੰ ਉਹ ਕਿਸ ਤਰ੍ਹਾਂ ਬਾਂਹ ਨਾਲ ਫੜਨ ? ਠੀਕ ਹੈ, ਏਹੋ ਹੀ ਰਸਤਾ ਹੈ। ਖੂਹ ਵਿਚ ਡਿੱਗਣਾ, ਅੰਧ ਕੂਪ ਵਿਚ ! ਦਿਲ ਤਾਂ ਅੱਗੇ ਢੱਠੇ ਖੂਹ ਵਿਚ ਪਿਆ ਹੈ। ਐ ਮੇਰੇ ਸਰੀਰ ! ਕਲੰਕਤ ਸਰੀਰ ! ਤੂੰ ਆਪਣਾ ਮੂੰਹ ਆਪ ਹੀ ਕਾਲਾ ਕੀਤਾ ਹੈ, ਆਪਣੇ ਹੀ ਹੱਥਾਂ ਨਾਲ, ਲੈ ਤੂੰ ਹੁਣ ਚੱਲ ਅੰਧ ਕੂਪ ਵਿਚ।

ਸਾਧੂ ਗਾ ਰਿਹਾ ਸੀ, ਉਸ ਨੇ ਸ਼ਬਦ ਪੂਰਾ ਕੀਤਾ, ਅਖ਼ੀਰ ਤੇ ਧੜੰਮ ਕਰਦੀ ਅਵਾਜ਼ ਆਈ, ਜਿਸ ਤਰ੍ਹਾਂ ਕਿਸੇ ਨੇ ਤਬਲੇ ਉਤੇ ਜ਼ੋਰ ਦੀ ਤਾਲ ਦੇ ਸਮ ਦੀ ਧਾਪ ਮਾਰੀ ਹੈ।

 www.sikhbookclub.com

## ੧੯.

ਜੰਗਲ, ਜਿਸ ਦਾ ਅਸੀਂ ਉਪਰ ਜ਼ਿਕਰ ਕੀਤਾ ਹੈ, ਬੜਾ ਖ਼ਤਰਨਾਕ ਸੀ। ਸ਼ੇਰ ਸੱਪ ਜਾਨਵਰਾਂ ਤੋਂ ਇਲਾਵਾ ਇਸ ਵਿਚ ਡਾਕੂਆਂ ਨੇ ਆਪਣੇ ਰਹਿਣ ਦਾ ਟਿਕਾਣਾ ਬੀ ਬਣਾਇਆ ਹੋਇਆ ਸੀ। ਕੌਰ ਜਦ ਡਿੱਗੀ ਹੈ ਤਾਂ ਗਹਿਰੇ ਪਾਣੀ ਵਿਚ ਪਈ ਸੀ, ਰੁੜ੍ਹਦੀ ਜਾਂਦੀ ਨੂੰ ਇਕ ਡਾਕੂ ਨੇ ਬਾਂਹ ਫੜਕੇ ਕੱਢ ਲਿਆ।

ਡਾਕੂਆਂ ਨੂੰ ਇਹ ਮਾਲ ਪਸੰਦ ਨਾ ਆਇਆ। ਕੁੜੀ ਦਾ ਅਜੀਬ ਰੰਗ ਸੀ, ਕਿਤੋਂ ਕਾਲਾ ਕਿਤੋਂ ਚਿੱਟਾ। ਕੜਾਹੀ ਦੀ ਪਿੱਠ ਦੀ ਚਿਕਨੀ ਕਾਲਕ ਨਾਲੇ ਦੇ ਖਾਰੇ ਪਾਣੀ ਨਾਲ ਹੰਗਾਲੀ ਨਾ ਗਈ। ਉਸ ਦਾ ਮੂੰਹ ਕੁਦਰਤੀ ਘਸਮੈਲਾ ਡੱਬ ਖੜੱਬਾ ਦਿੱਸਦਾ ਸੀ, ਜਿਸ ਦੀਆਂ ਅੱਖਾਂ ਇਕ ਭਿਆਨਕਤਾ ਤੇ ਮੌਤ ਡੁਬਕੀਆਂ ਲੈ ਰਹੀ ਸੀ। ਇਕ ਡਾਕੂ ਨੇ ਕਿਹਾ, ਇਸ ਨੂੰ ਕੋੜ੍ਹ ਹੈ। ਦੂਜੇ ਨੇ ਕਿਹਾ, ਏਸੇ ਕਰਕੇ ਛਾਲ ਮਾਰੀ ਸੂ। ਤੀਜੇ ਨੇ ਆਖਿਆ, ਏਸ ਨੂੰ ਮੁੜ ਰੋੜ੍ਹ ਦਿਓ। ਚੌਥਾ ਬੋਲਿਆ, ਜੇ ਹਦੀਸੋ ਨੂੰ ਪੁੱਛ ਲਈਏ ਤੇ ਸ਼ਾਇਦ ਕੁਛ ਪੈਸੇ ਵੱਟੇ ਜਾਣ। ਡਾਕੂਆਂ ਦੇ ਸਰਦਾਰ ਨੇ ਇਹ ਸਲਾਹ ਮਨਜ਼ੂਰ ਕੀਤੀ ਤੇ ਇਕ ਬੰਦਾ, ਜੋ ਤਾਜਰ ਦਾ ਭੇਸ ਬਣਾਕੇ ਹੁਸ਼ਿਆਰਪੁਰ ਜਾ ਰਿਹਾ ਸੀ, ਉਹ ਕੌਰ ਨੂੰ ਨਿਮੋਸ਼ਾਂ ਦੇ ਮਹੱਲੇ ਬੀਬੀ ਹਦੀਸੋ ਕੋਲ ਲੈ ਗਿਆ। ਦਸ ਰੁਪੈ ਤੋਂ ਸੌਦਾ ਮੁੱਕ ਗਿਆ। ਹਦੀਸੋ ਦਾ ਕਾਰ ਵਿਹਾਰ ਏਹੋ ਸੀ, ਕੁਛ ਐਸਾ ਵੈਸਾ।

## ੨੦.

ਚੋਬਦਾਰ ਦੀ ਦੂਜੀ ਤਲਾਸ਼ ਸ਼ੁਰੂ ਹੈ। ਟੁਰਨ ਤੋਂ ਪਹਿਲੇ ਅਮੀਰ ਕੋਲ ਜੋ ਕੁਛ ਹੋਰ ਖਬਰਾਂ ਤੇ ਟੋਹਾਂ ਦੇ ਮੁਰਾਸਲੇ ਪਹੁੰਚੇ ਸਨ, ਉਹ ਉਸ ਨੇ ਸਾਰੇ ਦੇਖ ਭਾਂਪ ਲਏ ਸਨ। ਹੁਣ ਬਹੁਤ ਚੌਕੰਨਾਂ ਹੋ ਕੇ ਚਲ ਰਿਹਾ ਸੀ। ਉਸ ਦੇ ਝੋਲੇ ਵਿਚ ਕਈ ਪ੍ਰਕਾਰ ਦੇ ਭੇਸ ਵਟਾਉਣ ਦਾ ਸਾਮਾਨ ਸੀ। ਐਤਕੀ ਉਸ ਨੇ ਇਕ ਨਾਲ ਗੁਮਾਸ਼ਤਾ ਲਿਆ ਸੀ। ਇਹ ਇਕ ਛੋਟਾ ਨੱਢਾ ਸੀ। ਫਿਰਦਾ ਫਿਰੌਂਦਾ ਚੱਕਰ ਕੱਟਦਾ, ਟੋਹਾਂ ਲਾਉਂਦਾ ਸਰਾਵਾਂ ਵਿਚ ਰਹਿੰਦਾ, ਖ਼ਬਰਾਂ ਸੁਣਦਾ ਸੁਣੌਂਦਾ, ਨਤੀਜੇ ਕੱਢਦਾ ਤੇ ਆਪਣੀ ਸੇਧ ਨੂੰ ਦਰੁਸਤ ਕਰਦਾ ਤੁਰੀ ਗਿਆ।

ਆਖ਼ਰ ਉਸ ਨੇ ਹੁਸ਼ਿਆਰਪੁਰ ਵਿਚ ਆਪਣੇ ਰਹਿਣ ਦਾ ਇਕ ਟਿਕਾਣਾ ਲੱਭਾ। ਇਹ ਕੂਚਾ ਨਿਮੋਸ਼ਾਂ ਵਿਚ ਸੀ। ਉਸ ਦੇ ਮਕਾਨ ਤੋਂ ਹੇਠਲੇ ਪਾਸੇ, ਪਰ ਉਸ ਦੇ ਨਾਲ ਲਗਦਾ ਹੀ ਇਕ ਦੋ ਮੰਜ਼ਲਾ ਮਕਾਨ ਸੀ, ਜਿਸ ਦੇ ਚੌਬਾਰੇ ਦੀਆਂ ਖਾਰੀਆਂ ਕੂਚੇ ਵਲ ਖੁਲ੍ਹਦੀਆਂ

ਸਨ, ਜੋ ਫੁਲਾਂ ਦੇ ਸੇਹਰੇ ਨਾਲ ਸਜੀਆਂ ਹੋਈਆਂ ਸਨ। ਚੋਬਦਾਰ ਦੀ ਸਾਰੀ ਖੋਜ ਦਾ ਸਾਰ ਸਿਧਾਂਤ ਇਹ ਸੀ ਕਿ ਕੌਰ ਏਸ ਦੋ ਮੰਜ਼ਲੇ ਮਕਾਨ ਵਿਚ ਕੈਦ ਹੈ।

ਚੋਬਦਾਰ ਰਾਤ ਵੇਲੇ ਆਪਣੀ ਛੱਤ ਉਤੇ ਚੜ੍ਹਿਆ। ਨਾਲ ਦੇ ਚੋਬਾਰੇ ਦੀ ਉਚੇਰੀ ਛੱਤ ਉਪਰ ਉਸ ਨੇ ਗੁਮਾਸ਼ਤੇ ਨੂੰ ਚੜ੍ਹਾ ਦਿਤਾ। ਗੁਮਾਸ਼ਤਾ ਬੜਾ ਲਚਕੀਲਾ ਸੀ। ਕੰਧ ਦੇ ਪਿਛਲੇ ਕੋਨੇ ਤੋਂ, ਜਿਸ ਵਿਚ ਇੱਟਾਂ ਦੀ ਚਿਣਾਈ ਦਾ ਦਾੜ੍ਹਾ ਛਡਿਆ ਹੋਇਆ ਸੀ, ਪੋਲੇ ਪੋਲੇ ਪੈਰ ਧਰਦਾ ਪੌੜੀ ਵਾਕੁਨ, ਇਹ ਉਪਰ ਚੜ੍ਹ ਗਿਆ। ਛੱਤ ਦੀ ਮੁੱਘ ਤੋਂ ਹੇਠਾਂ ਦੇਖਣ ਲਗਾ। ਇਕ ਬੁੱਢੀ ਜ਼ਨਾਨੀ ਬੈਠੀ ਹੈ, ਉਸ ਦੇ ਸਾਹਮਣੇ ਇਕ ਜਵਾਨ ਲੜਕੀ ਹੈ, ਜੋ ਬੀਮਾਰ ਲਗਦੀ ਹੈ ਤੇ ਲੇਟੀ ਹੋਈ ਹੈ। ਦੋ ਨੌਕਰਾਣੀਆਂ ਹਨ ਜੋ ਉਸ ਦੀਆਂ ਤਲੀਆਂ ਝੱਸ ਰਹੀਆਂ ਹਨ। ਬੁੱਢੀ ਕਹਿ ਰਹੀ ਹੈ : ਬੇਟੀ ਤੈਨੂੰ ਕੀ ਸੁੱਝੀ, ਤੈਨੂੰ ਖ਼ੌਫ ਨਾ ਆਇਆ, ਤੂੰ ਕਿਸ ਤਰ੍ਹਾਂ ਛਾਲ ਮਾਰ ਕੱਢੀ ? ਲੜਕੀ ਨੇ ਕਿਹਾ : ਬੀਬੀ, ਮੈਂ ਤਾਂ ਸਾਰੀ ਗੱਲ ਸੁਣਾ ਚੁੱਕੀ ਹਾਂ। ਮੈਂ ਲੁਕਦੀ ਛਿਪਦੀ ਟਿੱਬੇ ਤੇ ਚੜ੍ਹ ਗਈ ਸਾਂ। ਮੈਂ ਪਾਗਲ ਜੇਹੀ ਹੋ ਗਈ ਸਾਂ। ਮੈਨੂੰ ਪਤਾ ਸੀ : ਕਾਠਗੜ੍ਹ ਦਾ ਰਾਜਾ ਮੇਰੀ ਜ਼ਰੂਰ ਤਲਾਸ਼ ਕਰਵਾਏਗਾ, ਪਕੜੇਗਾ, ਸਜ਼ਾ ਦੇਵੇਗਾ, ਮੈਨੂੰ ਮਾਰ ਮੁਕਾਏਗਾ, ਮੈਨੂੰ ਛੁਟਕਾਰਾ ਕਿਥੋਂ ਮਿਲੇ ? ਫੇਰ ਲੰਮਾ ਹੌਕਾ ਲੈ ਕੇ ਬੋਲੀ :

ਹੇ ਬੀਬੀ, ਤੂੰ ਮੇਰਾ ਸੌਦਾ ਕਰ ਲਿਆ ਹੈ, ਪਰ ਇਹ ਤੈਨੂੰ ਪੁੱਜਣ ਨਹੀਂ ਲੱਗਾ। ਮੈਂ ਜਦ ਸੱਰੇ ਬਾਜ਼ਾਰ ਮਸ਼ਹੂਰ ਹੋ ਗਈ, ਰਾਜੇ ਤੋਂ ਗੱਲ ਗੁੱਝੀ ਨਹੀਂ ਰਹਿਣ ਲੱਗੀ; ਤੇਰੀ ਤੇ ਮੇਰੀ ਸ਼ਾਮਤ, ਦੋਹਾਂ ਦੀ ਅਲਖ ਮੁੱਕ ਜਾਏਗੀ, ਉਸ ਦਾ ਸੁਭਾ ਮੈਂ ਹੀ ਜਾਣਦੀ ਹਾਂ, ਪਤਾ ਤਾਂਹੀਓਂ ਲਗੇਗਾ ਜਦੋਂ ਏਸ ਚੁਬਾਰੇ ਨੂੰ ਅੱਗ ਲੱਗ ਜਾਏਗੀ। ਇਹ ਫੁਲਾਂ ਦੀ ਸੇਜ, ਜਿਉਂਦੇ ਬੰਦਿਆਂ ਦੀ ਚਿਖਾ ਬਣ ਜਾਏਗੀ। ਨਾਲ ਦੇ ਘਰ ਕੋਈ ਬੰਦਾ ਆ ਰਿਹਾ ਲੱਗਦਾ ਹੈ; ਛੱਤ ਉਤੇ ਪੈਰਾਂ ਦੀ ਆਹਟ ਹੈ। ਕੰਧ ਦੇ ਨਾਲ ਕਿਸੇ ਦੇ ਕੰਨ ਘਿਸੜਦੇ ਲਗਦੇ ਹਨ। ਮੇਰਾ ਦਿਲ ਡੁਬਦਾ ਜਾਂਦਾ ਹੈ, ਤੂੰ ਆਪਣਾ ਫਿਕਰ ਕਰ।

ਬੀਬੀ ਹਦੀਸੋ ਬਹੁਤ ਤਿੱਖੀ ਸਮਝ ਵਾਲੀ ਸੀ; ਉਮਰ ਬੁਢਾਪੇ ਵਿਚ ਪੈਰ ਰਖ ਰਹੀ ਸੀ, ਪਰ ਅਕਲ ਜ਼ਿਆਦਾ ਤੇਜ਼ ਹੋ ਰਹੀ ਸੀ, ਤਜਰਬਾ ਵਧ ਰਿਹਾ ਸੀ। ਏਸ ਗੱਲ ਉਪਰ ਉਸ ਨੂੰ ਯਕੀਨ ਆ ਗਿਆ ਕਿ ਇਹ ਸੌਦਾ ਖ਼ਤਰਨਾਕ ਹੈ। ਇਤਨੇ ਨੂੰ ਛੱਤ ਉਪਰ ਕੁਛ ਮੱਧਮ ਕਦਮਾਂ ਦੀ ਆਵਾਜ਼ ਆਈ, ਬੀਬੀ ਨੇ ਝੱਟ ਦੀਵਾ ਗੁਲ ਕਰ ਦਿੱਤਾ, ਤਾਂਕਿ ਮੁੱਘ ਵਿਚ ਦੀ ਕੋਈ ਦੇਖਦਾ ਨਾ ਹੋਵੇ। ਸੋਚਣ ਲੱਗ ਪਈ : ਦਸ ਰੁਪੈ ਦੀ ਜੇ ਵੱਟਕ ਆ ਜਾਵੇ ਤਾਂ ਏਸ ਨੂੰ ਛੱਡ ਦਿਆਂ, ਪਰ ਫੇਰ ਦਿਲ ਵਿਚ ਕੁਛ ਡਰ ਜੇਹੇ ਦੇ ਵੱਟ ਉੱਠੇ। ਇਤਨੇ

 www.sikhbookclub.com

ਨੂੰ ਪੌੜੀਆਂ ਉਤੇ ਚੜ੍ਹਨ ਦੀ ਟਪ ਟਪ ਦੀ ਆਵਾਜ਼ ਆਈ। ਕਿਸੇ ਨੇ ਦਰਵਾਜ਼ੇ ਉਪਰ ਭਾਰੇ ਹੱਥਾਂ ਦੀ ਦਸਤਕ ਦਿੱਤੀ, ਤੇ ਖੜ੍ਹਵੀ ਆਵਾਜ਼ ਵਿਚ ਬੋਲਿਆ, ਦੀਵਾ ਕਿਉਂ ਗੁੱਲ ਕੀਤਾ ਹੈ ? ਦਰਵਾਜ਼ਾ ਖੋਲ੍ਹੋ ਇਕ ਦਮ। ਕੌਰ ਨੇ ਕਿਹਾ : ਬੀਬੀ, ਰਾਜੇ ਦਾ ਕੋਈ ਆਦਮੀ ਹੈ, ਦਰਵਾਜ਼ਾ ਖੋਲ੍ਹ ਦੇ, ਨਹੀਂ ਤੇ ਘਰ ਨੂੰ ਅੱਗ ! ਅਸੀਂ ਸਾਰੇ ਸੜ ਜਾਵਾਂਗੇ। ਬੀਬੀ ਨੇ ਕਿਹਾ, ਪਹਿਲੇ ਦੀਵਾ ਜਗਾ ਲਵਾਂ ।

ਦਰਵਾਜ਼ਾ ਖੁੱਲ੍ਹਾ, ਅੰਦਰ ਇਕ ਵੱਡਾ ਚੌੜਾ ਮਨੁੱਖ ਵੜਿਆ, ਉਸ ਦੀ ਪੁਸ਼ਾਕ ਉਤੇ ਤਿੱਲਾ ਸੀ, ਪੇਟੀ ਕਮਖ਼ਾਬ ਦੀ ਸੀ, ਪੱਗ ਦੇ ਪੇਚ ਉਤੇ ਜ਼ਰੀ ਸੀ, ਹੱਥ ਵਿਚ ਰੰਗੀਨ ਲੰਮਾ ਡੰਡਾ ਸੀ, ਜਿਸ ਦੀ ਚਾਂਦੀ ਦੀ ਮੁੱਠ ਉਤੇ ਸੋਨੇ ਦਾ ਕੰਮ ਹੋਇਆ ਹੋਇਆ ਸੀ। ਮੋਟੀ ਆਵਾਜ਼ ਵਿਚ ਬੋਲਿਆ : ਮਹਾਰਾਜ ਆ ਰਹੇ ਹਨ, ਸਭ ਸਾਮਾਨ ਤਿਆਰ ਰਖੋ, ਉਹ ਇਕ ਦੋ ਦਿਨ ਏਥੇ ਆਰਾਮ ਕਰਨਗੇ।

ਬੀਬੀ ਬੋਲੀ : ਜਨਾਬ ਆਪ ਦੇ ਮਹਾਰਾਜ ਦੇ ਲਾਇਕ ਇਹ ਜਗ੍ਹਾ ਨਹੀਂ ਤੁਸੀਂ ਕਾਕੋ ਨੂੰ ਮਹਾਰਾਜ ਦੇ ਡੇਰੇ ਲੈ ਜਾਓ, ਕੇਵਲ ਦਸ ਰੁਪੈ ਦੇ ਦਿਓ। ਬੱਸ ਦਸ, ਹਮੇਸ਼ ਲਈ ਲੈ ਜਾਓ। ਮਹਾਰਾਜ ਏਥੇ ਨਾ ਆਉਣ, ਇਹ ਥਾਂ ਮਹਾਰਾਜ ਦੇ ਲਾਇਕ ਨਹੀਂ।

ਚੋਬਦਾਰ ਨੇ ਦਸ ਰੁਪੈ ਕੱਢਕੇ ਅੱਗੇ ਰਖੇ, ਪੌੜੀਆਂ ਉਤਰ ਗਿਆ, ਨਾਲ ਕਹਿੰਦਾ ਗਿਆ, ਡੇਰਾ ਤਿਆਰ ਹੋ ਰਿਹਾ ਹੈ, ਲੈ ਜਾਵਾਂਗੇ, ਖ਼ਬਰਦਾਰ, ਏਥੇ ਹੁਣ ਕੋਈ ਹੋਰ ਨਾ ਆਵੇ।

ਬੀਬੀ ਹਦੀਸੋ ਕਹਿੰਦੀ ਕਹਿੰਦੀ : 'ਕਿਸੇ ਦੀ ਕੀ ਮਜਾਲ ਹੈ, ਕਿਸੇ ਦੀ ਕੀ ਮਜਾਲ ਹੈ' ਦੀਵੇ ਨੂੰ ਫੂਕ ਮਾਰਨ ਲੱਗੀ ਤੇ ਆਪ ਭੀ ਪੌੜੀਆਂ ਉਤਰ ਗਈ ਤੇ ਹਨੇਰੇ ਵਿਚ ਗ਼ਾਇਬ ਹੋ ਗਈ।

## ੨੧.

ਦਿਨ ਚੜ੍ਹਿਆ, ਕੌਰ ਉਠੀ, ਬਹੁਤ ਕਮਜ਼ੋਰ ਸੀ, ਕਮਰੇ ਵਿਚ ਵੱਡਾ ਸ਼ੀਸ਼ਾ ਸੀ। ਇਹ ਕੱਚ ਦਾ ਨਹੀਂ ਸੀ – ਲੋਹੇ ਦਾ ਸਿਕਲ ਕੀਤਾ, ਆਦਮ ਕੱਦ ਫੌਲਾਦੀ ਆਈਨਾ ਸੀ। ਕੌਰ ਨੇ ਆਪਣਾ ਆਪ ਦੇਖਿਆ, ਮੂੰਹ ਦੇ ਡੱਬ ਹੁਣ ਹਟ ਚੁਕੇ ਸਨ, ਬੀਬੀ ਹਦੀਸੋ ਦੀਆਂ ਗੋਲੀਆਂ ਨੇ ਦੋ ਦਿਨ ਬਹੁਤ ਮਾਲਿਸ਼ ਕੀਤੀ, ਕਈ ਵਟਣੇ ਮਲ ਮਲਕੇ ਭੱਠੀ ਦੀ ਮੈਲ ਉਤਾਰੀ ਸੀ। ਮੂੰਹ ਕਮਜ਼ੋਰ ਸੀ, ਪਰ ਰੰਗ ਨਿਖਰ ਆਇਆ ਸੀ। ਕੌਰ ਆਪਣੇ ਆਪ ਨੂੰ

ਦੇਖਕੇ ਖੁਸ਼ ਹੋਈ, ਹੱਸੀ, ਫੇਰ ਉਦਾਸੀ ਦੇ ਚੱਕਰ ਵਿਚ ਘੁੰਮਣਘੇਰੀਆਂ ਖਾਣ ਲੱਗ ਪਈ। ਸੋਚਦੀ ਸੀ ਇਹ ਕੀ ਹੋਇਆ, ਤੇ ਹੁਣ ਕੀ ਹੋਵੇਗਾ। ਮੈਂ ਅੰਧ ਕੂਪ ਵਿਚ ਡਿੱਗੀ ਸਾਂ, ਪਰ ਬਾਂਹ ਕਿਸ ਨੇ ਪਕੜ ਲਈ, ਆਵਾਜ਼ ਤਾਂ ਸੀ – ''ਬਾਹ ਪਕਰਿ ਕਢਿ ਲੀਨੇ ਅਪੁਨੇ'', ਹਾਂ ਮੈਂ ਆਪਣਿਆਂ ਵਿਚੋਂ ਨਹੀਂ। ਮੈਂ ਸਮਝਿਆ ਸੀ ਪਾਣੀ ਵਿਚ ਛਾਲ ਮਾਰਾਂ ਤਾਂ 'ਆਪਣੀ' ਹੋ ਜਾਵਾਂਗੀ। ਕੀ ਹੁਣ ਅੱਗ ਵਿਚ ਛਾਲ ਮਾਰਾਂ ? ਨਹੀਂ, ਸੀਤਾ ਨੇ ਅੱਗ ਵਿਚ ਛਾਲ ਮਾਰੀ ਸੀ ਤਦ ਵੀ ਆਪਣੀ ਨਹੀਂ ਸੀ ਹੋਈ। ਮਰਦ ਦੀ ਪ੍ਰੀਖਯਾ ਬੜੀ ਮੁਸ਼ਕਲ ਹੈ। ਕਿਸੇ ਮਰਦ ਦੀ 'ਆਪਣੀ' ਹੋਣਾ ਡਾਢੀ ਔਖੀ ਗੱਲ ਹੈ, ਅਸੰਭਵ ਹੈ। ਜਿੱਥੇ ਹੈ, ਉਥੇ ਭੁਲੇਵਾ ਹੈ, ਧੋਖਾ ਹੈ, ਦੁਤਰਫ਼ੀ ਠੱਗੀ ਹੈ, ਹੋਰ ਕੁਛ ਨਹੀਂ। ਏਸ ਕੋਲੋਂ ਜੋ ਮੈਂ ਹਾਂ ਸੋ ਹਾਂ, ਸੋ ਠੀਕ ਹੈ।

ਏਸ ਤਰ੍ਹਾਂ ਦੇ ਮਨੋਰਾਜ ਕਰਦੀ ਕੌਰ ਕਪੜੇ ਪਾਉਣ ਲੱਗੀ, ਪਤਲੇ ਪਤਲੇ ਰੰਗ ਬਰੰਗੀ ਚੀਰ ਸਨ, ਝੂਠੇ ਚਮਕਦਾਰ ਗਹਿਣੇ ਸਨ, ਨਕਲੀ ਮੋਤੀਆਂ ਦੀਆਂ ਮਾਲਾਂ ਸਨ। ਕਦੇ ਇਕ ਪਾਉਂਦੀ, ਲਾਹੁੰਦੀ, ਦੂਜਾ ਪਾਉਂਦੀ ਫੇਰ ਸ਼ੀਸ਼ਾ ਦੇਖਦੀ। ਬਾਰੀ ਕੋਲ ਬੈਠਕੇ ਬਿੰਦੀ ਟਿੱਕਾ ਸਜਾਉਣ ਲਗੀ, ਬਿੰਦੀ ਕਾਲੀ ਸੀ। ਉਸ ਤੋਂ ਉਸ ਨੂੰ ਕੜਾਹੀ ਦੀ ਕਾਲਖ ਚੇਤੇ ਆ ਗਈ, ਦਿਲ ਕੰਬ ਗਿਆ। ਫੇਰ ਇਕ ਹੋਰ ਮਿੱਠੀ ਜੇਹੀ ਯਾਦ ਆਈ, ਜਿਸ ਨਾਲ ਮਨ ਵਿਚ ਮਸਤੀ ਆ ਗਈ, ਸਿਰ ਹਿੱਲਣ ਲੱਗ ਪਿਆ, ਅੱਖਾਂ ਮੀਟ ਲਈਆਂ ਤੇ ਬੰਦ ਨੈਣਾਂ ਵਿਚ ਸੁਰਮੇ ਦੀਆਂ ਸਲਾਈਆਂ ਫੇਰੀਆਂ। ਫੇਰ ਹੌਲੇ ਹੌਲੇ ਝਿੰਮਣੀਆਂ ਉਠਾਉਣੀਆਂ ਸ਼ੁਰੂ ਕੀਤੀਆਂ, ਨਾਲ ਹੀ ਗਾਉਣ ਦੀ ਸੁਰ ਕੱਢੀ :

''ਝਮਕ ਗਈ ਬੱਦਲ ਵਿਚ ਬਿਜਲੀ
ਵਿਚ ਕਾਲੇ ਦੇ ਦਮਕ ਗਈ।''

ਸਾਮ੍ਹਣੇ ਘਰ ਵਿਚ ਜੋਗਾ ਸਿੰਘ ਨੇ ਆ ਡੇਰਾ ਪਾਯਾ ਸੀ੧*, ਸਫਰ ਦਾ ਥੱਕਿਆ ਮਾਂਦਾ ਸੀ, ਆਰਾਮ ਕਰ ਰਿਹਾ ਸੀ। ਆਨੰਦਪੁਰ ਪਹੁੰਚਣ ਦੇ ਸਫਰ ਲਈ ਸਾਹ ਕੱਢ ਰਿਹਾ ਸੀ।

੧ ਹੁਸ਼ਯਾਰਪੁਰੇ ਬਡ ਨਗਰ ਮਝਾਰ। ਆਨਕੀਓ ਡੇਰਾ ਚਿਤ ਧਾਰਿ।....ਜਹਿਂ ਡੇਰਾ ਸਿੰਘ ਜੂ ਹੋ ਕਰਾ। ਸਾਮੁਹਿ ਦਿਪਤ ਨਾਰਿ ਤਿਹ ਘਰਾ। ਜਬਹੀ ਨਿਰਖਿ ਤ੍ਰਿਯਾ ਵੁਹ ਪਾਈ। ਤਨ ਮਨ ਸਿੰਘ ਤਿਹ ਗਯੋ ਬਿਕਾਈ। (ਗੁਰ ਬਿਲਾਸ ਸੁਖਾ ਸਿੰਘ, ਪੰਨਾ ੩੪੯)

 www.sikhbookclub.com

ਆਵਾਜ਼ ਸੁਣਦਿਆਂ ਹੀ ਉਸ ਦਾ ਕਲੇਜਾ ਧੂਹਿਆ ਗਿਆ, ਦਿਲ ਐਉਂ ਪਕੜਿਆ ਗਿਆ ਜਿਸ ਤਰ੍ਹਾਂ ਮੱਛੀ ਕੁੰਡੀ ਡੋਰ ਵਿਚ ਫਸੀ ਖਿਚੀਂਦੀ ਹੈ। ਇਹ ਡੋਰ ਉਸੇ ਦੀ ਆਪਣੀ ਵੱਟੀ ਹੋਈ ਸੀ। ਆਪਣੀ ਹੀ ਕਵਿਤਾ ਦਾ ਤਿੱਖੀ ਕੁੰਡੀ ਵਿਚ ਟੁੰਬਿਆ ਗਿਆ। ਉਸ ਨੂੰ ਸਮਝ ਹੀ ਨਹੀਂ ਆਈ ਕਿ ਇਹ ਕੀ ਹੋ ਗਿਆ। ਪਾਗ਼ਲ ਜਿਹਾ ਹੋਇਆ ਹੋਇਆ ਮੰਜਿਓਂ ਉਠ ਬਾਹਰ ਆਇਆ। ਆਵਾਜ਼ ਬਾਰੀ ਵਿਚੋਂ ਆ ਰਹੀ ਸੀ। ਗਾਉਣ ਵਾਲੀ ਨੇ ਤੱਕਿਆ, ਪਛਾਣ ਲਿਆ। ਮਹਿਸੂਸ ਕੀਤਾ ਕਿ ਇਹ ਮੱਛੀ ਮਾਮੂਲੀ ਸ਼ਿਕਾਰ ਨਹੀਂ, ਮਗਰ ਮੱਛ ਹੈ ਜੋ ਉਸੇ ਡੋਰੀ ਨਾਲ ਸ਼ਿਕਾਰੀ ਨੂੰ ਆਪਣੇ ਵੱਲੀ ਘਸੀਟ ਰਿਹਾ ਹੈ। ਜੋਗਾ ਸਿੰਘ ਖੜੋਤਾ ਸੀ, ਬੇਤਾਬ ਖੜੋਤਾ ਸੀ, ਕੌਰ ਹੇਠਾਂ ਨੂੰ ਦੌੜਨ ਲੱਗੀ। ਜੋਗਾ ਸਿੰਘ ਦਾ ਦਿਲ ਉਤਾਂਹ ਨੂੰ ਤਣੁਕਾ ਖਾ ਰਿਹਾ ਸੀ, ਜਿਸ ਦੇ ਮਗਰ ਉਹ ਦੌੜਨਾ ਚਾਹੁੰਦਾ ਸੀ। ਕੌਰ ਦੇ ਪੈਰ ਹੇਠਾਂਹ ਨੂੰ ਖਿਸਕਦੇ ਸਨ, ਕਿ ਕਿਸੇ ਨੇ ਗਰਜਵੀਂ ਅਵਾਜ਼ ਦਿੱਤੀ: 'ਖ਼ਬਰਦਾਰ, ਹੋਸ਼ਯਾਰ'। ਇਹ ਚੋਬਦਾਰ ਸੀ।

## ੨੨.

ਚੋਬਦਾਰ ਦੀ ਮਿਹਨਤ ਸਫਲ ਹੋਈ, ਕੌਰ ਅਨੰਦਪੁਰ ਪਹੁੰਚ ਗਈ। ਦਰਬਾਰਾ ਸਿੰਘ ਬੇਹੱਦ ਖੁਸ਼ ਸੀ। ਅਮੀਰ ਦੀ ਪ੍ਰਸੰਨਤਾ ਦੀ ਕੋਈ ਹੱਦ ਨਾ ਰਹੀ। ਹੁਣ ਇਹ ਸਮਝਦੇ ਸਨ ਕਿ ਰਾਜਿਆਂ ਦੀ ਜ਼ਾਤੀ ਫੇਰੀ ਦਾ ਅਸਰ ਅਸੂਰ ਖ਼ਤਮ ਹੋ ਗਿਆ ਹੈ, ਤੇ ਇਨ੍ਹਾਂ ਦਾ ਰੁਹਜਾਨ ਆ ਰਹੇ ਜੰਗ ਦੀਆਂ ਤਿਆਰੀਆਂ ਦੇ ਸੰਬੰਧ ਵਿਚ ਸੀ, ਖਾਲਸਾ ਦੂਰੋਂ ਦੂਰੋਂ ਆਨੰਦਪੁਰ ਪਹੁੰਚ ਰਿਹਾ ਸੀ। ਜੋਗਾ ਸਿੰਘ ਵੀ ਆ ਵੜਿਆ। ਸ਼ਰਮਿੰਦਾ ਸੀ, ਉਸ ਦਾ ਘੁਮੰਡ ਲੱਥ ਚੁਕਾ ਸੀ ਕਿ ਮੈਂ ਕਿੱਡਾ ਫਰਮਾਂ ਬਰਦਾਰ ਹਾਂ, ਕਿੱਡਾ ਜਤੀ ਹਾਂ, ਕਿੱਡਾ ਫਰਿਸ਼ਤਾ ਹਾਂ, ਕਿੱਡਾ ਮੋਹ ਮਾਇਆ ਦੀ ਖਿੱਚ ਉਪਰੋਂ ਉਠਿਆ ਹੋਇਆ ਹਾਂ। ਉਸ ਨੂੰ ਸਮਝ ਆਈ ਕਿ ਕਵਿਤਾ ਰਚਣੀ ਵੀ ਆਪਣੇ ਦਿਲ ਨਾਲ ਤਣੀਆਂ ਬੰਨ੍ਹਣੀਆਂ ਹਨ, ਜੋ ਆਸਾਨੀ ਨਾਲ ਬਾਹਰੋਂ ਫੜੀਆਂ ਤੇ ਖਿੱਚੀਆਂ ਜਾ ਸਕਦੀਆਂ ਹਨ। ਕਵਿਤਾ ਵੀ ਬਰੀਕ ਰੇਸ਼ਮੀ ਰੂਹ ਦੀਆਂ ਤਾਰਾਂ ਹਨ, ਜੋ ਕਾਮ ਕ੍ਰੋਧ ਦੇ ਕੰਡੈਲੇ ਝਾੜਾਂ ਨਾਲ ਰਾਹ ਜਾਂਦਿਆਂ ਉਲਝ ਜਾਂਦੀਆਂ ਹਨ।

## ੨੩.

ਆਨੰਦਪੁਰ ਵਿਚ ਸੰਤੀ ਸਭ ਤੋਂ ਪਹਿਲੇ ਪਹੁੰਚੀ। ਉਹ ਸੰਗਤਾਂ, ਜੋ ਹੁਕਮਨਾਮੇ ਦੇਖਕੇ ਆਨੰਦਪੁਰ ਆ ਰਹੀਆਂ ਸਨ, ਅਜੇ ਪੜਾ ਪੜਾ ਚਲ ਰਹੀਆਂ ਸਨ। ਜੋਗਾ ਸਿੰਘ

 www.sikhbookclub.com

ਹੁਸ਼ਯਾਰਪੁਰ ਪਹੁੰਚ ਚੁਕਾ ਹੋਇਆ ਸੀ। ਉਸ ਬਾਬਤ ਖ਼ਬਰਾਂ ਉਸ ਤੋਂ ਦੋ ਕੁ ਪੜਾ ਪਹਿਲੇ ਹੀ ਚਲਦੀਆਂ ਸਨ। ਕੋਈ ਭਰੋਸੇ ਵਾਲਾ ਉਸ ਦੇ ਸਿਦਕ ਉਤੇ ਹੈਰਾਨ ਦਾ ਸੀ, ਕੋਈ ਹੁਕਮ ਮੰਨਣ ਵਾਲਾ ਉਸ ਨੂੰ ਆਫ਼ਰੀਨ ਆਖਦਾ ਸੀ, ਕੋਈ ਕੋਈ ਹਸਦਾ ਤੇ ਮਜ਼ਾਕ ਕਰਦਾ ਸੀ। ਪਰ ਜਵਾਨ ਧੀਆਂ ਵਾਲੇ, ਤਕਰੀਬਨ ਸਾਰੇ, ਸੁਣਦੇ ਸਾਰ ਚਿੰਤਾ ਵਿਚ ਡੁੱਬ ਜਾਂਦੇ ਸਨ। ਜੋਗਾ ਸਿੰਘ ਆਪ ਗ਼ਮਗ਼ੀਨ ਸੀ, ਬਹੁਤ ਪਸ਼ੇਮਾਨ ਸੀ, ਨਿਮੋਸ਼ਾਂ ਦੇ ਕੂਚੇ ਦੀ ਸ਼ਰਮ ਨੇ ਉਸ ਨੂੰ ਆਪਣੇ ਅੰਦਰ ਇਕੱਲਾ ਜੇਹਾ, ਨਿਮਾਣਾ ਜੇਹਾ, ਪਰਦੇਸੀ ਜੇਹਾ, ਯਤੀਮ ਜੇਹਾ ਬਣਾ ਦਿੱਤਾ ਸੀ। ਦੁਨੀਆਂ ਉਸ ਵਲ ਕਿਸ ਮਖ਼ੌਲ ਨਾਲ ਤੱਕੇਗੀ, ਇਹ ਗੱਲ ਧਿਆਨ ਵਿਚ ਲਿਆਕੇ ਉਸ ਦਾ ਦਿਲ ਡੁਬਦਾ ਜਾਂਦਾ ਸੀ। ਹੱਥ ਗੋਡੇ ਭਾਰੇ ਹੁੰਦੇ ਜਾਂਦੇ ਸਨ ਤੇ ਉਸ ਕੋਲੋਂ ਟੁਰ ਨਹੀਂ ਸੀ ਹੁੰਦਾ।

ਪਰ ਉਸ ਦੇ ਸਾਰੇ ਖ਼ਿਆਲ ਗ਼ਲਤ ਨਿਕਲੇ। ਆਨੰਦਪੁਰ ਪਹੁੰਚਦਿਆਂ ਹੀ ਉਸ ਨੂੰ ਪਤਾ ਲੱਗ ਗਿਆ ਕਿ ਉਸ ਦੇ ਵਿਚਾਰ ਵਿਅਰਥ ਹਨ। ਉਹ ਸਿੱਧਾ ਹਜ਼ੂਰੀ ਵਿਚ ਗਿਆ। ਜਿਉਂ ਜਿਉਂ ਉਧਰ ਜਾਂਦਾ ਸੀ, ਉਸ ਦੀ ਚਾਲ ਸਾਬਤ ਕਦਮ ਹੁੰਦੀ ਜਾਂਦੀ ਸੀ। ਉਸ ਦੇ ਪੈਰਾਂ ਦੀ ਅਟਕ ਹਟਦੀ ਜਾਂਦੀ ਸੀ। ਉਸ ਦੇ ਗੋਡਿਆਂ ਦਾ ਗੰਠੀਆ ਹਟਦਾ ਜਾਂਦਾ ਸੀ। ਸਿੱਧਾ ਦਰਬਾਰ ਵਿਚ ਬੈਠ ਗਿਆ। ਉਥੇ ਉਹੋ ਸ਼ਬਦ ਪੜ੍ਹਿਆ ਜਾ ਰਿਹਾ ਸੀ :

ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥
(ਸਾਰਗ ਮ: ੫–੭੪)

ਸ਼ਬਦ ਦੇ ਮੁਕਦਿਆਂ ਹੀ ਉਸ ਨੇ ਖੜੇ ਹੋਕੇ ਬੇਨਤੀ ਕੀਤੀ ਤੇ ਸਾਰਾ ਕਿੱਸਾ ਕਹਿ ਸੁਣਾਇਆ। ਕਹਿੰਦਿਆਂ ਹੀ ਉਸ ਦਾ ਦਿਲ ਹੌਲਾ ਹੋ ਗਿਆ। ਹਿਰਦੇ ਬੱਝੀ ਗੰਢ ਖੁੱਲ੍ਹ ਗਈ। ਮੱਥੇ ਦੀ ਤੀਊੜੀ ਦੇ ਵੱਟ ਸਾਫ਼ ਹੋ ਗਏ, ਉਹ ਨਿਰਮਲ ਚਿਤ ਹਜ਼ੂਰੀ ਵਿਚ ਸ਼ਾਂਤਿ ਮਨ ਬੈਠ ਗਿਆ।

## ੨੪.

ਇਹ ਗੱਲ ਝੱਟ ਹੀ ਤੈ ਹੋ ਗਈ ਕਿ ਜੋਗਾ ਸਿੰਘ ਤੇ ਸੰਤੀ ਦੇ ਵਿਆਹ ਦੀ ਮਰਿਯਾਦਾ ਪੂਰੀ ਕੀਤੀ ਜਾਏ। ਪਰ ਇਸ ਦਾ ਵਿਸਤਾਰ ਕੀ ਹੋਵੇ, ਇਸ ਲਈ ਸਿਆਣੇ ਵਿਚਾਰ ਕਰ ਰਹੇ ਸਨ। ਸੋਚਣ ਵਾਲੀ ਗੱਲ ਇਹ ਸੀ ਕਿ ਚਾਰ ਲਾਵਾਂ ਦਾ ਪਾਠ ਤੇ ਫੇਰੇ ਮੁੜਕੇ ਲੀਤੇ ਜਾਣ, ਜਾਂ ਸਿਰਫ ਇਕੋ ਲਾਂ ਦੀ ਗੱਲ ਪੂਰੀ ਕੀਤੀ ਜਾਵੇ। ਸਿਆਣਿਆਂ ਦੀ ਵੱਖੋ ਵੱਖ ਰਾਏ

 www.sikhbookclub.com

ਸੀ। ਗੁਰੂ ਜੀ ਨੇ ਇਹ ਮਾਮਲਾ ਭਾਈ ਦਯਾ ਸਿੰਘ ਦੇ ਸਪੁਰਦ ਕੀਤਾ ਤੇ ਇਹ ਵੀ ਆਗਯਾ ਕੀਤੀ, ਕਿ ਉਹ ਆਪਣੇ ਹਥੀਂ ਸਾਰੀ ਮਰਿਯਾਦਾ ਪੂਰੀ ਕਰ ਦੇਣ।

ਸੰਤੀ ਦੀ ਇਛਾ ਇਹ ਸੀ ਕਿ ਸਿਰਫ ਚੌਥੀ ਲਾਂ ਹੀ ਹੋਵੇ। ਜੋਗਾ ਸਿੰਘ ਵਿਚ ਕੋਈ ਪੱਖ ਨਹੀਂ ਸੀ ਲੈ ਰਿਹਾ। ਜਿਸ ਤਰ੍ਹਾਂ ਮਰਜ਼ੀ ਕਰ ਦਿਓ, ਜਿਸ ਨਾਲ ਸਯਾਪਾ ਨਿਬੜ ਜਾਏ, ਉਸ ਦਾ ਰਵੱਯਾ ਇਹ ਸੀ।

ਮਸਤਾਨਾ ਸਿੰਘ ਵੀ ਆ ਪਹੁੰਚਾ, ਇਹ ਓਹੋ ਹੀ ਬੰਦਾ ਸੀ, ਜਿਸ ਨੇ ਜੋਗਾ ਸਿੰਘ ਨੂੰ ਹੁਕਮਨਾਮਾ ਦਿਖਾਕੇ ਲਾਵਾਂ ਤੋਂ ਉਠਵਾਇਆ ਸੀ। ਕਈਆਂ ਨੇ ਪੁੱਛਿਆ – ''ਭਾਈ ਜੀ, ਤੁਸੀਂ ਇਹ ਕੀ ਕੀਤਾ ?'' ਉਸ ਦਾ ਜਵਾਬ ਬਸ ਇਤਨਾ ਹੀ ਹੁੰਦਾ ਸੀ, ''ਜਿਵ ਜਿਵ ਹੁਕਮੁ ਤਿਵੈ ਤਿਵ ਕਾਰ'', ਇਹ ਕਹਿਕੇ ਫੇਰ ਥੋੜਾ ਜੇਹਾ ਹੱਸ ਦੇਣਾ। ਇਕ ਨੇ ਇਹ ਵੀ ਪੁੱਛਿਆ ਕਿ ਤੇਰਾ ਕੀ ਖਿਆਲ ਹੈ ਕਿ ਹੁਣ ਫੇਰਾ ਇਕੋ ਹੋਵੇ ਕਿ ਚਾਰ ਹੋਣ, ਜਾਂ ਕੀ ਕੀਤਾ ਜਾਵੇ ? ਇਸ ਦੇ ਜਵਾਬ ਵਿਚ ਉਸ ਨੇ ਇਹ ਤੁਕ ਪੜ੍ਹ ਦਿੱਤੀ:

ਆਪੇ ਸਚਾ ਬਖਸਿ ਲਏ ਫਿਰਿ ਹੋਇ ਨ ਫੇਰਾ ਰਾਮ ॥
(ਵਡਹੰਸ ਮ: ੩, ਛੰਤ–੬)

ਇਤਨਾ ਕਹਿ ਕੇ ਫਿਰ ਹੱਸ ਪਿਆ। ਪਤਾ ਨਹੀਂ ਸੀ ਲਗਦਾ ਕਿ ਉਸ ਦੀ ਆਪਣੀ ਕੀ ਰਾਇ ਹੈ। ਜਦ ਭਾਈ ਦਯਾ ਸਿੰਘ ਨੇ ਪੁੱਛਿਆ ਕਿ ਤੈਨੂੰ ਤੀਜੀ ਲਾਂ ਵੇਲੇ ਕੀ ਸੁੱਝੀ, ਤੂੰ ਇਸ ਤੋਂ ਪਹਿਲੇ ਵੀ ਤੇ ਇਸ ਤੋਂ ਪਿਛੋਂ ਵੀ ਹੁਕਮਨਾਮੇ ਦੇ ਦਰਸ਼ਨ ਕਰਾ ਸਕਦਾ ਸੋਂ। ਇਸ ਦੇ ਜਵਾਬ ਵਿਚ ਉਸ ਨੇ ਇਹ ਕਿਹਾ ·

ਸੁਥਰਿਆਂ ਵਿਚ ਲਾਵਾਂ ਬਾਬਤ ਇਹ ਕਹਾਵਤ ਹੈ :

ਪਹਿਲੀ ਲਾਂ ਕਾਵਾਂ ਰੌਲੀ।
ਦੂਜੀ ਲਾਂ ਗੱਲ ਨ ਗੌਲੀ।
ਤੀਜੀ ਲਾਂ ਕੁੜੀ ਵਿਆਹੀ।
ਚੌਥੀ ਲਾਂ ਪੈ ਗਈ ਫਾਹੀ।

ਤੇ ਇਸ ਕਹਾਵਤ ਦਾ ਮਤਲਬ ਇਹ ਹੈ ਕਿ ਪਹਿਲੀ ਲਾਂ ਵੇਲੇ ਅਜੇ ਰੌਲਾ ਗੌਲਾ ਹੀ ਹੁੰਦਾ ਹੈ, ਦੂਜੀ ਲਾਂ ਵੇਲੇ ਵੀ ਅਜੇ ਕੋਈ ਗੰਭੀਰਤਾ ਨਹੀਂ ਹੁੰਦੀ। ਤੀਜੀ ਲਾਂ ਜੇ ਜੋ ਜਾਏ ਤਾਂ ਜਿਥੋਂ ਤਕ ਕੁੜੀ ਦਾ ਤਅੱਲੁਕ ਹੈ ਉਸ ਦਾ ਵਿਆਹ ਹੋ ਜਾਂਦਾ ਹੈ। ਉਹ ਫੇਰ ਦੋਬਾਰਾ ਵਿਆਹ ਨਹੀਂ ਕਰਾ ਸਕਦੀ। ਉਸਦੀ ਰਹਿਣੀ ਬਹਿਣੀ, ਵਿਧਵਾਪਨ, ਸਤੀ ਸੰਸਕਾਰ ਸਭ

 www.sikhbookclub.com

ਰਸਮਾਂ ਪੂਰੀਆਂ ਵਿਆਹੀਆਂ ਵਾਲੇ ਹੋ ਜਾਂਦੇ ਹਨ। ਪਰ ਮੁੰਡਾ ਅਜੇ ਆਜ਼ਾਦ ਹੁੰਦਾ ਹੈ! ਚੌਥੀ ਲਾਂ ਹੋ ਜਾਏ ਤਾਂ ਮੁੰਡੇ ਦਾ ਕਾਜ ਪੂਰਾ ਹੁੰਦਾ ਹੈ। ਚੌਥੀ ਲਾਂ ਤੋਂ ਪਹਿਲੇ ਅਜੇ ਵਿਆਹ ਦਾ ਫਾਹਾ ਉਸ ਦੇ ਗਲੇ ਨਹੀਂ ਬੱਝਾ। ਉਹ ਐਨ ਸੁਥਰੇ ਦਾ ਸੁਥਰਾ ਹੈ। ਮੈਂ ਤੀਜੀ ਲਾਂ ਦੇ ਬਾਦ ਅਟਕ ਪਾਈ ਕਿ ਏਸ ਨਾਲ ਸਾਰੀਆਂ ਗੱਲਾਂ ਸਿੱਧ ਹੋ ਸਕਦੀਆਂ ਹਨ। ਜਿਸ ਗੱਲ ਤੋਂ ਡਰਦੇ ਕੁੜੀ ਦੇ ਮਾਪੇ ਵਿਆਹ ਲਈ ਕਾਹਲੇ ਹਨ, ਉ ਗੱਲ ਤੀਜੀ ਲਾਂ ਨਾਲ ਪੂਰੀ ਹੋ ਜਾਂਦੀ ਹੈ; ਜੋਗਾ ਸਿੰਘ ਫੇਰ ਆਜ਼ਾਦ ਦਾ ਆਜ਼ਾਦ ਰਹਿੰਦਾ ਹੈ। ਉਹ ਵਿਆਹ ਦੇ ਬੰਧਨ ਵਿਚ ਪੈਣਾ ਨਹੀਂ ਚਾਹੁੰਦਾ। ਏਸੇ ਕਰਕੇ ਪਹਿਲੀ ਵੇਰ ਵੀ ਘਰੋਂ ਨੱਸਕੇ ਹੀ ਆਇਆ ਸੀ, ਉਸ ਵੇਲੇ ਵੀ ਵਿਆਹ ਦਾ ਸਵਾਲ ਸ਼ੁਰੂ ਸੀ। ਦਯਾ ਸਿੰਘ ਨੇ ਕਿਹਾ ਤੂੰ ਐਵੇਂ ਮਸਖਰੀਆਂ ਕਰ ਰਿਹਾ ਹੈਂ, ਜੇ ਏਹੋ ਗੱਲ ਹੈ ਤਾਂ ਤੈਨੂੰ ਚਾਹੀਦਾ ਸੀ ਕਿ ਤੂੰ ਲੋਕਾਂ ਨੂੰ ਸਮਝਾ ਬੁਝਾ ਲੈਂਦੋਂ ਤੇ ਇਹ ਰੋਣਾ ਪਿੱਟਣਾ ਨਾ ਪੈਂਦਾ।

ਮਸਤਾਨਾ ਸਿੰਘ ਨੇ ਕਿਹਾ – ਜੀ ਹਾਂ ਤੁਸੀਂ ਠੀਕ ਆਖਦੇ ਹੋ, ਮੈਂ ਇੰਞ ਹੀ ਕਰਨਾ ਸੀ, ਪਰ ਕਰ ਨ ਸਕਿਆ, ਕੁੜੀ ਨਸ ਗਈ; ਮਾਮਲਾ ਬਹੁਤ ਬਿਗੜ ਗਿਆ, ਮੈਂ ਲੁਕ ਗਿਆ, ਬਸ ਮੇਰੀ ਤਾਂ ਓਹੋ ਗਲ ਹੋਈ :

ਦਿਲ ਦੀ ਰਹਿ ਗਈ ਦਿਲ ਵਿਚ।<br>ਗਿਰੀ ਰਹਿ ਗਈ ਛਿਲ ਵਿਚ।

ਦਯਾ ਸਿੰਘ ਨੇ ਹਸਦਿਆਂ ਹਸਦਿਆਂ ਕਿਹਾ : ਓ ਸੁਥਰਿਆ !

ਤੇਰਾ ਤੇਲ ਮੁਕ ਗਿਆ ਤਿਲ ਵਿਚ,<br>ਤੇਰੀ ਬੇੜੀ ਫਸ ਗਈ ਗਿੱਲ ਵਿਚ।

## ੨੫.

ਆਮ ਰਾਏ ਮੁੜਕੇ ਸਾਰਾ ਵਿਆਹ ਪੜ੍ਹਨ ਦੀ ਸੀ। ਭਾਈ ਦਯਾ ਸਿੰਘ ਨੇ ਇਕ ਵੇਰ ਫੇਰ ਸਾਰੇ ਰਹਿਤਨਾਮੇ ਤੇ ਤਨਖਾਹ ਨਾਮੇ ਵਾਚੇ। ਆਖ਼ਰ ਉਸ ਨੂੰ ਰਸਤਾ ਆਪਣੇ ਰਹਿਤਨਾਮੇ ਵਿਚੋਂ ਹੀ ਲੱਭਾ, ਉਸ ਨੇ ਲਿਖਿਆ ਹੋਇਆ ਸੀ :

ਜੋ ਸ਼ਰਾਧ ਬਿਵਾਹ ਬ੍ਰਾਹਮਣ ਸੇ ਕਰਾਵੇ<br>ਗੁਰੂ ਕੀ ਰੀਤਿ ਨਾ ਕਰੇ ਸੋ ਤਨਖਾਹੀਆ।

ਏਸ ਮੁਤਾਬਿਕ ਉਸ ਦੀ ਵਿਚਾਰ ਹੋਈ ਕਿ ਜੇ ਹੁਣ ਚਾਰੇ ਫੇਰੇ ਕਰਾਏ ਤਾਂ ਪਿਛਲੇ ਤਿੰਨ ਮਿਲਕੇ ਕੁੱਲ ਸੱਤ ਹੋਣਗੇ। ਬ੍ਰਾਹਮਣ ਸੱਤਾਂ ਫੇਰਿਆਂ ਨਾਲ ਵਿਆਹ ਕਰਾਉਂਦੇ ਹਨ।

 www.sikhbookclub.com

ਏਸ ਲਈ ਇਹ ਠੀਕ ਨਹੀਂ ਹੋਵੇਗਾ। ਅਸਾਂ ਗੁਰੂ ਰੀਤੀ ਕਰਨੀ ਹੈ ! ਏਸ ਵਿਚਾਰ ਉੱਤੇ ਉਸ ਨੇ ਹੋਰਨਾਂ ਨਾਲ ਸਲਾਹ ਮਸ਼ਵਰੇ ਦੋਬਾਰਾ ਕੀਤੇ।

ਚੌਂਪਾ ਸਿੰਘ ਨੇ ਕਿਹਾ : ਅਛਾ ਐਸ ਤਰ੍ਹਾਂ ਕਰੋ, ਫੇਰਾ ਤੇ ਇਕੋ ਹੋਵੇ, ਉਹ ਚੌਥੀ ਲਾਂ ਨਾਲ ਹੋਵੇ, ਪਰ ਮਰਿਯਾਦਾ ਦੀ ਸੰਪੂਰਣਤਾ ਲਈ ਪਾਠ ਚਾਰੇ ਲਾਵਾਂ ਦਾ ਹੋ ਜਾਏ। ਇਹ ਗਲ ਸਾਰਿਆਂ ਨੇ ਖੁਸ਼ੀ ਨਾਲ ਪ੍ਰਵਾਨ ਕਰ ਲਈ। ਸੰਤੀ ਖੁਸ਼ ਸੀ। ਉਸ ਨੂੰ ਪਤਾ ਸੀ ਕਿ ਹੁਣ ਇਕੋ ਫੇਰਾ ਲੈਣਾ ਹੈ, ਹੁਣ ਵੰਨੜਾ ਫੇਰੇ ਭੰਗ ਨਹੀਂ ਕਰ ਸਕਦਾ। ਐਸ ਤਰ੍ਹਾਂ ਵਿਆਹ ਖ਼ਤਮ ਹੋਇਆ ਤੇ ਅਰਦਾਸਾ ਸੋਧਿਆ ਗਿਆ। ਅਰਦਾਸਾ ਨੌਂ ਪਾਤਸ਼ਾਹੀਆਂ ਤੱਕ ਸੀ। ਦਸਵੀਂ ਪਾਤਸ਼ਾਹੀ ਦਾ ਨਾਂ ਵਿਚ ਨਹੀਂ ਸੀ। ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ ਵੀ ਨਹੀਂ ਸਨ। ਅਰਦਾਸ ਭਰਵੀਂ ਸੁਰ ਵਿਚ ਸੀ, ਜੋ ਪੌੜੀ ਛੰਦ ਦੀ ਸਹੀ ਮਾਤ੍ਰਕ ਚਾਲ ਵਿਚ ਸੀ। ਛੰਦ ਭੰਗ ਕਿਤੇ ਨਹੀਂ ਸੀ, ਨਾ ਸਕਤਾ ਸੀ। ਕਵਿਤਾ ਦੀ ਨਿੱਝਰ ਧਾਰ ਸੀ। ਉਸ ਵਿਚ ਗਾਉਣ ਵਾਲਾ ਰਹਾ ਨਹੀਂ ਸੀ। ਅਰਦਾਸੀਆ ਜਿਉਂ ਜਿਉਂ ਪਾਤਸ਼ਾਹੀਆਂ ਦੇ ਨਾਮ ਉਚਾਰਦਾ ਗਿਆ, ਸ਼੍ਰੋਤਿਆਂ ਦਾ ਮਨ 'ਸਰੂਪ ਪ੍ਰਭਾਵ' ਵਿਚ ਟਿਕਦਾ ਗਿਆ, ਸਭ ਦੇ ਦੰਦ ਜੁੜ ਗਏ। ਜਿਸ ਵੇਲੇ ਉਸ ਨੇ ਕਿਹਾ, 'ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ', ਤਾਂ ਸਭ ਨੂੰ ਐਉਂ ਪ੍ਰਤੀਤ ਹੋਇਆ ਕਿ ਸਾਖਯਾਤ ਦਰਸ਼ਨ ਦਾ ਝਲਕਾ ਵੱਜਾ ਹੈ, ਸਭੇ ਰੋਗ ਨਸ਼ਟ ਹੋ ਗਏ ਹਨ, ਸਾਰਿਆਂ ਦੀ ਕਾਇਆਂ ਪ੍ਰਫੁੱਲਤ ਹੋ ਗਈ ਹੈ, ਸਭ ਅਰੋਗ ਹੋ ਗਏ ਹਨ, ਡੁੱਬ ਰਹੀ ਬੇੜੀ ਨੇ ਦੁੱਖਾਂ ਦੇ ਵੱਟੇ ਲਾਹ ਘੱਤੇ ਹਨ ਤੇ ਹਲਕੀ ਫੁੱਲ ਹੋਕੇ ਫੇਰ ਤਰਨ ਲਗ ਪਈ ਹੈ। ਅਰਦਾਸੀਆ ਕਹੀ ਗਿਆ। 'ਤੇਗ਼ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ'। ਏਸ ਦਾ ਅਸਰ ਹੋਰ ਡੂੰਘਾ ਵੱਜਾ। ਰੋਗ ਤੋਂ ਖ਼ਾਲੀ ਹੋਏ ਮਨ ਹੁਣ ਸੇਹਤ ਨਾਲ ਭਰ ਉਠੇ। ਦੁਖ ਦੇ ਹਟਣ ਦਾ ਖਾਲੀ ਪੁਲਾੜ ਸੇਹਤ ਦੀਆਂ ਮੁਸਬਤ ਸੁਨਹਿਰੀ ਕਿਰਨਾਂ ਨਾਲ ਭਰਪੂਰ ਹੋ ਗਿਆ। ਸਾਰੇ ਰੱਜੇ ਕੱਜੇ ਹੋ ਗਏ, ਅਮੀਰ ਹੋ ਗਏ, ਤੇ ਐਡੇ ਪ੍ਰਸੰਨ ਹੋ ਗਏ ਜਿਸ ਤਰ੍ਹਾਂ ਨੌਂ ਨਿਧਾਂ ਦੇ ਖ਼ਜ਼ਾਨੇ ਦੇ ਮਾਲਕ ਬਣ ਗਏ ਹਨ।

ਇਹ ਅਰਦਾਸ ਅਜੀਬ ਸੀ। ਲੰਮੀ ਤੇ ਕਮਜ਼ੋਰ ਨਹੀਂ ਸੀ, ਸੰਖੇਪ ਤੇ ਸੰਘਣੀ ਸੀ। ਘਸੀਟਵੀਂ ਤੇ ਪਤਲੀ ਲੱਸੀ ਨਹੀਂ ਸੀ, ਥਿੰਧਾ ਤੇ ਸਨਿਗਧ ਅਧਰਿੜਕਾ ਸੀ। ਇਹ ਡਬਵੀਂ ਤੇ ਹਜੁੱਕੇ ਖਾਂਦੀ ਨਹੀਂ ਸੀ, ਇਹ ਸਰਲ ਚੀਰਵੀਂ ਤੇ ਕਾਟਵੀਂ ਸੀ। ਇਹ ਵਿੰਗੀ ਵਲਦਾਰ ਕੰਠ ਬਾਣੀ ਦੀ ਪ੍ਰਦਰਸ਼ਨੀ ਨਹੀਂ ਸੀ; ਇਹ ਹਿਰਦੇ ਦਾ ਸਿੱਧਾ ਸਰਲ ਉਦਗਾਰ ਸੀ। ਇਹ ਕਾਹਲਿਆਂ ਪਾਉਣ ਵਾਲੀ, ਅਕਾਉਣ ਵਾਲੀ, ਥਕਾਉਣ ਵਾਲੀ ਢਿਲਕਵੀਂ ਅਮੁਕ ਚੀਜ਼

ਨਹੀਂ ਸੀ, ਇਹ ਗੌਰਵਤਾ ਵਾਲੀ ਅਨੁਭਵ ਰੂਪ ਛੋਟੀ ਜੇਹੀ ਜੋਦੜੀ ਸੀ, ਜੋ ਸਾਮਰਤੱਖ ਮੌਜੂਦ ਕਲਗੀਧਰ ਸਰੂਪ ਦੇ ਚਰਨਾਂ ਵਿਚ ਅਰਜ਼ੋਈ ਰੂਪ ਪ੍ਰਵਾਣ ਹੋ ਰਹੀ ਸੀ। ਅਰਦਾਸ ਖ਼ਤਮ ਹੁੰਦਿਆਂ ਜਦ ਸਾਰੇ ਬੈਠੇ ਤਾਂ ਗੁਰੂ ਜੀ ਨੇ ਸਭ ਨੂੰ ਮੁਖ਼ਾਤਿਬ ਹੋ ਕੇ ਕਿਹਾ :

ਖਾਲਸਾ ਜੀ ! ਸਾਡੀ ਅਰਦਾਸ ਵਿਚ ਨਵੀਂ ਗੱਲ ਹੈ, ਉਹ ਹੈ 'ਨਾਨਕ ਨਾਮ ਚੜ੍ਹਦੀ ਕਲਾ'। ਚੜ੍ਹਦੀ ਕਲਾ ਤੋਂ ਚੰਦ੍ਰਮਾਂ ਦੀ ਉਪਮਾ ਨਹੀਂ ਲੈਣੀ। ਚੰਦ੍ਰਮਾਂ ਦਾ ਦ੍ਰਿਸ਼ਟਾਂਤ ਭੁੱਲ ਹੈ, ਉਸ ਦੀ ਕਲਾ ਕਿਤੇ ਜਾਕੇ ਰੁਕ ਜਾਂਦੀ ਹੈ। ਮੁਕੀ ਹੋਈ ਫਿਰ ਚੜ੍ਹ ਨਹੀਂ ਸਕਦੀ, ਉਹ ਉਤਰਨੀ ਸ਼ੁਰੂ ਹੋ ਜਾਂਦੀ ਹੈ। ਚੜ੍ਹਦੀ ਕਲਾ ਹਮੇਸ਼ ਚੜ੍ਹਦੀ ਹੈ, ਰੁਕਦੀ ਨਹੀਂ, ਰੁਕ ਰੁਕ ਕੇ ਕਲਾ ਚੜ੍ਹਦੀ ਨਹੀਂ। ਹਰ ਰੋਕ ਹੇਠਾਂਹ ਦੇ ਗੇੜ ਦਾ ਚੱਕਰ ਸ਼ੁਰੂ ਕਰ ਦੇਂਦੀ ਹੈ। ਢਹਿੰਦੀਆਂ ਕਲਾਂ ਕੂੜ ਦੀ ਮੱਸਿਆ ਹਨ। ਇਹ ਉਹ ਹਨੇਰਾ ਹੈ ਜਿਸ ਦੀ ਭੋਂ ਵਿਚ ਪਾਪ ਦੀ ਜੜ੍ਹ ਫੈਲਦੀ ਹੈ। ਚੜ੍ਹਦੀ ਕਲਾ ਪਾਪ ਨੂੰ ਧੋ ਦੇਂਦੀ ਹੈ। ਇਹ ਨਿੱਤ ਦਾ ਇਸ਼ਨਾਨ ਹੈ। ਆਤਮ ਤੀਰਥ ਦਾ ਮੱਜਨ ਹੈ। ਚੜ੍ਹਦੀ ਕਲਾ ਨਿਹਕਲੰਕ ਹੈ। ਜ਼ੋਰ 'ਚੜ੍ਹਦੀ' ਉੱਤੇ ਹੈ, 'ਕਲਾ' ਉੱਤੇ ਨਹੀਂ। ਚੰਦ੍ਰਮਾਂ ਦੀ ਮਿਸਾਲ ਏਸੇ ਕਰਕੇ ਭੁੱਲ ਹੈ। ਚੰਦ੍ਰਮਾਂ ਦਾ ਜ਼ੋਰ 'ਕਲਾ' ਉਤੇ ਹੈ, ਉਸ ਦਾ ਨਾਮ 'ਕਲਾ ਧਰ' ਇਸੇ ਕਰਕੇ ਹੈ; ਸ਼ਾਸਤ੍ਰਾਂ ਵਿਚ ਐਸਾ ਹੀ ਨਾਮ ਉਸ ਦਾ ਲਿਖਿਆ ਹੈ। ਚੰਦ੍ਰਮਾਂ ਕੋਲ ਚੜ੍ਹਦੀ ਕਲਾ ਨਹੀਂ; ਉਸ ਕੋਲ ਕਲਾ ਹੈ ਜੋ ਚੜ੍ਹਦੀ ਤੇ ਲੱਥਦੀ ਹੈ। ਚੰਦ੍ਰਮਾਂ ਵਿਚ ਲੱਥੇ ਚੜ੍ਹੇ ਦੀ ਕਸਰ ਹੈ। ਖਾਲਸਾ ਏਸ ਕਸਰ ਤੋਂ ਬਰੀ ਹੈ, ਖਾਲਸਾ ਚੜ੍ਹਦੀ ਕਲਾ ਦਾ ਹੁਲਾਸ ਹੈ, ਨਿਤ ਦਾ ਹੰਭਲਾ, ਨਿਤ ਦਾ ਉਤਸਾਹ, ਨਿਤ ਦਾ ਵੇਗ, ਜਿਸ ਅੱਗੇ ਕੱਖ ਕਾਨੇ ਪਾਪ ਬਦੀਆਂ, ਜ਼ੋਰ ਜ਼ੁਲਮ ਜਬਰ ਸਭ ਨੱਸ ਖੜੋਂਦੇ ਹਨ। ਕਿਸੇ ਦੁੱਖ ਵਿਚ ਕਲਾ ਨੂੰ ਖੜੇ ਨਾ ਹੋਣ ਦੇਣਾ, ਸਰਬੱਤ ਦੇ ਭਲੇ ਵਿਚ ਉਮਾਹ ਰਹਿਣਾ, ਐਸ ਤਰ੍ਹਾਂ ਆਪਣੀ ਕਲਾ ਨੂੰ ਚੜ੍ਹਦਿਆਂ ਰਖਣਾ, ਇਹ ਹੈ 'ਨਾਮ'। ਨਾਮੀ ਪੁਰਸ਼ ਦੀ ਏਹੋ ਅਵਸਥਾ ਹੈ। ਇਸ ਦਸ਼ਾ ਨੂੰ ਕੇਵਲ ਬਚਨਾਂ ਦਵਾਰਾ ਨਹੀਂ ਗ੍ਰਹਣ ਕਰਨਾ, ਏਸ ਸਥਿਤੀ ਵਿਚ ਆਪਣੀ ਕਰਮ ਸਾਧਨਾ ਨੂੰ ਢਾਲਣਾ ਹੈ, ਕਾਰਜ ਖੇਤ੍ਰ ਵਿਚ ਏਸ ਹਾਲਤ ਦਾ ਦਰਸ਼ਨ ਕਰਾਉਣਾ ਹੈ ਤੇ ਸੰਸਾਰ ਨੂੰ ਦਿਖਾ ਦੇਣਾ ਹੈ ਕਿ ਕੂੜ ਦੀ ਅਮਾਵਸ ਵਿਚ ਸੱਚੇ ਨਾਮ ਦੀ ਚੜ੍ਹਦੀ ਕਲਾ ਕਿਸ ਤਰ੍ਹਾਂ ਆਪਣੇ ਪ੍ਰਕਾਸ਼ ਦੇਤੀਖਣ ਤੇਜ ਵਿਚ ਵਧਦੀ, ਸਰਬੱਤ ਦੇ ਭਲੇ ਵਿਚ ਫਲੀ-ਭੂਤ ਹੁੰਦੀ ਹੈ।

ਫੇਰ ਜੋਗਾ ਸਿੰਘ ਨੂੰ ਮੁਖ਼ਤਬ ਹੋਕੇ ਕਹਿਣ ਲੱਗੇ : ਬਚੜਾ ਜੀ ! ਤੁਸੀਂ ਹੁਣ ਅਪਣੇ ਘਰੀਂ ਫੇਰੇ ਪਾਓ, ਤੁਸਾਂ ਨੂੰ ਚੜ੍ਹਦੀ ਕਲਾ ਦਾ ਨਾਮ ਰੂਪੀ ਬੀਜ ਪ੍ਰਾਪਤ ਹੋ ਗਿਆ ਹੈ। ਸਿੰਘਣੀ

 www.sikhbookclub.com

ਨੂੰ ਨਾਲ ਲੈ ਜਾਓ। ਇਹ ਸੌਭਾਗ ਜੋੜੀ ਹੈ। ਤੁਸੀਂ ਦੋਨੋ ਜੋਗੀ ਹੋ, ਤੁਸੀਂ ਸਹਿਜ ਜੋਗ ਕਮਾਓ। ਮੇਰਾ ਉਪਦੇਸ਼ ਏਹੀ ਹੈ :

ਨਿਜ ਨਾਰੀ ਕੇ ਸੰਗਿ ਨੇਹੁ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥

ਤੁਸਾਨੂੰ ਸੁਪਨਿਆਂ ਉਤੇ ਕਿੰਤੂ ਫੁਰਦੇ ਹਨ, ਸੁਪਨੇ ਮਨ ਦੀ ਅਵਸਥਾ ਹੈ। ਮਨ ਭੌਦੂ ਹੈ। ਇਸ ਵਰਗਾ ਹੋਰ ਭੌਦੂ ਦੁਨੀਆਂ ਵਿਚ ਕੋਈ ਨਹੀਂ। ਯੋਗ ਮਾਰਗ ਵਿਚ ਮਨ ਨੂੰ ਰੋਕਣ ਦੇ ਸਾਧਨ ਹਨ। ਸਾਡਾ ਮਾਰਗ ਮਨ ਨੂੰ ਰੋਕਣ ਦਾ ਨਹੀਂ। ਸਾਡਾ ਮਾਰਗ ਮਨ ਦੀ ਸੇਧ ਦਰੁਸਤ ਕਰਨ ਦਾ ਹੈ। ਮਨ ਦੀ 'ਤਰਫ' ਦਰੁਸਤ ਹੋਣੀ ਚਾਹੀਦੀ ਹੈ, ਬਚਨ ਹੈ :

'ਤਰਫ' ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥
(ਸੂਹੀ ਵਾਰ ਸਲੋਕ ਮਹਲਾ ੩-੭)

ਸਾਡਾ ਧਰਮ ਮਨ ਨੂੰ ਚਲਾਉਣ ਦਾ ਹੈ, ਕਿਸੇ ਸੇਧੇ ਚਲਾਉਣ ਦਾ। ਇਸ ਨੂੰ ਅਡੋਲ ਕਰਨ ਦਾ ਨਹੀਂ, ਪਰ ਇਸਦੀ ਚਾਲ ਨੂੰ ਅਡੋਲ ਕਰਨ ਦਾ ਹੈ :

ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥
ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥
(ਗਉੜੀ ਮ: ੧ ਅਸ਼ਟ-੧੫)

ਚਾਲ ਅਡੋਲ ਤੇ ਤੁਲਵੀਂ ਹੋਣੀ ਚਾਹੀਦੀ ਹੈ, ਇਹ ਨਿਹਚਲ ਚਾਲ ਹੈ, ਇਹ ਗੁਰਮੁਖਾਂ ਦੀ ਚਾਲ ਹੈ। ਯੋਗ ਨਾਲ, ਹਠ ਨਾਲ, ਜ਼ੋਰ ਨਾਲ, ਜ਼ਿਦ ਨਾਲ, ਬਹੁਤੀ ਘਾਲ ਨਾਲ ਮਨ ਕਾਬੂ ਨਹੀਂ ਹੁੰਦਾ, ਇਹ ਸਾਧਨ 'ਤਰਫ਼' ਲਈ ਕਾਰਗਰ ਨਹੀਂ। ਬਚਨ ਹੈ :

ਮਨ ਹਠਿ 'ਤਰਫ' ਨ ਜਿਪਈ ਜੇ ਬਹੁਤਾ ਘਾਲੇ ॥
(ਸੂਹੀ ਵਾਰ ਮਹਲਾ ੩-੭)

ਜਦ ਮਨ ਦੀ ਚਾਲ ਅਡੋਲ ਹੋ ਜਾਏ ਤੇ ਅਡੋਲ ਚਾਲ ਦੀ ਸੇਧ ਨਿਸ਼ਾਨੇ ਵਾਲੀ ਹੋ ਜਾਏ, ਤਦ ਗੁਰਮੁਖਤਾਈ ਪੈਦਾ ਹੋ ਜਾਂਦੀ ਹੈ। ਗੁਰਮੁਖ ਦਾ ਅਧਿਕਾਰ ਸੁਪਨਿਆਂ ਤੇ ਹੋ ਜਾਂਦਾ ਹੈ। ਉਸ ਦਾ ਮਨ ਭੌਦੂ ਨਹੀ ਰਹਿੰਦਾ। ਉਸ ਦਾ ਸੌਣ ਤੇ ਜਾਗਣਾ ਸਹਜ ਕਰਮ ਹੋ ਜਾਂਦੇ ਹਨ :

ਸਹਜੇ ਜਾਗੈ ਸਹਜੈ ਸੋਵੈ ॥
ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥
(ਵਾਰ ਸੋਰਠਿ ਮ: ੩-੯)

ਸੁਪਨੇ ਕੇਵਲ ਉਨ੍ਹਾਂ ਨੂੰ ਤੰਗ ਕਰਦੇ ਹਨ ਜਿਨ੍ਹਾਂ ਦੇ ਮਨਾਂ ਵਿਚ ਸਹਜ ਨਹੀਂ, ਸਹਜ ਦਾ ਸੌਣਾ ਨਹੀਂ। ਉਹ ਆਪਣੇ ਭਰਮਾਂ ਵਿਚ ਸਹਸਿਆਂ ਵਿਚ ਚਿੰਤਾ ਵਿਚ ਸਹਜ ਦੀ ਨਿੰਮਲ ਨੀਂਦ ਨਹੀਂ ਸੌਂ ਸਕਦੇ, ਸੁਪਨਿਆਂ ਦੇ ਤਲਿਸਮ ਵਿਚ ਭਟਕਦੇ ਹਨ :

ਮਨਮੁਖ ਭਰਮੇ ਸਹਸਾ ਹੋਵੈ ॥
ਅੰਤਰਿ ਚਿੰਤਾ ਨੀਦ ਨ ਸੋਵੈ ॥
ਗਿਆਨੀ ਜਾਗਹਿ ਸਵਹਿ ਸੁਭਾਇ ॥
ਨਾਨਕ ਨਾਮਿ ਰਤਿਆ ਬਲਿ ਜਾਉ ॥
(ਵਾਰ ਸੋਰਠਿ ਮਹਲਾ ੩-੯)

ਜੋਗਾ ਸਿੰਘ ਜੀ, ਤੁਸੀਂ ਕਮਰਕੱਸਾ ਕਰੋ, ਤੋਸ਼ਾ ਬੰਨ੍ਹੋ ਤੇ ਚਾਲੇ ਪਵੋ। ਜੋਗ ਕਮਾਵੋ, ਗੁਰਮੁਖਾਂ ਵਾਲਾ ਜੋਗ, ਸਹਜ ਜੋਗ, ਅਸਾ ਜੋਗ, ਜਿਸ ਦਵਾਰਾ-

ਸੁਤਿਆ ਗੁਰੁ ਸਾਲਾਹ ਐ ਉਠਦਿਆ ਬੀ ਗੁਰੁ ਆਲਾਉ ॥
(ਸੂਹੀ ਮਹਲਾ ੪, ਅਸਟ-੧)

ਤੁਹਾਡੀ ਸਾਧਨ ਕਮਾਈ ਵਿਚ ਬਰਕਤ ਪਵੇ। ਗੁਰੂ ਸਫਲ ਦਾਨ ਦੇਵੇ, ਤੁਸੀਂ ਪ੍ਰਚਾਰ ਕਰੋ, ਅੰਮ੍ਰਿਤ ਛਬੀਲ ਵਰਸਾ ਦਿਓ।

'ਆਪਿ ਜਪਹੁ ਅਵਰਾ ਨਾਮੁ ਜਪਾਵਹੁ', ਚੜ੍ਹਦੀਆਂ ਕਲਾਂ ਵਿਚ ਰਹੋ, ਐਸਾ ਨਾਮ ਚਿਤ ਆਵੇ।

ਇਕ ਗਲ ਹੋਰ ਯਾਦ ਰਖਣੀ :

ਤੁਹਾਨੂੰ ਉਤਾਰੇ ਕਰਦਿਆਂ ਕਵਿਤਾ ਦਾ ਭੁਸ ਪਿਆ ਹੈ। ਇਹ ਗੱਲ ਮਾੜੀ ਨਹੀਂ। ਕਵਿਤਾ ਮੁਕਤੀ ਦਾ ਸਾਧਨ ਹੈ। ਇਹ ਭਗਤਾਂ ਲਈ ਪ੍ਰੇਮ ਰਸ ਦਾ ਸੋਮਾ ਹੈ, ਇਹ ਬਹਾਦਰਾਂ ਲਈ ਬੀਰ ਰਸ ਦਾ ਚਸ਼ਮਾ ਹੈ, ਇਹ ਵਿਦਵਾਨਾਂ ਲਈ ਵਯੰਗ, ਕਟਾਖ਼ ਤੇ ਧੁਨੀ ਦਾ ਸ਼ਸਤ੍ਰ ਹੈ। ਕਵਿਤਾ ਸਚੇ ਮਾਰਗ ਦੇ ਜਗਯਾਸੂ ਦੇ ਅੰਦਰ ਅੰਮ੍ਰਿਤ ਰਸ ਦੇ ਸੰਚਾਰ ਨੂੰ ਅਨੁਭਵ ਪ੍ਰਤੱਖ ਕਰਾ ਦੇਂਦੀ ਹੈ। ਇਤਨਾ ਕੁਛ ਹੁੰਦਿਆਂ ਹੋਇਆਂ ਇਸ ਵਿਚ ਆਪਣੇ ਖ਼ਤਰੇ ਹਨ।


www.sikhbookclub.com

ਕਵੀ ਇਸ ਦੇ ਨਿਜੀ ਰਸ ਨੂੰ ਛੱਡਕੇ ਆਪਣੀ ਪ੍ਰਸੰਸਾ ਦਾ ਸਵਾਦ-ਭਿਖਾਰੀ ਬਣ ਜਾਂਦਾ ਹੈ। ਕਵੀ ਆਪਣੀ ਤਾਰੀਫ਼ ਕਰਾਉਣ ਲਈ ਦਰ ਦਰ ਦਾ ਮੰਗਤਾ ਬਣ ਜਾਂਦਾ ਹੈ, ਐਸ ਤਰ੍ਹਾਂ ਗਿਰ ਜਾਂਦਾ ਹੈ। ਉਹ ਜੋ ਉਚੇ ਉਠਣ ਦਾ ਸਾਧਨ ਸੀ ਗਿਰਾਵਟ ਦਾ ਕਾਰਣ ਬਣ ਜਾਂਦਾ ਹੈ। ਕਵਿਤਾ ਏਸ ਪ੍ਰਯੋਜਨ ਲਈ ਹੈ ਕਿ ਉਹ ਜੋ ਅਚਲ ਮੂਰਤਿ, ਚੱਕਰ ਚਿਹਨ ਵਰਣ ਜਾਤ ਪਾਤ ਰੂਪ ਰੰਗ ਰੇਖ ਭੇਖ ਤੋਂ ਪਰੇ ਹੈ, ਉਸ ਪ੍ਰਤੀ ਅਪਣੀ ਭਾਵਨਾ ਦਾ ਘੇਰਾ ਇਤਨਾ ਵਯਾਪਕ ਹੋਕੇ ਅਗਾਂਹ ਵਧੇ ਕਿ ਉਸ ਅਕਾਲ ਮੂਰਤਿ ਦਾ ਪ੍ਰਕਾਸ਼ ਅਪਣੇ ਅਨੁਭਵ ਵਿਚ ਜਗ ਉਠੇ ਤੇ ਉਸ ਦੇ ਅਮਿਤ ਬਲ ਦਾ ਸੰਚਾਰ ਅਪਣੇ ਰਗ ਰੇਸ਼ੇ ਵਿਚ ਭਖ ਉਠੇ; ਪਰ ਇਹ ਉਸ ਕਵੀ ਨੂੰ ਪ੍ਰਾਪਤ ਹੁੰਦਾ ਹੈ ਜੋ ਕਵਿਤਾ ਦੇ ਸ਼ਬਦਮਯ ਸਰੂਪ ਤੋਂ ਉੱਠਕੇ ਉਸ ਦੇ ਭਾਵਮਯ ਰੂਪ ਵਿਚ ਦਾਖ਼ਲ ਹੋ ਜਾਵੇ। ਗੁਰੂ ਬਾਬਾ ਕਹਿ ਗਿਆ ਹੈ :

> ਨਿਰੰਕਾਰਿ ਮਹਿ ਆਕਾਰੁ ਸਮਾਵੈ ॥
>
> (ਆਸਾ ਮਹਲਾ ੧, ਅਸਟ:੭-੪)

ਜੋਗਾ ਸਿੰਘ ਦੀ ਜੋੜੀ ਪਸ਼ੌਰ ਟੁਰ ਗਈ ਤੇ ਜੋ ਕਮਾਈ ਉਸ ਨੇ ਕੀਤੀ ਉਸ ਦੀ ਧਾਕ ਪੈ ਗਈ। ਇਸ ਵਿਚ ਜੋ ਕੁਛ ਸੰਤੀ ਨੇ ਸਹਾਇਤਾ ਕੀਤੀ ਉਹ ਅਪਣੇ ਆਪ ਵਿਚ ਇਕ ਅਨੂਠੀ ਕਥਾ ਹੈ। ਜੋ ਕੁਛ ਚੌਪਾ ਸਿੰਘ ਨੇ ਪੇਸ਼ੀਨਗੋਈ ਕੀਤੀ ਸੀ ਉਹ ਵਾਕ ਵੀ ਸਮੇਂ ਨੇ ਸੱਤ ਕਰ ਦਿੱਤਾ ਸੀ। ਜੋਗਾ ਸਿੰਘ ਪਾਰਸ ਬਣ ਗਿਆ ਸੀ, ਐਸਾ ਪਾਰਸ ਜੈਸਾ ਕਿ:

> ਸਤਿਗੁਰ ਭੇਟੇ ਤਾ ਪਾਰਸੁ ਹੋਵੈ ਪਾਰਸੁ ਹੋਇ ਤ ਪੂਜ ਕਰਾਏ ॥
> ਜੋ ਉਸੁ ਪੂਜੇ ਸੋ ਫਲੁ ਪਾਏ ਦੀਖਿਆ ਦੇਵੈ ਸਾਚੁ ਬੁਝਾਏ ॥
>
> (ਗੂਜਰੀ ਮਹਲਾ ੩-੭)

## ੨੯.

ਦਰਬਾਰਾ ਸਿੰਘ ਦੀ ਸਿੰਘਣੀ ਆਪਣੇ ਨਾਲ ਕੌਰ ਨੂੰ ਲੈਕੇ ਹਾਜ਼ਰ ਹੋਈ। ਕੌਰ ਬਿਹਬਲ ਹੋਕੇ ਚਰਨਾਂ 'ਤੇ ਢੈ ਪਈ। ਢੇਰੀ ਜੇਹੀ ਹੋ ਗਈ। ਮਾਲੂਮ ਹੁੰਦਾ ਸੀ ਨਿਰਜਿੰਦ ਹੋ ਗਈ ਹੈ। ਗੁਰੂ ਜੀ ਨੇ ਸਾਵਧਾਨ ਹੋਣ ਦਾ ਬਚਨ ਕੀਤਾ। ਕੌਰ ਉਠਕੇ ਬੈਠ ਗਈ। ਉਹ ਬਹੁਤ ਕਮਜ਼ੋਰ ਸੀ, ਉਸ ਵਿਚ ਸਾਹ ਸਤ ਥੋੜਾ ਸੀ, ਉਸ ਦੀਆਂ ਅੱਖਾਂ ਮੀਟੀਆਂ ਸਨ, ਥੋੜੇ ਥੋੜੇ ਟੇਪੇ ਕਿਰਦੇ ਸਨ, ਹੌਲੀ ਹੌਲੀ ਉਸ ਦੀਆਂ ਝਿੰਮਣੀਆਂ ਉਠਣੀਆਂ ਸ਼ੁਰੂ ਹੋਈਆਂ। ਅਜੇ ਵੀ ਅੱਖਾਂ ਵਿਚ ਚਮਕ ਸੀ ਜੋ ਭਿੱਜੇ ਨੈਨਾਂ ਵਿਚ ਜਗ ਪਈ, ਜਿਮ ਤਰ੍ਹਾਂ ਬਰਸਾਤੀ

ਬਦਲੀ ਵਿਚ ਲੁਕੀ ਬਿਜਲੀ ਭੜ ਉਠਦੀ ਹੈ। ਕੌਰ ਬਾਰੰਬਾਰ ਇਹੀ ਕਹਿੰਦੀ ਸੀ ਮੈਨੂੰ ਬਖਸ਼ ਲਵੋ। ਗੁਰੂ ਜੀ ਬੋਲੇ – ਤੂੰ ਕੀ ਭੁੱਲ ਕੀਤੀ ਹੈ ? ਕੌਰ ਝੇਂਪ ਗਈ, ਮੂੰਹ ਉਤੇ ਸ਼ਰਮਾਕਲੀ ਪੀਲਾ ਰੰਗ ਝਲਕ ਪਿਆ, ਫੇਰ ਤਗੜੀ ਹੋਕੇ ਕਹਿਣ ਲੱਗੀ, ਜੀ ਜੋ ਮੈਂ ਕੀਤਾ ਹੈ, ਉਹ ਭੁੱਲ ਨਹੀਂ, ਉਸ ਦਾ ਨਾਂ ਕੁਛ ਹੋਰ ਹੈ, ਮੈਨੂੰ ਨਾਂ ਨਹੀਂ ਆਉਂਦਾ, ਤੁਸੀਂ ਜਾਣੀ ਜਾਣ ਹੋ, ਤੁਸੀਂ ਅੰਤਰਜਾਮੀ ਹੋ।

ਗੁਰੂ ਜੀ – ਮੈਂ ਅੰਤਰਜਾਮੀ ਹਾਂ ? ਕੀ ਤੇਰਾ ਐਸਾ ਵਿਸ਼ਵਾਸ ਹੈ ?

ਕੌਰ – ਜੀ ਹਾਂ।

ਗੁਰੂ ਜੀ -- ਪਰ ਮੈਂ ਨਿਰਾ ਅੰਤਰਜਾਮੀ ਨਹੀਂ, ਮੈਂ ਬਾਹਰਜਾਮੀ ਵੀ ਹਾਂ, ਏਸ ਕਰਕੇ ਮੈਂ ਬਾਹਰ ਦੀ ਗੱਲ ਪੁੱਛਦਾ ਹਾਂ, ਤੂੰ ਬਾਹਰ ਦੀ ਭੁੱਲ ਦੱਸ ?

ਕੌਰ – ਜੀ ਬਾਹਰ ਦੀ ਗੱਲ ਮੈਂ ਕੀ ਦੱਸਾਂ ? ਏਸ ਦਰਬਾਰ ਵਿਚ ਪਹੁੰਚਕੇ ਸਮਝ ਹੋਰ ਦੀ ਹੋਰ ਹੋ ਗਈ ਹੈ। ਪਤਾ ਨਹੀਂ ਲਗਦਾ ਮੈਨੂੰ ਕੀ ਹੋ ਗਿਆ ਹੈ। ਮੱਤ ਬੌਰਾ ਗਈ ਹੈ। ਥੌਹ ਨਹੀਂ ਪੈਂਦਾ ਅੰਦਰ ਕਿਥੇ ਮੁੱਕਦਾ ਹੈ ਤੇ ਬਾਹਰ ਕਿਥੋਂ ਸ਼ੁਰੂ ਹੁੰਦਾ ਹੈ। ਬਾਹਰ ਅੰਦਰ ਦੀ ਹੱਦ ਘੁਸਮੁਸੀ ਹੋ ਗਈ ਹੈ, ਦਲ੍ਹੀਜਾਂ ਪੁੱਟੀਆਂ ਗਈਆਂ ਹਨ, ਇਕ ਗੱਲ ਜੋ ਕਿਤੇ ਖੁੱਭ ਗਈ ਹੈ ਉਹ ਇਹ ਹੈ ਜੋ ਪਾਠ ਲਈ ਰੋਜ਼ ਸੁਣਦੀ ਹਾਂ :

ਪੁਰਖੁ ਏਕ ਹੈ ਹੋਰ ਸਗਲੀ ਨਾਰਿ ਸਬਾਈ ॥

ਮੈਨੂੰ ਦਿੱਸਣ ਲੱਗ ਪੈਂਦਾ ਹੈ ਸਾਰੇ ਮਨੁੱਖ ਨਾਰਾਂ ਹਨ। ਦਾੜ੍ਹੀ ਮੁੱਛਾਂ ਸਿਰਫ ਸ੍ਵਾਂਗ ਹਨ। ਇਨ੍ਹਾਂ ਨਕਾਬਾਂ ਹੇਠ ਪ੍ਰਤੀਤ ਹੋਣ ਲੱਗ ਜਾਂਦਾ ਹੈ ਕਿ ਸਾਰੇ ਮਨੁੱਖ ਨਾਰਾਂ ਹਨ। ਮੈਂ ਆਪਣੇ ਆਪ ਨੂੰ ਪਹਿਲੇ ਦੁਖੀ ਸਮਝਦੀ ਸਾਂ ਕਿ ਲੋਕਾਂ ਨਾਲ ਮੇਰਾ ਸੰਬੰਧ ਨਰਨਾਰੀ ਵਾਲਾ ਹੋਇਆ ਹੈ। ਹੁਣ ਪਤਾ ਲੱਗਾ ਕਿ ਸਾਰਾ ਵਿਹਾਰ ਨਾਰੀਆਂ ਦਾ ਹੀ ਪਰਸਪਰ ਵਪਾਰ ਸੀ। ਸਾਰੀਆਂ ਨਾਰਾਂ ਹੀ ਹਨ। ਫਰਕ ਨਕਾਬਾਂ ਦਾ ਹੈ। ਮੂੰਹ ਦਾ ਪੜਦਾ ਲਾਹ ਦਿਓ ਤਾਂ ਪੁਰਖ ਇਕੋ ਹੈ, ਕੇਵਲ ਤੁਸੀਂ ਪੁਰਖ ਸਰੂਪ ਹੋ।

ਸਾਰੀ ਦੁਨੀਆਂ ਆਪੋ ਆਪਣੀ ਬੋਲੀ ਵਿਚ ਐਸ ਕਿਸਮ ਦੀ ਗਵਾਹੀ ਭਰ ਰਹੀ ਹੈ : ਕਿ ਕੇਵਲ ਤੂੰ ਇਕ ਮਰਦ ਹੈਂ, ਅਗੰਮੜਾ ਪੁਰਖ, ਇਕੋ ਇਕ ਵਰਯਾਮ, ਨਰ, ਨਰਸਿੰਘ, ਗੋਬਿੰਦ, ਕਾਹਨ, ਬਾਕੀ ਸਭੇ ਗੋਪੀਆਂ ਹਨ। ਏਸ ਕਰਕੇ ਹੁਣ ਵਿਭਚਾਰ ਖ਼ਤਮ ਹੋ ਗਿਆ ਹੈ, ਹੁਣ ਪਾਪ ਮੁੱਕ ਗਿਆ ਹੈ। ਮੈਂ ਜਿਸ ਵੇਲੇ ਬਹੁਤ ਸੋਚਦੀ ਹਾਂ ਤਾਂ ਇਕੋ ਗੁਨਾਹ ਦੀ ਭਾਗੀ

 www.sikhbookclub.com

ਲਗਦੀ ਹਾਂ ਕਿ ਕਈ ਨਾਰੀਆਂ ਨੂੰ ਮੇਰੇ ਨਜ਼ਦੀਕ ਹੋਣ ਨਾਲ ਆਪਣੇ ਨਰ ਹੋਣ ਦਾ ਗੁਮਾਨ ਹੋ ਜਾਂਦਾ ਸੀ। ਇਹ ਉਹਨਾਂ ਦੀ ਭੁੱਲ ਸੀ, ਏਸ ਭਰਮ ਨੂੰ ਪੈਦਾ ਕਰਨ ਦੀ ਮੈਂ ਜ਼ਿੰਮੇਵਾਰ ਹਾਂ। ਤੁਸੀਂ ਅੰਤਰਜਾਮੀ ਹੋ ਤੇ ਘਟ ਘਟ ਦੀ ਜਾਣਦੇ ਹੋ, ਤੁਸੀਂ ਬਾਹਰਮੁਖੀ ਹੋ ਤੇ ਭਲੇ ਬੁਰੇ ਦੀ ਪਛਾਣਦੇ ਹੋ।

ਤੁਸੀਂ ਮੇਰੀ ਭੁੱਲ ਕੱਢ ਦਿਓ, ਭੁੱਲ ਕੱਢਕੇ ਫੇਰ ਪਰਖੋ ਨਾ, ਨਾ ਜਲ ਪ੍ਰੀਖਯਾ, ਨਾ ਅਗਨਿ ਪ੍ਰੀਖਯਾ।

ਗੁਰੂ ਜੀ ਮੁਸਕ੍ਰਾ ਪਏ, ਫੇਰ ਉਸ ਦੇ ਮੱਥੇ ਵਲ ਨੀਝ ਲਾਕੇ ਤੱਕੇ ਤੇ ਬੋਲੇ, ਪ੍ਰੀਖਯਾ ਤਾਂ ਅਜੇ ਹੋਰ ਹੈ।

ਕੌਰ -- ਹਾਏ ਅਜੇ ਹੋਰ, ਤਾਂ ਮੈਂ ਮੋਈ।

ਗੁਰੂ ਜੀ – ਹਾਂ, ਅਜੇ ਹੋਰ, ਦੇਖ ਬੀਬਿਆ ਪ੍ਰੀਖਯਾ ਦੋ ਕਿਸਮ ਦੀਆਂ ਹਨ।

ਕੌਰ – ਜੀ ਹਾਂ ਜਲ ਪ੍ਰੀਖਯਾ ਤੇ ਅਗਨ ਪ੍ਰੀਖਯਾ।

ਗੁਰੂ ਜੀ – ਨਹੀਂ, ਨਟ ਪ੍ਰੀਖਯਾ ਤੇ ਸਰੂਪ ਪ੍ਰੀਖਯਾ, ਇਹ ਦੋ ਕਿਸਮਾਂ ਹਨ।

ਕੌਰ ਇਕ ਟੱਕ ਧਿਆਨ ਜੋੜਕੇ ਇਕਾਗਰ ਹੋ ਗਈ ਤੇ ਇਕ ਚਿੱਤ ਹੋ ਕੇ ਸੁਣਨ ਲੱਗੀ।

ਗੁਰੂ ਜੀ – ਜਲ ਪ੍ਰੀਖਯਾ ਤੇ ਅਗਨ ਪ੍ਰੀਖਯਾ, ਇਹ ਦੋਨੋਂ ਨਟ ਪ੍ਰੀਖਯਾ ਹਨ। ਮਨੁੱਖ ਨਾਰੀ ਨੂੰ ਪਰਖਦਾ ਕਦੇ ਨਹੀਂ ਪਤੀਜਦਾ। ਪ੍ਰੀਖਯਾ ਇਕ ਖੇਡ ਹੋ ਜਾਂਦੀ ਹੈ। ਇਹ ਨਟ ਬਾਜ਼ੀ ਬਣ ਜਾਂਦੀ ਹੈ। ਸੀਤਾ ਦੀ ਅਗਨ ਪ੍ਰੀਖਯਾ ਵੀ ਪ੍ਰੀਖਯਾ ਦੀ ਖ਼ਾਤਰ ਕੁਰਬਾਨੀ ਸੀ, ਏਸ ਵਿਚ ਏਹੋ ਕਸਰ ਸੀ।

ਏਸ ਦੇ ਐਨ ਉਲਟ ਜਿਸ ਵੇਲੇ ਕੁਰਬਾਨੀ ਪ੍ਰੀਖਯਾ ਦੀ ਖ਼ਾਤਰ ਨਹੀਂ, ਉਸ ਵੇਲੇ ਕੁਰਬਾਨੀ ਅਪਣੇ ਆਪ ਦਾ ਸੁਤੇ ਪ੍ਰਕਾਸ਼ ਹੈ। ਇਹ ਸਰੂਪ ਪ੍ਰੀਖਯਾ ਹੈ। ਇਸ ਦਾ ਸਾਖੀ ਅਪਣਾ ਆਪਾ ਹੰਦਾ ਹੈ, ਆਪਣੀ ਆਤਮਾ। ਇਹ ਕਿਸੇ ਦਿਖਾਵੇ ਲਈ ਨਹੀਂ, ਇਹ ਸਬੂਤ ਪੇਸ਼ ਕਰਨ ਲਈ ਨਹੀਂ ਹੁੰਦੀ, ਇਹ ਕਿਸੇ ਸੱਚ ਨੂੰ ਸਥਾਪਤ ਕਰਨ ਲਈ ਗਵਾਹੀ ਨਹੀਂ ਹੁੰਦੀ, ਇਹ ਆਪਾ ਵਾਰਨ ਦਾ ਅੰਦਰੂਨੀ ਚਾਉ ਹੈ ਜੋ ਆਤਮਾ ਦਾ ਤੇ ਸਿੱਧ ਸੁਭਾਵ ਹੈ। ਇਹ ਆਤਮਾ ਦੀ ਸਰੂਪ ਪਰਖ ਹੈ ਜਿਸ ਦਾ ਭਾਨ ਉਸ ਨੂੰ ਬਾਹਰੋਂ ਨਹੀਂ, ਪਰ ਅੰਤਰਖਾਨੇ ਅਨੁਭਵ ਹੁੰਦਾ ਹੈ ! ਇਹ ਕਿਸੇ ਦੇ ਸਾਹਮਣੇ ਸੱਚਾ ਹੋਣ ਲਈ ਨਟ ਬਾਜ਼ੀ ਨਹੀਂ, ਇਹ ਆਤਮਾਂ ਦੀ ਅਪਣੇ ਆਪੇ ਲਈ ਸਰੂਪ ਵਿਗਾਸ ਦਾ ਪ੍ਰਕਾਸ਼ ਹੈ।

 www.sikhbookclub.com

ਗੁਰੂ ਜੀ ਕੁਛ ਦੇਰ ਐਸੇ ਲਹਿਜ਼ੇ ਵਿਚ ਇਸ ਵਿਸ਼ਯ ਉਪਰ ਕਹਿੰਦੇ ਗਏ; ਕੌਰ ਦ੍ਰਵਦੀ ਗਈ, ਪਾਣੀ ਪਾਣੀ ਹੋ ਗਈ, ਐਉਂ ਲਗਦਾ ਸੀ ਕਿ ਕੋਈ ਕੁੜੀ ਨਹੀਂ ਬੈਠੀ ਇਕ ਪਾਣੀ ਦਾ ਫੁਹਾਰਾ ਚਲ ਰਿਹਾ ਹੈ, ਜੋ ਆਪਣਾ ਆਪਾ ਵਾਰੀ ਜਾ ਰਿਹਾ ਹੈ। ਫੁਹਾਰੇ ਦੀ ਇਕ ਇਕ ਉਡ ਰਹੀ ਕਣੀ ਉਸ ਦਾ ਬੂੰਦ ਬੂੰਦ ਆਪਾ ਵਾਰ ਸੀ, ਚਲਦੇ ਫੁਹਾਰੇ ਦੀ ਛਣ ਛਣ ਕਰਦੀ ਆਵਾਜ਼ ਐਸ ਤਰ੍ਹਾਂ ਆ ਰਹੀ ਸੀ ਜਿਸ ਤਰ੍ਹਾਂ ਕੋਈ ਕਹਿ ਰਿਹਾ ਹੈ :

ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥
(ਧਨਾਸਰੀ ਮਹਲਾ ੧-੧)

ਗੱਲ ਐਸ ਟਿਕਾਣੇ ਤਕ ਪਹੁੰਚੀ ਸੀ ਕਿ ਕੁਛ ਬਾਹਰੋਂ ਆਵਾਜ਼ ਆਈ। ਇਹ ਇਕ ਧਮਾਕਾ ਸੀ, ਜਿਸ ਤਰ੍ਹਾਂ ਕੋਈ ਗੋਲਾ ਫਟਿਆ ਹੈ। ਫੇਰ ਕੁਛ ਐਸ ਤਰ੍ਹਾਂ ਦੀ ਪਟ ਪਟ ਹੋਈ ਜਿਸ ਤਰ੍ਹਾਂ ਦੀ ਬੰਦੂਕਾਂ ਦੀ ਸ਼ਲਕ ਚੱਲੀ ਹੈ, ਚੋਬਦਾਰ ਇਕ ਦਮ ਅੰਦਰ ਆਇਆ।

ਗੁਰੂ ਜੀ ਨੇ ਪੁੱਛਿਆ – ਕੀ ਮਾਜਰਾ ਹੈ ? ਚੋਬਦਾਰ ਨੇ ਦੱਸਿਆ: ਜੀ ਸਰਹਦ ਉਤੇ ਕੁਛ ਦੁਸ਼ਮਨ ਦੀ ਕਾਰਵਾਈ ਹੈ। ਇਤਨੇ ਨੂੰ ਆਨੰਦ ਪੁਰ ਦੇ ਕਿਲ੍ਹੇ ਉਤੋਂ ਨਗਾਰੇ ਦੀ ਚੋਟ ਹੋਈ, ਇਹ ਕਿਲ੍ਹੇਦਾਰਾਂ ਨੂੰ ਚੌਕੰਨਾ ਕਰਨ ਦੀ ਸੂਚਨਾ ਸੀ। ਇਹ ਸਭ ਕੁਛ ਮਸ਼ੀਨ ਵਾਕੁਣ ਹੋ ਰਿਹਾ ਸੀ। ਕੌਰ ਨੂੰ ਖ਼ਿਆਲ ਫੁਰਿਆ, ਮਤੇ ਕਾਠਗੜ੍ਹੀਏ ਦੀ ਸ਼ਰਾਰਤ ਹੋਵੇ। ਇਹ ਸੋਚ ਉਮਡਦਿਆਂ ਹੀ ਚੌਫਾਲ ਚਰਨਾਂ ਤੇ ਢੈ ਪਈ ਤੇ ਪੁਕਾਰ ਕੇ ਕਹਿਣ ਲੱਗੀ, ਮੈਂ ਤੁਹਾਡੀ ਸ਼ਰਨ ਹਾਂ, ਏਸੇ ਸ਼ਰਨ ਵਿਚ ਰਖਣਾ, ਏਸੇ ਸ਼ਰਨ ਵਿਚ ਮਮਾਈ ਰਖਣਾ। ਗੁਰੂ ਜੀ ਨੇ ਚੋਬਦਾਰ ਨੂੰ ਹੁਕਮ ਕੀਤਾ ਆਸਾ ਸਿੰਘ ਨੂੰ ਬੁਲਾਉਣ ਦਾ।

ਆਸਾ ਸਿੰਘ ਚਮਕੌਰ ਦਾ ਰਹਿਣ ਵਾਲਾ ਸੀ। ਪ੍ਰੇਮੀ ਸਿੰਘ ਸੀ, ਭੋਆਂ ਦਾ ਮਾਲਕ ਸੀ, ਮਾਲ ਮਤੇ ਵਿਚ ਸੌਖਾ ਸੀ, ਯਾਚਕ ਏਸ ਗਲ ਦਾ ਸੀ ਕਿ ਕੋਈ ਔਲਾਦ ਹੋਵੇ। ਪਰ ਕਿਸੇ ਬੱਚੇ ਦਾ ਮੂੰਹ ਨਾ ਦੇਖਿਆ। ਉਮਰ ਵੱਡੀ ਹੁੰਦੀ ਗਈ, ਲਾਲਸਾ ਤਾਂ ਵੀ ਨਾ ਮਿਟੀ, ਇਤਨੇ ਨੂੰ ਵਹੁਟੀ ਚਲਾਣਾ ਕਰ ਗਈ। ਮਨ ਉੱਤੇ ਧੱਕਾ ਜੇਹਾ ਲੱਗਾ, ਕਹਿਣ ਲਗ ਪਿਆ, ਕਹਾਵਤ ਤਾਂ ਇਹ ਹੈ: ਕਿ 'ਪੀਰ ਪੁੱਤਰ ਨਾ ਦੇਵੇਗਾ ਤਾਂ ਰੰਨ ਤੇ ਨਹੀਂ ਖੱਸਣ ਲੱਗਾ'; ਪਰ ਐਹ ਦੇਖੋ, ਏਥੇ ਕਹਾਵਤ ਹੀ ਉਲਟੀ ਹੋ ਗਈ, ਕਿਸਮਤ ਜੋ ਉਲਟੀ ਹੈ। ਗੁਰੂ ਜੀ ਕੋਲ ਉਹ ਸ਼ੰਕਾ ਲੈਕੇ ਕੁਛ ਦਿਨਾਂ ਤੋਂ ਆਇਆ ਸੀ। ਭਾਣੇ ਮੰਨਣ ਦਾ ਸਬਕ ਪਕਾ ਰਿਹਾ ਸੀ। ਤਬੀਅਤ ਦੇ ਗੁੰਝਲ ਹੌਲੇ ਹੌਲੇ ਖੁੱਲ੍ਹ ਰਹੇ ਸਨ ਕਿ ਅਜ ਗੁਰੂ ਜੀ ਨੇ ਉਚੇਚਾ ਬੁਲਾ ਭੇਜਿਆ।


www.sikhbookclub.com

ਗੁਰੂ ਜੀ ਨੇ ਕਿਹਾ – ਆਸਾ ਸਿੰਘ ਦੇਖ, ਰੰਨ ਖੁੱਸ ਜਾਏ ਤਾਂ ਵੀ ਪੀਰ ਪੁੱਤਰ ਦੇ ਦੇਂਦਾ ਹੈ।

ਆਸਾ ਸਿੰਘ – ਜੀ ਤੁਸੀਂ ਜਾਣੀ ਜਾਣ ਹੋ, ਅੰਤਰਜਾਮੀ ਹੋ, ਸਮਰੱਥ ਹੋ, ਸਭ ਕੁਛ ਤੁਹਾਡੇ ਹੱਥ ਹੈ, ਤੁਹਾਥੋਂ ਪਰੇ ਕੁਛ ਨਹੀਂ। ਤੁਹਾਡੇ ਕੌਤਕ ਦੇਖਕੇ ਅਕਲ ਹੈਰਾਨ ਹੁੰਦੀ ਹੈ।

ਗੁਰੂ ਜੀ–ਲੈ ਤੂੰ ਅਜ ਚਮਕੌਰ ਚਲਾ ਜਾਹ, ਅੰਤਰਜਾਮੀ ਹੋ, ਸਮਰੱਥ ਹੋ, ਸਭ ਕੁਛ ਤੁਹਾਡੇ ਹੱਥ ਹੈ, ਤੁਹਾਥੋਂ ਪਰੇ ਕੁਛ ਨਹੀਂ। ਤੁਹਾਡੇ ਕੌਤਕ ਦੇਖਕੇ ਅਕਲ ਹੈਰਾਨ ਹੁੰਦੀ ਹੈ।

ਗੁਰੂ ਜੀ – ਲੈ ਤੂੰ ਅਜ ਚਮਕੌਰ ਚਲਾ ਜਾਹ, ਤੇਰੀ ਅਰਜ਼ੋਈ ਔਲਾਦ ਦੀ ਮਨਜ਼ੂਰ ਹੋ ਗਈ ਹੈ। ਐਹ ਦੇਖ ਤੇਰੇ ਸਾਹਮਣੇ ਤੇਰੀ ਲੜਕੀ ਬੈਠੀ ਹੈ, ਇਹ ਹੁਣੇ ਕਹਿ ਰਹੀ ਸੀ, ਮੈਨੂੰ ਅਪਣੀ ਸ਼ਰਨ ਵਿਚ ਰਖੋ। ਇਸ ਦਾ ਨਾਮ 'ਕੌਰ' ਅੱਗੇ ਹੀ ਮਸ਼ਹੂਰ ਹੈ, ਹੁਣ ਇਹ 'ਸ਼ਰਨ ਕੌਰ' ਹੋਈ। ਇਹ ਸਾਡੀ ਅਮਾਨਤ ਹੈ ਤੇਰੇ ਕੋਲ, ਤੂੰ ਏਸ ਨੂੰ ਨਾਲ ਲੈ ਜਾ; ਇਹ ਸੇਵਾ ਵਿਚ ਤਤਪਰ ਰਹਵੇ, ਤੂੰ ਇਸ ਦਾ ਸਹਾਇਕ ਹੋਵੀਂ! ਇਹ ਧੀ ਵੀ ਹੈ ਪੁੱਤ ਵੀ ਹੈ। ਦੋਨੋਂ ਕੁਛ ਹੁੰਦਿਆਂ ਹੋਇਆਂ ਫੇਰ ਇਹ ਕੁਛ ਨਹੀਂ, ਇਹ ਪਿਛਲੇ ਜਨਮ ਦਾ ਯੋਗੀ ਹੈ, ਜੋ ਏਸ ਜਨਮ ਦੀ ਉਡੀਕ ਕਰ ਰਿਹਾ ਸੀ ਅਪਣੀ ਸਰੂਪ ਸਿੱਧੀ ਲਈ, ਇਸ ਦੀ ਸਾਧਨਾ ਵਿਚ ਸਰੂਪ ਪ੍ਰੀਖ੍ਯਾ ਬਾਕੀ ਹੈ।

ਗੁਰੂ ਜੀ ਨੇ ਧੀ ਤੇ ਪਿਉ ਨੂੰ ਟੋਰ ਦਿਤਾ। ਉਹ ਇਕ ਦਮ ਚਮਕੌਰ ਵਲ ਟੁਰ ਪਏ। ਟੁਰਦਿਆਂ ਟੁਰਦਿਆਂ ਸ਼ਰਨ ਕੌਰ ਨੇ ਕਿਹਾ: ਨੰਦੋ ਦੀ ਭੱਠੀ ਤੋਂ ਕੁਛ ਦਾਣੇ ਭੁੰਨਾ ਲਈਏ। ਸ਼ਰਨ ਕੌਰ ਨੰਦੋ ਨੂੰ ਮਿਲਣਾ ਚਾਹੁੰਦੀ ਸੀ। ਸ਼ੁਕਰੀਆ ਕਰਨਾ ਚਾਹੁੰਦੀ ਸੀ ਤੇ ਉਹ ਕਾਗਜ਼ ਲੈਣਾ ਚਾਹੁੰਦੀ ਸੀ ਜੋ ਜੋਗਾ ਸਿੰਘ ਦਾ ਪੈਸੇ ਕਢਦਿਆਂ ਜੇਬ ਵਿਚੋਂ ਢਹਿ ਪਿਆ ਸੀ।

## ੨੭.

ਸ਼ਰਨ ਕੌਰ ਨੇ ਕਿਹਾ ਮੈਂ ਇਕ ਗੱਲ ਪੁੱਛਦੀ ਹਾਂ, ਪਿਤਾ ਜੀ !

ਆਸਾ ਸਿੰਘ ਨੇ ਅੱਜ ਪਹਿਲੀ ਵੇਰ ਆਪਣੇ ਲਈ 'ਪਿਤਾ' ਦਾ ਲਫਜ਼ ਸੁਣਿਆ। ਉਹ ਇਕ ਐਸੇ ਅੱਖਰ ਲਈ ਸਹਿਕਿਆ ਹੋਇਆ ਸੀ। ਉਸ ਦੀਆਂ ਆਸਾਂ ਉਮੈਦਾਂ ਦੀ

 www.sikhbookclub.com

ਖੇਤੀ ਸੁੱਕ ਚੁੱਕੀ ਸੀ। ਅੱਜ ਮੁਰਝਾਈ ਫਸਲ ਉਤੇ ਤਰਾਵਤ ਦਾ ਛੱਟਾ ਮਿਲ ਗਿਆ। ਉਸ ਦਾ ਮਨ ਖਿੜ ਗਿਆ, ਉਸ ਨੇ ਸ਼ਰਨ ਕੌਰ ਨੂੰ ਘੁੱਟਕੇ ਆਪਣੀ ਜੱਫੀ ਵਿਚ ਲੈ ਲਿਆ, ਤੇ ਕਹਿਣ ਲੱਗਾ – ਬੇਟਾ ਜੀਓ, ਮੇਰੀ ਜਾਨ ਬੇਟਾ ਜੀਓ, ਅਮਾਨਤ ਬੇਟਾ ਜੀਓ, ਤੁਸੀਂ ਪੁਛੋ, ਮੈਂ ਵਾਰੀ, ਤੁਸੀਂ ਪੁੱਛੋ ਕੀ ਪੁੱਛਦੇ ਹੋ ? ਪਿਉ ਤੇ ਧੀ ਦੋਨੋਂ ਇਕ ਗੱਡੇ ਵਿਚ ਬੈਠੇ ਹਨ। ਗੱਡੇ ਵਿਚ ਬਹੁਤ ਸਾਰੀ ਪਰਾਲੀ ਪਈ ਹੈ, ਉਤੇ ਇਕ ਮੈਲ ਖੋਰਾ ਖੇਸ ਵਿਛਿਆ ਹੈ। ਆਸਾ ਸਿੰਘ ਚੌਕੜੀ ਮਾਰਕੇ ਬੈਠਾ ਹੈ। ਧੀ ਲੇਟੀ ਹੈ, ਉਸ ਨੇ ਸਿਰ ਪਿਉ ਦੀ ਗੋਦ ਵਿਚ ਰਖਿਆ ਹੈ, ਕਹਿੰਦੀ ਹੈ: ਪਿਤਾ ਜੀ ਦੱਸੋ ਛਾਯਾ ਨਟ ਕੀ ਹੁੰਦਾ ਹੈ।

ਆਸਾ ਸਿੰਘ – ਛਾਯਾ ਤੇ ਹੁੰਦੀ ਹੈ ਛਾਂ, ਜਿਸ ਤਰ੍ਹਾਂ ਧੁੱਪ ਛਾਂ। ਨਟ ਹੁੰਦਾ ਹੈ ਬਾਜੀਗਰ, ਜੇਹੜੇ ਵਾਂਸਾਂ ਉੱਤੇ ਚੜ੍ਹਦੇ ਲਹਿੰਦੇ ਨੇ ਰੱਸਿਆਂ ਉਤੇ ਨਚਦੇ ਟਪਦੇ ਨੇ।

ਸ਼ਰਨ ਕੌਰ – ਨਹੀਂ ਪਿਤਾ ਜੀ, ਛਾਯਾ–ਨਟ ਹੁੰਦਾ ਹੈ ਰਾਗ, ਜੇਹੜਾ ਗਾਂਵੀਂਦਾ ਹੈ।

ਆਸਾ ਸਿੰਘ – ਮੈਨੂੰ ਰਾਗ ਦਾ ਤਾਂ ਪਤਾ ਨਹੀਂ, ਪਰ ਪੁੱਤਰ ! ਤੇਰੀ ਮਾਂ ਗਾਉਂਦੀ ਹੁੰਦੀ ਸੀ ਉਹ ਇਕੋ ਰਾਗ ਜਾਣਦੀ ਸੀ।

ਸ਼ਰਨ ਕੌਰ – ਜੀ ਉਹ ਕੀ ਰਾਗ ਸੀ ?

ਆਸਾ ਸਿੰਘ – ਮੈਂ ਉਸ ਨੂੰ ਆਂਹਦਾ ਸਾਂ, ਭਲੀਏ ਲੋਕੇ, ਇਹ ਕੀ ਰਾਗ ਹੈ ? ਪਰ ਉਹ ਦੱਸਦੀ ਨਹੀਂ ਸੀ।

ਸ਼ਰਨ ਕੌਰ – ਕਿਉਂ ?

ਆਸਾ ਸਿੰਘ – ਆਂਹਦੀ ਸੀ, ਰਾਗ ਦਾ ਨਾਂ ਨਹੀਂ ਲੈਣਾ।

ਸ਼ਰਨ ਕੌਰ – ਭਲਾ ਇਹ ਕੀ ਗੱਲ ਹੋਈ। ਰਾਗ ਦਾ ਨਾਂ ਲੈਣ ਵਿਚ ਬੇਅਦਬੀ ਕਿਸ ਤਰ੍ਹਾਂ ਹੋਈ।

ਆਸਾ ਸਿੰਘ – ਪੁੱਤਰ ! ਤੇਰਾ ਜੇ ਮੈਂ ਵਿਆਹ ਕਰ ਦੇਵਾਂ ਤੇ ਮੁੰਡੇ ਦਾ ਨਾਂ ਹੋਵੇ ਕਲਯਾਣ ਸਿੰਘ, ਫੇਰ 'ਕਲਯਾਣ ਰਾਗ' ਤੂੰ ਕਿਸ ਤਰ੍ਹਾਂ ਕਹੇਂਗੀ।

ਸ਼ਰਨ ਕੌਰ – ਅੱਛਾ, ਹੁਣ ਮੈਂ ਸਮਝੀ, ਉਹ ਫੇਰ 'ਆਸਾ ਰਾਗ' ਗਾਉਂਦੀ ਹੋਣੀ ਹੈ।

 www.sikhbookclub.com

ਆਸਾ ਸਿੰਘ – ਹਾਂ ਬੇਟਾ, ਏਹੋ ਹੀ ਗੱਲ ਹੈ। ਮੈਨੂੰ ਤਾਂ ਅੱਜ ਆਪਣਾ ਨਾਂ ਵੀ ਭੁੱਲਦਾ ਜਾਂਦਾ ਹੈ।

ਸ਼ਰਨ ਕੌਰ – ਪਿਤਾ ਜੀ ! ਮੈਂ ਤੁਹਾਨੂੰ ਆਸਾ ਰਾਗ ਸੁਣਾਵਾਂ ?

ਆਸਾ ਸਿੰਘ – ਨਾ ਪੁੱਤਰ, ਤੇਰੀ ਮਾਂ ਯਾਦ ਆ ਜਾਏਗੀ। ਹਾਇ ਅਜ ਉਹ ਹੁੰਦੀ, ਉਹ ਫੁੱਲੀ ਨਾ ਸਮਾਉਂਦੀ। ਉਸ ਦੀਆਂ ਆਸਾਂ ਮੁਰਾਦਾਂ ਪੁੱਗ ਜਾਂਦੀਆਂ। ਗਲਾ ਖੋਲ੍ਹਕੇ ਆਸਾ ਰਾਗ ਗਾਉਂਦੀ।

ਸ਼ਰਨ ਕੌਰ – ਪਿਤਾ ਜੀ ! ਮੈਂ ਤਾਂ ਮੂੰਹ ਮੀਟਕੇ ਗਾ ਲੈਂਦੀ ਹਾਂ।

ਆਸਾ ਸਿੰਘ – ਉਹ ਤੇ ਫੇਰ ਐਵੇਂ ਹੀ ਊਂ ਊਂ ਈਂ ਈਂ ਹੋਵੇਗੀ।

ਸ਼ਰਨ ਕੌਰ – ਨਹੀਂ ਜੀ, ਲਵੋ ਮੈਂ ਤੁਹਾਨੂੰ ਸੁਣਾਂਦੀ ਹਾਂ।

ਆਸਾ ਸਿੰਘ – ਦੇਖੀਂ ਆਸਾ ਨਾ ਗਾਵੀਂ, ਆਪਣਾ ਧੁੱਪ–ਛਾਂ ਵਾਲਾ ਹੀ ਸੁਣਾ।

ਸ਼ਰਨ ਕੌਰ (ਹੱਸ ਕੇ) – ਪਿਤਾ ਜੀ, ਧੁੱਪ ਛਾਂ ਨਹੀਂ ਹੁੰਦਾ। ਇਹ ਹੁੰਦਾ ਹੈ ਛਾਯਾ ਨਟ, ਲਓ ਸੁਣੋ !

ਸਾ ਨੀ ਧਾ ਪਾ, ਰੇ ਗਾ ਮਾ ਪਾ, ਮਾ ਗਾ ਮਾ ਰੇ, ਨੀ ਰੇ ਸਾ –,

ਮਾ ਗਾ ਮਾ ਰੇ, ਨੀ ਰੇ ਸਾ –, ਮਾ ਗਾ ਮਾ ਰੇ ਸਾ ।

ਆਸਾ ਸਿੰਘ – ਤੇਰੀ ਮਾਂ ਤਾਂ ਐਸ ਤਰ੍ਹਾਂ ਸਾ ਸਾ ਰੇ ਰੇ ਗਾ ਗਾ ਨਹੀਂ ਸੀ ਕਰਦੀ, ਉਹ ਤੇ ਸਿੱਧੀ ਤਰ੍ਹਾਂ ਬੋਲ ਬੋਲਦੀ ਸੀ।

ਉਹ ਗਾਉਂਦੀ ਸੀ –

ਖੇਡਣ ਦੇ ਦਿਨ ਚਾਰ, ਹੋਲੀ ਖੇਡ ਮਨਾਂ !
ਹੋ ਖੇਡ ਪੀਆ ਘਰ ਆਏ
ਸੋ ਪਿਆਰੀ ਪੀਆ ਪਿਆਰ–
ਹੋਲੀ ਖੇਡ ਮਨਾਂ !

ਆਸਾ ਸਿੰਘ ਹਥ ਦਾ ਤਾਲ ਦੇਕੇ ਗਾਉਂਦਾ ਰਿਹਾ। ਗੱਡੇ ਵਿਚ ਐਉਂ ਲਗਦਾ ਸੀ ਦੋ ਨਹੀਂ ਜਾ ਰਹੇ, ਤਿੰਨ ਹਨ, ਪੂਰਾ ਟੱਬਰ ਬੈਠਾ ਹੈ। ਇਸ ਘਰੋਗੀ ਨਿੱਘ ਦੇ ਜਜ਼ਬੇ ਦਾ

 www.sikhbookclub.com

ਸਵਾਦ ਸ਼ਰਨ ਕੌਰ ਨੂੰ ਪਹਿਲੀ ਵੇਰ ਮਹਿਸੂਸ ਹੋਇਆ ਕਿ ਇਹ ਕੀ ਚੀਜ਼ ਹੈ ਤੇ ਕਿਸ ਅੰਧ ਕੂਪ ਵਿਚੋਂ ਨਿਕਲਕੇ ਉਹ ਮਾਪਿਆਂ ਦੇ ਸੁਥਰੇ ਪਿਆਰ ਵਿਚ ਪਲਣ ਲਗੀ ਹੈ।

ਆਸਾ ਸਿੰਘ ਦੀ ਇਕ ਅੱਖ ਵਿਚੋਂ ਵਿਜੋਗ ਦਾ ਹੰਝੂ ਡਿਗਦਾ ਸੀ, ਦੂਜੀ ਅੱਖ ਸੰਜੋਗ ਨਾਲ ਤਰ ਸੀ, ਦੋਨਾਂ ਅੱਖਾਂ ਦਾ ਮਿਲਵਾਂ ਅਸਰ ਇਹ ਸੀ ਕਿ ਗ਼ੈਰ ਮੌਜੂਦ ਵਹੁਟੀ ਹਾਜ਼ਰ ਰੂਪ ਵਿਚ ਭਾਸਦੀ ਸੀ।

ਸ਼ਰਨ ਕੌਰ – ਪਿਤਾ ਜੀ, ਤੁਸੀਂ ਬੜਾ ਸੋਹਣਾ ਗਾਉਂਦੇ ਹੋ, ਮਾਂ ਜੀ ਦੀ ਪੂਰੀ ਨਕਲ ਉਤਾਰ ਲਈ ਨੇ। ਮੈਂ ਤਾਂ ਸਰਗਰਮ ਬੋਲੀ ਸੀ, ਏਸ ਤੋਂ ਤਾਂ ਬੋਲ ਬਣਦੇ ਹਨ।

ਆਸਾ ਸਿੰਘ – ਹਲਾ, ਬੋਲ ਸਣਾ :

ਸ਼ਰਨ ਕੌਰ – 'ਸਾ ਨੀ ਧਾ ਪਾ' ਦਾ ਬੋਲ ਬਣ ਜਾਂਦਾ ਹੈ 'ਝ ਮ ਕ ਪ' ਬਸ ਇਤਨਾ, ਫੇਰ 'ਰੇ ਗਾ, ਮਾ ਪਾ' ਦਾ ਬਣਦਾ ਹੈ 'ਈ ਬਾ', 'ਮਾ ਗਾ ਮਾ ਰੇ' ਦਾ ਬਣਦਾ ਹੈ 'ਦਲ ਵਿਚ', 'ਨੀ ਰੇ ਸਾ– –' ਦਾ ਬਣ ਜਾਂਦਾ ਹੈ 'ਬਿਜਲੀ' – –ਐਸ ਤਰ੍ਹਾਂ ਤੁਕ ਬਣ ਜਾਂਦੀ ਹੈ:

'ਝਮਕ ਪਈ ਬਾਦਲ ਵਿਚ ਬਿਜਲੀ'।

ਆਸਾ ਸਿੰਘ–ਵਾਹ ਵਾਹ ਇਹ ਤੇ ਡਾਢਾ ਅੱਛਾ ਹੈ–

'ਝਮਕ ਪਈ ਬੱਦਲ ਵਿਚ ਬਿਜਲੀ'।

ਸ਼ਰਨ ਕੌਰ– ਪਿਤਾ ਜੀ 'ਬੱਦਲ' ਨਹੀਂ, 'ਬਾਦਲ'। ਏਹੋ ਗੱਲ ਦੇਖਣ ਲਈ ਤਾਂ ਮੈਂ ਭੱਠੀ ਤੋਂ ਲੰਘਕੇ ਆਈ ਹਾਂ। ਜੋਗਾ ਸਿੰਘ ਵਾਲਾ ਕਾਗ਼ਤ ਓਥੇ ਹੀ ਸੀ। ਮੈਂ ਜ਼ਬਾਨੀ ਯਾਦ ਕੀਤਾ ਸੀ ਤਾਂ ਬੱਦਲ ਚੇਤੇ ਹੋਇਆ ਸੀ, ਗੌਣ ਵਿਚ ਬੱਦਲ ਠੀਕ ਨਹੀਂ ਬੈਠਦਾ। 'ਬਾ' ਦੀ ਲਮਕ ਨਾਲ ਸੁਰ ਆਪਣੀ ਛਾਯਾ ਪੂਰੀ ਸੁੱਟਦੀ ਹੈ। ਮੈਂ ਬਾਦਲ ਹੀ ਗਾਉਂਦੀ ਹਾਂ। ਜੋਗਾ ਸਿੰਘ ਨੇ ਤਾਂ ਬੱਦਲ ਹੀ ਲਿਖਿਆ ਹੈ, ਪਰ ਉਸ ਕਦੇ ਗਾਇਆ ਤਾਂ ਸੀ ਨਹੀਂ।

ਆਸਾ ਸਿੰਘ– ਜੋਗਾ ਸਿੰਘ ਮਾਤ੍ਰਾ ਨਾਲ ਅੱਖਰ ਨਹੀਂ ਸੀ ਲਮਕਾ ਸਕਦਾ। ਉਹ ਸੁਣਿਆ ਹੈ ਉਤਾਰਿਆਂ ਵਿਚ ਵੀ ਲਾਵਾਂ ਲੂਵਾਂ ਖਾ ਜਾਂਦਾ ਸੀ।ਵਿਆਹ ਦੀ ਵੀ ਇਕ ਲਾਂ ਛਡ ਗਿਆ ਸੀ।

ਸ਼ਰਨ ਕੌਰ– ਪਿਤਾ ਜੀ, ਬੱਦਲ ਨੂੰ ਜੇ ਲਾਂ ਲੱਗ ਜਾਏ ਤਾਂ ਬੇਦਿਲ ਹੋ ਜਾਏਗਾ।

ਆਸਾ ਸਿੰਘ– ਪੁੱਤ੍ਰ, ਤੂੰ ਜੋਗਾ ਸਿੰਘ ਨੂੰ ਬਾ–ਦਿਲ ਹੀ ਰਖ, ਬੇ–ਦਿਲ ਨਾ ਕਰ।

 www.sikhbookclub.com

ਸ਼ਰਨ ਕੌਰ- ਪਿਤਾ ਜੀ ਅਗਲੀ ਤੁਕ ਹੈ .

'ਵਿਚ ਕਾਲੇ ਦੇ ਦਮਕ ਗਈ'

ਇਹ ਐਉਂ ਬਣ ਜਾਂਦੀ ਹੈ:

ਮਾ ਗਾ ਮਾ ਰੇ, (ਵਿਚ ਕਾਲੇ), ਨੀ ਰੇ ਸਾ, (ਦੇ); ਮਾ ਗਾ ਮਾ ਰੇ (ਦਮਕ ਗਈ)।

ਆਸਾ ਸਿੰਘ - ਏਹ ਆਸਾ ਤੋਂ ਬਹੁਤ ਵਧੀਆ ਰਾਗ ਹੈ, ਏਸ ਵਿਚ ਬੜਾ ਲਮਕਾ ਹੈ, ਬੜੀ ਰਹਾ, ਬੜਾ ਮਜ਼ਾ, ਤੇਰੀ ਮਾਂ ਵਾਰੀ ਘੋਲੀ ਜਾਂਦੀ।

ਸ਼ਰਨ ਕੌਰ - ਪਿਤਾ ਜੀ, ਇਹ ਅਸਥਾਈ ਹੈ, ਛਾਯਾ ਨਟ ਦੀ ਅਸਥਾਈ, ਮੈਂ ਅੰਤ੍ਰਾ ਸੁਣਾਉਂਦੀ ਹਾਂ :

ਪਾ--ਪਾ ਪਾ, ਨੀ ਧਾ ਨੀ--, ਸਾ ਸਾ ਸਾ--, ਨੀ ਰੇ ਸਾ--, ਸਾ ਨੀ ਧਾ ਧਾ, ਧਾ ਨੀ ਸਾ ਰੇ, ਸਾ ਨੀ ਸਾ ਧਾ ਪਾ...

ਕਿਸੇ ਜੌਹਰੀ ਪਰਖਿਆ ਸੋਨਾ
ਲੀਕ ਕਸੌਟੀ ਚਮਕ ਪਈ।

## ੨੮.

ਅਨੰਦਪੁਰ ਵਿਚ ਮਾਮਲੇ ਪੇਚੀਦਾ ਹੁੰਦੇ ਗਏ। ਪਹਾੜੀ ਰਾਜਿਆਂ ਦੀ ਸਾਜ਼ਿਸ਼ ਜਾਰੀ ਰਹੀ। ਕਈ ਲੜਾਈਆਂ ਝਗੜੇ ਹੋਏ। ਖਿਲਾਸਪੁਰ ਦੇ ਰਾਜੇ ਨੇ ਬਹੁਤ ਸਾਰਾ ਰੁਪਿਆ ਖਰਚਕੇ ਸੂਬਾ ਸਰਹੰਦ ਪਾਸੋਂ ਫੌਜ ਮੰਗਵਾਈ। ਜਿਸ ਦੀ ਕਮਾਨ ਪੈਂਡੇ ਖਾਂ ਤੇ ਦੀਨਾ ਬੇਗ਼ ਕੋਲ ਸੀ। ਇਹ ਹਮਲਾ ਅਸਫਲ ਰਿਹਾ। ਥੋੜੇ ਚਿਰ ਪਿਛੋਂ ਇਕ ਹੋਰ ਹਮਲਾ ਹੋਇਆ; ਏਸ ਵਿਚ 'ਸਯਦ ਬੇਗ' ਤੇ 'ਅਲਫ਼ ਖਾਂ' ਆਗੂ ਸਨ। ਰਾਜਿਆਂ ਦਾ ਮਤਲਬ ਏਸ ਨਾਲ ਵੀ ਸਿੱਧ ਨਾ ਹੋਇਆ। ਫੇਰ ਇਕ ਹੋਰ ਛੋਟੀ ਜੰਗ ਹੋਈ। ਏਸ ਵਿਚ ਸੈਦ ਖਾਂ ਮੋਹਰੀ ਹੋਕੇ ਲੜਨ ਵਾਲਾ ਸੀ। ਰਾਜੇ ਆਪਣਾ ਮਤਲਬ ਨਾ ਸਾਰ ਸਕੇ। ਪਰ ਆਪਣੇ ਹਠ ਤੇ ਜ਼ਿਦ ਉਤੇ ਤੁਲੇ ਰਹੇ।

ਕਰਦਿਆਂ ਕਰਾਉਂਦਿਆਂ ਅਨੰਦਪੁਰ ਉੱਪਰ ਆਖਰੀ ਹਮਲੇ ਦੀ ਵਾਰੀ ਆ ਜਾਂਦੀ ਹੈ। ਏਸ ਵਿਚ ਪਹਾੜੀ ਸੈਨਾ ਸੀ; ਸੂਬਾ ਸਰਹਿੰਦ ਦੀ ਫੌਜ ਸੀ, ਲਾਹੌਰ ਦੀਆਂ ਪਲਟਨਾਂ ਸਨ, ਰੰਘੜ ਤੇ ਹੋਰ ਮੁਲਖਈਏ ਦਾ ਲਸ਼ਕਰ ਸੀ। ਹਮਲਾਆਵਰਾਂ ਦੀ ਗਿਣਤੀ ਲੱਖਾਂ ਵਿਚ ਸੀ। ਜੰਗ ਦੀ ਸ਼ਕਲ ਮੁਹਾਸਰੇ ਦੀ ਸੀ, ਅਠ ਕੁ ਮਹੀਨੇ ਦਾ ਘੇਰਾ ਰਿਹਾ।

ਆਖ਼ਰ ਝੂਠੀਆਂ ਕਸਮਾਂ ਖਾਕੇ, ਇਸ ਸੈਨਾਂ ਨੇ ਗੁਰੂ ਜੀ ਕੋਲੋਂ ਅਨੰਦ ਪੁਰ ਦਾ ਕਿਲ੍ਹਾ ਖਾਲੀ ਕਰਵਾਇਆ। ਅਨੰਦਪੁਰ ਦੇ ਖਾਲੀ ਕਰਨ ਤੋਂ ਬਾਦ ਜੰਗ ਦਾ ਸੀਨ ਬਦਲ ਜਾਂਦਾ ਹੈ। ਹੁਣ ਚਮਕੌਰ ਦੀ ਗੜ੍ਹੀ ਦਾ ਮੁਹਾਸਰਾ ਹੈ। ਗੜ੍ਹੀ ਦੇ ਅੰਦਰ ਗੁਰੂ ਜੀ ਹਨ। ਥੋੜੇ ਸਿੰਘ ਨਾਲ ਹਨ। ਦੋ ਵਡੇ ਸਾਹਿਬਜ਼ਾਦੇ ਵੀ ਨਾਲ ਹਨ, ਬਾਹਰ ਅਨੰਦਪੁਰ ਨੂੰ ਘੇਰਨ ਵਾਲੀ ਸਾਰੀ ਫੌਜ ਜਮ੍ਹਾ ਹੋ ਰਹੀ ਹੈ; ਦਿੱਲੀ ਦੀ ਕੁਮਕ ਵੀ ਆ ਪਹੁੰਚੀ ਹੈ। ਇਕ ਇਕ ਕਰਕੇ ਸਿੰਘ ਸ਼ਹੀਦ ਹੋਣ ਲਗਦੇ ਹਨ। ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਵੀ ਕੁਰਬਾਨ ਹੋ ਜਾਂਦੇ ਹਨ। ਗੁਰੂ ਜੀ ਰਾਤ ਵੇਲੇ ਗੜ੍ਹੀ ਵਿਚੋਂ ਨਿਕਲਣ ਲਈ ਮਜਬੂਰ ਕੀਤੇ ਜਾਂਦੇ ਹਨ ਤੇ ਮਾੜੀ ਵਾੜੇ ਵਲ ਰੁਖ਼ ਕਰਦੇ ਹਨ: ਸੰਤ ਜੀ ਤੇ ਬਾਕੀ ਦੇ ਸਿੱਖ ਪਿਛੋਂ ਸ਼ਹੀਦ ਹੋ ਜਾਂਦੇ ਹਨ: ਬਾਕੀ ਕੁਛ ਨਹੀਂ ਬਚਦਾ।

## ੨੯.

ਕਾਲੀ ਬੋਲੀ ਰਾਤ ਹੈ, ਹਨੇਰਾ ਘੁੱਪ ਘੇਰਾ ਹੈ, ਚਮਕੌਰ ਦੀ ਗੜ੍ਹੀ ਦੇ ਦੁਆਲੇ ਇਕ ਜਵਾਨ ਲੜਕੀ ਘੁੰਮ ਰਹੀ ਹੈ। ਮੱਧਮ ਜੇਹੀ ਦੀਵੇ ਦੀ ਲੋਅ ਹੈ ਜਿਸ ਨਾਲ ਲੋਥਾਂ ਦੀ ਸਿਵਾਣ ਕਰ ਰਹੀ ਹੈ। ਪਛਾਣ ਵਿਚ ਬਹੁਤ ਦਿੱਕਤ ਨਹੀਂ। ਸਿੱਖਾਂ ਦੀਆਂ ਲੋਥਾਂ ਗੜ੍ਹੀ ਦੇ ਵੱਡੇ ਫਾਟਕ ਦੇ ਨੇੜੇ ਨੇੜੇ ਹਨ। ਲੜਾਈ ਵੇਲੇ ਇਹ ਅਪਣੇ ਦਰਵਾਜ਼ੇ ਤੋਂ ਦੂਰ ਨਹੀਂ ਸਨ ਗਏ। ਗੜ੍ਹੀ ਦੀ ਰਖਯਾ ਕਰਦੇ ਹੀ ਸ਼ਹੀਦ ਹੋਏ ਸਨ। ਦੁਸ਼ਮਨਾਂ ਦੀਆਂ ਲੋਥਾਂ ਕੁਛ ਫਾਟਕ ਦੇ ਕੋਲ ਹਨ ਤੇ ਬਹੁਤ ਸਾਰੀਆਂ ਫਾਟਕੋਂ ਦੂਰ, ਜੋ ਤੀਰਾਂ ਤੇ ਗੋਲੀਆਂ ਦਾ ਨਿਸ਼ਾਨਾ ਬਣੇ ਸਨ।

ਲੜਕੀ ਨੇ ਕਾਲੇ ਕਪੜੇ ਪਾਏ ਹੋਏ ਹਨ। ਸਲਵਾਰ ਕਮੀਜ਼ ਤੇ ਕਾਲਾ ਦੁਪੱਟਾ, ਜਿਸ ਦੇ ਦੋਨੋਂ ਖੁਲ੍ਹੇ ਸਿਰੇ ਲੱਕ ਨਾਲ ਲਪੇਟਵੇਂ ਕੱਸਕੇ ਬੰਨ੍ਹੇ ਹਨ। ਇਹ ਸ਼ਰਨ ਕੌਰ ਹੈ। ਰਾਤ ਦੇ ਹਨੇਰੇ ਨਾਲ ਇਸ ਦੀ ਪੋਸ਼ਾਕ ਦਾ ਰੰਗ ਇਕ ਮਿਕ ਹੈ। ਦੀਵੇ ਦੀ ਲੋ ਵੀ ਕਾਲੇ ਕਪੜਿਆਂ ਦੇ ਓਹਲੇ ਵਿਚ ਜਜ਼ਬ ਹੋ ਜਾਂਦੀ ਹੈ। ਲੜਕੀ ਦੀ ਮੇਹਨਤ ਨਾਲ ਇਕ ਵਡੀ ਸਾਂਝੀ ਚਿਖਾ ਬਣ ਗਈ, ਇਸ ਦੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਦੇਹ ਨੂੰ ਸਿਵਾਣ ਲਿਆ। ਉਸ ਦੇ ਚਿਹਰੇ ਨੂੰ ਸੁਆਰਿਆ। ਕੇਸਾਂ ਵਿਚ ਆਪਣੀਆਂ ਕੰਬਦੀਆਂ ਉਂਗਲਾਂ ਦਾ ਕੰਘਾ ਫੇਰਕੇ ਜੂੜਾ ਕਰ ਦਿਤਾ। ਲਰਜ਼ਦੇ ਹੱਥਾਂ ਨਾਲ ਸਾਫ਼ਾ ਸਜਾ ਦਿਤਾ। ਪੱਗ ਫਟੀ ਸੀ ਪਰ ਬਾਰਬਾਰ ਉਸ ਦੇ ਪੇਚਾਂ ਨੂੰ ਸੁਆਰ ਸੁਆਰ ਵਲ੍ਹੇਟ ਕੇ ਐਸ ਤਰ੍ਹਾਂ ਬੰਨ੍ਹਿਆ ਕਿ ਉਹ ਬੇਨੁਕਸ ਬੱਝੀ ਦਸਤਾਰ ਨਜ਼ਰ ਆਵੇ। ਉਸ ਨੂੰ ਭੁੱਲ ਗਿਆ ਕਿ ਉਹ ਕੀ ਕਰ ਰਹੀ ਹੈ। ਦੇਹ ਨੂੰ ਸੁਆਰਨ ਵਿਚ ਵਕਤ ਲਗਾਂਦੀ ਰਹੀ। ਦੂਰੋਂ ਕਿਸੇ ਪਹਿਰੇ ਦੇ ਸੰਤਰੀ ਦੀ ਆਵਾਜ਼ ਆਈ, ਉਸ ਨਾਲ


www.sikhbookclub.com

ਹੋਸ਼ ਪਰਤੀ, ਵਕਤ ਬਹੁਤ ਲੰਘ ਗਿਆ ਸੀ। ਕੁਛ ਪਛੁਤਾ ਰਹੀ ਸੀ। ਫੇਰ ਛੋਟੇ ਸਾਹਿਬਜ਼ਾਦੇ ਦੀ ਝਬਦੇ ਤਲਾਸ਼ ਕੀਤੀ। ਉਹ ਦੇਹ ਵੀ ਮਿਲ ਗਈ। ਉਸ ਨੂੰ ਕਾਹਲੀ ਨਾਲ ਸਾਫ਼ ਕਰਕੇ, ਸਾਂਝੀ ਚਿਖਾ ਅਪਣੇ ਦੀਵੇ ਨਾਲ ਪ੍ਰਜ੍ਵਲਤ ਕਰ ਦਿੱਤੀ, ਸੰਤਰੀ ਨੇ ਫੇਰ ਆਵਾਜ਼ ਦਿਤੀ। ਪਰ ਕੋਈ ਜਵਾਬ ਨ ਆਇਆ। ਲੜਕੀ ਚਿਖਾ ਦੇ ਪਾਸ ਬੈਠੀ ਪਾਠ ਕਰ ਰਹੀ ਸੀ। ਅੱਗ ਦਾ ਇਕ ਅਲਾਂਬਾ ਨਿਕਲਦਾ ਦੇਖਕੇ ਸੰਤਰੀ ਨੱਸ ਕੇ ਉਥੇ ਆ ਗਿਆ, ਬੜੀ ਡਰੌਣੀ ਆਵਾਜ਼ ਵਿਚ ਉਸ ਨੇ ਪੁਛਿਆ : ਐ ਬਦਬਖ਼ਤ ਤੂੰ ਕੌਣ ਹੈਂ, ਅਰ ਕਯਾ ਕਰ ਰਹੀ ਹੈਂ ? ਪਰ ਕੋਈ ਜਵਾਬ ਨਾ ਮਿਲਿਆ। ਉਹ ਗੁੱਸੇ ਭਰਿਆ ਸੀ, ਉਸੇ ਕ੍ਰੋਧ ਵਿਚ ਉਸ ਨੇ ਲੜਕੀ ਨੂੰ ਚੁੱਕ ਲਿਆ ਤੇ ਚਿਖਾ ਉਤੇ ਵਗਾਹ ਮਾਰਿਆ। ਅੱਗ ਇਕ ਪਾਸਿਓਂ ਸ਼ੁਰੂ ਹੈ, ਕੁੜੀ ਡਿੱਗਣ ਦੀ ਚੋਟ ਨਾਲ ਬੇਹੋਸ਼ ਹੋ ਗਈ, ਫੇਰ ਸੇਕ ਲਗਾ ਤੇ ਹੋਸ਼ ਇਕ ਦਮ ਪਰਤੀ। ਚੇਤਨਤਾ ਪਲ ਦੀ ਪਲ ਅਤੀ ਤੀਖਣ ਹੋ ਗਈ। ਚਿਖਾ ਦਾ ਉਠਦਾ ਅਲਾਂਬਾ ਉਸਨੂੰ ਐਉਂ ਲਗਾ ਕਿ ਅਸਮਾਨ ਤੋਂ ਬਿਜਲੀ ਦਾ ਗੋਲਾ ਡਿੱਗਾ ਹੈ, ਉਸ ਦੇ ਤਨ ਅੰਦਰੋਂ ਵੀ ਐਸਾ ਹੀ ਲਗਾ ਕਿ ਸ਼ੁਅਲਾ ਉਠਿਆ ਹੈ, ਜੋ ਐਉਂ ਪ੍ਰਤੀਤ ਹੋਇਆ ਕਿ ਖੋਪਰੀ ਵਿਚੋਂ ਨਿਕਲਕੇ ਕਾਲੇ ਅਸਮਾਨ ਤਕ ਲੰਬੀ ਲਕੀਰ ਵਾਕੁਨ ਜਾ ਪਹੁੰਚਾ ਹੈ। ਉਸਦੇ ਮੂੰਹੋਂ ਨਿਕਲਿਆ ਸ਼ੁਕਰ ਹੈ:

ਕਿਸੇ ਜੌਹਰੀ ਪਰਖਿਆ ਸੋਨਾ
ਚਮਕ ਕਸੌਟੀ ਲੀਕ ਪਈ।

ਚਿਖਾ ਭੜ ਭੜ ਬਲਣ ਲਗ ਪਈ, ਇਹ ਸਰੂਪ ਪਰਖ ਦੀ ਚਿਖਾ ਸੀ। ਇਹ ਉਹ ਭਾਂਬੜ ਸੀ, ਜਿਸ ਵਿਚ 'ਪਰਖ' ਆਪਣੀ ਆਹੂਤੀ ਦੇ ਦੇਂਦੀ ਹੈ ਤੇ ਸਰੂਪ ਨਿਖਰ ਆਉਂਦਾ ਹੈ। ਇਹ ਉਹ ਅਗਨਿ ਸੀ ਜਿਸ ਵਿਚ ਮੈਲ ਗਵਾ ਕੇ ਸੋਨਾ ਅਪਣੇ ਸ਼ੁਧ ਸਰੂਪ ਨੂੰ ਪ੍ਰਾਪਤ ਹੁੰਦਾ ਹੈ। ਇਹ ਉਹ ਤਪਤਾਉ ਸੀ ਜਿਸ ਨਾਲ ਸ਼ਬਦ ਦੀ ਸਚੀ ਟਕਸਾਲ ਚਲਦੀ ਹੈ। ਇਹ ਉਹ ਕੁਠਾਲੀ ਸੀ, ਜਿਸ ਵਿਚ ਸਥੂਲ ਦੁਨੀਆਂ ਅਪਣੇ ਮਰਨਸ਼ੀਲ ਹੁਲੀਏ ਨੂੰ ਤਿਆਗਕੇ ਭਾਵ ਸਰੂਪ ਵਿਚ ਸਦਾ ਲਈ ਅਮਰ ਹੋ ਜਾਂਦੀ ਹੈ।

ਚਿਖਾ ਪੂਰੀ ਬਲ ਉਠੀ। ਫੇਰ ਸੁਲਾਹ ਦੀ ਢੇਰੀ ਹੋ ਗਈ। ਇਹ ਰਾਖ ਵੀ ਭਸਮ ਸੀ। ਅਮੀਰ ਰੇਸ਼ਮ ਦੀ ਭਸਮ ਇਕੱਠੀ ਕਰਦਾ ਸੀ ਇਸ ਨਾਲ ਜਿਸਮ ਦੇ ਫੱਟ ਮਿਲ ਜਾਂਦੇ ਹਨ। ਉਸ ਕੋਲ ਕੌਰ ਦੇ ਰੇਸ਼ਮੀ ਕਪੜਿਆਂ ਦੀ ਭਸਮ ਸੀ। ਇਹ ਸ਼ਰਨ ਕੌਰ ਦੀ ਰੇਸ਼ਕੀ ਕਾਂਇਆ ਦੀ ਭਸਮ ਹੈ। ਇਸ ਭਸਮ ਦੀ ਯਾਦ ਮਾਤ੍ਰ ਰੂਹ ਦੇ ਫੱਟ ਮੇਲਦੀ ਹੈ।

# ੩. ਕਾਠ ਦੀ ਘੋੜੀ

### ੧.

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਸੱਜਣ ਠੱਗ ਦੀ ਸਾਖੀ ਮਸ਼ਹੂਰ ਹੈ। ਸੱਜਣ ਦਾ ਉਧਾਰ ਹੋ ਗਿਆ ਸੀ। ਅਸਲੀ ਅਰਥਾਂ ਵਿਚ ਉਹ ਸੱਜਣ ਬਣ ਗਿਆ ਸੀ। ਉਸ ਉਤੇ ਫਜ਼ਲ ਹੋ ਗਿਆ ਸੀ। ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ :

> ਤਬ ਗੁਰੂ ਨਾਨਕ ਮੇਹਰਵਾਨ ਹੋਇਆ, ਆਖਿਓਸੁ: ਸਚੁ ਕਹੁ ਜੋ ਤੈਂ ਖੂਨ ਕੀਤੇ ਹੈਨ ? ਤਬ ਸੇਖ ਸਜਨੁ ਲਾਗਾ ਸਚੋ ਸਚੁ ਬੋਲਣੇ। ਕਹਿਓਸੁ, ਜੀ ਬਹੁਤ ਪਾਪ ਕੀਤੇ ਹੈਂ। ਤਬਿ ਗੁਰੂ ਨਾਨਕ ਆਖਿਆ: ਜੋ ਕੁਛ ਉਨਕੀ ਬਸਤੁ ਰਹੀ ਹੈ ਸੋ ਘਿੰਨਿ ਆਉ:ਤਬ ਸੇਖ ਸਜਨ ਹੁਕਮ ਮੰਨਿਆ, ਬਸਤ ਲੇ ਆਇਆ, ਖੁਦਾਇ ਨਾਇ ਲੁਟਾਈ, ਗੁਰੂ ਗੁਰੂ ਲਾਗਾ ਜਪਣਿ, ਨਾਉਧਰੀਕ ਸਿਖ ਹੋਆ। ਪਹਿਲੀ ਧਰਮਸਾਲ ਓਥੇ ਬੱਧ।

### ੨.

ਸੱਜਣ ਇਕੱਲਾ ਨਹੀਂ ਸੀ। ਉਹ ਸਰਦਾਰ ਸੀ ਇਕ ਵੱਡੇ ਗ੍ਰੋਹ ਦਾ, ਜਿਸਦਾ ਨਾਇਬ ਕੱਜਣ ਸੀ, ਜੋ ਉਸੇ ਦਾ ਭਤੀਜਾ ਸੀ। ਇਹ ਸ਼ਾਹ-ਜ਼ੋਰ ਮੁੰਡਾ ਸੀ, ਨਿਧੜਕ ਤੇ ਨਿਡਰ, ਤੇ ਜਾਨ ਉਤੇ ਖੇਡਣ ਵਾਲਾ, ਪਰ ਸੀ ਚਾਚੇ ਦੇ ਹੁਕਮ ਇਸ਼ਾਰੇ ਵਿਚ। ਠੱਗਾਂ ਦੀ ਜਥੇਬੰਦੀ ਮੁਕੰਮਲ ਸੀ। ਇਹ ਪਰਸਪਰ ਵਿਸਾਹਘਾਤ ਨਹੀਂ ਸਨ ਕਰਦੇ। ਫੜੇ ਜਾਣ ਪਰ ਕਦੇ ਦੂਜੇ ਦਾ ਭੇਦ ਨਹੀਂ ਸਨ ਦੇਂਦੇ।

ਕੱਜਣ ਨੇ ਆਪਣੇ ਦੋ ਸਾਥੀਆਂ ਨਾਲ ਇਕ ਘਰ ਲੁੱਟਿਆ। ਇਹ ਸੰਨ੍ਹ ਨਹੀਂ ਸੀ ਲਾਉਂਦਾ। ਨਾ ਹੀ ਬੂਹਾ ਭੰਨਕੇ ਅੰਦਰ ਵੜਦਾ ਸੀ। ਦੋ ਜਣੇ ਹਨੇਰੇ ਵਿਚ ਇਕ ਕੰਧ ਦੇ ਲਾਗੇ ਆ ਜਾਂਦੇ ਸਨ। ਇਕ ਜਣਾ ਤੇ ਦੀਵਾਰ ਵਲ ਮੂੰਹ ਕਰਕੇ ਆਪਣੇ ਹੱਥ ਕੰਧ ਨਾਲ ਚਪਕਾ ਦੇਂਦਾ ਸੀ, ਐਸ ਤਰ੍ਹਾਂ ਪਿਠ ਉਭਰ ਕੇ ਬਾਹਰ ਵੱਲ ਹੋ ਜਾਂਦੀ ਸੀ, ਨਾਲ ਹੀ ਆਪਣਾ ਸਿਰ ਨਿਵਾਕੇ ਦੀਵਾਰ ਨਾਲ ਟਿਕਾ ਦੇਂਦਾ ਸੀ। ਇਕ ਕਿਸਮ ਦੀ ਘੋੜੀ ਬਣ ਜਾਂਦੀ ਸੀ। ਦੂਜਾ

 www.sikhbookclub.com

ਜਣਾ ਉਸਦੇ ਮੋਢਿਆਂ ਉਤੇ ਖੜੋਕੇ ਏਹੋ ਕਰਤਬ ਕਰਦਾ ਸੀ, ਐਸ ਤਰ੍ਹਾਂ ਦੂਹਰੀ ਘੋੜੀ ਬਣ ਜਾਂਦੀ ਸੀ। ਕੱਜਣ ਇਹਨਾਂ ਘੋੜੀਆਂ ਦੀ ਪੌੜੀ ਤੋਂ ਚੜ੍ਹਕੇ ਛਤ ਉਤੇ ਚੜ੍ਹ ਜਾਂਦਾ ਸੀ। ਉਪਰੋਂ ਫੇਰ ਜੈਸਾ ਮੌਕਾ ਹੋਵੇ ਵੈਸਾ ਹੀ ਕਰਦਾ ਸੀ। ਕਿਸੇ ਮੁੱਘ ਵਿਚੋਂ ਪਲਮਕੇ ਜਾਂ ਕਿਸੇ ਪੌੜੀ ਤੋਂ ਉਤਰਕੇ ਘਰ ਦੇ ਅੰਦਰ ਦਾਖ਼ਲ ਹੋਣਾ ਤੇ ਬੂਹਾ ਖੋਲ੍ਹਕੇ ਬਾਹਰ ਖੜੋਤੇ ਸਾਥੀਆਂ ਨੂੰ ਅੰਦਰ ਵਾੜ ਲੈਣਾ, ਏਸ ਕਿਸਮ ਦੀਆਂ ਚੋਰੀਆਂ ਵਿਚ ਇਹ ਤਾਕ ਸੀ।

ਅਜ ਜਿਸਦੇ ਘਰੋਂ ਮਾਲ ਲੁੱਟਿਆ, ਉਹ ਇਕ ਵਡੇਰੀ ਉਮਰ ਦਾ ਆਦਮੀ ਸੀ, ਕਮਜ਼ੋਰ ਤੇ ਕੁਛ ਦਮੇ ਦੀ ਕਸਰ ਵਾਲਾ। ਪਹਿਲੇ ਤਿੰਨਾਂ ਨੇ ਰਲਕੇ ਉਸ ਨੀਮ ਜਾਗੇ ਨੂੰ ਮੰਜੇ ਉਤੇ ਕੱਸਕੇ ਬੰਨ੍ਹ ਦਿਤਾ, ਫੇਰ ਜੋ ਕੁਛ ਹੱਥ ਆਇਆ ਲੈਕੇ ਖਿਸਕਦੇ ਹੋਏ। ਮਾਲ ਕੁਛ ਵਧੇਰਾ ਨਹੀਂ ਸੀ, ਕੁਛ ਥੋੜੇ ਸੋਨੇ ਦੇ ਜ਼ੇਵਰ ਸਨ।

ਕੱਜਣ ਅੱਜ ਮਾਲ ਲੈਕੇ ਸਾਥੀਆਂ ਸਮੇਤ ਚਾਚੇ ਵਲ ਜਾ ਰਿਹਾ ਸੀ। ਜਾਂ ਨਜ਼ਦੀਕ ਪਹੁੰਚਾ ਤੇ ਕੇਵਲ ਇਕ ਪੜਾ ਹੀ ਉਰੇ ਰਹਿ ਗਿਆ ਸੀ, ਉਸ ਕੀ ਵੇਖਿਆ, ਕਿ ਉਥੇ ਇਕ ਮਿਰਾਸੀ ਰਬਾਬ ਵਜਾ ਰਿਹਾ ਹੈ। ਉਸ ਦੇ ਨਾਲ ਹੀ ਇਕ ਹੋਰ ਬੈਠਾ ਹੈ, ਜਥ੍ਹੇ ਵਾਲਾ; ਮਸਤਕ ਉਤੇ ਤਿਊੜੀ ਹੈ, ਪਰ ਬੁੱਲ੍ਹਾਂ ਉਤੇ ਮੁਸਕ੍ਰਾਹਟ, ਅੱਖੀਆਂ ਸੇਜਲ ਹਨ, ਪਰ ਜਿਸ ਵੇਲੇ ਨਿਗਾਹ ਕਰਦੀਆਂ ਹਨ ਤਾਂ ਲਿਸ਼ਕ ਮਾਰਦੀਆਂ ਹਨ। ਉਸਦੇ ਬੁੱਲ੍ਹ ਖੁੱਲ੍ਹਦੇ ਹਨ ਪਰ ਰਬਾਬ ਦੀ ਸੁਰ ਨਾਲ ਲਯ ਵਿਚ ਬੰਦ ਹੋ ਜਾਂਦੇ ਹਨ, ਮਾਨੋ ਕੋਈ ਤੁਕ ਰਚ ਰਹੇ ਹਨ, ਫੇਰ ਬੋਲ ਕੇ ਗਾਉਂਦੇ ਹਨ ਤੇ ਨਾਲ ਹੀ ਹੱਥ ਨਾਲ ਤਾਲ ਦੇਂਦੇ ਹਨ। ਜਿਸ ਵੇਲੇ ਇਹ ਤੁਕ ਗਾਂਵੀ ਗਈ:

ਵਿਚਹੁ ਮਾਰਿ ਕਢੀਆ ਬੁਰਿਆਈਆ ।

(ਵਾਰ ਆਸਾ ਮ. ੧-੧੮)

ਤਾਂ ਜ਼ੋਰ ਦੀ ਤਾੜੀ ਵੱਜੀ। ਕੱਜਣ ਤ੍ਰੱਬਕ ਗਿਆ, ਫੇਰ ਸੋਚੀਂ ਪੈ ਗਿਆ, ਕਹਿੰਦਾ: ਬੱਚੇ ਓਇ, ਮੈਂ ਤਾਂ ਅੰਦਰੋਂ ਚੰਗਿਆਈਆਂ ਕੱਢ ਲਿਆਉਂਦਾ ਹਾਂ, ਸੋਨਾ, ਚਾਂਦੀ, ਜ਼ੇਵਰ, ਨਕਦੀ, ਹੀਰੇ, ਪੰਨੇ, ਲਾਲ; ਪਰ ਏਹ ਅੰਦਰੋਂ ਬੁਰਿਆਈਆਂ ਕੱਢ ਲਿਆਉਂਦੇ ਹਨ। ਮੈਂ ਵੀ ਮਾਰ ਕੁੱਟਕੇ ਕੱਢਦਾ ਹਾਂ, ਇਹ ਵੀ ਮਾਰ ਕੁਟਾਈ ਕਰਦੇ ਹਨ, ਕਹਿੰਦੇ ਹਨ:

ਵਿਚਹੁ ਮਾਰਿ ਕਢੀਆ ਬੁਰਿਆਈਆ ॥

ਮੈਂ ਅਜ ਕਿਸ ਸਫਾਈ ਨਾਲ ਮਮਟੀ ਦੀ ਇਕ ਇੱਟ ਕੱਢੀ, ਬਾਹਰੋਂ ਉਂਗਲ ਦੇ ਇਕ ਵਲੇਵੇਂ ਨਾਲ ਅੰਦਰ ਦੀ ਕੁੰਡੀ ਖੋਹਲੀ ਤੇ ਉਪਰਲੀਆਂ ਪੌੜੀਆਂ ਤੋਂ ਛੋਪਲੇ ਹੇਠ

ਤਿਲਕ ਗਿਆ। ਕਹਿੰਦੇ ਹਨ ਸੋਨੇ ਦੀ ਖੁਸ਼ਬੋ ਨਹੀਂ ਹੁੰਦੀ ਪਰ ਮੈਨੂੰ ਝੱਟ ਸੁਗੰਧੀ ਆ ਜਾਂਦੀ ਹੈ। ਮੇਰਾ ਨੱਕ ਬਹੁਤ ਤੇਜ਼ ਹੋ ਗਿਆ ਹੈ। ਮੇਰਾ ਹੱਥ ਸਿੱਧਾ ਲੁਕਵੇਂ ਗਹਿਣੇ ਤੇ ਪੈਂਦਾ ਹੈ। ਚਾਚਾ ਕਹਿੰਦਾ ਸੀ: ਸੋਨੇ ਦੀ ਖੁਸ਼ਬੋ ਨਹੀਂ ਹੁੰਦੀ, ਪਰ ਮੇਰੇ ਨੱਕ ਦੀ ਸੇਧ ਕਦੇ ਗ਼ਲਤ ਨਹੀ ਹੋਈ। ਚਾਚਾ ਕਹਿੰਦਾ ਸੀ ਕਿ ਸੋਨੇ ਦੀ ਖੁਸ਼ਬੋ ਨਹੀਂ ਹੁੰਦੀ, ਪਿੰਡੇ ਦੀ ਖੁਸ਼ਬੋ ਹੁੰਦੀ ਹੈ। ਕਹਿੰਦਾ ਸੀ: ਸੋਨਾ ਪਿੰਡੇ ਨਾਲ ਲਗਾ ਰਹਿੰਦਾ ਹੈ, ਉਸ ਨਾਲ ਖੁਸ਼ਬੋ ਚੰਬੜ ਜਾਂਦੀ ਹੈ। ਚੰਬੜਕੇ ਉਸਦੀ ਵਾਸ਼ਨਾ ਹੋਰ ਹੋ ਜਾਂਦੀ ਹੈ, ਸੋਨਾਂ ਜਿਤਨਾ ਪੁਰਾਣਾ ਰਖਿਆ ਹੋਵੇ, ਉਤਨੀ ਉਸਦੀ ਹਵਾੜ ਤਿੱਖੀ, ਤੇ ਕਹਿੰਦਾ ਸੀ ਕਈਆਂ ਦਾ ਨੱਕ ਏਸ ਝਾਲ ਨੂੰ ਸੁੰਘ ਲੈਂਦਾ ਹੈ, ਜਿਸ ਨਾਲ ਅੱਖੋਂ ਪਰੇ ਪਏ ਸੋਨੇ ਦੀ ਟੋਹ ਲਗ ਜਾਂਦੀ ਹੈ। ਏਸ ਗੱਲ ਦੀ ਤਾਂ ਉਹ ਮੇਰੀ ਕਦਰ ਕਰਦਾ ਹੈ। ਅੱਛਾ ਇਹ ਗੁੰਯਾ ਜੋ ਕਹਿੰਦਾ ਹੈ, ਕਿ ਮਾਰਕੇ ਅੰਦਰੋਂ ਬੁਰਿਆਈਆਂ ਲੁੱਟ ਆਂਦੀਆਂ, ਇਹ ਸੋਨੇ ਨੂੰ ਹੀ ਬੁਰਿਆਈਆਂ ਕਹਿੰਦਾ ਹੋਣਾ ਹੈ, ਤੇ ਏਸਨੇ ਚੋਲੇ ਦੇ ਅੰਦਰ ਵਾਰ ਗਹਿਣਾ ਹੀ ਲੁਕਾਇਆ ਹੋਣਾ ਹੈ। ਇਹ ਸੋਚਕੇ ਕੱਜਣ ਨੇ ਆਪਣਾ ਨੱਕ ਸਾਫ਼ ਕੀਤਾ ਤੇ ਲੰਮਾ ਸਾਹ ਖਿੱਚਿਆ, ਫੇਰ ਹੌਲੇ ਹੌਲੇ ਸੂੰ ਸੂੰ ਕਰਕੇ ਸਾਹ ਲਿਆ, ਜਿਸ ਤਰ੍ਹਾਂ ਬਿੱਲੀ ਕਿਸੇ ਚੀਜ਼ ਨੂੰ ਸੁੰਘਦੀ ਹੈ ਤੇ ਉਸ ਦੀਆਂ ਨਿੱਕੀਆਂ ਨਿੱਕੀਆਂ ਲਾਲ ਨਾਸਾਂ ਹਿਲਦੀਆਂ ਦਿੱਸਦੀਆਂ ਹਨ। ਕੱਜਣ ਨੇ ਇਸ ਤਰ੍ਹਾਂ ਦੋ ਤਿੰਨ ਵਾਰ ਨਾਸਾਂ ਹਿਲਾਕੇ ਸੂੰ ਸੂੰ ਕੀਤਾ ਤੇ ਫੇਰ ਸਿਰ ਹਿਲਾ ਦਿਤਾ। ਉਸਦੇ ਸਾਥੀ ਸਮਝ ਗਏ ਕਿ ਏਥੇ ਹੱਥ ਪੱਲੇ ਕੁਛ ਨਹੀਂ। ਪਰ ਗੂਯੇ ਨੇ ਉਸੇ ਵੇਲੇ ਆਪਣੀ ਸੁਰ ਬਦਲ ਲਈ, ਰਾਗ ਹੋਰ ਹੋ ਗਿਆ, ਹੁਣ ਕੁਛ ਹੋਰ ਗਾਂਵਿਆਂ ਜਾ ਰਿਹਾ ਸੀ, ਕੱਜਣ ਸੁਣਨ ਲਗਾ:

ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ ॥
ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ ॥....
ਸੰਚੈ ਮੰਚਿ ਨ ਦੇਈ ਕਿਸਹੀ ਅੰਧੁ ਜਾਣੈ ਸਭ ਮੇਰੀ ॥
ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ ॥੫॥
ਸੁਣਿ ਮੂਰਖ ਮੰਨ ਅਜਾਣਾ ॥ ਹੋਗੁ ਤਿਸੈ ਕਾ ਭਾਣਾ ॥੧॥ਰਹਾਉ॥
(ਗਉੜੀ ਮ: ੧-੧੩)

ਕੱਜਣ ਜਾ ਰਿਹਾ ਹੈ, ਕਦਮ ਹੌਲੇ ਹਨ, ਆਸੇ ਪਾਸੇ ਸਾਥੀ ਹਨ, ਸੋਚਦਾ ਹੈ ਕਿ ਐਸੀ ਖੁਸ਼ਬੋ ਅੱਗੇ ਕਦੇ ਨਾਸਾਂ ਵਿਚ ਨਹੀਂ ਸੀ ਵੜੀ; ਕੋਈ ਅਤਰ ਸੀ, ਗੁਲਾਬ ਸੀ ਜਾਂ ਕਸਤੂਰੀ ਦਾ ਨਾਫਾ ਸੀ, ਅੰਦਰ ਧਸ ਗਈ ਹੈ। ਕੁਛ ਪਾਗਲ ਜੇਹਾ ਹੋਣ ਲਗਾ ਹਾਂ, ਕੁਛ ਬੇਵਕੂਫ਼ ਜੇਹਾ ਬਣਦਾ ਜਾਂਦਾ ਹਾਂ, ਉਹ ਵੀ ਏਹੋ ਕਹਿੰਦੇ ਸਨ:


www.sikhbookclub.com

'ਸੁਣਿ ਮੂਰਖ...ਹੋਗੁ ਤਿਸੈ ਕਾ ਭਾਣਾ।।'

ਕੀ ਕੋਈ ਭਾਣਾ ਵਰਤਣ ਲੱਗਾ ਹੈ ? ਲਗਦਾ ਹੈ ਕੋਈ ਭੁਚਾਲ ਆਉਣ ਵਾਲਾ ਹੈ, ਸਿਰ ਹਿੱਲ ਰਿਹਾ ਹੈ, ਦਿਮਾਗ਼ ਵਿਚ ਜ਼ਲਜ਼ਲਾ ਮਾਲੂਮ ਹੁੰਦਾ ਹੈ, ਦਿੱਖਦਾ ਕੁਛ ਨਹੀਂ, ਚਾਨਣ ਬਹੁਤ ਹੈ, ਅੱਖਾਂ ਵਿਚ ਚੁਭਦਾ ਹੈ, ਝਿੰਮਣੀਆਂ ਖੁਲ੍ਹਦੀਆਂ ਨਹੀਂ। ਇਹ ਨਿਸ਼ਾਨੀਆਂ ਤਾਂ ਉੱਲੂ ਦੀਆਂ ਹਨ। ਮੈਂ ਮੂਰਖ ਹਾਂ ਕਿ ਉੱਲੂ ? ਮੈਨੂੰ ਰਾਤ ਵੇਲੇ ਹੀ ਸਭ ਕੁਛ ਦਿੱਸਦਾ ਹੈ, ਦਿਨ ਵੇਲੇ ਕੁਛ ਨਹੀਂ। ਮੇਰੀਆਂ ਅਖਾਂ ਰਾਤ ਵੇਲੇ ਕੰਮ ਕਰਦੀਆਂ ਹਨ। ਮੇਰਾ ਨਕ ਵੀ ਰਾਤ ਵੇਲੇ ਤੇਜ਼ ਹੁੰਦਾ ਹੈ, ਦਿਨ ਬਹੁਤ ਭੈੜੀ ਚੀਜ਼ ਹੈ। ਪਰ ਅਜ ਸੂਰਜ ਦੀ ਰੌਸ਼ਨੀ ਵੱਧ ਹੈ, ਬਹੁਤ ਤੇਜ਼ ਹੈ, ਹੋਰ ਤਿੱਖੀ ਹੁੰਦੀ ਜਾਂਦੀ ਹੈ। ਏਨੇ ਨੂੰ ਜ਼ੋਰ ਦੀ ਆਵਾਜ਼ ਆਈ, 'ਕੱਜਣ !' ਉਸ ਨੇ ਅੱਖਾਂ ਵਿਚੋਂ ਹੀ ਉੱਤਰ ਦਿਤਾ : 'ਹਾਂ ਚਾਚਾ ! ਚਾਚਾ, ਤੂੰ ਕਿਥੇਂ ਹੈਂ, ਦਿੱਸਦਾ ਨਹੀਂ ?' 'ਪੁਤ੍ਰ, ਅਖਾਂ ਖੋਲ੍ਹ ਦੇਖ ਮੈਂ ਤੇਰੇ ਕੋਲ ਹਾਂ।' 'ਚਾਚਾ, ਮੈਂ ਅੰਨ੍ਹਾ ਹੋ ਗਿਆ ਹਾਂ, ਦਿਨ ਦੀ ਰੌਸ਼ਨੀ ਤਿੱਖੀ ਹੋ ਗਈ ਹੈ, ਚਾਨਣ ਤੇਜ ਹੈ, ਆਨੇ ਫੁੱਲ ਗਏ ਹਨ।'

'ਪੁਤ੍ਰ ! ਨਹੀਂ ਸੂਰਜ ਨੇੜੇ ਆ ਰਿਹਾ ਹੈ, ਕਯਾਮਤ ਬਰਪਾ ਹੋਣ ਲਗੀ ਹੈ। ਲੈਣੇ ਦੇ ਦੇਣੇ ਪੈ ਗਏ ਹਨ। ਪੁਤ੍ਰ, ਜਲਦੀ ਜਾਹ, ਨੱਸ, ਦੌੜ, ਅਜੇ ਵੇਲਾ ਹੈ, ਨੱਸ, ਇਕ ਦਮ ਨੱਸ।' 'ਚਾਚਾ, ਮੈਨੂੰ ਰਾਹ ਤਾਂ ਦਿੱਸਦਾ ਨਹੀਂ:' 'ਪੁਤ੍ਰ ! ਹੁਣ ਰਾਹ ਦਿੱਸ ਪਏਗਾ, ਦੌੜ ਭੱਜ। ਹੁਣ ਪਰਾਇਆ ਧਨ ਹਜ਼ਮ ਨਹੀਂ ਹੋ ਸਕਦਾ। ਘਰ ਦੇ ਅੰਦਰ ਕਯਾਮਤ ਵਰਤ ਚੁਕੀ ਹੈ, ਪਰਲੋ ਆ ਗਈ ਹੈ, ਮਹਾਂ ਪਰਲੋ; ਇਹ ਧਨ ਤੂੰ ਮੋੜ ਆ, ਜਲਦੀ ਜਾਹ ਤੇ ਝੱਟ ਆ, ਭੱਜ ਦੌੜ।'

ਸ਼ੇਖ ਸੱਜਣ ਦਾ ਆਖਿਆ ਕੋਈ ਨਹੀਂ ਸੀ ਮੋੜ ਸਕਦਾ, ਉਹ ਜੱਥੇ ਦਾ ਸਰਦਾਰ ਸੀ। ਉਸ ਦਾ ਹੁਕਮ ਅਟੱਲ ਸੀ। ਉਸ ਨੂੰ ਨਾਂਹ ਕਰਨੀ ਮੌਤ ਸੀ। ਕੱਜਣ ਓਨ੍ਹੀਂ ਪੈਰੀਂ ਵਾਪਸ ਨੱਸਿਆ। ਸਾਥੀ ਨਾਲ ਹੀ ਗਏ। ਦੌੜਦੇ ਗਏ। ਘਰ ਦਾ ਬੂਹਾ ਖੁੱਲ੍ਹਾ ਸੀ। ਚੌੜ ਚਪੱਟ, ਜੈਸਾ ਉਹ ਛੱਡ ਗਏ ਸਨ। ਅੰਦਰੋਂ ਆਵਾਜ਼ ਆ ਰਹੀ ਸੀ। ਕੋਈ ਥਾਲੀ ਖੜਕ ਰਹੀ ਸੀ, ਜਿਸ ਤਰ੍ਹਾਂ ਕੋਈ ਭੁੱਖਾ ਰੋਟੀ ਖਾ ਰਿਹਾ ਹੈ। ਥਾਲੀ ਦਾ ਖੜਾਕ ਹੋਰ ਵਧ ਗਿਆ। ਕੱਜਣ ਨੇ ਬਚਾਵੇਂ ਕਦਮਾਂ ਨਾਲ ਗਿੱਚੀ ਅੰਦਰ ਵਾੜਕੇ ਝਾਤੀ ਮਾਰੀ। ਕੁੱਤਾ ਜੂਠੀ ਥਾਲੀ ਚੱਟ ਰਿਹਾ ਸੀ, ਚੋਰਾਂ ਨੂੰ ਦੇਖਦੇ ਉਹ ਭੌਂਕਣ ਲੱਗਾ। ਕੱਜਣ ਬੋਲਿਆ:'ਬੱਲੇ ਓਏ ਜਵਾਨਾਂ, ਅਸ਼ਕੇ ਤੇਰੇ, ਜਦੋਂ ਚੋਰੀ ਲਈ ਆਏ ਸਾਂ ਤਾਂ ਕਿਥੇ ਸੈਂ ? ਸਾਧੀ ਲਈ ਆਏ ਹਾਂ ਤਾਂ ਤੈਨੂੰ ਹੋਸ਼ ਫੁਰੀ ਹੈ।' ਕੁੱਤੇ ਨੂੰ ਦਬਕਾਕੇ ਬਾਹਰ ਨਸਾ ਦਿੱਤਾ। ਉਹ ਬਿਰਧ ਅਜੇ ਮੰਜੀ ਨਾਲ ਕੱਸਕੇ ਬੱਝਾ ਪਿਆ ਹੈ। ਮੋਇਆ ਹੈ ਕਿ ਜਿਉਂਦਾ ਹੈ ? ਉਸ ਨੂੰ ਖੋਲ੍ਹਿਆ। ਸਾਹ ਲੈ ਰਿਹਾ ਹੈ, ਐਉਂ ਜਿਸ ਤਰ੍ਹਾਂ

 www.sikhbookclub.com

ਦਮੇ ਦਾ ਸਾਹ ਹੁੰਦਾ ਹੈ; ਬਾਹਵਾਂ ਲੱਤਾਂ ਸੁੱਜੀਆਂ ਹਨ, ਮੂੰਹ ਵਿਚੋਂ ਝੱਗ ਵਗਦੀ ਹੈ, ਅੱਖਾਂ ਦੇ ਆਨੇ ਲਾਲ ਫੁੱਲੇ ਹਨ।

ਕੱਜਣ ਨੂੰ ਹੁਣ ਸਭ ਕੁਛ ਦੀਹਦਾ ਹੈ। ਬੁੱਢਾ ਬੋਲ ਨਹੀਂ ਸਕਦਾ, ਚੋਰ ਉਸ ਦੇ ਮੂੰਹ ਨਾਲ ਪਾਣੀ ਦਾ ਗਲਾਸ ਲਾਉਂਦੇ ਹਨ। ਇਕ ਘੁੱਟ ਭਰਦਾ ਹੈ, ਉਥੂ ਆ ਜਾਂਦਾ ਹੈ। ਇਕ ਚੋਰ ਥੋੜਾ ਲੂਣ ਚੱਟਣ ਲਈ ਦੇਂਦਾ ਹੈ, ਬੁੱਢਾ ਮੁੜ ਪਾਣੀ ਦਾ ਘੁੱਟ ਭਰਦਾ ਹੈ ਜੋ ਅੰਦਰ ਲੰਘ ਜਾਂਦਾ ਹੈ। ਹੌਲੇ ਹੌਲੇ ਬਿਰਧ ਅੱਧਾ ਲੇਟਿਆ ਗਲਾਸ ਪਾਣੀ ਦਾ ਪੀ ਗਿਆ। ਫੇਰ ਮਹੀਨ ਅਵਾਜ਼ ਨਾਲ ਬੋਲਿਆ: 'ਸਭ ਲੁੱਟਿਆ ਪੁਟਿਆ ਗਿਆ।' ਉਸ ਦੀਆਂ ਅੱਖਾਂ ਵਿਚੋਂ ਪਾਣੀ ਵਗ ਰਿਹਾ ਸੀ। ਕੱਜਣ ਨੇ ਕਿਹਾ: 'ਜੀ, ਤੁਹਾਡਾ ਨੁਕਸਾਨ ਕੁਛ ਨਹੀਂ ਹੋਇਆ, ਜੋ ਕੁਛ ਗਿਆ ਸੀ ਉਹ ਮੁੜ ਆਇਆ ਹੈ। ਤੁਹਾਡੀ ਕਮਾਈ ਕੋਈ ਹੱਕ ਹਲਾਲ ਦੀ ਸੀ।' ਇਹ ਕਹਿੰਦਿਆਂ ਹੀ ਕੱਜਣ ਨੇ ਸਭ ਕੁਛ ਉਸ ਦੇ ਅੱਗੇ ਢੇਰੀ ਕਰ ਦਿੱਤਾ।

ਬੁੱਢਾ ਹੈਰਾਨ ਪਰੇਸ਼ਾਨ ਸੀ। ਇਹ ਜਾਗਦਿਆਂ ਦੀਆਂ ਗਲਾਂ ਹਨ ਕਿ ਸੁਪਨੇ ਦੀਆਂ ਖੇਡਾਂ ? ਕੱਜਣ ਨੇ ਕਿਹਾ· 'ਬਾਬਾ ਜੀ ਹੈਰਾਨ ਨਾ ਹੋਵੋ, ਅਸੀਂ ਹੀ ਤੁਹਾਡੇ ਚੋਰ ਹਾਂ, ਲੁੱਟਕੇ ਲੈ ਗਏ ਸਾਂ, ਪਰ ਸਾਨੂੰ ਹੁਕਮ ਹੋਇਆ ਹੈ ਮੋੜ ਦੇਣ ਦਾ; ਸੋ ਮਾਫ਼ ਕਰਨਾ ਜੋ ਦੁਖ ਤੁਹਾਨੂੰ ਹੋਇਆ ਹੈ। ਲਓ ਸਾਨੂੰ ਕਾਹਲੀ ਹੈ, ਇਕ ਵੇਰ ਮੂੰਹੋਂ ਆਖ ਦਿਓ, ਮਾਫ ਕੀਤਾ।'

ਬੁੱਢਾ– ਤੁਸੀਂ ਤੇ ਕੋਈ ਪੀਰ ਮੁਰਸ਼ਿਦ ਵਾਲੇ ਹੋ, ਕੋਈ ਗੁਰੂ ਗੋਸਾਈ ਵਾਲੇ ਹੋ, ਤੁਸੀਂ ਕਿਸਦੇ ਕਹੇ ਲੱਗੇ ਹੋ ?

ਕੱਜਣ– ਸਾਡਾ ਪੀਰ ਮੁਰਸ਼ਿਦ ਗੁਰੂ ਗੋਸਾਈਂ ਸਾਡਾ ਚਾਚਾ ਹੈ। ਉਸ ਦੇ ਕਹੇ ਅਸੀਂ ਖੋਂਹਦੇ ਹਾਂ; ਉਸੇ ਦੇ ਕਹੇ ਅਸੀਂ ਮੋੜਦੇ ਹਾਂ। ਉਹ ਕਹਿੰਦਾ ਸੀ: 'ਕਯਾਮਤ ਆ ਰਹੀ ਹੈ। ਸ਼ੁਰੂ ਹੋ ਗਈ ਹੈ, ਘੜੀ ਪਲ ਦਾ ਵਿਸਾਹ ਨਹੀਂ'। ਆਪਣੇ ਘਰ ਵਿਚ ਉਸ ਦੇ ਪਰਲੋ ਵਰਤ ਗਈ ਹੈ। ਉਸ ਕਿਹਾ 'ਅਜੇ ਵੇਲਾ ਜੇ, ਮੋੜ ਆਓ, ਸੂਰਜ ਜ਼ਮੀਨ ਵਲ ਆ ਰਿਹਾ ਹੈ, ਚਮਕ ਵਧ ਰਹੀ ਹੈ, ਧੁੱਪ ਤੇਜ਼ ਹੁੰਦੀ ਜਾਂਦੀ ਹੈ, ਗਰਮੀ ਗਰਮੀ ਸਾਰੇ ਪਾਸੇ ਫੈਲ ਰਹੀ ਹੈ।' ਉਹ ਬੜਾ ਸਿਆਣਾ ਹੈ, ਉਸ ਦੀ ਗਲ ਕਦੀ ਗ਼ਲਤ ਨਹੀਂ ਨਿਕਲੀ। ਉਹ ਹੁਣ ਤਿਆਰ ਹੈ, ਕਿਆਮਤ ਦੇ ਮੁਨਸਫ਼ ਦੇ ਸਾਹਮਣੇ ਪੇਸ਼ ਹੋਣ ਲਈ। ਉਸ ਨੇ ਸਾਰੇ ਬੰਦੋਬਸਤ ਕਰ ਲਏ ਹਨ। ਅੱਗੇ ਦੁਨੀਆਂ ਠੱਗ ਖਾਧੀ ਸੀ, ਹੁਣ ਖ਼ੁਦਾ ਨੂੰ ਠੱਗਣ ਦੀ ਵਾਰੀ ਹੈ, ਉਸ ਦੀ ਚਾਲ ਨੂੰ ਸ਼ੈਤਾਨ ਵੀ ਨਹੀਂ ਸਮਝ ਸਕਦਾ। ਅਸੀਂ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ, ਅਸੀਂ ਹੁਕਮ ਮੰਨਦੇ ਹਾਂ। ਅੱਗੇ ਖ਼ੁਦਾ ਦੇ ਨਾਮ ਹੇਠ ਉਸ ਨੇ ਲੋਕਾਈ ਨੂੰ ਧੋਖੇ ਵਿਚ ਪਾ

 www.sikhbookclub.com

ਦਿਤਾ, ਹੁਣ ਲੋਕਾਈ ਦੇ ਨਾਮ ਹੇਠ ਅੱਲ੍ਹਾ ਨਾਲ ਮੱਕਾਰੀ ਕਰ ਲਏਗਾ। ਅੱਲ੍ਹਾ ਮਕਾਰਾਂ ਦਾ ਮਕਾਰ ਹੈ੧, ਪਰ ਚਾਚਾ ਮਕਾਰਾਂ ਦੇ ਚਾਚਿਆਂ ਦਾ ਤਾਇਆ ਹੈ। ਲਓ ਹੁਣ ਰੁਖ਼ਸਤ!

ਇਹ ਕਹਿਕੇ ਕੱਜਣ ਉਠਿਆ, ਪਰ ਬਿਰਧ ਨੇ ਹਉਕਾ ਭਰਿਆ। ਇਸ਼ਾਰਾ ਕੀਤਾ: ਠਹਿਰ ਜਾਓ! ਕਹਿਣ ਲੱਗਾ: 'ਓਸੇ ਚਾਚੇ ਦਾ ਵਾਸਤਾ ਜੇ, ਮੇਰੀ ਇਕ ਅਰਜ਼ ਹੈ, ਓਹ ਪੂਰੀ ਕਰੀ ਜਾਓ। ਮੇਰੇ ਲਈ ਤੁਸੀਂ ਚੋਰ ਨਹੀਂ ਹੋ, ਕੋਈ ਦੇਉਤੇ ਹੋ, ਕੋਈ ਫਰਿਸ਼ਤੇ। ਤੁਸੀਂ ਠੀਕ ਆਖਦੇ ਹੋ ਕਯਾਮਤ ਆ ਰਹੀ ਹੈ। ਮੈਂ ਬੱਝਾ ਮਰਨ ਹੀ ਲਗਾ ਸੀ। ਮੈਨੂੰ ਪਤਾ ਲਗ ਗਿਆ ਹੈ ਕਿ ਕਿਆਮਤ ਕੀ ਚੀਜ਼ ਹੈ, ਮੈਂ ਪਰਲੋ ਦੇ ਮੂੰਹ ਵਿਚੋਂ ਤਾਜ਼ਾ ਬਾਹਰ ਨਿਕਲਿਆ ਹਾਂ। ਚੂਹੇ ਨੂੰ ਪਤਾ ਹੁੰਦਾ ਹੈ ਕਿ ਪਰਲੋ ਕੀ ਚੀਜ਼ ਹੈ। ਉਹ ਬਿੱਲੀ ਦੇ ਮੂੰਹ ਵਿਚੋਂ ਇਕ ਛਿਨ ਲਈ ਬਾਹਰ ਨਿਕਲਦਾ ਹੈ। ਪਰਲੋ, ਬਸ ਏਸੇ ਦਾ ਨਾਂ ਹੈ, ਜਿਸ ਵੇਲੇ ਬਿੱਲੀ ਚੂਹੇ ਨੂੰ ਦੰਦਾਂ ਹੇਠੋਂ ਛਡਦੀ ਹੈ; ਤੇ ਮਹਾਂ ਪਰਲੋ, ਜਿਸ ਵੇਲੇ ਚੂਹਾ ਹੜੱਪ ਹੋ ਜਾਂਦਾ ਹੈ। ਮੈਨੂੰ ਵੀ ਅੱਜ ਪਤਾ ਲਗਾ ਹੈ ਕਿ ਪਰਲੋ ਕੀ ਹੈ ਬਿੱਲੀ ਦੀ ਚੂਹੇ ਬਾਜ਼ੀ ਹੈ। ਲਓ, ਸੁਣੋ, ਮੇਰੀ ਗੱਲ। ਤੁਸੀਂ ਚੋਰ ਹੋ ਤੇ ਮੈਂ ਸਾਧ ਨਹੀਂ। ਏਸ ਦੁਨੀਆਂ ਵਿਚ ਕੋਈ ਸਾਧ ਨਹੀਂ, ਸਾਰੇ ਚੋਰ ਹੀ ਹਨ। ਉਂਗਲ ਉਂਗਲ, ਚੱਪੇ ਚੱਪੇ, ਗਿਠ ਗਿਠ ਦਾ ਫਰਕ ਹੈ। ਕੋਈ ਵੱਧ ਕੋਈ ਘੱਟ, ਪਰ ਹਨ ਸਭ ਚੋਰ। ਇਹ ਜੋ ਧਨ ਮੇਰਾ ਹੈ, ਮੇਰਾ ਨਹੀਂ, ਮੇਰੇ ਕੋਲ ਇਕ ਵਿਧਵਾ ਅਮਾਨਤ ਰਖ ਗਈ ਸੀ, ਉਹ ਮਰ ਗਈ, ਉਸ ਦੀ ਧੀ 'ਆਸੋ' ਲਾਗਲੇ ਪਿੰਡ ਰਹਿੰਦੀ ਹੈ। ਉਸ ਨੇ ਕਈ ਵੇਰ ਕਿਹਾ ਸੁਣਿਆ, ਪਰ ਮੈਂ ਕੰਨੀਂ ਮੁੱਢੀ ਮਾਰ ਛੱਡੀ। ਹੁਣ ਪਤਾ ਲਗਾ ਕਿ ਕਾਸ ਲਈ ? ਲਓ ਕਰਮਾਂ ਵਾਲਿਓ! ਇਹੋ ਗੱਠੜੀ ਚੁੱਕ ਲਓ ਤੇ ਆਸੋ ਨੂੰ ਦੇਈ ਜਾਓ, ਕਹੀਓ: ਇਹ ਤੇਰੀ ਮਾਂ ਦੀ ਹੈ, ਸੋਘੀ ਕਰ ਲੈ। ਲਓ ਮੈਨੂੰ ਵੀ ਕਯਾਮਤ ਤੋਂ ਬਚਾ ਲਓ। ਚਾਚੇ ਨੂੰ ਕਹਿਣਾ ਕਿ ਮੇਰੇ ਲਈ ਵੀ ਅੱਲ੍ਹਾ ਮੀਆਂ ਨਾਲ ਥੋੜੀ ਚਾਤੁਰੀ ਕਰ ਲਵੇ।'

## ੩.

ਸੱਜਣ ਦੇ ਸੁਧਾਰ ਨਾਲ ਇਕ ਨਵੀਂ ਹਾਲਤ ਪੈਦਾ ਹੋ ਗਈ। ਅਸੀਂ ਪਿਛੇ ਕਹਿ ਆਏ ਹਾਂ ਕਿ ਸੱਜਣ ਇਕੱਲਾ ਨਹੀਂ ਸੀ, ਉਸਦੇ ਬਹੁਤ ਸਾਥੀ ਸਨ। ਇਹ ਇਕ ਵਡੀ

੧ ਅੱਲਾ ਮਕਾਰਾਂ ਦਾ ਮਕਾਰ ਹੈ, ਇਹ ਇਸਲਾਮ ਦੇ ਧਰਮ ਗ੍ਰੰਥ ਦਾ ਵਾਕ ਹੈ, ਮਤਲਬ ਹੈ ਕਿ ਕੋਈ ਦਗ਼ੇਬਾਜ਼ ਉਸ ਨਾਲ ਫ਼ਰੇਬ ਨਹੀਂ ਕਰ ਸਕਦਾ, ਉਹ ਸਭ ਦੀ ਮਕਾਰੀ ਸਮਝਦਾ ਹੈ।

ਜਥੇਬੰਦੀ ਸੀ; ਇਸਦੀਆਂ ਜੜ੍ਹਾਂ ਹੇਠੋਂ ਹੇਠ ਦੂਰ ਤਕ ਫੈਲੀਆਂ ਹੋਈਆਂ ਸਨ। ਜੰਗਲਾਂ ਜੂਹਾਂ ਬੇਲਿਆਂ ਵਿਚ ਇਹਨਾਂ ਦੇ ਟਿਕਾਣੇ ਸਨ। ਇਨ੍ਹਾਂ ਦਾ ਬੰਦਾ ਇਕ ਤੋਂ ਇਕ ਵੱਧ ਖ਼ੂੰਖ਼ਾਰ, ਨਿਰਦਈ ਤੇ ਜਾਨਬਾਜ਼ ਸੀ। ਪਰ ਸਾਰੇ ਦੇ ਸਾਰੇ 'ਸੱਜਣ ਠੱਗ' ਦੇ ਨਿਮਕ ਹਲਾਲ ਸਨ। ਪਰ ਹੁਣ ਉਹ 'ਸੰਤ ਸੱਜਣ' ਨਾਲ ਕੀ ਵਫਾਦਾਰੀ ਕਰਦੇ ਹਨ, ਏਸ ਗਲ ਦੀ ਤਸ਼ਵੀਸ਼ ਸੀ। ਸੱਜਣ ਨੂੰ ਇਹ ਤੌਖਲਾ ਸੀ ਕਿ ਸ਼ਾਇਦ ਇਹ ਆਪਸ ਵਿਚ ਫਟ ਜਾਣ ਤੇ ਇਕ ਦੂਜੇ ਦੇ ਵਿਸਾਹਘਾਤੀ ਬਣ ਜਾਣ। ਏਸ ਗਲ ਦੀ ਰੋਕ-ਥਾਮ ਲਈ ਸੱਜਣ ਨੇ ਪਹਿਲਾ ਕੰਮ ਇਹ ਕੀਤਾ ਕਿ ਕੱਜਣ ਨੂੰ ਸੋਧਿਆ। ਕੱਜਣ ਉਸਦੇ ਆਖੇ ਵਿਚ ਆ ਗਿਆ, ਪਰ ਦੇਰ ਤਕ ਉਸਦਾ ਸੰਸਾ ਬਣਿਆ ਰਿਹਾ ਕਿ ਚਾਚਾ ਏਸ ਚੰਗਿਆਈ ਨੂੰ ਛੱਡਕੇ ਮੁੜ ਪੁਰਾਣੀ ਆਦਤ ਵਲ ਝੁਕ ਜਾਵੇਗਾ। ਉਸਦਾ ਸ਼ੰਕਾ ਸੀ ਕਿ ਚਾਚੇ ਦਾ ਇਹ ਇਕ ਪਹਿਲੂ ਹੈ, ਜੋ ਕਦੀ ਕਦੀ ਦਿਖਾਵੇ ਦਾ ਝੱਸ ਮਾਰ ਜਾਂਦਾ ਹੈ। ਆਖ਼ਰ ਉਸਦਾ ਯਕੀਨ ਚਾਚੇ ਦੀ ਚੰਗਿਆਈ ਵਲ ਵਧੇਰੇ ਹੋ ਗਿਆ। ਸੱਜਣ ਵਿਚ ਵੀ ਹੁਣ ਇਕ ਨਵੀਂ ਤਾਕਤ ਆ ਗਈ ਸੀ। ਅਗੇ ਉਸਦੇ ਹੁਕਮ ਵਿਚ ਰੋਅਬ ਸੀ ਹੁਣ ਉਸਦੇ ਬਚਨਾਂ ਵਿਚ ਪ੍ਰਭਾਵ ਹੈ।

ਹੌਲੇ ਹੌਲੇ ਸਾਰੇ ਠੱਗਾਂ ਨੂੰ ਏਸ ਤਬਦੀਲੀ ਦਾ ਪਤਾ ਲਗ ਗਿਆ। ਉਹ ਉਦਾਸ ਸਨ। ਉਹਨਾਂ ਦੀ ਕਾਮਯਾਬੀ ਜਥੇਬੰਦੀ ਦੇ ਜ਼ੋਰ ਉਤੇ ਨਿਰਭਰ ਸੀ। ਹੁਣ ਜੇ ਓਹ ਵਖੋ ਵਖ ਹੁੰਦੇ ਹਨ ਤੇ ਆਪਣੇ ਕਿੱਤੇ ਉਤੇ ਕਾਇਮ ਰਹਿੰਦੇ ਹਨ ਤਾਂ ਉਹਨਾਂ ਨੂੰ ਇਹ ਡਰ ਹੈ ਕਿ ਸੱਜਣ ਉਹਨਾਂ ਦੀ ਮੁਖ਼ਬਰੀ ਨਾ ਕਰ ਦੇਵੇ। ਉਸਨੂੰ ਪਤਾ ਹੈ ਕਿ ਕਿਹੜੇ ਕਿਹੜੇ ਟਿਕਾਣੇ ਹਨ ਤੇ ਕਿਥੇ ਕਿਥੇ ਕਿਤਨਾ ਚੋਰੀ ਦਾ ਮਾਲ ਦੱਬਿਆ ਹੋਇਆ ਹੈ। ਇਹ ਕਠਿਨ ਸਮੱਸਿਆ ਸੀ। ਇਹ ਕਿਸ ਤਰ੍ਹਾਂ ਹੱਲ ਹੋਈ ? ਇਸਦੀ ਪੂਰੀ ਤਫਸੀਲ ਲੱਭਣੀ ਔਖੀ ਗਲ ਹੈ। ਸੱਜਣ ਚਾਹੁੰਦਾ ਸੀ ਕਿ ਸਾਰੇ ਉਨ੍ਹਾਂ ਦੇ ਅੱਡੇ ਅਸਲੀ ਅਰਥਾਂ ਵਿਚ ਧਰਮਸਾਲਾਂ ਬਣ ਜਾਣ। ਸਭ ਦਾ ਮਾਲ ਵਾਪਸ ਹੋ ਜਾਏ। ਜੱਥੇ ਵਿਚ ਕਾਫੀ ਏਸ ਗਲ ਦੀ ਵਿਰੋਧਤਾ ਰਹੀ, ਪਰ ਇਤਨੀ ਗਲ ਜ਼ਰੂਰ ਹੋਈ ਕਿ ਜਥੇਬੰਦੀ ਵਿਚ ਕਮਜ਼ੋਰੀ ਆ ਜਾਣ ਨਾਲ ਚੋਰੀ ਤੇ ਠੱਗੀ ਬਹੁਤ ਘਟ ਗਈ। ਕਈ ਚੋਰ ਬਿਮਾਰ ਹੋ ਗਏ। ਜੋ ਅੱਗੇ ਸਾਰਾ ਦਿਨ ਆਹਰ ਵਿਚ ਲਗੇ ਰਹਿੰਦੇ ਸਨ ਤੇ ਭੱਜ ਦੌੜ ਵਿਚ ਵਕਤ ਬਿਤਾਉਂਦੇ ਸਨ, ਹੁਣ ਉਹਨਾਂ ਨੂੰ ਵਿਹਲੇ ਰਹਿਣਾ ਮੁਸੀਬਤ ਹੋ ਗਿਆ। ਸਾਰਿਆਂ ਨੂੰ ਜ਼ਿੰਦਗੀ ਦੁੱਭਰ ਹੋ ਗਈ। ਡਰ, ਤੌਖਲੇ, ਕੀਤੇ ਹੋਏ ਕਰਤੱਵ ਉਸ ਫੁਰਸਤ ਵਿਚ ਭਿਆਨਕ ਲੱਗਣ ਲਗੇ।


www.sikhbookclub.com

੪.

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜੋਤਿ ਸਮਾਇਆਂ ਕੋਈ ਤੇਰਾਂ ਕੁ ਵਰ੍ਹੇ ਹੋਏ ਸਨ, ਜਦੋਂ ਸ੍ਰੀ ਗੁਰੂ ਅਮਰਦਾਸ ਜੀ ਗੱਦੀ ਤੇ ਬਿਰਾਜਮਾਨ ਹੋਏ। ਉਸ ਵੇਲੇ ਧਾਰਮਿਕ ਲਹਿਰ ਬੜੇ ਜ਼ੋਰ ਨਾਲ ਚੱਲੀ। ਗੁਰੂ ਅਮਰਦਾਸ ਜੀ ਨੇ ਸਿੱਖੀ ਨੂੰ ਸਮਾਜਿਕ ਰੂਪ ਵਿਚ ਜਥੇਬੰਦ ਕਰ ਦਿਤਾ। ਬਾਈ ਮੁਖੀਏ ਥਾਪੇ, ਜਿਨ੍ਹਾਂ ਨੂੰ ਪ੍ਰਚਾਰ ਦੇ ਕੰਮ ਲਈ ਵੱਖੋ ਵੱਖ ਟਿਕਾਣਿਆਂ ਤੇ ਸਥਾਪਿਤ ਕੀਤਾ। ਉਨ੍ਹਾਂ ਨੇ ਜ਼ਾਤ ਪਾਤ ਦੇ ਸਿਲਮਲੇ ਨੂੰ ਨਿਸੱਤਿਆਂ ਕਰ ਦਿਤਾ। ਸਾਂਝੇ ਲੰਗਰ ਦੀ ਰੀਤਿ ਚਲਾ ਦਿਤੀ। ਬਾਉਲੀ ਸਾਹਿਬ ਦੀ ਰਚਨਾ ਕੀਤੀ। ਦੁਖੀਆਂ ਦਾ ਦਰਦ ਵੰਡਿਆ, ਰੋਗ ਪੀੜਤਾ ਦੇ ਦਵਾ ਦਾਰੂ ਲਈ ਬਾਨ੍ਹਣੂ ਬੰਨ੍ਹੇ। ਪੁਨਰ ਵਿਆਹ ਜਾਰੀ ਕੀਤਾ, ਮਾਨਸਿਕ ਰੋਗੀਆਂ ਨੂੰ ਬੀਮਾਰੀ ਦੀ ਖੁੱਭਣ ਵਿਚੋਂ ਕੱਢਿਆ, ਵੇਹਲਿਆਂ ਨੂੰ ਕਾਰੇ ਲਾ ਦਿਤਾ, ਆਪਣਾ ਕੇਂਦਰ ਗੋਇੰਦਵਾਲ ਬਣਾਇਆ।

੫.

ਸੱਜਣ ਵੀ ਏਸੇ ਅਰਸੇ ਵਿਚ ਚਲਾਣਾ ਕਰ ਚੁਕਾ ਸੀ। ਉਸ ਤੋਂ ਪਿਛੋਂ ਕੱਜਣ ਹੀ ਉਸਦੀ ਜਗ੍ਹਾ ਉਤੇ ਸਥਾਪਨ ਕੀਤਾ ਗਿਆ।

ਕੱਜਣ ਨੇ ਵਾਗ ਡੋਰ ਸੰਭਾਲਦਿਆਂ ਹੀ ਇਹ ਐਲਾਨ ਜਾਰੀ ਕੀਤਾ ਕਿ ਚੋਰੀ ਦਾ ਬਾਕੀਮਾਲ ਵਾਪਸ ਨਾ ਕੀਤਾ ਜਾਏ। ਉਸਦਾ ਇਹ ਖ਼ਿਆਲ ਦ੍ਰਿੜ ਹੋ ਗਿਆ ਸੀ ਕਿ ਅਸਲੀ ਮਾਲਕਾਂ ਨੂੰ ਇਹ ਮਾਲ ਕਦੀ ਨਹੀਂ ਪਹੁੰਚ ਸਕਦਾ ਤੇ ਇਹ ਸਾਰੀ ਚੋਰੀ ਸਾਧਾਂ ਦੀ ਚੋਰੀ ਨਹੀਂ। ਇਸ ਗਲ ਉਪਰ ਉਸਦੇ ਸਾਰੇ ਸਾਥੀ ਖੁਸ਼ ਹੋ ਗਏ ਤੇ ਉਸਦੀ ਪ੍ਰਸੰਸਾ ਕਰਨ ਲਗੇ। ਸਾਰਿਆਂ ਨੂੰ ਪਤਾ ਸੀ ਕਿ ਮਾਲ ਵਾਪਸ ਪਹੁੰਚਾਉਣ ਵਿਚ ਕਿਤਨੀਆਂ ਕੁ ਅਮਲੀ ਮੁਸ਼ਕਲਾਂ ਹਨ ਤੇ ਕਿਤਨੇ ਕੁ ਖ਼ਤਰੇ। ਕੱਜਣ ਦੀ ਅਕਲ ਤੇ ਮੁਆਮਲੇ-ਫਹਿਮੀ ਦਾ ਰੋਅਬ ਉਸ ਦੇ ਆਪਣੇ ਸਾਰੇ ਆਦਮੀਆਂ ਉਪਰ ਬੈਠ ਗਿਆ।

ਕੱਜਣ ਦਾ ਟਿਕਾਣਾ ਗੋਇੰਦਵਾਲ ਦੇ ਪੱਤਣ ਦੇ ਕਰੀਬ ਜੰਗਲ ਦੀ ਇਕ ਲੁਕਵੀਂ ਜੂਹ ਵਿਚ ਸੀ। ਇਹ ਪੱਤਣ ਉਸ ਸ਼ਾਹੀ ਸੜਕ ਉੱਤੇ ਸੀ, ਜੋ ਲਾਹੌਰ ਤੋਂ ਦਿੱਲੀ ਵਲ ਜਾਂਦੀ ਹੈ। ਗੋਇੰਦਵਾਲ ਦੇ ਵੱਸਣ ਨਾਲ ਕੱਜਣ ਖੁਸ਼ ਸੀ, ਉਸ ਦੀਆਂ ਕਈ ਮੁਸ਼ਕਲਾਂ ਦਾ ਇਹ ਹੱਲ ਸੀ। ਉਸ ਦੇ ਜ਼ਿੰਮੇ ਸਾਰੇ ਚੋਰਾਂ ਦੀ ਸਪੁਰਦਗੀ ਸੀ, ਜੋ ਹੁਣ ਢਿੱਲੜ, ਵੇਲ੍ਹੜ, ਚਿੜਚਿੜੇ ਤੇ ਰੋਗੀ ਹੁੰਦੇ ਜਾਂਦੇ ਸਨ। ਉਸ ਦੀ ਇੱਛਾ ਸੀ ਕਿ ਸਾਰੇ ਅੱਡੇ ਪੁੰਨ ਅਰਥ ਕੀਤੇ ਜਾਣ, ਤੇ

 www.sikhbookclub.com

ਸਾਰਾ ਲੁਕਾਇਆ ਛੁਪਾਇਆ ਧਨ ਭਲੇ ਅਰਥ ਖਰਚ ਹੋ ਜਾਏ ਤੇ ਖਰਚ ਇਨ੍ਹਾਂ ਆਦਮੀਆਂ ਦੇ ਹੱਥੀਂ ਹੀ ਹੋਵੇ, ਇਸ ਤਰ੍ਹਾਂ ਇਹ ਸਾਰੇ ਕਿਸੇ ਕਾਰੇ ਲਗੇ ਰਹਿਣ ਤੇ ਵਿਹਲਾ ਕੋਈ ਨਾ ਰਹੇ ਤੇ ਕਿਰਤ ਕਮਾਈ ਦੇ ਪ੍ਰੇਮੀ ਹੋ ਜਾਣ। ਲੰਗਰ ਗੁਰੂ ਕਾ ਲਗ ਗਿਆ ਸੀ। ਉਥੇ ਜ਼ਾਤ ਪਾਤ ਦਾ ਕੋਈ ਖਿਆਲ ਨਹੀਂ ਸੀ, ਇਹ ਗੱਲ ਕੱਜਣ ਦੇ ਆਦਮੀਆਂ ਨੂੰ ਬਹੁਤ ਮਾਕੂਲ ਬੈਠੀ। ਕਿਸੇ ਨੂੰ ਰੋਟੀ ਦਾ ਫਿਕਰ ਨਾ ਰਿਹਾ, ਨਾ ਇਹ ਤੌਖਲਾ ਰਿਹਾ ਕਿ ਪੰਗਤ ਵਿਚੋਂ ਕੋਈ ਜ਼ਾਤ ਭੇਦ ਕਰਕੇ ਉਠਾ ਦੇਵੇਗਾ। ਬਾਉਲੀ ਸਾਹਿਬ ਦੇ ਬਣਨ ਤੇ ਕੜ ਤੋੜਨ ਦੀ ਮੁਸ਼ਕਲ ਸੇਵਾ ਨੇ ਇਨ੍ਹਾਂ ਡੌਲੇ ਬਾਜ਼ਾਂ ਨੂੰ ਬਹੁਤ ਖੁਸ਼ ਕੀਤਾ। ਇਹ ਪਾਤਾਲ ਦੇ ਘਰ ਸੰਨ੍ਹ ਮਾਰਨ ਵਾਲੀ ਗਲ ਸੀ। ਧੀਰੇ ਧੀਰੇ ਹਵਾ ਬਦਲ ਗਈ, ਚਾਰੋਂ ਪਾਸੇ ਧਾਰਮਿਕ ਜਜ਼ਬੇ ਦਾ ਪਹਿਲੂ ਭਾਰੂ ਹੁੰਦਾ ਗਿਆ। ਬਾਈ ਮੁਖੀਆਂ ਨੇ, ਜਿਨ੍ਹਾਂ ਨੇ ਪ੍ਰਚਾਰ ਕੀਤਾ ਉਹਨਾਂ ਨੇ, ਇਨ੍ਹਾਂ ਨੂੰ ਸੋਧਣ ਦਾ ਕੰਮ ਬਹੁਤ ਕੀਤਾ ਤੇ ਉਨ੍ਹਾਂ ਟਿਕਾਣਿਆਂ ਤੇ ਪਹੁੰਚਕੇ ਕੰਮ ਕੀਤਾ, ਜੋ ਸੱਜਣ ਦੀ ਸੰਪ੍ਰਦਾਯ ਦੇ ਸਨ।

ਕੱਜਣ ਨੇ ਆਪਣੇ ਨਿੱਜੀ ਟਿਕਾਣੇ 'ਬੇਣੀ' ਜੀ ਨੂੰ ਕੁਛ ਚਿਰ ਠਹਿਰਨ ਲਈ ਅਰਜ਼ ਕੀਤੀ। ਬੇਣੀ ਇਨ੍ਹਾਂ ਬਾਈ ਮੁਖੀਆਂ ਵਿਚੋਂ ਇਕ ਸੀ, ਇਹ ਮਹਾਂ ਪੰਡਤ ਸੀ, ਜਿਸ ਦੇ ਨਾਲ ਨੌਂ ਊਠ ਕਿਤਾਬਾਂ ਦੇ ਰਹਿੰਦੇ ਸਨ। ਜਦ ਗੁਰੂ ਅਮਰਦਾਸ ਜੀ ਨਾਲ ਇਸਦੀ ਭੇਟ ਹੋਈ, ਤਦ ਪਤਾ ਲੱਗਾ ਕਿ ਆਤਮਿਕ ਅਨੁਭਵ ਕੁਛ ਹੋਰ ਚੀਜ਼ ਹੈ। ਲਿਖਿਆ ਹੈ:

> ''ਤਬ ਉਪਦੇਸ਼ ਕੋ ਸੁਨਕਰ ਆਤਮ ਤੱਤ ਕੋ ਪ੍ਰਾਪਤ ਭਇਆ। ਤਬ ਨਿਮਖ ਭਰ ਸਮਾਧਿ ਕਉ ਅਸਥਿਤ ਭਇਆ। ਫੇਰ ਜਬ ਨੇਤ੍ਰ ਖੁਲੇ ਤਬ ਪੁਸਤਕ ਕੇ ਨਵੌਂ ਊਠ ਗੰਗਾ ਮੇਂ ਪ੍ਰਵਾਹ ਕਰ ਦੀਆ........ਸਤਿਗੁਰ ਕੋ ਨਮਸਕਾਰ ਕਰਕੈ ਖਿਚਰਨੈ ਲਗਾ''॥ (ਮਹਿਮਾ ਪ੍ਰਕਾਸ਼ ਵਾਰਤਕ)

ਗੰਗਾ ਵਿਚ ਕਿਤਾਬਾਂ ਪ੍ਰਵਾਹ ਕਰਨ ਤੋਂ ਮਤਲਬ ਸ਼ਾਇਦ ਬਿਆਸ ਦਰਿਆ ਤੋਂ ਹੈ। ਗੁਰੂ ਜੀ ਦੇ ਗੋਇੰਦਵਾਲ ਆ ਵੱਸਣ ਨਾਲ ਓਥੋਂ ਦੇ ਲੋਕ ਇਹੋ ਪ੍ਰਤੀਤ ਕਰਦੇ ਸਨ ਕਿ ਏਥੇ ਗੰਗਾ ਆ ਗਈ ਹੈ, ਤੇ ਬਾਉਲੀ ਸਾਹਿਬ ਦੀਆਂ ਕਈ ਕਥਾਵਾਂ ਗੰਗਾ ਨਾਲ ਏਸੇ ਕਰਕੇ ਸੰਬੰਧਤ ਹਨ।

 www.sikhbookclub.com

ਗੁਰੂ ਅਮਰਦਾਸ ਜੀ ਦੇ ਕੰਮ ਦੀ ਕਦਰ ਅੱਜ ਅਸੀਂ ਪੂਰੀ ਤਰ੍ਹਾਂ ਨਹੀਂ ਪਾ ਸਕਦੇ। ਸਾਡਾ ਇਤਿਹਾਸ ਤੇ ਸਾਡਾ ਸਾਹਿਤ ਊਣਾ ਹੈ। ਪਰ ਉਹਨਾਂ ਦਾ ਪ੍ਰਭਾਵ ਅਚਰਜ ਸੀ, ਵੱਡੇ ਤੋਂ ਵੱਡਾ ਪੰਡਤ ਉਹਨਾਂ ਦੇ ਅੱਗੇ ਝੁਕਦਾ ਸੀ। ਹੀਣੇ ਤੋਂ ਹੀਣਾ ਆਦਮੀ ਉਨ੍ਹਾਂ ਦੀ ਸੇਵਾ ਵਿਚ ਖੁਸ਼ ਤੇ ਸ਼ਾਂਤ ਹੋ ਜਾਂਦਾ ਸੀ। ਸਾਰੇ ਰੋਗੀ ਵੱਲ ਹੋ ਜਾਂਦੇ ਸਨ। ਸਾਰੇ ਪਾਗ਼ਲ ਤੇ ਨੀਮ ਪਾਗਲ ਸਿਧੂਤੇ ਹੋ ਜਾਂਦੇ ਸਨ।

ਆਓ ਅੱਜ ਅਧਮੀਟੇ ਨੈਣਾਂ ਨਾਲ ਇਕ ਸਾਹਿਤਕ ਨਜ਼ਰ, ਇਤਿਹਾਸ ਦੇ ਗਗਨ ਮੰਡਲ ਦੀ ਤਾਰਾ ਲੋ ਦੀ ਗੰਭੀਰ ਛਾਯਾ ਹੇਠ, ਗੋਇੰਦਵਾਲ ਵੱਲ ਮਾਰੀਏ, ਜਿਸ ਨਾਲ ਸਾਡੇ ਅੰਦਰ ਉਹ ਨਿਰਮਲਤਾ ਸਿੰਜਰ ਜਾਵੇ, ਜਿਸਦੀ ਉਜੱਲ ਧਾਰਾ ਨੂੰ ਤੀਜੇ ਪਾਤਸ਼ਾਹ ਨੇ ਪ੍ਰਵਾਹ ਰੂਪ ਕਰ ਦਿਤਾ।

## ੬.

ਘਸੀਟਾ ਨਾਮ ਦਾ ਇਕ ਸਿਖ ਗੋਇੰਦਵਾਲ ਦੇ ਕਰੀਬ ਰਹਿੰਦਾ ਸੀ ਤੇ ਗੁਰੂ ਜੀ ਵਾਸਤੇ ਦਹੀਂ ਲਿਆਉਂਦਾ ਹੁੰਦਾ ਸੀ। ਸਾਹਿਬ ਜਦ ਪ੍ਰਸ਼ਾਦ ਛਕਦੇ ਤਾਂ ਰੋਜ਼ ਆ ਹਾਜ਼ਰ ਹੁੰਦਾ। ਗੁਰੂ ਜੀ ਦਾ ਭੋਜਨ ਬਹੁਤ ਸਾਦਾ ਸੀ, ਇਕ ਪ੍ਰਕਾਰ ਦਾ ਦਲੀਆ ਹੁੰਦਾ ਸੀ ਜੋ ਮਿਲੇ ਜੁਲੇ ਕਈ ਕਿਸਮਾਂ ਦੇ ਜੌਂ, ਮੱਕੀ, ਬਾਜਰਾ ਆਦਿਕ ਦਾਣਿਆਂ ਦੀ ਦਲੀ ਖਿਚੜੀ ਤੋਂ ਤਿਆਰ ਕੀਤਾ ਜਾਂਦਾ ਸੀ। ਫਾਰਸੀ ਵਿਚ 'ਉਗਰਾ' ਦਲੀਏ ਨੂੰ ਕਹਿੰਦੇ ਹਨ੨। ਹਿੰਦੀ ਵਿਚ 'ਓਗਰੇ' ਦੇ ਅਰਥ ਹਨ ਉਹ ਸ਼ੈ ਜਿਸ ਵਿਚ ਘ੍ਰਿਤ (ਘਿਉ) ਨਾ ਪਾਇਆ ਹੋਵੇ, ਜੋ ਸਵਾਦੀ ਨਾ ਹੋਵੇ ਤੇ ਬਕਬਕੀ ਹੋਵੇ ੩।

ਗੁਰੂ ਜੀ ਅਲੂਣਾ ਹੀ ਓਗਰਾ ਛਕਦੇ ਹੁੰਦੇ ਸਨ। ਕਈ ਸਿਖਾਂ ਨੇ ਕੋਸ਼ਿਸ਼ ਕੀਤੀ ਕਿ ਸਾਹਿਬਾਂ ਦੇ ਪ੍ਰਸ਼ਾਦ ਵਿਚ ਕੁਛ ਵਟਾਉ ਹੋਵੇ ਪਰ ਏਸ ਯਤਨ ਵਿਚ ਖਾਸ ਸਫਲਤਾ ਨਾ ਹੋਈ, ਕਿਸੇ ਇਕ ਅੱਧੇ ਟਾਂਵੇ ਵੇਲੇ ਕੁਛ ਫਰਕ ਪਿਆ, ਪਰ ਘਸੀਟਾ ਆਪਣੇ ਯਤਨ ਵਿਚ ਕਾਮਯਾਬ ਸੀ।

੨ ਦੇਖੋ—ਫਾਰਸੀ ਡਿਕਸ਼ਨਰੀ ( ) ਪੰਨਾ ੯੦ 'ਉਗਰਾ'।
੩ ਦੇਖੋ—'ਲੈਟ' ਦਾ ਕੋਸ਼ ਸਫਾ ੧੦੬ 'ਓਗਰਾ'।

ਬਹੁਤ ਮੁੱਦਤ ਤੋਂ ਘਸੀਟਾ ਹਰ ਰੋਜ਼ ਤਿੰਨ ਕੋਹ ਤੋਂ ਚੱਲਕੇ ਆਉਂਦਾ ਸੀ, ਇਹ ਬੜੇ ਕਸ਼ਟ ਵਾਲੀ ਗਲ ਸੀ। ਉਸ ਦੀ ਇਕ ਲੱਤ ਵਿਚ ਕੁਛ ਨੁਕਸ ਸੀ ਤੇ ਲੰਗੜਾਕੇ ਚਲਦਾ ਸੀ। ਮਹਿਮਾ ਪ੍ਰਕਾਸ਼ ਵਾਰਤਕ ਵਿਚ ਲਿਖਿਆ ਹੈ:

''ਉਸ ਕੇ ਏਕ ਟਾਂਗ ਸੋਂ ਲੰਗੜਾ ਚਲਤਾ। ਟਾਂਗ ਕੀ ਜਗਾ ਕਾਠ ਕੀ ਘੋੜੀ੪ ਰਖਤਾ। ਤਦ ਏਕ ਦਿਨ ਦਹੀਂ ਸਾਹਿਬੋਂ ਕੇ ਲੀਏ ਲੇਕਰ ਚਲਾ ਆਵਤਾ ਥਾ, ਤਬ ਜ਼ਿਮੀਦਾਰ ਲੋਗ ਦਸ ਪਾਂਚ ਰਾਹ ਮੇਂ ਬੈਠੇ ਥੇ। ਤਬ ਉਨ੍ਹੋਂ ਨੇ ਕਹਾ ਕਿ ਸੁਨ ਤੋ ਭਾਈ! ਤੈਂ ਦਹੀ ਕਹਾ ਲੈ ਚਲਾ ਹੈ ? ਤਬ ਉਹ ਬੋਲਾ ਕਿ ਮੈਂ ਅਪਨੇ ਗੁਰੂ ਕਉ ਦਹੀ ਲੈ ਜਾਤਾ ਹਉ। ਤਬ ਉਨ੍ਹੋਂ ਨੇ ਕਹਾ ਕੀ ਤੇਰੇ ਗੁਰੂ ਸੋਂ ਏਤਨਾ ਨਹੀਂ ਹੋ ਸਕਤਾ ਜੋ ਤੇਰੀ ਟੰਗ ਹੀ ਸਬੂਤ ਕਰ ਦੇਇ ? ਤਬ ਉਸ ਸਿੱਖ ਨੇ ਕਹਾ ਕਿ ਮੈਂ ਆਪਣੇ ਗੁਰੂ ਸੋ ਕਬਹੀ ਕਹਾ ਤੋ ਨਹੀਂ! ਤਬ ਉਨ੍ਹੋ ਨੇ.....ਘੋੜੀ ਕਾਠ ਕੀ ਛੀਨ ਲਇ'।।

ਘਸੀਟੇ ਨੂੰ ਅਪਣੀ ਵਸਾਖੀ (ਕਾਣ ਦੀ ਘੋੜੀ) ਵਾਪਸ ਲੈਂਦਿਆਂ ਕਾਫੀ ਦੇਰ ਲਗ ਗਈ। ਉਹ ਬਹੁਤ ਤੇਜ਼ ਚਲਿਆ ਪਰ ਵਕਤ ਸਿਰ ਨਾ ਪਹੁੰਚਿਆ। ਗੁਰੂ ਜੀ ਓਗਰਾ ਛਕ ਚੁਕੇ ਮਨ ਤੇ ਚੁਲਾ ਕਰ ਰਹੇ ਸਨ, ਜਿਸ ਵੇਲੇ ਉਹ ਪਹੁੰਚਾ, ਲਿਖਿਆ ਹੈ:

'ਤਬ ਸਾਹਿਬ ਪੂਛਾ ਕਿ ਅਜ ਤੈਨੂੰ ਅਬੇਰ ਕਿਉਂ ਭਈ ? ਤਬ ਉਸ ਸਿੱਖ ਨੇ ਸਭ ਹਕੀਕਤਿ ਕਹਿ ਸੁਨਾਇਆ। ਤਬ ਸਹਿਬੋਂ ਨੇ ਹੁਕਮ ਕੀਤਾ ਕਿ ਤੈਨੂੰ ਟੰਗਰੀ ਚਾਹੀਏ ? ਤੇ ਤੂੰ ਸ਼ਾਹ ਹੁਸੈਨ.....ਕੇ ਪਾਸ ਜਾਇ।''

ਸ਼ਾਹ ਹੁਸੈਨ ਫ਼ਕੀਰ ਸੀ, ਪਰ ਬੜਾ ਗੁਸੈਲ ਸੀ। ਉਸ ਬਾਬਤ ਲਿਖਿਆ ਹੈ ਕਿ 'ਜਜ਼ਬਾ' ਬਹੁਤ ਕਰਤੇ ਥੇ। ਘਸੀਟਾ ਅਪਣੀ ਵਸਾਖੀ ਨਾਲ ਠੱਕ ਠੱਕ ਕਰਦਾ ਸ਼ਾਹ ਹੁਸੈਨ ਕੋਲ ਜਾ ਪਹੁੰਚਾ ਜੋ ਤਾਨਪੁਰ ਰਹਿੰਦਾ ਸੀ। ਫ਼ਕੀਰ ਨੇ ਇਕ ਲੰਗੜੇ ਨੂੰ ਆਪਣੇ ਕੋਲ ਬੈਠਾ ਦੇਖਕੇ ਬਹੁਤ ਗੁੱਸਾ ਕੀਤਾ ਤੇ ਬੜੇ ਰੋਹ ਵਿਚ ਪੁੱਛਿਆ ਕਿ ਤੂੰ ਕੌਣ ਹੈ ਤੇ ਕਿਉਂ ਆਇਆ ਹੈਂ ?

੪ ਕਾਠਕੀ ਘੋੜੀ = ਇਸਨੂੰ ਵਸਾਖੀ ਵੀ ਆਖਦੇ ਹਨ।

 www.sikhbookclub.com

''ਤਬ ਉਸਨੇ ਕਹਾ ਕਿ ਮੁਝ ਕੋ ਗੁਰੂ ਸਾਹਿਬ ਨੇ ਭੇਜਾ ਹੈ ਮੇਰੀ ਟੰਗਰੀ ਏਕ ਨਹੀਂ। ਤਬ ਸ਼ਾਹ ਹੁਸੈਨ ਨੇ ਜਜਬਾ ਕੀਆ ਲਕੜੀ ਲੈਕੇ ਮਾਰਨ ਉਠੇ। ਤਬ ਇਹ ਸਿੱਖ ਜਜਬਾ ਦੇਖ ਕਰ ਕਾਠ ਦੀ ਘੋੜੀ ਛੋੜ ਕਰ ਭਾਗਾ। ਥੋੜੀ ਦੂਰ ਭਾਗਾ ਗਿਆ। ਤਬ ਜੋ ਦੇਖੈ ਤੋ ਟੰਗਰੀ ਤੋ ਮੇਰੀ ਦਰੁਸਤ ਭਈ; ਤਬ ਸ਼ਾਹ ਹੁਸੈਨ ਕੇ ਪਾਸ ਜਾਇ ਕਰ ਕਦਮ ਛੂਹਨ ਲਗਾ ਅਰ ਕਹਿਨੇ ਲਗਾ ਕਿ ਮੇਰੀ ਟੰਗਰੀ ਆਪ ਨੇ ਦਰੁਸਤ ਕੀਆ। ਤਬ ਸ਼ਾਹ ਹੁਸੈਨ ਨੇ ਕਿਹਾ ਕਿ ਟੰਗਰੀ ਕਾ ਦਰੁਸਤ ਕਰਨੇ ਵਾਲਾ ਤੋ ਗੋਇੰਦਵਾਲ ਮੇਂ ਬੈਠਾ ਹੈ, ਮਾਲਿਕ ਵਹੁ ਹੈ ਹਮ ਕਉ ਉਸੀ ਕਾ ਬਚਨ ਹੈ। ਤਬ ਉਹ ਜੋ ਸਿੱਖ ਥਾ ਸੋ ਸਾਹਿਬ ਕਾ ਬਚਨ ਲੇ ਕਰ ਘਰ ਗਇਆ ਉਸ ਕੇ ਮਨੋਰਥ ਪੂਰਨ ਭਏ।'' (ਮਹਿਮਾ ਪ੍ਰਕਾਸ਼ ਵਾਰਤਕ)

''ਤਬ ਉਸ ਕੇ ਮਨੋਰਥ ਪੂਰਨ ਭਏ'' ਉਹ ਮਨੋਰਥ ਕੀ ਸਨ ? ਘਸੀਟੇ ਦੀ ਜ਼ਿੰਦਗੀ ਬਦਲ ਗਈ। ਅੱਗੇ ਉਹ ਹਰ ਰੋਜ਼ ਤਿੰਨ ਕੋਹ ਚੱਲਕੇ ਗੁਰੂ ਜੀ ਨੂੰ ਦਹੀਂ ਪੁਚਾਉਂਦਾ ਹੁੰਦਾ ਸੀ, ਹੁਣ ਏਸ ਨੇਮ ਵਿਚ ਫ਼ਰਕ ਪੈ ਗਿਆ। ਉਹ ਹੁਣ ਠੀਕ ਤੁਰ ਫਿਰ ਸਕਦਾ ਹੈ, ਅੱਗੇ ਉਹ ਇਕ ਲੱਤ ਨਾਲ ਟੁਰਦਾ ਸੀ ਤੇ ਦੂਸਰੀ ਘਸੀਟਦਾ ਸੀ, ਹੁਣ ਦੋਨੋਂ ਚਲਦੀਆਂ ਹਨ। ਦੋਨੋਂ ਇਕ ਦੂਜੀ ਨੂੰ ਦੁੜਾਉਂਦੀਆਂ ਤੇ ਚਲਦੀਆਂ ਹੋਈਆਂ ਇਕ ਦੂਜੀ ਦਾ ਨਾਲੋ ਨਾਲ ਸਾਹ ਕਢਾਈ ਜਾਂਦੀਆਂ ਹਨ। ਘਸੀਟਾ ਟੁਰਦਾ ਥੱਕਦਾ ਨਹੀਂ। ਇਕ ਲੱਤ ਨੂੰ ਘਸੀਟਦਿਆਂ ਤਾਂ ਉਹ ਉਕਤਾ ਜਾਂਦਾ ਸੀ, ਉਸ ਨੂੰ ਸਾਹ ਚੜ੍ਹ ਜਾਂਦਾ ਸੀ, ਉਹ ਹਫ ਜਾਂਦਾ ਸੀ, ਤੇ ਉਸ ਨੂੰ ਦਮ ਲੈਣਾ ਪੈਂਦਾ ਸੀ। ਚਲਦਿਆਂ ਉਸ ਨੂੰ ਐਉਂ ਲਗਦਾ ਸੀ ਕਿ ਲੱਤ ਦੇ ਨਾਲ ਸਾਹ ਵੀ ਘਸੀਟਕੇ ਖਿੱਚਣਾ ਪੈਂਦਾ ਹੈ। ਪਰ ਹੁਣ ਸ੍ਵਾਸ ਸੁਖਾਲੇ ਆਉਂਦੇ ਹਨ। ਲੱਤ ਦੇ ਨਾਲ ਦਮੇਂ ਦੀ ਕਸਰ ਵੀ ਹਟ ਗਈ। ਘਸੀਟਾ ਅੱਗੇ ਕੁਛ ਔਲਾ ਮੌਲਾ ਰਹਿੰਦਾ ਸੀ ਪਰ ਹੁਣ ਉਸ ਦਾ ਦਿਮਾਗ਼ ਚੁਸਤ ਹੋਣ ਲਗ ਪਿਆ। ਅਗੇ ਉਸ ਨੂੰ ਐਉਂ ਲਗਦਾ ਸੀ ਕਿ ਸਿਰ ਕੁਛ ਸਾਫ ਨਹੀਂ, ਅੰਦਰ ਧੂੰਆਂ ਧੂੰਆਂ ਦਿੱਸਦਾ ਸੀ ਤੇ ਉਹ ਹਰ ਗੱਲ ਛੇਤੀ ਹੀ ਭੁੱਲ ਜਾਂਦਾ ਸੀ। ਏਸ ਭੁੱਲ ਵਿਚ ਹੀ ਉਸ ਦੀ ਖੁਸ਼ੀ ਸੀ। ਏਸ ਖੁਸ਼ੀ ਵਿਚ ਹੀ ਉਹ ਔਲਾ ਮੌਲਾ ਨੀਮ ਗ਼ਫ਼ਲਤ ਵਿਚ ਦਿਨ ਕੱਟ ਰਿਹਾ ਸੀ। ਉਸ ਦਾ ਵਕਤ ਚੰਗਾ ਲੰਘ ਜਾਂਦਾ ਸੀ। ਦਹੀਂ ਲਿਜਾਣ ਤੇ ਘਰ ਮੁੜਨ ਵਿਚ ਹੀ ਦਿਹਾੜੀ ਕੱਟ ਹੋ ਜਾਂਦੀ ਸੀ; ਪਰ ਹੁਣ ਰੰਗ ਬਦਲ ਗਿਆ। ਉਸਦਾ ਚਿਹਰਾ ਜੋ ਨੀਲਾ ਜਿਹਾ ਘਸਮੈਲਾ ਰਹਿੰਦਾ ਸੀ ਨਿਖਰ ਆਇਆ, ਨੱਕ ਉਤੇ ਲਾਲੀ ਆ ਗਈ, ਗੱਲ੍ਹਾਂ ਉਤੇ ਪਿਆਜ਼ੀ ਜਿਹੇ ਰੰਗ ਦਾ ਪੋਚਾ ਫਿਰਨ ਲਗ ਪਿਆ। ਅੱਖਾਂ ਦੀ ਰੋਸ਼ਨੀ ਵੱਧ

 www.sikhbookclub.com

ਗਈ। ਅੰਦਰ ਜੋ ਧੂੰਆਂ ਸੀ ਪਤਲਾ ਪੈਣ ਲਗ ਪਿਆ। ਅੱਠਾਂ ਦਸਾਂ ਦਿਨਾਂ ਵਿਚ ਘਸੀਟਾ ਹੋਰ ਦਾ ਹੋਰ ਹੋ ਗਿਆ।

੮.

ਘਸੀਟਾ ਐਧਰ ਓਧਰ ਅਵਾਰਾ ਫਿਰਦਾ ਹੈ, ਪਿੰਡ ਤੋਂ ਦੂਰ ਪਰੇ ਇਕ ਛੋਟਾ ਜਿਹਾ ਨਾਲਾ ਵਗਦਾ ਹੈ ਉਸ ਉਤੇ ਕੱਚਾ ਪੁਲ ਹੈ। ਉਥੇ ਦਿਹਾੜੀ ਵਿਚ ਇਕ ਅੱਧਾ ਫੇਰਾ ਜ਼ਰੂਰ ਪਾ ਆਉਂਦਾ ਹੈ। ਕੁਛ ਦੇਰ ਕੰਢੇ ਉਤੇ ਬੈਠਦਾ ਹੈ, ਪਾਣੀ ਵੱਲ ਨੀਝ ਲਾਕੇ ਦੇਰ ਤਕ ਤਕਦਾ ਰਹਿੰਦਾ ਹੈ। ਫੇਰ ਘਰ ਵੱਲ ਮੁੜਦਾ ਹੈ। ਇਕ ਦਿਨ ਪੁੱਲ ਮੁੱਢ ਬੈਠਾ ਪਾਣੀ ਹਾਰ ਤੱਕ ਰਿਹਾ ਸੀ, ਕਿ ਕੁਛ ਦਿੱਸਿਆ ਸੂ, ਘੜੱਮ ਛਾਲ ਕੱਢ ਮਾਰੀ, ਫੇਰ ਬਾਹਰ ਨਿਕਲ ਆਇਆ ਤੇ ਕਿਤਨੀ ਦੇਰ ਖ਼ਾਲੀ ਹੱਥ ਛੰਡਦਾ ਰਿਹਾ। ਬਹੁਤ ਦੇਰ ਤਕ ਘਸੀਟਾ ਗਿੱਲੇ ਕਪੜੀਂ ਪੁਲ ਕੋਲ ਬੈਠਾ ਰਿਹਾ। ਘੜੀਮੁੜੀ ਸਿਰ ਹਿਲਾਉਂਦਾ ਸੀ ਜਿਸ ਨਾਲ ਭਿੱਜੇ ਵਾਲਾਂ ਤੋਂ ਪਾਣੀ ਦੀਆਂ ਕਣੀਆਂ, ਫੁਹਾਰੇ ਵਾਕੁਣ ਖਿੱਲਰਕੇ ਪਰੇ ਡਿਗ ਪੈਂਦੀਆਂ ਸਨ। ਕੁਝ ਚਿਰ ਮਗਰੋਂ ਘਸੀਟਾ ਉਥੋਂ ਉਠਿਆ। ਅੱਜ ਉਹ ਥੋੜਾ ਪ੍ਰਸੰਨ ਮਲੂਮ ਹੁੰਦਾ ਸੀ। ਪਾਣੀ ਵਿਚ ਛਾਲ ਮਾਰਨ ਨਾਲ ਉਸਨੂੰ ਕੁਛ ਲੱਭ ਪਿਆ ਸੀ। ਉਸਦੀ ਕੋਈ ਚੀਜ਼ ਪਾਣੀ ਵਿਚ ਕਦੇ ਡਿੱਗ ਪਈ ਸੀ, ਗਵਾਚ ਗਈ ਸੀ, ਫੇਰ ਉਸ ਦਾ ਚੇਤਾ ਵੀ ਭੁੱਲ ਗਿਆ ਸੀ। ਹੁਣ ਜਿਉਂ ਜਿਉਂ ਉਸ ਦੀ ਸੇਹਤ ਠੀਕ ਹੋ ਰਹੀ ਸੀ, ਉਹ ਗ਼ਫ਼ਲਤ ਤੋਂ ਬਾਹਰ ਆ ਰਿਹਾ ਸੀ। ਉਸਨੂੰ ਯਾਦ ਆ ਰਿਹਾ ਸੀ ਕਿ ਕੁਛ ਗੁਆ ਬੈਠਾ ਹਾਂ, ਉਸ ਦੀ ਤਲਾਸ਼ ਕਰਨੀ ਹੈ, ਉਸ ਦੀ ਭਾਲ ਜ਼ਰੂਰੀ ਹੈ, ਪਰ ਉਹ ਚੀਜ਼ ਹੈ ਕੀ, ਇਹ ਥਹੁ ਨਹੀਂ ਸੀ ਪੈਂਦਾ। ਅਜ ਨਾਲ ਦੇ ਕੰਢੇ ਬੈਠਾ ਤਾਂ ਪਾਣੀਆਂ ਦੀ ਹਿੱਲ ਰਹੀ ਚਮਕ ਵਿਚ ਉਸ ਨੂੰ ਪਰਛਾਵਾਂ ਜਿਹਾ ਦਿੱਸਿਆ, ਮਨ ਨੇ ਭੁੱਲੀ ਹੋਈ ਨੁਹਾਰ ਸਿਞਾਣ ਲਈ। ਹੁਲੀਆ ਸਾਮਰਤਖ ਲਿਸ਼ਕ ਉਠਿਆ। ਬੇਵਸੇ ਘੜੱਮ ਛਾਲ ਵਜ ਗਈ। ਚੀਜ਼ ਤਾਂ ਹੱਥ ਨਾ ਆਈ। ਪਰ ਚੇਤਾ ਕੁਝ ਠੀਕ ਹੋ ਗਿਆ।

੯.

ਘਸੀਟਾ ਘਰ ਵਿਚ ਬੈਠਾ ਹੈ, ਮਾਂ ਕਹਿ ਰਹੀ ਹੈ: 'ਬੱਚਾ ਉਠ, ਦਹੀਂ ਲੈ ਜਾ, ਗੁਰੂ ਜੀ ਉਡੀਕਦੇ ਹੋਣਗੇ'। ਕਹਿੰਦਾ ਹੈ, 'ਨਹੀਂ ਮਾਂ, ਦਹੀਂ ਨੇ ਕੰਮ ਵਿਗਾੜ ਦਿੱਤਾ ਹੈ। ਏਸ ਨੇ ਟੰਗ ਵੱਲ ਕਰ ਦਿੱਤੀ ਹੈ। ਟੰਗ ਨੇ ਸਾਹ ਠੀਕ ਕਰ ਦਿਤਾ ਹੈ। ਸਾਹ ਨੇ ਚੇਤਾ ਠੀਕ ਕਰ ਦਿਤਾ ਹੈ। ਭੁੱਲੀ ਗਲ ਫੇਰ ਸਾਹਮਣੇ ਆ ਖੜੋਤੀ ਹੈ, ਬੰਤੋ ਯਾਦ ਆ ਗਈ ਹੈ। ਮਾਂ, ਤੈਨੂੰ ਬੰਤੋ

ਯਾਦ ਹੈ? ਮਾਂ ਨੇ ਕਿਹਾ: 'ਹਾਂ, ਪੁਤ੍ਰ, ਬੰਤੋ ਯਾਦ ਹੈ – ਤੂੰ ਨਿਕਾ ਹੁੰਦਾ ਉਸੇ ਨਾਲ ਖੇਡਦਾ ਸੈਂ, ਉਹ ਸ਼ਰੀਕੇ ਵਿਚੋਂ ਹੀ ਤਾਂ ਸੀ। ਬੰਤੋ ਦੀ ਮਾਂ ਨੇ ਹੀ ਤਾਂ ਕਿਹਾ ਸੀ ਕਿ ਇਨ੍ਹਾਂ ਦਾ ਵਿਆਹ ਕਰ ਦੇਈਏ'। ਘਸੀਟੇ ਨੇ ਗੱਲ ਟੁੱਕ ਕੇ ਕਿਹਾ: 'ਪਰ ਬੰਤੋ ਦੀ ਭਾਬੀ ਨੂੰ ਮੈਂ ਲੰਗੜੇ ਨਾਲ ਧੀ ਦੇ ਵਿਆਹ ਦੀ ਕੀ ਸੁੱਝੀ ?' ਮਾਂ ਨੇ ਕਿਹਾ: 'ਪੁਤ੍ਰ ! ਓਦੋ ਤੂੰ ਲੰਗੜਾ ਥੋੜਾ ਸੈਂ, ਤੂੰ ਬੜਾ ਮੋਹਣਾ ਸੈਂ, ਗੋਲ ਮਗੋਲ, ਤੈਨੂੰ ਸਾਰੇ ਦੇਖਕੇ ਭਰਮਦੇ ਸਨ। ਬੰਤੋ ਵੀ ਤੇਰੇ ਬਿਨਾ ਛਿਨ ਨਹੀਂ ਸੀ ਰਹਿੰਦੀ ! ਪਰ ਹੋਣੀ ਡਾਢੀ ਹੈ ਕਿਸੇ ਦੀ ਪੇਸ਼ ਨਹੀਂ ਜਾਂਦੀ। ਪਾਂਧੇ ਨੇ ਮਹੂਰਤ ਉਲਟਾ ਪੁਲਟਾ ਕੱਢ ਮਾਰਿਆ, ਲਗਨ ਠੀਕ ਨਾ ਬੈਠਾ। ਸੌਹਰੇ ਤੇਰੇ ਕਾਹਲੇ ਸਨ, ਕਹਿੰਦੇ ਸਨ ਕਦੋਂ ਸੁਰਖਰੂ ਹੋਈਏ। ਏਸੇ ਕਾਹਲੀ ਕਰਕੇ ਪਾਂਧੇ ਦੀ ਮਤ ਮਾਰੀ ਨੇ, ਕਹਿ ਕਹਾ ਕੇ ਜਲਦੀ ਦਾ ਸਾਹਾ ਸੁਧਾਇਆ ਨੇ ! ਮੀਂਹ ਕਣੀ ਦੇ ਦਿਨ ਸਨ, ਕਿਸੇ ਨੂੰ ਕੁਛ ਨਾ ਔੜ੍ਹਿਆ, ਪੰਡਤ ਦੀ ਅੱਗ ਵੀ ਬੁਝ ਬੁਝ ਜਾਂਦੀ ਸੀ। ਪਰ ਉਸ ਵਿਚ ਵੀ ਘਿਉ ਪਾ ਪਾ ਕੇ ਭਾਂਬੜ ਮਚਾਈ ਰਖਿਆ, ਧੂੰਏ ਨਾਲ ਘਰ ਭਰ ਗਿਆ ਜਿਸ ਤੈਨੂੰ ਔਲਾ ਮੌਲਾ ਕਰ ਦਿਤਾ। ਘਸੀਟੇ ਨੇ ਕਿਹਾ: 'ਨਹੀਂ , ਇਹ ਧੂੰਏਂ ਕਰਕੇ ਨਹੀਂ ਸੀ। ਅਜ ਮੈਨੂੰ ਸਾਰੀ ਗਲ ਯਾਦ ਆ ਗਈ ਹੈ। ਮੈਂ ਉਸੇ ਨਾਲੇ ਤੇ ਅੱਜ ਬੈਠਾ ਸਾਂ ਕਿ ਉਸ ਦੇ ਪਾਣੀ ਵਿਚ ਮੈਨੂੰ ਬੰਤੋ ਦਾ ਪਰਛਾਵਾਂ ਦਿਸਿਆ।' ਮਾਂ ਬੋਲੀ, 'ਪੁਤ੍ਰ, ਬੰਤੋ ਉਥੇ ਥੋੜੀ ਬੈਠੀ ਹੈ। ਉਹ ਪੁਲ ਟੁੱਟ ਗਿਆ ਸੀ, ਹੜ੍ਹ ਏਨਾਂ ਸੀ ਕਿ ਉਸਦੇ ਸਾਹਮਣੇ ਕੌਣ ਠਹਿਰ ਸਕਦਾ ਸੀ। ਡੋਲੀ ਵਿੱਚੇ ਜਾ ਪਈ, ਜਾਂਵੀ ਪਹਿਲੇ ਹੀ ਬਿਖਰ ਗਏ ਸਨ, ਕਹਾਰ ਵਿਚਾਰੇ ਗੋਡੇ ਗੋਡੇ ਪਾਣੀ ਝਾਗ ਕੇ ਚਲ ਰਹੇ ਸਨ। ਪਰ ਪਾਂਧਾ ਡੋਲੀ ਦਾ ਮਹੂਰਤ ਕੱਢ ਚੁਕਾ ਸੀ, ਸੋ ਮਹੂਰਤ ਨੇ ਡੋਲੀ ਨਾਲੇ ਦੇ ਵਿਚ ਜਾ ਮਾਰੀ। ਪੁੱਤ੍ਰ, ਤੂੰ ਡੋਲੀ ਦੇ ਨਾਲ ਸੈਂ। ਤੂੰ ਡਿਗਣ ਤੋਂ ਵਾਲ ਭਰ ਹੀ ਬਚਿਆ ਸੈਂ ਪਰ ਪਤਾ ਨਹੀਂ ਤੈਨੂੰ ਕੀ ਸੁੱਝੀ, ਤੂੰ ਛਾਲ ਘੱਤ ਮਾਰੀ। ਤੇਰੀ ਵਧੀ ਸੀ। ਪਾਣੀ ਦੀ ਉੱਛਲ ਨੇ ਤੈਨੂੰ ਕੰਢੇ ਉਤੇ ਸੁੱਟ ਪਾਇਆ। ਤੂੰ ਬੇਹੋਸ਼ ਸੈਂ, ਜਦ ਤੂੰ ਲੱਭਾ। ਕਿਤਨੇ ਦਿਨ ਤੂੰ ਬੋਲਿਆ ਨਹੀਂ, ਮੰਜੀ ਤੇ ਬੇਸੁਧ ਪਿਆ ਰਿਹੋਂ। ਸਿਰ ਤੇਰੇ ਵਿਚ ਘਾਉ ਸੀ, ਖਵਰੇ ਕੋਈ ਪੱਥਰ ਵੱਜਾ ਸੀ। ਸਿਆਣੇ ਨੇ ਦਰਿਯਾਈ ੫ ਸਾੜਕੇ ਵਿਚ ਭਰੀ ਤੇ ਮੱਲ੍ਹਮਾਂ ਲਾਕੇ ਪੱਟੀਆਂ ਬੰਨ੍ਹ ਦਿੱਤੀਆਂ। ਤੈਨੂੰ ਮੁੱਦਤ ਪਿਛੋਂ ਹੋਸ਼ ਆਈ। ਜਦ ਤੂੰ ਉਠਿਐਂ ਤਾਂ ਚਲ ਨਹੀਂ ਸੀ ਸਕਦਾ। ਲੱਤ ਦਾ ਵਿਗਾੜ ਓਦੋਂ ਦਾ ਹੀ ਹੈ। ਅੱਜ ਏਸ ਗੱਲ ਨੂੰ ਛੇ ਵਰ੍ਹੇ ਹੋ ਗਏ ਹਨ। ਪਿਉ ਤੇਰਾ ਪਹਿਲੇ ਹੀ ਗੁਜ਼ਰ ਚੁਕਾ ਸੀ,

੫ ਅਤਲਸ, ਸਾਟਨ।

 www.sikhbookclub.com

ਉਸੇ ਦਾ ਸੋਗ ਲਾਹੁਣ ਲਈ ਮੈਂ ਭੀ ਮੰਨ ਗਈ ਕਿ ਕਾਜ ਰਚਾ ਲਈਏ, ਘਰ ਵਿਚ ਚਹਿਲ ਪਹਿਲ ਹੋ ਜਾਏਗੀ। ਘਮ ਘਮ ਚਾਟੀ ਚੱਲੇਗੀ। ਚੂੜੇ ਦੀ ਛਣ ਛਣ ਹੋਏਗੀ। ਮੱਖਣਾਂ ਭਰੀ ਮਧਾਣੀ ਛਮ ਛਮ ਕਰੇਗੀ; ਪਰ ਔਂਤ ਨਖੱਤੇ ਨੇ ਮਹੂਰਤ ਭੈੜਾ ਕੱਢਿਆ, ਮੀਂਹ ਵਾਲੇ ਦਿਨ ਕਾਜ ਰਚਾ ਦਿਤਾ। ਅੱਗ ਬਾਲਣ ਲਈ ਪੀਪਾ ਘਿਉ ਦਾ ਫੂਕ ਛਡਿਆ, ਘਰ ਧੂੰਆਂ ਧੂੰਆਂ ਕਰ ਦਿਤਾ। ਮੇਰੀ ਤਾਂ ਕੋਈ ਸੁਣਦਾ ਨਹੀਂ ਸੀ। ਪਿਉ ਤੇਰਾ ਸੀ ਨਹੀਂ, ਜੇ ਉਹ ਹੁੰਦਾ ਤਾਂ ਗੱਲਾਂ ਹੋਰ ਤਰ੍ਹਾਂ ਹੋਣੀਆਂ ਸਨ।' ਫੇਰ ਮਾਂ ਨੇ ਹਉਕਾ ਭਰਕੇ ਕਿਹਾ, 'ਪੁਤ੍ਰ, ਤੂੰ ਪਿਉ ਦਾ ਬੜਾ ਲਾਡਲਾ ਸੈਂ, ਉਹ ਤੇਰੇ ਨਾਲ ਬੜਾ ਖੇਡਦਾ ਹੁੰਦਾ ਸੀ, ਉਹ ਘੋੜਾ ਬਣ ਜਾਂਦਾ ਸੀ ਤੇ ਤੈਨੂੰ ਉਤੇ ਚੜ੍ਹਾਈ ਫਿਰਦਾ ਸੀ। ਤੂੰ ਤਾਤਾ ਤਾਤਾ ਘੋੜਿਆ ਕਰਦਾ ਫਿਰਦਾ ਸੈਂ। ਫੇਰ ਤੂੰ ਜਦ ਵੱਡਾ ਹੋਇਆ ਤੇਰੇ ਪਿਉ ਨੇ ਇਕ ਲਕੜ ਦੀ ਘੋੜੀ ਬਣਵਾ ਦਿੱਤੀ, ਆਪਣਾ ਖਹਿੜਾ ਛੁਡਾਉਣ ਲਈ। ਤੂੰ ਫਿਰ ਉਸ ਵਿਚ ਹੀ ਮਸਤ ਹੋ ਗਿਓਂ । ਸਾਰਾ ਦਿਨ ਓਸੇ ਉਤੇ ਬੈਠਾ ਝੂਟੇ ਲੈਂਦਾ ਰਹਿੰਦਾ ਸੈਂ। ਘੋੜੀ ਅਗਾਂਹ ਪਿਛਾਂਹ ਝੂਲਦੀ ਸੀ, ਤੇ ਤੂੰ ਹੱਸਦਾ ਸੈਂ ਕਿ ਕਿਤਨੇ ਜ਼ੋਰ ਨਾਲ ਉਸ ਨੂੰ ਦੁੜਕੀ ਦੌੜਾ ਰਿਹਾ ਹੈਂ। ਉਹ ਘੋੜੀ ਸੀ ਕਿ ਕੋਈ ਆਫਤ ਸੀ। ਜਿਸ ਜ਼ੋਰ ਨਾਲ ਹਿਲਦੀ ਸੀ, ਲਗਦਾ ਸੀ ਉਸ ਨੂੰ ਕੋਈ ਜੋਸ਼ ਚੜ੍ਹ ਗਿਆ ਹੈ। ਸਾਲਾਂ ਬੱਧੀ ਤੂੰ ਓਸ ਨਾਲ ਖੇਡਾਂ ਕਰਦਾ ਰਿਹਾ ਹੈਂ। ਆਖ਼ਰ ਵਿਆਹ ਦਾ ਦਿਨ ਆ ਗਿਆ। ਉਸ ਦਿਨ ਤੂੰ ਸਚੀ ਮੁਚੀ ਦੀ ਘੋੜੀ ਤੇ ਚੜ੍ਹਨਾ ਸੀ, ਤਦ ਵੀ ਤੂੰ ਪਹਿਲੇ ਝੂਟਾ ਉਸੇ ਖਡੌਣੇ ਦੀ ਘੋੜੀ ਦਾ ਲਿਆ। ਤੈਨੂੰ ਮਾਸ ਦੀ ਘੋੜੀ ਤੇ ਬੈਠਿਆਂ ਤੱਕਕੇ ਸਾਰੇ ਹੱਸਦੇ ਸਨ, ਉਸ ਨੂੰ ਵੀ ਤੂੰ ਉਸੇ ਤਰ੍ਹਾਂ ਅਗਾਂਹ ਪਿਛਾਂਹ ਝੂਟਿਆਂ ਵਾਕੁਣ ਹਿਲਾਉਂਦਾ ਸੀ। ਕੀ ਪਤਾ ਸੀ ਤੇਰੀ ਕਿਸਮਤ ਵਿਚ ਲਕੜ ਦੀ ਘੋੜੀ ਹੀ ਲਿਖੀ ਹੈ, ਟੰਗ ਟੁੱਟੀ ਤਾਂ ਇਹ ਡੰਗੋਰੀ ਹੀ ਤੇਰੀ ਘੋੜੀ ਬਣੀ।'

ਪੁਤ੍ਰ – ਮਾਂ ਇਹ ਘੋੜੀ ਅੱਛੀ ਰਹੀ। ਨਾ ਏਸ ਖਾਧਾ ਨਾ ਏਸ ਪੀਤਾ।

ਮਾਂ (ਹੱਸਕੇ) – ਨਾ ਏਸ ਦੀ ਲਿੱਦ ਹੂੰਝੀ।

ਪੁਤ੍ਰ – ਨਾ ਏਸ ਕਦੇ ਅੜੀ ਕੀਤੀ।

ਮਾਂ – ਨਾ ਕਦੇ ਛੜੀ ਲਾਉਣੀ ਪਈ।

ਪੁਤ੍ਰ – ਗੋਇੰਦਵਾਲ ਮੇਰੀ ਘੋੜੀ ਉਪਰ ਸਾਰੇ ਹੱਸਦੇ ਸਨ, ਸਿਰਫ ਇਕ ਜਣਾ ਸੀ ਜੋ ਏਸ ਨੂੰ ਹੋਰ ਨਿਗਾਹ ਨਾਲ ਤੱਕਦਾ ਸੀ।

ਮਾਂ – ਉਹ ਕੌਣ ਸੀ ?

ਪੁਤ੍ਰ – ਉਥੇ ਇਕ ਜੇਠਾ ਜੀ ਸਨ। ਏਸ ਘੋੜੀ ਨੂੰ ਬੜੀ ਮੁਹੱਬਤ ਨਾਲ ਤੱਕਦੇ ਹਨ। ਇਕ ਦੋ ਵਾਰੀ ਮੇਰੇ ਕੋਲੋਂ ਲੈਕੇ ਆਪ ਚਲਾਕੇ ਦੇਖੀ ਨੇ, ਕਹਿੰਦੇ ਸਨ ਇਹ ਬਹੁਤ ਅੱਛੀ ਹੈ, ਏਸ ਦੇ ਵੀ ਪ੍ਰਾਣ ਹਨ।

ਮਾਂ – ਉਨ੍ਹਾਂ ਨੂੰ ਕਿਹੜੀ ਅਛਿਆਈ ਏਸ ਵਿਚ ਲਗਦੀ ਸੀ ? ਉਨ੍ਹਾਂ ਦੀ ਤਾਂ ਆਪਣੀ ਦੇਹ ਨਰੋਈ ਹੈ। ਪੁਤ੍ਰ ! ਹੁਣ ਤੇਰੀ ਵੀ ਦੇਹ ਨਰੋਈ ਹੈ। ਮੈਂ ਹੁਣ ਤੇਰਾ ਆਪ ਸਾਹਾ ਸੁਧਾਵਾਂਗੀ। ਤੈਨੂੰ ਚੰਦ ਵਰਗੀ ਵਹੁਟੀ ਲੈ ਦਿਆਂਗੀ !

ਘਸੀਟਾ – ਨਾ ਮਾਂ।

ਮਾਂ – ਸੁਖੀ ਸਾਂਦੀ, 'ਨਾਂਹ' ਮੂੰਹੋਂ ਨਹੀਂ ਕੱਢੀ ਦੀ।

ਘਸੀਟਾ – ਨਾ ਮਾਂ, ਮੈਂ ਓਹੋ ਬੰਤੋ ਲੈਣੀ ਹੈ, ਮੈਂ ਓਹੋ ਬੰਤੋ ਲੈਣੀ ਹੈ, ਮੈਂ ਓਹੋ ਬੰਤੋ ਲੈਣੀ ਹੈ।

## ੧੦.

ਅਜੇ ਤਾਰਿਆਂ ਦੀ ਛਾਂ ਸੀ, ਮਾਂ ਸੁੱਤੀ ਪਈ ਸੀ, ਘਸੀਟਾ ਜਾਗਦਾ ਸੀ। ਉਠ ਬੈਠਾ ਤੇ ਬੇ-ਖ਼ਿਆਲੇ ਟੁਰ ਪਿਆ। ਹੁਣ ਉਸ ਦੀਆਂ ਦੋਨੋਂ ਲੱਤਾਂ ਠੀਕ ਚਲਦੀਆਂ ਸਨ। ਦਿਲ ਵਿਚ ਕਹਿੰਦਾ ਸੀ, ਇਕ ਲੱਤ ਨਾਲ ਤਾਂ ਗੁਰੂ ਲੱਭ ਲਿਆ ਸੀ, ਦੋ ਲੱਤਾਂ ਨਾਲ ਬੰਤੋ ਨਾ ਲੱਭੇਗੀ? ਘਸੀਟਾ ਜਿਸ ਵੇਲੇ ਪੁਲ ਦੇ ਲਾਗੇ ਪਹੁੰਚਾ ਤਾਂ ਲਗਦਾ ਸੀ ਕਿ ਉਸ ਦੀ ਖੱਬੀ ਲਤ ਜ਼ਰਾ ਜ਼ਰਾ ਥਿੜਕਨ ਲਗੀ ਹੈ। ਦੋ ਚਾਰ ਕਦਮ ਪੁਲ ਉਤੇ ਅਜੇ ਅਗੇ ਵਧਿਆ ਹੀ ਸੀ ਕਿ ਲੱਤ ਚਲਣੋਂ ਰਹਿ ਗਈ। ਉਹ ਤ੍ਰਬ੍ਹਕ ਗਿਆ, ਰੁਕ ਗਿਆ। ਉਂਟ ਵਸਾਖੀ ਨਾਲ ਹੀ ਰਖਦਾ ਸੀ, ਸੋ ਉਸ ਨੂੰ ਕਛ ਹੇਠ ਦਬਾ, ਉਸ ਦੇ ਸਹਾਰੇ ਖੜੋ ਗਿਆ। ਮੱਥੇ ਤੋਂ ਕੱਚੀਆਂ ਤ੍ਰੇਲੀਆਂ ਛੁਟ ਰਹੀਆਂ ਸਨ। ਸਹਿਮੇ ਹੋਏ ਦਿਲ ਵਿਚ ਲਗਾ ਅਰਦਾਸੇ ਕਰਨ:– 'ਹੇ ਗੁਰੂ ਜੀ ਮੇਰੀ ਟੰਗਰੀ ਠੀਕ ਕਰ ਦਿਓ, ਹੁਣ ਮੈਂ ਬੇ-ਮੁਖ ਨਹੀਂ ਹੋਵਾਂਗਾ, ਰੋਜ਼ ਦਹੀਂ ਲੈਕੇ ਆਵਾਂਗਾ; ਵਕਤ ਸਿਰ ਹਾਜ਼ਰ ਹੋਵਾਂਗਾ, ਹੇ ਗੁਰੂ ਜੀ ਬਖਸ਼ ਲਓ !' 'ਹੇ ਗੁਰੂ ਜੀ !' ਕਰਦੇ ਦੀਆਂ ਅੱਖਾਂ ਬੰਦ ਹੋ ਗਈਆਂ। ਏਤਨੇ ਨੂੰ ਕੀ ਦੇਖਦਾ ਹੈ ਕਿ ਸ਼ਾਹ ਹੁਸੈਨ ਡੰਡਾ ਫੜਿਆ ਹੋਇਆ ਮਾਰਨ ਲਈ ਆ ਰਿਹਾ ਹੈ, ਡਰਕੇ ਅਗਾਂਹ ਨੂੰ ਦੌੜਿਆ। ਪੁਲੋਂ ਪਾਰ ਹੋ ਗਿਆ, ਦੇਖੇ ਕਿ ਟੰਗਰੀ ਠੀਕ ਹੈ; ਫੇਰ ਹੱਸ ਪਿਆ – ਸੋਚਣ ਲੱਗਾ ਇਹ ਕੀ ਮਾਜਰਾ ਹੈ, ਏਸ ਪੁਲ ਵਿਚ ਕੋਈ ਜਾਦੂ ਹੈ। ਏਥੇ ਆਕੇ ਲੱਤ ਲੰਙੀ ਹੋ ਜਾਂਦੀ ਹੈ। ਮਾਂ ਕਹਿੰਦੀ ਸੀ ਤੂੰ ਨਾਲੇ ਵਿਚ

 www.sikhbookclub.com

ਛਾਲ ਮਾਰੀ ਤੇ ਸੱਟ ਖਾਕੇ ਲੱਤ ਖਰਾਬ ਹੋ ਗਈ। ਨਹੀਂ ਇਹ ਗੱਲ ਨਹੀਂ, ਓਦੋਂ ਵੀ ਲੱਤ ਪਹਿਲੋਂ ਖ਼ਰਾਬ ਹੋਈ ਸੀ, ਛਾਲ ਪਿਛੋਂ ਵੱਜੀ ਸੀ। ਲੰਗੜਾ ਛਾਲਾਂ ਮਾਰੇ ਤਾਂ ਸਿਰ ਹੀ ਭਨਾਉਂਦਾ ਹੈ। ਪਰ ਲੱਤ ਲੰਙੀ ਹੋਈ ਕਿਉਂ ? ਬੰਤੋ ਦੀ ਡੋਲੀ ਨਾਲੇ ਵਿਚ ਰੁੜ੍ਹ ਗਈ, ਮੇਰੀ ਲੱਤ ਇਕ ਦਮ ਕੰਬੀ ਤੇ ਲੰਙੀ ਹੋ ਗਈ। ਪਰ ਮੈਂ ਡਰਾਕੁਲ ਨੇ ਫੇਰ ਛਾਲ ਮਾਰਨ ਦੀ ਬਹਾਦਰੀ ਕਿਸ ਤਰ੍ਹਾਂ ਕਰ ਲਈ ? ਉਹੋ ! ਠੀਕ ਹੈ, ਡੋਲੀ ਵਿਚ ਬੈਠੀ ਬੰਤੋ ਨੇ ਮੇਰੇ ਦੁਪੱਟੇ ਦਾ ਲੜ ਫੜਿਆ ਹੋਇਆ ਸੀ। ਮੈਂ ਘਸੀਟਿਆ ਗਿਆ। ਘਸੀਟਿਆ ਤੇ ਜਾਣਾ ਹੀ ਸੀ, ਪੱਤ੍ਰੀ ਲਿਖਣ ਵਾਲੇ ਬਾਹਮਣ ਨੇ 'ਘਸੀਟਾ' ਨਾਉਂ ਜੋ ਰਖਿਆ ਸੀ। ਵਾਹ ਓਇ ਡਰਾਕੁਲ ਘਸੀਟਿਆ ! ਵਾਹ ਓਇ ਮਾਂ ਦਿਆ ਵਰਯਾਮਾ ! ਬਹਾਦਰੀ ਦੀ ਸ਼ੋਭਾ ਮੁਫ਼ਤ ਦੀ ਖੱਟ ਲਈ। ਪਰ ਹੁਣ ਮੈਂ ਸਚੀ ਮੁਚੀ ਬਹਾਦਰ ਹਾਂ, ਮੇਰੇ ਵਿਚ ਕੋਈ ਕਸਰ ਨਹੀਂ। ਹੁਣ ਲੰਗੜਾਪਨ ਅਸਲੀ ਨਹੀਂ, ਕੁਝ ਆਦਤ ਹੀ ਵਿਗੜ ਗਈ ਹੈ। ਸੁਭਾ ਵਿਚ ਕਸਰ ਦਾ ਦੌਰਾ ਪੈ ਜਾਂਦਾ ਹੈ, ਪਰ ਇਹ ਹੁੰਦਾ ਕੀਕਣ ਹੈ? ਪੁਲ ਉਤੇ ਚੱਲਿਆ ਫੱਟਿਆਂ ਦਾ ਸਾਰਾ ਢਾਂਚਾ ਕੰਬਦਾ ਹੈ। ਉਸ ਦੇ ਨਾਲ ਹੀ ਗਿੱਟਾ ਝਣਕ ਮਾਰਦਾ ਹੈ, ਗੋਡਾ ਝੱਪ ਜਾਂਦਾ ਹੈ, ਲੱਤ ਮਰੋੜਾ ਖਾ ਜਾਂਦੀ ਹੈ, ਪਿੰਨੀ ਨੂੰ ਕੁੜੱਲ ਪੈ ਜਾਂਦਾ ਹੈ। ਹੁਣ ਮੈਂ ਬਗ਼ੈਰ ਵਿਸਾਖੀ ਦੇ ਸਹਾਰੇ ਦੇ ਚਲ ਰਿਹਾ ਹਾਂ। ਠੀਕ ਹਾਂ। ਪਰ ਫੇਰ ਵਿਸਾਖੀ ਕਿਸ ਲਈ ਚੁੱਕੀ ਫਿਰਦਾ ਹਾਂ, ਇਸ ਤੋਂ ਅੱਡ ਨਹੀਂ ਹੋ ਸਕਦਾ, ਏਸ ਨਾਲ ਯਾਰੀ ਪੱਕੀ ਹੋ ਗਈ ਹੈ, ਸੋ ਇਤਨਾ ਤਾਂ ਲੰਗੜਾ ਜ਼ਰੂਰ ਹਾਂ। ਏਨੇ ਦਾ ਕੋਈ ਹਰਜ ਵੀ ਨਹੀਂ। ਬੰਤੋ ਨੂੰ ਪਤਾ ਵੀ ਨਹੀਂ ਲਗਣ ਲੱਗਾ। ਉਸ ਨਾਲ ਕਦੇ ਪੁਲ ਉਤੇ ਨਹੀਂ ਆਵਾਂਗਾ, ਪਰ ਜੇ ਪਤਾ ਲਗ ਗਿਆ ਤਾਂ ਵੀ ਕੀ? ਮੈਂ ਉਸ ਨੂੰ ਮਿਲਾਂਗਾ ਤਾਂ ਅੰਬਾਂ ਦਾ ਝੁਲ ਭਰਕੇ ਲੈਕੇ ਮਿਲਾਂਗਾ। ਮੈਂ ਪੁੱਛਾਂਗਾ, ਬੰਤੋ ਤੈਨੂੰ ਕੇਹੜਾ ਅੰਬ ਚੰਗਾ ਲਗਦਾ ਹੈ। ਆਖੇਗੀ, ਲੰਗੜਾ। ਮੈਂ ਕਹਾਂਗਾ, ਇਹ ਤੇ ਸਾਰੇ ਦਸੌਰ੬ ਹਨ, ਲੰਗੜਾ ਤੇ ਬਸ ਮੈਂ ਹੀ ਹਾਂ। ਫੇਰ ਉਹ ਕੀ ਕਰੇਗੀ? ਘਸੀਟਾ ਹੱਸਣ ਲੱਗ ਪਿਆ, ਉਹ ਰਸ ਨਾਲ ਭਰ ਗਿਆ, ਅੰਬ ਦੇ ਰਸ ਨਾਲ। ਅੰਬ ਨੂੰ ਮੂੰਹ ਦਾ ਸੁਆਦ ਆ ਗਿਆ।

## ੧੧.

ਘਸੀਟਾ ਪਹਿਲੇ ਨਾਲੇ ਦੇ ਕੰਢੇ ਕੰਢੇ ਚਲਦਾ ਰਿਹਾ। ਕੋਈ ਖਣੇ ਹੋਏ ਰਸਤੇ ਨਹੀਂ

੬ ਦਸੌਰੀ = ਦੂਸਰੇ ਮੁਲਕ ਦੇ = ਦੁਸੈਹਰੀ।

 www.sikhbookclub.com

ਸਨ, ਉਘੜ ਦੁਘੜੀਆਂ ਥਾਵਾਂ ਸਨ, ਟੋਏ ਟਿੱਬੇ ਸਨ, ਰੇਤ ਸੀ, ਚਿੱਕੜ ਸੀ, ਪਰ ਪੱਥਰ ਨਹੀਂ ਸਨ। ਉਹ ਵਸਾਖੀ ਨੂੰ ਹੱਥ ਵਿਚ ਚੁੱਕੀ ਫਿਰਦਾ ਸੀ, ਆਖ਼ਰ ਉਸ ਟਿਕਾਣੇ ਤੇ ਪਹੁੰਚਾ ਜਿਥੇ ਨਾਲਾ ਬਿਆਸਾ ਵਿਚ ਆ ਮਿਲਦਾ ਹੈ। ਏਥੋਂ ਹੀ ਪੁਰਾਣੀ ਸ਼ਾਹੀ ਸੜਕ ਲੰਘਦੀ ਸੀ, ਜੋ ਗੋਇੰਦਵਾਲ ਦੇ ਵਿਚੋਂ ਦੀ ਗੁਜ਼ਰਦੀ ਸੀ। ਇਹ ਪੱਤਣ ਸੀ ਤੇ ਏਥੇ ਬੇੜੀਆਂ ਦਾ ਪੁਲ ਸੀ। ਘਸੀਟਾ ਪੁਲ ਤੋਂ ਪਰੇ ਹੀ ਰਿਹਾ, ਤੇ ਦੱਖਣ ਵੱਲ ਮੂੰਹ ਕਰਕੇ ਝਾੜੀਆਂ ਦੇ ਵਿਚ ਦੀ ਲੰਘਣ ਲੱਗਾ, ਏਥੇ ਇਕ ਛੋਟਾ ਜਿਹਾ ਪਿੰਡ ਸੀ, ਰਾਤ ਉਥੇ ਹੀ ਕਟੀ, ਕੁਛ ਖਾਧਾ ਪੀਤਾ। ਸਵੇਰ ਸਾਰ ਘਨਘੋਰ ਜੰਗਲ ਵਿਚ ਵੜ ਗਿਆ। ਹੋਰ ਅਗਾਂਹ, ਹੋਰ ਅਗਾਂਹ ਵਧਦਾ ਗਿਆ, ਅਗੇ ਇਕ ਛੱਪੜੀ ਜੇਹੀ ਸੀ, ਉਸ ਦੇ ਕਿਨਾਰੇ ਜਾ ਬੈਠਾ। ਵਸਾਖੀ ਨੂੰ ਉਸ ਨੇ ਛਪੜ ਦੀ ਨਰਮ ਜ਼ਮੀਨ ਵਿਚ ਗੱਡ ਦਿਤਾ ਤੇ ਆਪ ਫੇਰ ਉਸ ਦੇ ਚੌਗਿਰਦੇ ਭੌਣ ਲਗ ਪਿਆ। ਇਕ ਪਾਸੇ ਉਸ ਨੂੰ ਸ਼ੱਕ ਪਿਆ ਕਿ ਕਈ ਜਾਨਵਰਾਂ ਦੇ ਖੁਰਾਂ ਅਤੇ ਪੰਜਿਆਂ ਦੇ ਨਿਸ਼ਾਨ ਲਗੇ ਹਨ। ਕੁਛ ਡਰ ਜਿਹਾ ਲੱਗਾ ਕਿ ਇਹ ਜੰਗਲੀ ਜੰਤੂਆਂ ਦੇ ਪਾਣੀ ਪੀਣ ਦੀ ਸ਼ਾਇਦ ਜਗ੍ਹਾ ਹੋਵੇ। ਜਦ ਜਿਆਦਾ ਗਹੁ ਨਾਲ ਦੇਖਿਆ ਸੂ ਤਾਂ ਇਹ ਵੀ ਮਾਲੂਮ ਹੋਇਆ ਕਿ ਕੁਛ ਨਿਸ਼ਾਨ ਐਸੇ ਹਨ ਜੋ ਇਨਸਾਨੀ ਹਨ, ਪਰ ਕਿਸੇ ਤ੍ਰੀਮਤ ਦੇ ਛੋਟੇ ਛੋਟੇ ਪੈਰਾਂ ਦੇ ਲਗਦੇ ਹਨ। ਛਪੜ ਉਤੇ ਕਾਈ ਜੰਮੀ ਹੋਈ ਸੀ, ਲਾਲ ਰੰਗ ਦੀ ਘਸਮੈਲੀ ਜੇਹੀ। ਇਕ ਪੈਰ ਦਾ ਨਿਸ਼ਾਨ ਉਸ ਨੇ ਐਸਾ ਦੇਖਿਆ ਜੋ ਕਾਈ ਵਾਲੀ ਦਲਦਲ ਉਤੇ ਸੀ। ਕਹਿਣ ਲਗਾ, ਇਹ ਕਿਸੇ ਐਸੇ ਹੀ ਪੈਰ ਦਾ ਨਿਸ਼ਾਨ ਹੋ ਸਕਦਾ ਹੈ ਜਿਸ ਨੂੰ ਮਹਿੰਦੀ ਲਗੀ ਹੋਈ ਹੋਵੇ। ਬੰਤੋ ਜ਼ਰੂਰ ਏਥੇ ਕਿਤੇ ਹੀ ਹੋਣੀ ਹੈ। ਫੇਰ ਜ਼ੋਰ ਦੀ ਚੀਕਵੀਂ ਆਵਾਜ਼ ਮਾਰੀ, 'ਬੰਤੋ! ਜੰਗਲ ਗੂੰਜ ਗਿਆ, ਬੰਦਰ ਚੈਂ ਚੈਂ ਕਰਕੇ ਬੋਲ ਉਠੇ। ਘਸੀਟਾ ਛਪੜ ਦਾ ਚੱਕਰ ਲਾ ਕੇ ਘੁੰਮ ਆਇਆ, ਦੇਖਦਾ ਕੀ ਹੈ, ਇਕ ਬੰਦਰ ਏਸ ਦੀ ਵਸਾਖੀ ਦੇ ਉਤੇ ਚੜ੍ਹਕੇ ਬੈਠਾ ਹੈ। ਪੂਛ ਹੇਠਾਂ ਜ਼ਮੀਨ ਤਕ ਲਮਕਦੀ ਹੈ, ਲੰਗੂਰ ਹੈ। ਉਸਨੂੰ ਦੇਖਕੇ ਹੱਥ ਜੋੜਕੇ ਕਹਿਣ ਲੱਗਾ, ਹੇ ਬਨਮਾਨਸ ਤੂੰ ਦੇਵਤਾ ਹੈਂ! ਤੂੰ ਅਵਤਾਰ ਹੈਂ, ਹਨੂੰਮਾਨ ਦਾ ਸਰੂਪ ਹੈਂ। ਤੂੰ ਰਾਮ ਨੂੰ ਸੀਤਾ ਲੱਭ ਦਿਤੀ ਸੀ, ਮੈਨੂੰ ਬੰਤੋ ਲਭਾ ਦੇ। ਬੰਦਰ ਨੇ ਕੁਛ ਚੀਂ ਚੀਂ ਕੀਤਾ ਤੇ ਇਕ ਟਪੋਸੀ ਮਾਰਕੇ ਪਰੇ ਚਲਾ ਗਿਆ। ਘਸੀਟੇ ਨੇ ਵਸਾਖੀ ਪੁੱਟੀ ਤੇ ਬੰਦਰ ਦੇ ਨੇੜੇ ਆ ਗਿਆ। ਬੰਦਰ ਟਪੋਸਾ ਮਾਰਕੇ ਵਧਦਾ ਗਿਆ ਤੇ ਘਸੀਟਾ ਵੀ ਉਸ ਦੇ ਮਗਰ ਹੋ ਟੁਰਿਆ। ਅਗੇ ਇਕ ਬੜਾ ਵਡਾ ਸਾਏਦਾਰ ਦਰਖਤ ਸੀ, ਬੋਹੜ ਜੈਸਾ। ਬੰਦਰ ਇਕ ਛਲਾਂਗ ਮਾਰਕੇ ਇਕ ਦਾੜ੍ਹੀ ਵਾਲੀ ਜੜ੍ਹਦਾਰ ਟਾਹਣੀ ਤੇ ਜਾ ਬੈਠਾ, ਤੇ ਝੂਟੇ ਲੈਣ ਲਗਾ। ਜਿਸ ਵੇਲੇ ਕੋਈ ਚਾਰ ਕੁ ਗਜ਼ ਉੱਚਾ ਚੜ੍ਹ ਗਿਆ ਤਾਂ ਇਕ ਦੋਸਾਂਗ ਉਤੇ ਖੜੋ ਗਿਆ। ਚਾਰੋਂ ਪਾਸੇ ਤੱਕਿਆ, ਬਾਂਦਰ ਨੇ ਜ਼ੋਰ

 www.sikhbookclub.com

ਦੀ ਚੈਂ ਚੈਂ ਕੀਤੀ। ਦਰਖਤ ਉਤੇ ਬੈਠੀਆਂ ਹਜ਼ਾਰਾਂ ਚਿੜੀਆਂ ਚੀਂ ਚੀਂ ਕਰ ਰਹੀਆਂ ਇਕ ਦਮ ਉਡੀਆਂ। ਘਸੀਟੇ ਨੇ ਚੀਕ ਮਾਰੀ, ਤੇਜ਼ ਤਿੱਖੀ ਚੀਰਵੀਂ, 'ਬੰਤੋ !' ਸਾਰਾ ਖ੍ਰਿੱਛ ਕੰਬ ਗਿਆ। ਘਸੀਟੇ ਦੀ ਲੱਤ ਲਰਜ਼ ਗਈ। ਓਹੋ ਗਿੱਟੇ ਦੀ ਝਣਕ, ਓਹੋ ਗੋਡੇ ਦਾ ਝੱਪ, ਓਹੋ ਲੱਤ ਦਾ ਮਰੋੜਾ, ਓਹੋ ਪਿੰਨੀ ਦਾ ਕੁੜੱਲ। ਦਰਖਤ ਦੇ ਉਤੇ ਇਕ ਲੜਕੀ ਬੈਠੀ ਸੀ। ਕਿਸੇ ਵਡੇ ਪੰਛੀ ਦਾ ਪੁਰਾਣਾ ਆਲ੍ਹਣਾ ਬਣਿਆਂ ਹੋਇਆ ਸੀ, ਉਸ ਵਿਚ ਟਿਕੀ ਹੋਈ ਸੀ। ਉਮਰ ਜਵਾਨ ਸੀ, ਰੰਗ ਸ਼ਾਮ ਸੁੰਦਰ ਕਮਜ਼ੋਰ ਪੀਲਾ, ਅੱਖਾਂ ਚੌੜੀਆਂ ਜੋ ਉਤਰੇ ਹੋਏ ਚਿਹਰੇ ਉਤੇ ਅੰਦਰਵਾਰ ਖਿੱਚੀਆਂ ਹੋਈਆਂ ਗੱਲ੍ਹਾਂ ਉਪਰ ਬਹੁਤ ਵੱਡੀਆਂ ਲਗਦੀਆਂ ਸਨ। ਵਾਲ ਕਾਲੇ ਲੰਮੇ ਤੇ ਖੁੱਲ੍ਹੇ, ਜਿਸ ਵਿਚ ਅੜੇ ਪਏ ਹੋਏ ਸਨ, ਤੇ ਜੋ ਗਲੇ ਵਿਚ ਲਟਕ ਕੇ ਛਾਤੀ ਉਤੇ ਪਤਲੇ ਫੈਲੇ ਹੋਏ ਸਨ। ਇਹੋ ਉਸ ਦੇ ਹੰਸ ਚਿੱਟੇ ਸੀਨੇ ਦਾ ਸ਼ਿੰਗਾਰ ਸੀ, ਏਹੋ ਉਸ ਦਾ ਲਿਬਾਸ ਸੀ। ਲੜਕੀ ਨਗਨ ਦਰਸ਼ਨ ਦੀ ਦ੍ਰਿੜ੍ਹ ਮੁਦ੍ਰਾ ਵਿਚ ਆਸਣ ਜਮਾਏ ਬੈਠੀ ਸੀ। ਜਿਸ ਵੇਲੇ ਉਸ ਨੇ ਮਨੁੱਖ ਦੀ ਚੀਕ ਸੁਣੀ ਉਸ ਦੇ ਕੰਨਾਂ ਨੇ ਐਉਂ ਮਹਿਸੂਸ ਕੀਤਾ ਕਿ ਕਿਸੇ ਨੇ ਉਸ ਦੇ ਨਾਂ ਦੀ ਪੁਕਾਰ ਕੀਤੀ ਹੈ। ਉਸ ਦੇ ਮੂੰਹੋਂ ਅਚਾਨਕ ਹੀ ਬਰੀਕ ਆਵਾਜ਼ ਨਿਕਲੀ, 'ਕੌਣ ਹੈ ?' ਘਸੀਟੇ ਨੇ ਉਪਰ ਤੱਕਿਆ, ਸਿਰ ਚਕਰਾ ਗਿਆ, ਧੜੰਮ ਕਰਕੇ ਹੇਠਾਂ ਡਿੱਗਾ ਤੇ ਬੇਹੋਸ਼ ਹੋ ਗਿਆ।

## ੧੨.

ਪੰਡਿਤ ਬੇਣੀ ਦੇ ਪ੍ਰਚਾਰ ਦਾ ਬਲਕਾ ਮਚ ਗਿਆ ਸੀ। ਬਹੁਤ ਲੋਕ ਸ਼ੰਕੇ ਨਵਿਰਤ ਕਰਾਉਣ ਵਾਸਤੇ ਆ ਜਾਂਦੇ ਸਨ। ਉਸ ਦਾ ਤਰੀਕਾ ਗੱਲ ਕਰਨ ਦਾ ਬਹੁਤ ਅੱਛਾ ਸੀ, ਖੜੇ ਠਰ੍ਹੰਮੇ ਵਾਲਾ। ਉਸ ਦੇ ਬਚਨਾਂ ਵਿਚ ਮਿਠਾਸ ਸੀ। ਉਸ ਦੀ ਦਲੀਲ ਖੁਸ਼ਕ ਨਹੀਂ ਸੀ, ਨਾ ਹੀ ਸ਼ਾਸਤ੍ਰਾਂ ਵਾਲੀ ਤਰਕ ਵਿਚ ਬੱਝੀ ਹੋਈ ਕਾਰਣ ਕਾਰਯ ਦੇ ਸਿਲਸਿਲੇ ਦੀ ਕਰੜੀ ਜ਼ੰਜੀਰ ਹੁੰਦੀ ਸੀ, ਪਰੰਤੂ ਹਿਤ ਦੇ ਪਿਆਰ ਵਿਚ ਗੁੱਝੀ ਹੋਈ ਇਕ ਪ੍ਰੇਰਨਾ ਹੁੰਦੀ ਸੀ, ਜੋ ਐਨ ਨਿਸ਼ਾਨੇ ਉਤੇ ਠੀਕ ਬੈਠਦੀ ਸੀ। ਇਕ ਦਿਨ ਕੱਜਣ ਨਾਲ ਗਲਬਾਤ ਕਰ ਰਹੇ ਸਨ ਤਾਂ ਉਸ ਨੇ ਪ੍ਰਸ਼ਨ ਕੀਤਾ:

ਕੱਜਣ–ਜੀ ਇਹ ਦੱਸੋ ਕਿ ਇਹ ਜੋ ਕਹਿੰਦੇ ਹਨ ਕਿ ਰੱਬ ਅੰਦਰ ਵੱਸਦਾ ਹੈ, ਸਾਡਾ ਅੰਦਰ ਹੀ ਜੇ ਉਸ ਨੇ ਘਰ ਬਣਾਇਆ ਹੋਇਆ ਹੈ ਤੇ ਜੇ ਉਹ ਐਸ ਤਰ੍ਹਾਂ ਘਰ ਵਿਚ ਹੀ ਹੈ ਤਾਂ ਉਸ ਦਾ ਪਤਾ ਕਿਉਂ ਨਹੀਂ ਲਗਦਾ ?


www.sikhbookclub.com

ਬੇਣੀ–ਸਿਰਫ ਏਸ ਕਰਕੇ ਕਿ ਤੁਸੀਂ ਆਪ ਅਪਣੇ ਘਰ ਵਿਚ ਨਹੀਂ ਹੋ। ਤੁਸੀਂ ਘਰੋਂ ਬਾਹਰ ਰਹਿੰਦੇ ਹੋ। ਦਿਨ ਰਾਤ ਸੈਲਾਂ ਉਤੇ ਚੜ੍ਹੇ ਹੋਏ ਹੋ।

ਕੱਜਣ–ਹਾਂ, ਕੈਸੀ ਮਜ਼ੇਦਾਰ ਗੱਲ ਹੈ। ਦੇਖੋ ਚਾਚਾ ਜੀ ਵੀ ਇਹੋ ਗੱਲ ਦੱਸਦੇ ਸਨ, ਪਰ ਜ਼ਰਾ ਹੋਰ ਤਰ੍ਹਾਂ ਤੇ ਉਹ ਸਮਝ ਵਿਚ ਨਹੀਂ ਸੀ ਵੜਦੀ।

ਬੇਣੀ–ਕਿਉਂ ਪਰ ?

ਕੱਜਣ–ਜੀ ਜਿਸ ਵੇਲੇ ਚਾਚਾ ਜੀ ਭਲੇ ਪਾਸੇ ਆ ਗਏ ਤਾਂ ਅਸੀਂ ਏਹੋ ਸਮਝਦੇ ਸਾਂ ਕਿ ਇਹ ਥੋੜੇ ਦਿਨਾਂ ਦੀ ਗੱਲ ਹੈ। ਉਹ ਮੌਜੀ ਹਨ, ਕਈ ਮੌਜਾਂ ਕਰ ਲੈਂਦੇ ਹਨ। ਉਹ ਬਹੁ ਰੂਪੀਏ ਹਨ, ਕਈ ਵੇਸ ਵਟਾਉਂਦੇ ਹਨ। ਇਹ ਉਹਨਾਂ ਦੇ ਕਿੱਤੇ ਨਾਲ ਮਿਲਦੀ ਜੁਲਦੀ ਹੀ ਗੱਲ ਹੈ; ਪੇਸ਼ੇ ਦਿਆਂ ਦਾਓ ਪੇਚਾਂ ਤੋਂ ਬਾਹਰ ਨਹੀਂ। ਐਸੇ ਮੇਰੇ ਸ਼ੰਕੇ ਬਹੁਤ ਅਖ਼ੀਰ ਤਕ ਬਣੇ ਰਹੇ।

ਬੇਣੀ–ਹਾਂ ਕੱਜਣ, ਤੇਰੇ ਚਾਚੇ ਦੀ ਗੱਲ ਕਿਸੇ ਸਮਝੀ ਨਹੀਂ। ਤੇਰੀ ਗੱਲ ਵੀ ਕੋਈ ਨਹੀਂ ਸਮਝਦਾ। ਦੇਖ, ਮੈਂ ਤੈਨੂੰ ਦੱਸਦਾ ਹਾਂ। ਤੂੰ ਪਿਛਲੇ ਜਨਮ ਵਿਚ ਜੋਗੀ ਸੈਂ, ਤੂੰ ਘਾਲ ਵਾਲਾ ਬੰਦਾ ਸੈਂ, ਤੂੰ ਕਈ ਹੱਠ ਯੋਗ ਦੀਆਂ ਸਾਧਨਾਂ ਕੀਤੀਆਂ। ਤੂੰ ਕਈ ਮੁੱਦ੍ਰਾ ਸਾਧੀਆਂ, ਆਖ਼ਰ ਤੇਰਾ ਇਕੋ ਯੋਗ ਸੰਜਮ ਸਫਲ ਹੋਯਾ, ਤੇਰਾ ਨੱਕ ਤੇਜ਼ ਹੋ ਗਿਆ। ਤੇਰੀ ਸੁੰਘਣ ਦੀ ਸ਼ਕਤੀ ਵਧ ਗਈ। ਤੇਰੇ ਲਈ ਨਵਾਂ ਜਹਾਨ ਖੁੱਲ੍ਹ ਗਿਆ। ਹਰ ਚੀਜ਼ ਵਿਚੋਂ ਤੈਨੂੰ ਸੁਗੰਧੀ ਆਉਣ ਲਗ ਪਈ। ਹਰ ਸ਼ੈ ਵਿਚ ਮੱਧਮ ਜਿਹੀ ਗੰਧਿ ਹੈ, ਜਿਸ ਨੂੰ ਆਮ ਆਦਮੀ ਦਾ ਨੱਕ ਪਕੜਦਾ ਨਹੀਂ ਪਰ ਤੇਰੇ ਲਈ ਆਸਾਨ ਹੋ ਗਿਆ ਕਿ ਹਨੇਰੇ ਵਿਚ, ਬੰਦ ਅੱਖਾਂ ਵੇਲੇ ਵੀ ਸੁਗੰਧੀ ਦੀਆਂ ਸੂਖਮ ਤਨ ਮਾਤ੍ਰਾ ਤੋਂ, ਜੋ ਹਰ ਚੀਜ਼ ਵਿਚੋਂ ਬਾਹਰ ਨਿਕਲ ਕੇ ਫੈਲ ਰਹੀਆਂ ਹਨ, ਤੂੰ ਦੱਸ ਸਕਦਾ ਸੈਂ ਕਿ ਤੇਰੇ ਆਸ ਪਾਸ ਕੀ ਹੈ। ਏਸ ਨਾਲ ਤੂੰ ਏਸ ਦਿਖਾਵੇ ਵਿਚ ਲਗ ਗਿਓਂ, ਤੇਰੀ ਮਾਨ ਪ੍ਰਤਿਸ਼ਠਾ ਵਧ ਗਈ, ਤੂੰ ਆਪਣੇ ਨਿਸ਼ਾਨੇ ਤੋਂ ਉਖੜ ਗਿਓਂ। ਯੋਗੀ ਦੀ ਜਿਸ ਵੇਲੇ ਮਸ਼ਹੂਰੀ ਹੋਣ ਲਗਦੀ ਹੈ, ਉਸ ਦੀ ਸਿੱਧੀ ਵਿਚ ਫਰਕ ਪੈ ਜਾਂਦਾ ਹੈ। ਲੋਕਾਂ ਨੂੰ ਮਿਲਨ ਗਿਲਨ ਲਈ ਉਸ ਨੂੰ ਨਿਜ ਪਦ ਦੇ ਆਸਣ ਤੋਂ ਉਠਣਾ ਪੈਂਦਾ ਹੈ। ਖਾਤਰ ਤਵਾਜ਼ਾ ਤੇ ਮੇਲ ਜੋਲ ਦੇ ਸ਼੍ਰਿਸ਼ਟਾਚਾਰ ਉਸ ਦਾ ਸਮਾਂ ਖਾ ਜਾਂਦੇ ਹਨ। ਉਹ ਅਪਣੀ ਏਕਾਂਤ ਤੋਂ ਡਿਗ ਪੈਂਦਾ ਹੈ। ਐਸੇ ਸਾਧਕ ਨੂੰ ਯੋਗ ਭ੍ਰਿਸ਼ਟ ਕਹਿੰਦੇ ਹਨ। ਪਿਛਲੇ ਜਨਮ ਦੀ ਸ਼ਕਤੀ ਦੇ ਸੰਸਕਾਰ ਹੁਣ ਵੀ ਤੇਰੇ ਨਾਲ ਰੰਚਕ ਮਾਤ੍ਰ ਹਨ। ਇਹ ਤੈਨੂੰ ਚੋਰੀ ਵਿਚ ਸਹਾਈ ਹਨ। ਪਰ ਇਹ ਅਜੀਬ ਗੱਲ ਹੈ। ਇਕ ਜਨਮ ਦਾ ਜੋਗੀ, ਦੂਜੇ ਜਨਮ ਦਾ ਚੋਰ? ਏਸ ਪਰਸਪਰ

 www.sikhbookclub.com

ਵਟਾਉ ਵਿਚ ਜਨਮ ਦਾ ਫ਼ਾਸਲਾ ਪੈ ਜਾਂਦਾ ਹੈ। ਪਰ ਇਤਨੇ ਸਮੇਂ ਦੇ ਵਕਫ਼ੇ ਤੋਂ ਬਗੈਰ ਵੀ ਵਟਾਉ ਆਉਂਦੇ ਰਹਿੰਦੇ ਹਨ। ਏਸ ਇਕੋ ਜਨਮ ਵਿਚ ਵੀ ਕੋਈ ਆਦਮੀ ਇਕ ਵਕਤ ਜੋਗੀ ਤੇ ਦੂਜੇ ਸਮੇਂ ਚੋਰ। ਇਕ ਵਕਤ ਭਲਾ ਕਰਨ ਵਾਲਾ, ਦੂਜੇ ਵਕਤ ਕਾਤਲ। ਇਕ ਵਕਤ ਦਵਾਈ ਦਾਰੂ ਤੇ ਮਲ੍ਹਮ ਲਾਉਣ ਵਾਲਾ, ਦੂਜੇ ਸਮੇਂ ਵਿਸਾਹ ਘਾਤੀ। ਐਸੇ ਮਨੁਖ ਨੂੰ ਮੌਜੀ ਕਹਿੰਦੇ ਹਨ। ਮੌਜ ਦਾ ਮਤਲਬ ਹੈ ਲਹਿਰ, ਹੜ੍ਹ। ਸਮੁੰਦਰ ਦੀਆਂ ਲਹਿਰਾਂ ਹਨ। ਉਸ ਦੀਆਂ ਛੱਲਾਂ ਕਿਨਾਰੇ ਭੰਨ ਸੁਟਦੀਆਂ ਹਨ, ਜਹਾਜ਼ ਡੋਬ ਦੇਂਦੀਆਂ ਤੇ ਵਡਾ ਨੁਕਸਾਨ ਕਰਦੀਆਂ ਹਨ। ਪਰ ਦੂਜੇ ਸਮੇਂ ਉਹ ਸ਼ਾਂਤ ਹੁੰਦਾ ਹੈ, ਉਸ ਦੀ ਸ਼ੋਖੀ ਖ਼ਤਮ ਹੋ ਜਾਂਦੀ ਹੈ, ਉਹ ਚੁੱਪ ਹੋ ਜਾਂਦਾ ਹੈ। ਸਮੁੰਦਰ ਏਸ ਤਰ੍ਹਾਂ ਅਪਣੇ ਲਹਾ ਚੜ੍ਹਾ ਦੇ ਚੱਕਰ ਵਿਚ ਰਹਿੰਦਾ ਹੈ। ਮਨੁਖ ਦਾ ਵੀ ਏਹੋ ਹਾਲ ਹੈ, ਉਸ ਨੂੰ ਲੱਥੇ ਚੜ੍ਹੇ ਦਾ ਦੌਰਾ ਰਹਿੰਦਾ ਹੈ। ਏਹੋ ਦਸ਼ਾ ਤੇਰੇ ਚਾਚੇ ਦੀ ਸੀ। ਤੂੰ ਕਹਿੰਦਾ ਹੈਂ, ਉਹ ਬਹੁਰੂਪੀਆ ਤਾਂ ਆਪਣੀ ਮਰਜ਼ੀ ਨਾਲ ਵੇਸ ਵਟਾ ਲੈਂਦਾ ਹੈ, ਪਰ ਉਹ ਬੇਵੱਸ ਸੀ। ਉਹ ਰੂਪ ਤੇ ਕੁਰੂਪ ਦੇ ਚੱਕਰ ਵਿਚ ਫਸਿਆ ਹੋਯਾ ਸੀ। ਉਸ ਨੂੰ ਦੌਰੇ ਪੈਂਦੇ ਸਨ। ਜਿਸ ਵੇਲੇ ਉਹ ਰੂਪ ਵਿਚ ਸੀ ਤਾਂ ਉਹ ਸੱਜਣ ਸੀ। ਜਿਸ ਵੇਲੇ ਕੁਰੂਪ ਵਿਚ ਹੁੰਦਾ ਸੀ ਤਾਂ ਉਹ ਠੱਗ ਸੀ। ਉਹ ਇਸ ਰੂਪ ਕੁਰੂਪ ਦੇ ਭੰਵਰ ਵਿਚ ਖੱਝਾ ਚਲ ਰਿਹਾ ਸੀ। ਉਹ ਏਸ ਘੁੰਮਣਘੇਰ ਤੋਂ ਬਾਹਰ ਨਹੀਂ ਸੀ ਨਿਕਲ ਸਕਦਾ। ਏਸ ਘੁਮਾਟੀ ਦਾ ਘੇਰਾ ਵਡਾ ਸੀ। ਸ਼ੁਰੂ ਵਿਚ ਏਸੇ ਤਰ੍ਹਾਂ ਸੀ। ਜਿਸ ਵੇਲੇ ਉਹ ਸਜਣ ਹੁੰਦਾ ਸੀ, ਸੱਚੀਂ ਮੁਚੀਂ ਦਾ ਸੱਜਣ ਸੀ। ਉਸ ਵੇਲੇ ਉਸ ਵਿਚ ਕੋਈ ਫਰੇਬ ਨਹੀਂ ਸੀ ਹੁੰਦਾ। ਜੋ ਉਹ ਨੇਕੀ ਕਰਦਾ ਸੀ, ਠੀਕ ਕਰਦਾ ਸੀ। ਪਰ ਬਦੀ ਦੇ ਦੌਰੇ ਵੇਲੇ ਇਕ ਫਰਕ ਪੈ ਜਾਂਦਾ ਸੀ।

ਕੱਜਣ—ਜੀ ਬਦੀ ਦੇ ਦੌਰੇ ਵੇਲੇ ਫਰਕ ਪੈ ਜਾਂਦਾ ਸੀ ? ਇਹ ਗਲ ਫੇਰ ਕਿਸ ਤਰ੍ਹਾਂ ਹੋਈ ? ਸਮਝੀ ਨਹੀਂ।

ਬੇਣੀ— ਇਹ ਇਸ ਤਰ੍ਹਾਂ ਹੋਈ ਕਿ ਨੇਕੀ ਤੇ ਉਹ ਇਕੱਲਾ ਕਰਦਾ ਸੀ, ਬਦੀ ਵੇਲੇ ਉਹ ਦੋ ਸਾਥੀ ਹੋਰ ਨਾਲ ਮਿਲਾ ਲੈਂਦਾ ਸੀ। ਖਤਰੇ ਦੇ ਖਿਆਲ ਤੋਂ ਇਹ ਜ਼ਰੂਰੀ ਸੀ। ਸੋ ਬਦੀ ਦਾ ਬੋਝ ਵਧ ਜਾਂਦਾ ਸੀ। ਜੋ ਹੋਰ ਵਧਦਾ ਗਿਆ, ਬੁਰਿਆਈ ਦਾ ਪੱਲਾ ਬਹੁਤ ਭਾਰਾ ਹੋ ਗਿਆ। ਚੰਗਿਆਈ ਉਸ ਨੂੰ ਹਮਵਜ਼ਨ ਨਾ ਕਰ ਸਕੀ। ਸਾਧਾਰਨ ਅਵਸਥਾ ਵਿਚ ਚੰਗੀ ਸੁਹਬਤ, ਭੈੜੇ ਦੀ ਤੱਕੜੀ ਨੂੰ ਆਪਣੇ ਭਾਰ ਨਾਲ ਸਮ ਤੋਲ ਕਰ ਦੇਂਦੀ ਹੈ। ਜੀਵਨ ਦੇ ਤਰਾਜ਼ੂ ਦੇ ਪਲੜੇ ਫੇਰ ਇਕੋ ਜੇਹੇ ਤੁਲਦੇ ਹਨ। ਪਰ ਜੇ ਕਿਸੇ ਦੀ ਕਿਸਮਤ ਚੰਗੀ ਹੋਵੇ ਤੇ ਸੁਹਬਤ ਮਿਲ ਜਾਏ, ਐਸੀ ਨੂਰਾਨੀ ਵਿਯਕਤੀ ਦੀ, ਜੋ ਗੁਰੂ ਦੀ ਸੀ, ਜੋ ਆਦਿ ਗੁਰੂ

 www.sikhbookclub.com

ਦੀ ਸੀ, ਜੋ ਗੁਰੂ ਬਾਬੇ ਦੀ ਸੀ, ਤਾਂ ਕਾਂਇਆ ਪਲਟ ਜਾਂਦੀ ਹੈ। ਜੀਵ ਫੇਰ ਰੂਪ ਤੇ ਕੁਰੂਪ ਦੇ ਭੰਵਰ ਦੀ ਫਸੌਤੀ ਵਿਚੋਂ ਨਿਕਲ ਜਾਂਦਾ ਹੈ। ਘੁੰਮਣ ਘੇਰ ਦਾ ਚੱਕਰ ਟੁਟ ਜਾਂਦਾ ਹੈ। ਬਾਬਾ ਰੂਪ ਤੇ ਕੁਰੂਪ ਦੇ ਦਾਇਰੇ ਵਿਚੋਂ ਕੱਢਕੇ ਸੁਰੂਪ ਵਿਚ ਟਿਕਾ ਦੇਂਦਾ ਸੀ। ਮਨੁਖ, ਜੋ ਨੇਕੀ ਬਦੀ ਦੀ ਦੁਬਿਧਾ ਦੇ ਹਲਕੇ ਵਿਚ ਪਰੇਸ਼ਾਨ ਸੀ, ਉਸ ਦਾ ਮੰਡਲ ਬਦਲ ਜਾਂਦਾ ਹੈ; ਤੇਰੇ ਚਾਚੇ ਨਾਲ ਏਹੋ ਭਾਣਾ ਵਰਤਿਆ ਤੇ ਉਹ ਹੋਰ ਦਾ ਹੋਰ ਹੋ ਗਿਆ। ਉਹ ਆਪਣੇ ਆਪੇ ਤੋਂ ਉਪਰ ਹੋ ਗਿਆ। ਬਦੀ ਵਲ ਰੁਖ਼ ਕਰਨ ਦੀ ਫੇਰ ਕੋਈ ਸੰਭਾਵਨਾ ਨਹੀਂ ਸੀ। ਤੁਸੀਂ ਮਾੜੀ ਸ਼ੰਕਾ ਐਵੇਂ ਕਰਦੇ ਰਹੇ ਹੋ।

ਕੱਜਣ—ਪਰ ਬਾਬਾ ਕਿਸ ਤਰ੍ਹਾਂ ਇਹ ਕੁਝ ਕਰਦਾ ਸੀ ?

ਬੇਣੀ—ਬਾਬਾ ਜਿੱਥੇ ਜਾਂਦਾ ਸੀ, ਭਲਾ ਕਹਿੰਦਾ ਸੀ। ਜਿਸ ਨੂੰ ਮਿਲਦਾ ਸੀ ਸੁਰਤਿ ਨਾਲ ਮਿਲਦਾ ਸੀ, ਆਪਣੀ ਸੁਰਤਿ ਉਸ ਦੀ ਸੁਰਤਿ ਵਿਚ ਵਾੜ ਦੇਂਦਾ ਸੀ। ਦੂਜੇ ਦੀ ਸੁਰਤ ਵਿਚ ਸ਼ਬਦ ਦੀ ਝੁਨਕਾਰ ਅੰਕਿਤ ਕੇਰ ਦੇਂਦਾ ਸੀ। ਬਾਬੇ ਨੇ ਆਪ ਦੱਸ ਦਿਤਾ ਹੈ ਕਿ ਮੈਂ ਕੀ ਕਰਦਾ ਹਾਂ। ਉਸ ਦਾ ਕਥਨ ਹੈ:

ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥
(ਵਡਹੰਸ ਮ: ੧, ਛੰਤ ੧)

ਇਹ ਸ਼ਬਦ ਦੀ ਚੋਟ ਹੈ, ਜੋ ਬਾਬਾ ਸੁਰਤ ਵਿਚ ਮਾਰਦਾ ਹੈ। ਅੰਦਰ ਵਿਸਫੋਟ ਹੋ ਜਾਂਦਾ ਹੈ। ਨਿਕੰਮਾ ਪਣ ਤੇ ਨਿਕਾਰਾ ਪਨ ਝੜ ਜਾਂਦਾ ਹੈ। ਉੱਜਲਾ ਪਨ ਨਿਖਰ ਆਉਂਦਾ ਹੈ।

ਕੱਜਣ—ਸੁਰਤ ਤੇ ਸਬਦ ਦੀ ਤਾਂ ਸਮਝ ਨਹੀਂ, ਪਰ ਹਾਂ ਜਿਸ ਵੇਲੇ ਉਹਨਾਂ ਮੈਨੂੰ ਸੁਣਾਕੇ ਕਿਹਾ, ਉਸ ਵੇਲੇ ਤਾਂ ਪਛਾਤਾ ਹੀ ਨਹੀਂ ਸੀ, ਪਿਛੋਂ ਪਤਾ ਲਗਾ ਕਿ ਇਹ ਓਹ ਹਨ ਤੇ ਜਿਸ ਵੇਲੇ ਉਹਨਾਂ ਸੁਣਾਕੇ ਕਿਹਾ ਤਾਂ ਉਹਨਾਂ ਦਾ ਕਿਹਾ ਭੁੱਲਦਾ ਨਹੀਂ, ਦਿਲ ਵਿਚ ਖੁੱਭ ਗਿਆ, ਖਵਰੇ ਏਸੇ ਨੂੰ ਤੁਸੀਂ ਕਹਿੰਦੇ ਹੋ ਸੁਰਤਿ ਵਿਚ ਲਿਖ ਦੇਂਦਾ ਹੈ। ਉਹਨਾਂ ਕਿਹਾ!

ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ ॥
ਕਿਸਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ ॥

 www.sikhbookclub.com

ਉਸ ਵੇਲੇ ਕੀ ਹੋਇਆ ? ਇਨ੍ਹਾਂ ਲਫਜ਼ਾਂ ਵਿਚੋਂ ਖੁਸ਼ਬੋ ਆਉਣ ਲਗ ਪਈ। ਜਿਸ ਤਰ੍ਹਾਂ ਕਿਸੇ ਨੇ ਬੇਦ ਮੁਸ਼ਕ ਦੇ ਸ਼ੀਸ਼ੇ ਦਾ ਡੱਕਾ ਖੋਹਲ ਦਿਤਾ ਹੈ। ਉਹ ਰਬਾਬ ਕੀ ਵਜਦੀ ਸੀ, ਇਕ ਦਰਖਤ ਹਿਲਦਾ ਸੀ, ਚੰਨਣ ਦਾ ਬੂਟਾ, ਜਿਸ ਦੀ ਸ਼ਾਂ ਸ਼ਾਂ ਦੀ ਹਵਾ ਵਿਚੋਂ ਲਪਟਾਂ ਦੇ ਹੁਲਾਰੇ ਉਠਦੇ ਸਨ। ਪਰ ਉਹ ਹਵਾੜ ਅੱਖਾਂ ਨੂੰ ਲਗਦੀ ਸੀ, ਜਿਸ ਤਰ੍ਹਾਂ ਕੋਈ ਦਾਰੂ ਲਗਦਾ ਹੈ। ਅੱਖਾਂ ਖੋਹਲੀਆਂ ਤਾਂ ਰੌਸ਼ਨੀ ਚੁੱਭਣ ਲਗੀ। ਦੀਦਾ ਫੇਰ ਖੁੱਲ੍ਹਦਾ ਨਹੀਂ ਸੀ। ਮੈਂ ਸਮਝਿਆ ਅੰਨ੍ਹਾ ਹੋਣ ਲਗਾ ਹਾਂ।

ਬੇਣੀ—ਨਹੀਂ, ਇਸ ਦਾ ਮਤਲਬ ਸੀ ਕਿ ਤੂੰ ਬਾਹਰ ਦੀਆਂ ਅੱਖਾਂ ਬੰਦ ਕਰ ਤੇ ਅੰਦਰ ਦੀਆਂ ਅੱਖਾਂ ਨਾਲ ਦੇਖ। ਉਹਨਾਂ ਨੇ ਅੰਦਰ ਦੇ ਪਟ ਖੋਹਲ ਦਿਤੇ ਸਨ!

ਕੱਜਣ—ਓਹੋ, ਮੈਂ ਉਸ ਵੇਲੇ ਸਮਝਿਆ ਨਹੀਂ, ਮੈਨੂੰ ਹੌਲ ਮਾਰ ਗਿਆ।

## ੧੩.

ਚੋਰ ਯਾਰ ਡਾਕੂ ਨਿੰਦਕ ਦੁਸ਼ਟ ਸਭ ਸੁਧਰ ਗਏ। ਇਨ੍ਹਾਂ ਦੇ ਸੁਧਾਰ ਉਤੇ ਲੋਕ ਹੈਰਾਨ ਸਨ। ਸ੍ਰੀ ਜੇਠਾ ਜੀ ਉਤੇ ਏਸ ਗਲ ਦਾ ਬਹੁਤ ਅਸਰ ਸੀ। ਇਹ ਕਿ ਧਿੰਗੋ ਜ਼ੋਰੀ ਕਰਨ ਵਾਲੇ ਚੋਰ ਡਾਕੂ ਸੁਧਰ ਜਾਵਨ, ਬੜੇ ਕਮਾਲ ਦੀ ਗਲ ਸੀ। ਸ੍ਰੀ ਜੇਠਾ ਜੀ ਸਮਝਦੇ ਸਨ ਕਿ ਗੁਰੂ ਅਮਰਦਾਸ ਜੀ ਦੀ ਇਹ ਜ਼ਾਹਰਾ ਕਰਾਮਾਤ ਹੈ। ਸ੍ਰੀ ਜੇਠਾ ਜੀ ਨੇ ਜਦੋਂ ਫੇਰ ਆਪ ਗੁਰੂ ਪਦ ਉਤੇ ਇਸਥਿਤ ਹੋਕੇ ਬਾਣੀ ਰਚੀ ਤਾਂ ਏਸ ਪਰਥਾਇ ਉਹਨਾਂ ਬਚਨ ਕੀਤਾ:

> ਹਮ ਪਾਪੀ ਬਲਵੰਚੀਆ ਮੇਰੀ ਜਿੰਦੜੀਏ ਪਰਦ੍ਰੋਹੀ ਠਗ ਮਾਇਆ ਰਾਮ ॥
> ਵਡਭਾਗੀ ਗੁਰੁ ਪਾਇਆ ਮੇਰੀ ਜਿੰਦੁੜੀਏ ਗੁਰਿ ਪੂਰੈ ਗਤਿ ਮਿਤਿ ਪਾਇਆ ਰਾਮ॥
>
> (ਬਿਹਾਗੜ ਮ: ੪: ਛੰਤ—੪)

ਇਹ ਪੂਰਾ ਗੁਰੂ, ਗੁਰੂ ਅਮਰਦਾਸ ਮਨੁਖ ਦੀਆਂ ਕਮਜ਼ੋਰੀਆਂ ਨੂੰ ਸਮਝਦਾ ਸੀ ਤੇ ਉਹਨਾਂ ਨੂੰ ਪਿਆਰਦਾ ਸੀ। ਗੁਰੂ ਜੀ ਇਨ੍ਹਾਂ ਪਾਪੀਆਂ ਨੂੰ ਹਡੋਂ ਭੈੜੇ ਨਹੀਂ ਸਨ ਸਮਝਦੇ, ਉਹਨਾਂ ਦਾ ਖ਼ਿਆਲ ਸੀ ਕਿ ਇਹ ਮਜਬੂਰ ਹਨ। ਇਸ ਲਈ ਇਹ ਵਿਚਾਰੇ ਕੀ ਕਰਨ। ਇਨ੍ਹਾਂ ਨੂੰ ਅਵਸਰ ਦੇਣਾ ਚਾਹੀਦਾ ਹੈ, ਚੰਗੀ ਸੁਹਬਤ ਦਾ, ਸਤਿਸੰਗ ਦਾ, ਜਿਸ ਨਾਲ ਅੰਦਰ ਦੀ ਭਲਿਆਈ ਦ੍ਰਿੜ ਹੋਵੇ ਤੇ ਇਹ ਪਾਸਾ ਪਲਟ ਲੈਣ। ਬੁਰਿਆਂ ਨੂੰ ਮੰਦੇ ਨਾ

 www.sikhbookclub.com

ਸਮਝਣਾ ਤੇ ਉਹਨਾਂ ਦੀ ਬੇਵੱਸੀ ਨੂੰ ਤਰਸ ਦੀ ਦ੍ਰਿਸ਼ਟੀ ਨਾਲ ਦੇਖਣਾ ਇਹ ਤੀਸਰੇ ਪਾਤਸ਼ਾਹ ਦਾ ਖਾਸ ਗੁਣ ਸੀ। ਇਸ ਦੀ ਪ੍ਰਸੰਸਾ ਉਸ ਵੇਲੇ ਹੀ ਪਸਰ ਗਈ ਸੀ *।

ਗੁਰੂ ਅਮਰਦਾਸ ਜੀ ਨੇ ਜਿਸ ਤਰ੍ਹਾਂ ਪ੍ਰਚਾਰ ਦਾ ਸਿਲਸਿਲਾ ਬੱਧਾ, ਉਸ ਦੀ ਮਿਸਾਲ ਸਿਖ ਇਤਿਹਾਸ ਵਿਚ ਹੋਰ ਲੱਭਣੀ ਮੁਸ਼ਕਲ ਹੈ। ਲੰਗਰ ਤੇ ਸੇਵਾ ਤੇ ਪ੍ਰੇਮ ਇਹਨਾਂ ਚੀਜ਼ਾਂ ਦਾ ਇਕ ਜਗ੍ਹਾ ਉਤੇ ਇਕ ਵਕਤ ਇਕੱਠੇ ਹੋ ਜਾਣਾ, ਇਕ ਨਵੀਂ ਗਲ ਸੀ, ਇਹ ਉਹਨਾਂ ਦੀ ਚਲਾਈ ਪਰੰਪਰਾ ਹੁਣ ਤਕ ਸਿਖ ਸਮਾਜ ਵਿਚ ਮੌਜੂਦ ਹੈ। ਫਰਕ ਇਤਨਾ ਹੈ ਕਿ ਓਦੋਂ ਇਹ ਇਕ ਜੀਉਂਦੀ ਰਹੁ ਰੀਤਿ ਸੀ, ਅਕਸਰ ਕਰਕੇ ਹੁਣ ਰਸਮੀ ਮਰਿਯਾਦਾ ਰਹਿ ਗਈ ਹੈ।

ਥੇਣੀ ਜੀ ਨੇ ਕੁਛ ਬੰਦਿਆਂ ਦੀ ਵਾਰੀ ਏਸ ਗਲ ਲਈ ਬੰਨ੍ਹੀ ਹੋਈ ਸੀ ਕਿ ਜੰਗਲ ਵਿਚ ਰਾਹ ਭੁੱਲਿਆਂ ਨੂੰ ਰਸਤੇ ਪਾਉਣ। ਜੋ ਥੱਕੇ ਮਾਂਦੇ ਹੋਣ ਉਹਨਾਂ ਨੂੰ ਡੇਰੇ ਵਿਚ ਲਿਆਕੇ ਨਵਾਂ ਨਰੋਆ ਕਰਨ। ਬੇਣੀ ਜੀ ਦੀ ਪ੍ਰੇਰਨਾ ਹੇਠ ਉਹ ਬੰਦੇ ਜੋ ਅਗੇ ਰਾਹ ਮਾਰ ਸਨ, ਹੁਣ ਰਾਹਨੁਮਾ ਹੋ ਗਏ। ਇਹ ਅਜੀਬ ਪਰਿਵਰਤਨ ਸੀ !

ਇਕ ਦਿਨ ਇਕ ਨੇ ਪੁੱਛਿਆ: ਜੀ, ਜਦ ਅਸੀਂ ਗੁਰਾਂ ਦਾ ਧਿਆਨ ਧਰਦੇ ਹਾਂ ਤਾਂ ਸਾਨੂੰ ਬਹੁਤ ਸੁਖ ਸੁਆਦ ਆਉਂਦਾ ਹੈ, ਜੇ ਇਹੋ ਹੀ ਸੱਚਾ ਟਿਕਾਣਾ ਹੈ ਤਾਂ ਫੇਰ ਹੋਰ ਲੋਕਾਂ ਦੀ ਸੇਵਾ ਦਾ ਕੀ ਵੱਧ ਫਲ ਮਿਲੇਗਾ ? ਆਰਾਮ ਨਾਲ ਬੈਠਕੇ ਕਿਉਂ ਨਾਂ ਗੁਰੂ ਗੁਰੂ ਜਪੀਏ?

* ਯਥਾ—ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰ ਅੰਗਦਿ ਕੀਤੇ ਕੂੜਿਆਰੇ ॥ ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ ॥ ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥
ਗਉੜੀ ਵਾਰ ਮ: ੪—੧੪

ਅਰਥਾਤ: (ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ) ਜਿਨ੍ਹਾਂ ਨੂੰ ਬਾਬੇ (ਗੁਰੂ ਨਾਨਕ) ਨੇ ਫਿਟਕਾਰਿਆ ਸੀ, ਉਹ ਗੁਰੂ ਅੰਗਦ ਨੇ ਝੂਠੇ ਹੀ ਕਰਾਰ ਦਿਤੇ। (ਸਿਰਫ) ਤੀਜੀ ਪਾਤਿਸ਼ਾਹੀ ਨੇ ਸੋਚਿਆ ਕਿ ਇਨ੍ਹਾਂ ਵਿਚਾਰਿਆਂ ਦੇ ਕੀ ਵੱਸ ਹੈ ! ਸੋ ਉਸ ਗੁਰੂ (ਰਾਮਦਾਸ) ਨੇ, ਜਿਸ ਨੇ ਮੈਨੂੰ ਚਉਥੀ ਪੀੜੀ ਉਤੇ ਟਿਕਾਇਆ ਹੈ, ਸਾਰੇ, ਨਿੰਦਕ ਤੇ ਦੁਸ਼ਟ ਤਾਰ ਦਿਤੇ।

 www.sikhbookclub.com

ਤਦ ਬੇਣੀ ਜੀ ਕਹਿਣ ਲਗੇ : ਦੇਖ ਭਈ ! ਇਹ ਸੁਖ ਸੁਆਦ ਇਕ ਅਵਸਥਾ ਹੈ, ਏਸ ਹਾਲਤ ਵਿਚ ਅੰਦਰਲਾ ਭਰਦਾ ਹੈ। ਜਦ ਉਹ ਭਰ ਜਾਂਦਾ ਹੈ ਤਾਂ ਉਸ ਤੋਂ ਵੱਧ ਨਹੀਂ ਭਰਦਾ। ਜੇ ਉਹ ਭਰਿਆ ਹੋਇਆ ਥੋੜਾ ਆਪਣੇ ਆਪ ਨੂੰ ਬਾਹਰ ਡੋਲ੍ਹ ਦੇਵੇ ਤਾਂ ਜਿਤਨਾ ਊਣਾ ਹੋਇਆ ਹੈ, ਫਿਰ ਭਰ ਜਾਏਗਾ। ਏਸ ਤਰ੍ਹਾਂ ਤਾਜ਼ਗੀ ਬਣੀ ਰਹਵੇਗੀ। ਸੇਵਾ ਕਰਨ ਨਾਲ ਆਦਮੀ ਆਪਣੇ ਆਪ ਨੂੰ ਊਣਾ ਕਰਕੇ ਫੇਰ ਤਾਜ਼ਾ ਭਰ ਲੈਂਦਾ ਹੈ; ਤੇ ਜੇ ਇਕੋ ਆਸਨ ਤੇ ਸੁਖ ਨਾਲ ਭਰਿਆ ਬੈਠਾ ਰਹੇ ਤਾਂ ਤਾਜ਼ਗੀ ਵਿਚ ਫਰਕ ਪੈ ਜਾਵੇਗਾ। ਹਰ ਸਮਾਧਿ ਦੇ ਸੁਖ ਵਾਲੇ ਬੰਦੇ ਲਈ ਸੇਵਾ ਨਾਲ ਆਪਣੀ ਤਾਜ਼ਗੀ ਬਣਾਈ ਰਖਣੀ ਜ਼ਰੂਰੀ ਹੈ। ਜਲ ਦੀ ਲਹਿਰ ਅੰਦਰ ਆਉਂਦੀ ਰਹਵੇ ਤੇ ਸੋਮਾ ਬਣਕੇ ਵਗਦੀ ਰਹਵੇ, ਇਸ ਦਾ ਨਾਮ ਆਤਮਿਕ ਜੀਵਨ ਹੈ। ਜੇ ਇਕ ਵੇਰ ਭਰਕੇ ਖੜੋ ਜਾਏ ਤਾਂ ਸੁਖ ਦੀ ਰੌ ਰੁਕ ਜਾਂਦੀ ਹੈ। ਖੜੋਤਾ ਪਾਣੀ ਖਾਰਾ ਹੋ ਜਾਂਦਾ ਹੈ। ਵਗਦਾ ਜਲ ਮਿੱਠਾ ਰਹਿੰਦਾ ਹੈ।

ਇਕ ਵੇਰ ਇਕ ਪੜ੍ਹੇ ਲਿਖੇ ਨੇ ਪੁੱਛਿਆ: ਜੀ ਸਾਨੂੰ ਚੰਗੀ ਤਰ੍ਹਾਂ ਖੋਹਲਕੇ ਦੱਸੋ ਕਿ ਸ਼ਾਂਤੀ ਦਾ ਅਸਲੀ ਮਾਰਗ ਕਿਹੜਾ ਹੈ? ਤਾਂ ਬੇਣੀ ਜੀ ਕਹਿਣ ਲਗੇ, ਸ਼ਾਂਤੀ ਦਾ ਕੋਈ ਮਾਰਗ ਨਹੀਂ। ਸ਼ਾਂਤਿ ਆਪ ਮਾਰਗ ਹੈ। ਸ਼ਾਂਤਿ ਰਾਹ ਹੈ, ਰਸਤਾ ਹੈ, ਮੁਕਾਮ ਨਹੀਂ। ਸ਼ਾਂਤਿ ਦੀ ਸੜਕੇ ਚੱਲਕੇ ਮਨੁਖ ਨੇ ਟਿਕਾਣੇ ਪਹੁੰਚਣਾ ਹੈ। ਟਿਕਾਣਾ ਵੀ ਇਕ ਅਵਸਥਾ ਦਾ ਨਾਮ ਹੈ। ਇਹ ਕੋਈ ਜਗ੍ਹਾ ਨਹੀਂ, ਕੋਈ ਖੜੋਤੀ ਹੋਈ ਚੀਜ਼ ਨਹੀਂ। ਇਹ ਇਕ ਹਾਲਤ ਹੈ ਜੋ ਚਲੰਤ ਹੈ। ਇਹ ਭਰਦੀ ਹੈ ਤੇ ਡੁੱਲਦੀ ਹੈ। ਭਰਦੀ ਪ੍ਰੇਮ ਵਿਚ ਹੈ ਡੁੱਲ੍ਹਦੀ ਸੇਵਾ ਵਿਚ ਹੈ। ਏਸ ਟਿਕਾਣੇ ਦੇ ਇਹੋ ਦੋ ਸਿਰੇ ਹਨ: ਪ੍ਰੇਮ ਤੇ ਸੇਵਾ। ਇਹ ਸਿਰੇ ਆਹਮੋ ਸਾਹਮਣੇ ਹਨ ਤੇ ਏਸ ਕਰਕੇ ਇਕ ਦੂਜੇ ਨੂੰ ਕੱਸਕੇ ਰੱਖਦੇ ਹਨ। ਇਹ ਖਿੱਚ ਹੀ ਆਤਮਿਕ ਟਿਕਾਣਾ ਹੈ। ਜਿਤਨੀ ਖਿੱਚ ਜ਼ਿਆਦਾ ਹੈ ਉਤਨਾ ਹੀ ਜੀਵਨ ਬਲਵਾਨ ਤੇ ਸ਼ਕਤੀਵਾਨ ਹੈ। ਯਾਦ ਰਖੋ ਪ੍ਰੇਮ ਤੇ ਸੇਵਾ ਜੁੜੇ ਰਹਿੰਦੇ ਹਨ, ਪਰਸਪਰ ਕੱਸ ਵਿਚ ਇਕ ਦੂਜੇ ਨੂੰ ਤਾਣਕੇ ਰੱਖਦੇ ਹਨ। ਇਹ ਖਿੱਚ ਮੁਕਾਬਲੇ ਦੀ ਹੈ, ਇਹ ਤਣਾਉ ਹੈ ! ਏਸੇ ਦਾ ਨਾਂ ਰੂਹਾਨੀਅਤ ਹੈ : ਜੇ ਇਹ ਦੋ ਸਿਰੇ ਅੱਡੋ ਅੱਡ ਕਰ ਦੇਈਏ, ਪ੍ਰੇਮ ਵੱਖ ਤੇ ਸੇਵਾ ਵੱਖ, ਤਾਂ ਦੋਨੋਂ ਢਿਲਕ ਜਾਂਦੇ ਹਨ, ਵਿਗੜ ਜਾਂਦੇ ਹਨ। ਪ੍ਰੇਮ ਢਿੱਲਾ ਹੋਕੇ ਲੰਪਟ ਹੋ ਜਾਂਦਾ ਹੈ, ਸੇਵਾ ਸ੍ਵਾਰਥਨ ਹੋ ਜਾਂਦੀ ਹੈ। ਫੇਰ ਕਿਹਾ ਨੇ ਕਿ ਦੇਖੋ ਇਕ ਕਮਾਨ ਹੁੰਦਾ ਹੈ, ਉਸ ਦੇ ਦੋ ਸਿਰੇ ਇਕ ਡੋਰੀ ਨਾਲ ਬੱਧੇ ਹੁੰਦੇ ਹਨ। ਆਤਮਕ ਜੀਵਨ ਵੀ ਧਨੁਸ਼ ਦਾ ਚਿੱਲਾ ਹੈ, ਪ੍ਰੇਮ ਤੇ ਸੇਵਾ ਦੋ ਸਿਰੇ ਹਨ, ਜੋ ਇਕ ਡੋਰ ਨਾਲ ਬੱਧੇ ਹੁੰਦੇ ਹਨ। ਜਿਤਨਾ ਡੋਰ ਵਿਚ ਤਣਾਉ ਹੈ, ਉਤਨੀ ਸੁਰਤ ਚੜ੍ਹੀ ਰਹਿੰਦੀ ਹੈ, ਉਤਨਾ ਉਤਸ਼ਾਹ, ਉਤਨਾ ਹੁਲਾਸ, ਉਤਨਾ ਚਾਉ, ਉਤਨਾ ਉਮਾਹ ਬਣਿਆ ਰਹਿੰਦਾ ਹੈ।

 www.sikhbookclub.com

ਸਾਰੀਆਂ ਚੀਜ਼ਾਂ ਏਸ ਚੜ੍ਹੀ ਸੁਰਤ ਦੇ ਆਸਰੇ ਹਨ ਪਰ ਉਸ ਦਾ ਅਪਣਾ ਚੜ੍ਹਾਂਉ ਉਸ ਖਿੱਚ ਦੇ ਆਧਾਰ ਉਤੇ ਹੈ, ਜੋ ਖਿੱਚ ਚਿੱਲੇ ਦੇ ਤਣਾਉ ਵਿਚ ਹੈ।

## ੧੪.

ਬੇਹੋਸ਼ ਘਸੀਟਾ ਬੇਣੀ ਜੀ ਵਾਲੇ ਟਿਕਾਣੇ ਪਹੁੰਚ ਗਿਆ। ਸੇਵਾ ਕਾਫੀ ਹੋਈ। ਜਦ ਹੋਸ਼ ਪਰਤਣ ਲੱਗੀ ਤਾਂ ਮੂੰਹ ਵਿਚੋਂ ਆਵਾਜ਼ ਨਿਕਲਦੀ ਸੀ; ਉਹ ਹੌਲੀ ਹੌਲੀ ਕਹਿੰਦਾ ਸੀ: 'ਬੰਤੋ, ਬੰਤੋ '। ਕੁਛ ਦਿਨ ਦੀ ਦੇਖ ਭਾਲ ਨਾਲ ਕਾਫ਼ੀ ਠੀਕ ਹੋ ਗਿਆ। ਉਸ ਦਾ ਮਨ ਅਜੇ ਵੀ ਬੰਤੋ ਦੇ ਚੱਕਰ ਵਿਚ ਹੀ ਫਸਿਆ ਹੋਇਆ ਸੀ। ਇਕ ਦਿਨ ਬੇਣੀ ਜੀ ਨਾਲ ਗਲ ਬਾਤ ਛਿੜ ਪਈ।

ਬੇਣੀ—ਪੁੱਤ੍ਰ ਤੈਨੂੰ ਪਤਾ ਹੈ, ਹੜ ਆਇਆ ਸੀ, ਪੁੱਲ ਟੁੱਟ ਗਿਆ ਸੀ, ਡੋਲੀ ਰੁੜ ਗਈ ਸੀ। ਸੋ ਹੁਣ ਬੰਤੋ ਕੋਈ ਨਹੀਂ; ਉਸ ਨੂੰ ਕਈ ਵਰ੍ਹੇ ਹੋ ਗਏ ਹਨ, ਏਸ ਸੰਸਾਰ ਤੋਂ ਗਿਆਂ। ਉਹ ਨਾਲੇ ਵਿਚ ਰੁੜ੍ਹਕੇ ਬਿਆਸਾ ਵਿਚ ਜਾ ਪਈ, ਫੇਰ ਸਤਲੁਜ ਤੇ ਅਟਕ ਵਿਚੋਂ ਲੰਘਦੀ ਹੋਈ ਸਮੁੰਦਰ ਵਿਚ ਚਲੀ ਗਈ।

ਘਸੀਟਾ—ਉਹ ਜੀਉਂਦੀ ਹੈ, ਮੈਂ ਦੇਖੀ ਹੈ, ਉਹ ਜੰਗਲ ਵਿਚ ਹੈ।

ਬੇਣੀ—ਦੇਖ, ਮੈਂ ਬ੍ਰਾਹਮਣ ਹਾਂ, ਪੰਡਿਤ ਹਾਂ, ਸਾਰੇ ਗ੍ਰੰਥ ਮੈਂ ਪੜ੍ਹੇ ਹਨ, ਆਦਮੀ ਨੂੰ ਧੋਖੇ ਹੋ ਜਾਂਦੇ ਹਨ; ਇਹ ਪ੍ਰਭੂ ਦੀ ਮਾਯਾ ਹੈ ਜੋ ਚਲਿਤ੍ਰ ਖੇਡਦੀ ਹੈ।

ਘਸੀਟਾ—ਪ੍ਰਭੂ ਦੀ ਮਾਯਾ ਭਾਵੇਂ ਖੇਡੇ ਪਈ ਚਲਿਤਰ, ਘਸੀਟੇ ਦੀ ਬੰਤੋ ਤਾਂ ਐਸੀ ਨਹੀਂ।

ਬੇਣੀ—ਬੱਚਾ ਤੈਨੂੰ ਧੋਖਾ ਲਗਾ ਹੈ।

ਘਸੀਟਾ—ਪਿਤਾ ਜੀ! ਸੱਚ ਕਰਕੇ ਜਾਣੋ, ਬੰਤੋ ਬਿਰਛ ਉਤੇ ਬੈਠੀ ਹੈ, ਮੈਂ ਉਸ ਨੂੰ ਬੁਲਾਇਆ ਸੀ, ਮੈਂ ਹਾਕ ਮਾਰੀ ਸੀ, 'ਬੰਤੋ', ਤੇ ਉਹ ਬੋਲੀ ਸੀ, ਉਸ ਮੈਨੂੰ ਸਿਆਣਿਆ ਨਹੀਂ ਸੀ। ਉਸ ਪੁੱਛਿਆ ਸੀ 'ਕੌਣ ਹੈ ?'

ਬੇਣੀ—ਉਹ ਕੋਈ ਹੋਰ ਸੀ, ਉਹ ਬੰਤੋ ਨਹੀਂ ਸੀ।

ਘਸੀਟਾ—ਉਹ ਫੇਰ ਬੰਤੋ ਦੇ ਨਾਂ ਉਪਰ ਕਿਉਂ ਬੋਲੀ ਸੀ ?


www.sikhbookclub.com

ਬੇਣੀ—ਉਸ ਦਾ ਅਪਣਾ ਨਾਂ ਮਿਲਦਾ ਜੁਲਦਾ ਹੈ, ਉਸ ਦਾ ਨਾਂ ਕੁੰਤੀ ਹੈ, ਮਾਪੇ ਲਾਡ ਨਾਲ ਕੁੰਤੋ ਬੁਲਾਉਂਦੇ ਸਨ। ਏਸ ਕਰਕੇ ਭੁਲੇਖਾ ਖਾ ਗਈ।

ਘਸੀਟਾ--ਉਹ ਬੰਤੋ ਨਹੀਂ ਸੀ ?

ਬੇਣੀ—ਨਹੀਂ, ਕੁੰਤੋ ਸੀ।

ਘਸੀਟਾ—ਲਗਦੀ ਤੇ ਬੰਤੋ ਸੀ, ਪਰ ਕੁੰਤੋ ਕੌਣ ਹੈ ? ਬੰਤੋ ਦੀ ਭੈਣ ਕੋਈ ਨਹੀਂ ਸੀ।

ਬੇਣੀ—ਕੁੰਤੋ ਦਾ ਅਜੀਬ ਮਾਜਰਾ ਹੈ।

ਘਸੀਟਾ—ਜੀ ਸਾਰੀ ਗੱਲ ਦੱਸੋ, ਮੈਂ ਘਾਬਰ ਗਿਆ ਹਾਂ।

ਬੇਣੀ—ਸਾਰੀ ਗੱਲ ਇਹ ਹੈ ਕਿ ਕੁੰਤੋ ਖਾਨਾਂ ਬਦੋਸ਼ਾਂ ਦੀ ਲੜਕੀ ਹੈ। ਹਰੀ ਪੁਰ ਦੇ ਪਹਾੜੀ ਰਾਜੇ ਨੇ ਏਸ ਨੂੰ ਕਿਤੇ ਦੇਖਿਆ: ਇਛਾ ਹੋਈ, ਵਿਆਹ ਲਈਏ। ਮਾਪਿਆਂ ਨੂੰ ਬਹੁਤ ਧਨ ਦਿਤਾ। ਵਿਆਹ ਕੇ ਘਰ ਲੈ ਆਏ। ਕੁੜੀ ਦਾ ਮਹਲਾਂ ਵਿਚ ਦਿਲ ਨਾ ਲਗਾ, ਜੰਗਲ ਦੀ ਹਰਨੋਟੀ ਨੂੰ ਰਾਜ ਮਹਲ ਕੈਦ ਦਿੱਸੇ। ਮਾਪੇ ਕਿਤੇ ਦੇ ਕਿਤੇ ਚਲੇ ਗਏ। ਉਹ ਬਹੁਤ ਉਦਾਸ ਰਹਿੰਦੀ। ਨੱਸ ਜਾਣ ਦਾ ਯਤਨ ਕੀਤਾ, ਪਰ ਵੱਸ ਨਾ ਚਲਿਆ। ਰਾਜੇ ਨੇ ਪਹਿਰੇ ਕਰੜੇ ਕਰ ਦਿਤੇ। ਕਈ ਵੇਰ ਛੱਤ ਤੋਂ ਛਾਲ ਮਾਰ ਦੇਣਾ ਸੋਚਦੀ, ਪਰ ਕੋਈ ਵਿਉਂਤ ਸਿਰੇ ਨਾ ਚੜ੍ਹੀ। ਰਾਜੇ ਦੀਆਂ ਕਈ ਰਾਣੀਆਂ ਸਨ। ਪੁੱਤ੍ਰ ਇਕੋ ਦਾ ਸੀ। ਲੜਕਾ ਬੀਮਾਰ ਹੋ ਗਿਆ, ਮਰਨ ਮਰਾਂਦ ਸੀ ਜਿਸ ਵੇਲੇ ਸਾਵਣ ਮਲ ਜੀ ਹਰੀ ਪੁਰ ਪਹੁੰਚੇ ਸਨ। ਸਾਵਣ ਮਲ ਜੀ ਗੁਰੂ ਜੀ ਦੀ ਆਗਿਆ ਨਾਲ ਗਏ ਸਨ। ਗੋਇੰਦਵਾਲ ਵਾਸਤੇ ਲੱਕੜਾਂ ਲੈਣ ਗੁਰੂ ਜੀ ਨੇ ਭੇਜੇ ਸਨ। ਦਿਆਰ ਦੀ ਲਕੜ ਓਥੇ ਚੰਗੀ ਸੀ, ਜੋ ਸਿੱਧੀ ਦਰਿਆ ਦੇ ਰਸਤੇ ਗੋਇੰਦਵਾਲ ਪਹੁੰਚ ਸਕਦੀ ਸੀ।

ਰਾਜੇ ਨੂੰ ਕਈ ਲੋਕ ਮੱਤਾਂ ਦੇਂਦੇ ਸਨ ਕਿ ਜਦ ਦੀ ਕੁੰਤੋ ਆਈ ਹੈ, ਘਰ ਵਿਚ ਬਦਸ਼ਗਨੀ ਆ ਗਈ ਹੈ। ਬਾਕੀ ਰਾਣੀਆਂ ਵੀ ਨਾ ਖੁਸ਼ ਸਨ, ਲੜਕੇ ਦੀ ਮਾਂ ਤਾਂ ਕੁੰਤੋ ਦਾ ਮੂੰਹ ਨਹੀਂ ਸੀ ਦੇਖਣਾ ਚਾਹੁੰਦੀ। ਜੇ ਦੇਖ ਲਵੇ ਤਾਂ ਬਹੁਤ ਬੁਰਾ ਭਲਾ ਕਹਿੰਦੀ ਸੀ। ਘਰ ਵਿਚ ਵੀ ਕੁੰਤੋ ਏਸ ਕਰਕੇ ਘੁੰਡ ਕੱਢਕੇ ਰਖਦੀ ਸੀ। ਸਾਵਣ ਮਲ ਜੀ ਦੀ ਕਿਰਪਾ ਨਾਲ ਲੜਕਾ ਵੱਲ ਹੋ ਗਿਆ। ਰਾਜੇ ਦੀ ਗੁਰੂ ਘਰ ਉਪਰ ਸ਼ਰਧਾ ਹੋ ਗਈ। ਰਾਣੀਆਂ ਸਮੇਤ ਗੋਇੰਦਵਾਲ ਦਰਸ਼ਨ ਲਈ ਹਾਜ਼ਰ ਹੋਇਆ। ਗੁਰੂ ਜੀ ਦਾ ਹੁਕਮ ਸੀ ਕਿ ਰਾਣੀਆਂ ਮੂੰਹ

 www.sikhbookclub.com

ਢੱਕਕੇ ਨਾ ਆਉਣ। ਉਹ ਜਾਣੀ ਜਾਣ ਸਨ, ਸਾਰੇ ਕਰਤੱਵ ਜਾਣਦੇ ਸਨ। ਕੁੰਤੋ ਲਈ ਬੜੀ ਮੁਸ਼ਕਲ ਹੋ ਗਈ। ਉਹ ਦੁਬਿਧਾ ਵਿਚ ਫਸ ਗਈ। ਪੁੱਤ੍ਰ ਵਾਲੀ ਰਾਣੀ ਜੇ ਉਸ ਦਾ ਮੂੰਹ ਨੰਗਾ ਦੇਖ ਲਵੇ ਤਾਂ ਐਸੀ ਕੈਰੀ ਅੱਖ ਨਾਲ ਤੱਕਦੀ ਹੈ ਕਿ ਅੱਗ ਵਸਾਉਂਦੀ ਹੈ, ਦੂਜੇ ਪਾਸੇ ਗੁਰੂ ਜੀ ਦਾ ਹੁਕਮ ਹੈ। ਜਿਸ ਵੇਲੇ ਆਦਮੀ ਦੁਬਿਧਾ ਵਿਚ ਫਸਦਾ ਹੈ, ਉਸ ਦਾ ਮਨ ਦੋ ਟੋਟੇ ਹੋ ਜਾਂਦਾ ਹੈ। ਏਸੇ ਮਨ ਦੇ ਦੋ ਫਾੜ ਨੂੰ ਦੁਬਿਧਾ ਕਿਹਾ ਹੈ। ਇਹ ਵਡਾ ਰੋਗ ਹੈ ੭। ਕੋਈ ਵਿਰਲਾ ਹੀ ਹੁੰਦਾ ਹੈ ਜੋ ਆਪਦੀ ਦੁਬਿਧਾ ਮੇਟ ਲਵੇ ੮। ਕੁੰਤੋ ਏਸ ਦੁਬਿਧਾ ਵਿਚ ਫਸੀ ਹੋਈ ਸੀ, ਰਾਜ ਮਹਿਲ ਵਿਚ ਤਾਂ ਉਹ ਦੁਖੀ ਸੀ ਤੇ ਦਬਾਉ ਹੇਠ ਸੀ। ਪਰ ਗੁਰੂ ਦਰਬਾਰ ਵਿਚ ਪਹੁੰਚਕੇ ਉਸ ਦਾ ਦੁਖ ਬਹੁਤ ਵਧ ਗਿਆ। ਉਹ ਪਾਗਲ ਤੇ ਵਹਿਸ਼ੀ ਹੋ ਗਈ। ਉਸ ਦੇ ਦੁਖ ਦਾ ਇਲਾਜ ਇਹ ਸੀ ਕਿ ਦੁਬਿਧਾ ਨੂੰ ਮਾਰੇ ੯।

ਗੁਰੂ ਦਰਬਾਰ ਵਿਚ ਤਾਂ ਉਹ ਘੁੰਡ ਕੱਢਕੇ ਆਈ, ਪਰ ਬਾਹਰ ਨਿਕਲਦਿਆਂ ਹੀ ਦੱਬੇ ਹੋਏ ਅੱਗ ਦੇ ਸ਼ੋਅਲੇ ਭੜਕ ਉੱਠੇ। ਉਸ ਨੇ ਮੂੰਹ ਦਾ ਪੜਦਾ ਚੁਕ ਦਿਤਾ, ਫੇਰ ਉਸ ਨੂੰ ਫਾੜ ਦਿਤਾ। ਇਕ ਰਾਣੀ ਕੁਛ ਕਹਿਣ ਹੀ ਲਗੀ ਸੀ ਕਿ ਕੁੰਤੋ ਨੇ ਸਾਰੇ ਕਪੜੇ ਪਾੜ ਸੁਟੇ। ਰਾਜਾ ਬਝੱਕ ਰਹਿ ਗਿਆ। ਰਾਣੀਆਂ ਨੇ ਸ਼ਰਮ ਦੇ ਮਾਰੇ ਆਪੋ ਆਪਣਾ ਮੂੰਹ ਢੱਕ ਲਿਆ। ਕੁੰਤੋ ਚੀਕਾਂ ਮਾਰਦੀ ਨੰਗੀ ਜੰਗਲ ਵਿਚ ਨੱਸ ਗਈ੧੦। ਰਾਜ ਘਰਾਣੇ ਨੇ ਪਿੱਛਾ ਨਾ ਕੀਤਾ, ਸ਼ੁਕਰ ਕੀਤਾ, ਬਲਾ ਟਲੀ। ਕੁੰਤੋ ਨੇ ਬੜੀ ਬਹਾਦਰੀ ਕੀਤੀ, ਆਪਣੀ ਬਿਮਾਰੀ ਹਟਾ ਲਈ। ਉਸ ਦੇ ਮਨ ਦੇ ਜੋ ਦੁਫਾਂਕ ਟੋਟੇ ਹੋਏ ਸਨ, ਉਹ ਸੀਤੇ ਗਏ। ਪਰ ਇਸ ਦੁਬਿਧਾ

੭ ਦੁਬਿਧਾ ਰੋਗੁ ਸੁ ਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ।। (ਭੈਰਉ ਮ: ੧)

੮ ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ।। (ਗਉੜੀ ਮ: ੫)

੯ ਜੋ ਇਸੁ ਮਾਰੇ ਤਿਸਹਿ ਵਡਿਆਈ ।। ਜੋ ਤਿਸੁ ਮਾਰੇ ਤਿਸਕਾ ਦੁਖੁ ਜਾਈ ।। (ਗਉੜੀ ਮ:੫)

੧੦ ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ — ਏਕ ਰਾਣੀ ਨੇ ਹਜ਼ੂਰ ਮੇ ਰੋਬਰੋਹ ਕਪੜਾ ਡਾਲਾ, ਜਬ ਬਾਹਰ ਆਏ ਤਬਰਾਨੀ ਬਉਰਾਇ ਗਈ, ਨਗਨ ਹੋ ਕਰ ਬਨ ਕਉ ਚਲਤੀ ਹੋਈ। (ਮਹਿਮਾ ਪ੍ਰਕਾਸ਼ ਵਾਰਤਿਕ)

 www.sikhbookclub.com

ਨੂੰ ਮਾਰਨ ਲਈ ਬੜੀ ਤਾਕਤ ਚਾਹੀਦੀ ਹੈ ੧੧। ਜੰਗਲ ਵਿਚ ਉਹ ਬਹੁਤ ਖੁਸ਼ ਸੀ। ਉਹ ਜਾਨਵਰਾਂ ਨਾਲ ਹਿਲ ਮਿਲ ਗਈ । ਉਹ ਬਾਂਦਰਾਂ ਦੀ ਬੋਲੀ ਬੋਲ ਲੈਂਦੀ ਸੀ। ਇਕ ਉਚੇ ਸ਼ਰੀਂਹ ਦੇ ਦਰਖਤ ਤੇ ਉਸ ਨੇ ਆਪਣਾ ਟਿਕਾਣਾ ਬਣਾਇਆ। ਇਕ ਦਿਨ ਕੀ ਹੋਇਆ ਕਿ ਇਕ ਗੁਰੂ ਦਾ ਸਿਖ ਜਿਸ ਨੂੰ ਸੱਚਨ–ਸੱਚ ਕਹਿੰਦੇ ਹਨ, ਲਕੜਾਂ ਵੱਢਣ ਗਿਆ ਤਾਂ ਉਸ ਨੇ ਇਸ ਸ਼ਰੀਂਹ ਨੂੰ ਜਾ ਕੁਹਾੜੀ ਮਾਰੀ। ਕੁੰਤੋ ਨੂੰ ਗੁੱਸਾ ਚੜ੍ਹ ਗਿਆ, ਹੇਠਾਂ ਉਤਰੀ ਤੇ ਉਸ ਸਿੰਘ ਨੂੰ ਨੌਹਾਂ ਨਾਲ ਨੋਚਣਾ ਸ਼ੁਰੂ ਕੀਤਾ ੧੨।

ਉਸ ਤੋਂ ਪਿਛੋਂ ਕੁੰਤੋ ਨੇ ਆਪਣਾ ਟਿਕਾਣਾ ਇਕ ਬੋਹੜ ਉਤੇ ਕੀਤਾ। ਇਹ ਸਮਝਕੇ ਕੀਤਾ ਕਿ ਪਿੱਪਲ ਤੇ ਬੋਹੜ ਨੂੰ ਲੋਕ ਵੱਢਦੇ ਨਹੀਂ। ਉਥੇ ਕੁਛ ਦਿਨ ਗੁਜ਼ਰੇ ਸਨ ਕਿ ਭਾਈ ਘਸੀਟਾ ਜੀ ! ਤੁਸੀਂ ਉਸ ਬੋਹੜ ਉਤੇ ਜਾ ਚੜ੍ਹੇ ਤੇ ਫੇਰ ਡਿੱਗ ਪਏ। ਦੈਵਨੇਤ ਨਾਲ ਭੋਂ ਕਰੜੀ ਨਹੀਂ ਸੀ। ਪੁਰਾਣੇ ਪੱਤਿਆਂ ਦੀਆਂ ਸਾਲ ਬਸਾਲਾ ਤੈਹਾਂ ਸਨ। ਏਸ ਗੁਦਗੁਦੀ ਤੈਹ ਉਤੇ ਤੁਸੀਂ ਚੌਫਾਲ ਡਿੱਗ ਪਏ, ਸੱਟ ਫੇਟ ਤੋਂ ਬਚ ਗਏ, ਕੇਵਲ ਹੋਸ਼ ਉਡ ਗਈ। ਪਰ ਹੋਸ਼ ਡਿੱਗਣ ਤੋਂ ਪਹਿਲੇ ਹੀ ਉਡ ਚੁਕੀ ਸੀ। ਆਸ਼੍ਰਮ ਦੇ ਬੰਦੇ ਜੋ ਜੰਗਲ ਵਿਚ ਰਾਹ ਭੁਲਿਆਂ ਦੀ ਦੇਖ ਭਾਲ ਕਰਦੇ ਹਨ, ਤੁਹਾਨੂੰ ਚੁਕਕੇ ਐਥੇ ਲੈ ਆਏ।

ਸੋ ਇਹ ਹੈ ਕੁੰਤੋ ਦਾ ਕਿੱਸਾ। ਇਸ ਤੋਂ ਅਗਲੀ ਗੱਲ ਸਿਰਫ਼ ਇਤਨੀ ਹੈ ਕਿ ਗੁਰੂ ਜੀ ਨੇ ਇਹ ਬਚਨ ਕਰ ਦਿਤਾ ਹੈ ਕਿ ਕੁੰਤੋ ਨੂੰ ਪਿਛਲੇ ਬੰਧਨ ਤੋਂ ਮੁਕਤ ਕਰ ਦਿਤਾ ਹੈ। ਇਹ ਸੁਨੇਹਾ ਹਰੀ ਪੁਰ ਦੇ ਰਾਜੇ ਨੂੰ ਵੀ ਭੇਜ ਦਿਤਾ ਹੈ, ਸੁਣਕੇ ਉਹ ਜ਼ਰੂਰ ਖੁਸ਼ੀ ਮਨਾਏਗਾ। ਗੁਰੂ ਜੀ ਹੁਣ ਕੁੰਤੋ ਦੇ ਵਿਆਹ ਦੀ ਸੋਚ ਰਹੇ ਹਨ।

ਘਸੀਟਾ–ਕੁੰਤੋ ਦੇ ਵਿਆਹ ਦੀ ?

ਬੇਣੀ–ਹਾਂ, ਪਰ ਕਿਸੇ ਲੰਗੜੇ ਲੂਲ੍ਹੇ ਨਾਲ ਨਹੀਂ, ਕਿਸੇ ਕੜੇ ਕੋਹੜੀ ਨਾਲ ਨਹੀਂ, ਕਿਸੇ ਰੜੇ ਰਾਜੇ ਨਾਲ ਨਹੀਂ, ਪਰ ਕਿਸੇ ਜੀਵਨ ਮੁਕਤ ਨਾਲ, ਕਿਸੇ ਆਜ਼ਾਦ ਹਸਤੀ ਨਾਲ

੧੧ ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥ (ਗਉੜੀ ਮਹਲਾ ੫)

੧੨ ਏਕ ਟਹਿਲੀਆ ਲੰਗਰ ਕੀ ਟਹਲ ਕਰਤਾ ਥਾ...ਸਾਹਿਬ ਕੇ ਪਾਸ ਆਇ ਕਰ ਅਰਦਾਸ ਕੀਤੀ ਗਰੀਬ ਨਵਾਜ ਊਹਾਂ ਰਬਾਜਾ ਕੀ ਰਾਨੀ ਕੋ ਕਮਲੀ ਹੋਈ ਸੀ ਸੋ ਮੈਨੂੰ ਕਾਟਾ ਅਰ ਨੋਂਚਿਆ ਹੈ। (ਮਹਿਮਾ ਪ੍ਰਕਾਸ਼ ਵਾਰਤਿਕ)

 www.sikhbookclub.com

ਜੋ ਆਪ ਕੁਦਰਤ ਦਾ ਬੰਦਾ ਹੋਵੇ ; ਪਸ਼ੂ ਪੰਖੀ ਨੂੰ ਪਿਆਰ ਕਰਦਾ ਹੋਵੇ, ਖੁਲ੍ਹ ਵਿਚ ਵਿਚਰਨ ਵਾਲਾ ਹੋਵੇ, ਜਿਥੇ ਕੰਧਾਂ ਦੀ ਕੈਦ ਨਾ ਹੋਵੇ, ਜਿਥੇ ਦੋ ਇਕ ਦੂਜੇ ਦਾ ਬੰਧਨ ਨਾ ਹੋਣ, ਪਰੰਤੂ ਦੋਹਾਂ ਦਾ ਜੁੜਵਾਂ ਜੀਵਨ ਇਕ ਦੂਜੇ ਦੀ ਇਕੱਲ ਦਾ ਸਹਾਈ ਹੋਵੇ। ਪਰ ਵੱਡੀ ਗਲ ਇਹ ਹੈ ਕਿ ਬੰਦਾ ਉਹ ਹੋਵੇ, ਜਿਸ ਨੂੰ ਏਸ ਰਚਨਾ ਦੀ ਵਯਾਪਕ ਏਕਤਾ ਵਿਚ ਇਹ ਨਾ ਪਤਾ ਹੋਵੇ ਕਿ ਮਨੁਖ ਤੇ ਪਸ਼ੂ ਵਿਚ ਫਰਕ ਦਾ ਕਿਹੜਾ ਹੱਦ ਬੰਨਾ ਹੈ, ਤੇ ਜੇ ਕਦੇ ਫਰਕ ਦਿੱਸੇ, ਤਾਂ ਇਹੋ ਭਾਵ ਉਸ ਦੇ ਅੰਦਰ ਉਠੇ ਕਿ ਮੇਰੇ ਕੋਲੋਂ ਜੰਗਲ ਦੀ ਚਿੜੀਆ ਭਲੀ ਹੈ।

ਘਸੀਟਾ—ਐਸਾ ਬੰਦਾ ਕੌਣ ਹੈ ?

ਬੇਣੀ—ਮੇਰੀ ਨਜ਼ਰ ਵਿਚ ਤਾਂ ਇਕੋ ਹੈ।

ਘਸੀਟਾ—ਉਹ ਕੌਣ ਹੈ ?

ਬੇਣੀ—ਉਹ ਆਪੇ ਪਤਾ ਲਗ ਜਾਏਗਾ, ਇਕ ਅੱਧੇ ਦਿਨ ਦੀ ਗੱਲ ਹੈ।

ਘਸੀਟਾ—ਪਰ ਉਹ ਨੌਚੇਗੀ ਨਹੀਂ ?

ਬੇਣੀ—ਨਹੀਂ, ਉਹ ਇਕ ਵਾਰ ਨੌਚ ਚੁਕੀ ਹੈ। ਏਸ ਨਾਲ ਉਸ ਦੀ ਅੰਦਰਲੀ ਤਪਸ਼ ਨਿਕਲ ਗਈ ਹੈ, ਇਹ ਤਪਸ਼ ਰੰਜ ਦੀ ਸੀ। ਰੰਜ ਜ਼ੁਲਮ ਦੇ ਵਿਰੁਧ ਸੀ ਕਿ ਮਨੁਖ ਧਨ ਦੇ ਬਲ ਨਾਲ ਇਸਤ੍ਰੀ ਖਰੀਦ ਲੈਂਦੇ ਹਨ ਤੇ ਉਸ ਦਾ ਹਿਰਦਾ ਨਸ਼ਟ ਕਰ ਦੇਂਦੇ ਹਨ। ਸੋ ਹੁਣ ਉਸ ਦਾ ਅੰਦਰਲਾ ਸ਼ੁਧ ਹੈ। ਰਾਜ ਮਹਲ ਦੀ ਵਿਸ਼ ਉਤਰ ਗਈ ਹੈ। ਹੁਣ ਉਸ ਦੇ ਵਿਆਹ ਵਿਚ ਕੋਈ ਦੋਸ਼ ਨਹੀਂ ਪਵੇਗਾ। 'ਕੁੰਤੋ ਦਾ ਫੇਰ ਵਿਆਹ ਹੋ ਜਾਏਗਾ।'

ਇਹ ਗੱਲ ਸੁਣਕੇ ਘਸੀਟੇ ਨੇ ਠੰਢਾ ਸਾਹ ਭਰਿਆ।

ਬੇਣੀ ਜੀ ਇਹ ਦੇਖਕੇ ਹਸ ਪਏ, ਫੇਰ ਕਹਿਣ ਲਗੇ।


www.sikhbookclub.com

ਬੇਣੀ ਜੀ ਕੁਛ ਕਹਿਣ ਹੀ ਲਗੇ ਸਨ ਕਿ ਇਕ ਸੇਵਾਦਾਰ ਆ ਗਿਆ। ਇਹ ਗੋਇੰਦਵਾਲ ਤੋਂ ਆਇਆ ਸੀ। ਉਸ ਨੇ ਦੱਸਿਆ : ਅੱਜ ਅਨੰਦ ਕਾਰਜ ਹੋ ਗਿਆ ਹੈ; ਬੇਣੀ ਜੀ ਨੇ ਪੁਛਿਆ : ਕਿਸਦਾ ? ਤਾਂ ਸੇਵਾਦਾਰ ਨੇ ਕਿਹਾ ਕਿ ਜੀ ਭਾਈ ਸੱਚਨ ਸਚ ਤੇ ਕੁੰਤੋ ਦਾ ੧੩।

ਫਿਰ ਉਸ ਟਹਿਲੀਏ ਕਿਹਾ: ਜੀ, ਕੁੰਤੋ ਨੇ ਕਪੜੇ ਪਾਏ ਹੋਏ ਹਨ, ਤੇ ਉਸ ਨੂੰ ਉਹ ਰੂਪ ਚੜ੍ਹਿਆ ਹੈ ਜੋ ਕਦੇ ਦੇਖਿਆ ਨਹੀਂ। ਉਥੇ ਲੋਕ ਕਹਿੰਦੇ ਸੀ ਅਜ ਪੂਰਨਮਾਸ਼ੀ ਹੈ ਤੇ ਬਾਉਲੀ ਸਾਹਿਬ ਦਾ ਜਲ ਹਰ ਪੁੰਨਯਾਂ ਨੂੰ ਦੋ ਪਉੜੀਆਂ ਤਕ ਉੱਚਾ ਚੜ੍ਹਦਾ ਹੈ, ਪਰ ਅਜ ਗਿੱਠ ਹੋਰ ਉੱਚਾ ਹੈ। ਫੇਰ ਹੋਰ ਕਈ ਕਹਿੰਦੇ ਸਨ ਇਹ ਕੁੰਤੋ ਕਰਕੇ ਹੈ, ਇਹ ਦੂਜਾ ਚੰਦ ਹੈ ਜੋ ਏਥੇ ਚੜ੍ਹਿਆ ਹੈ। ਕਈ ਹੋਰ ਕਹਿੰਦੇ ਸਨ, ਭਾਈ ਸਚ ਹੈ, ਜਦ ਉਹ ਘੁੰਡ ਕਢਕੇ ਆਈ ਸੀ ਤਾਂ ਜਲ ਵਿਚ ਉਛਾਲਾ ਨਹੀਂ ਸੀ ਆਇਆ। ਓਥੇ ਜੀ ਜਿਤਨੇ ਮੂੰਹ ਹਨ ਉਤਨੀਆਂ ਗੱਲਾਂ; ਪਰ ਹਨ ਸਾਰੇ ਬਹੁਤ ਖੁਸ਼। ਸਾਰਿਆਂ ਦੇ ਮੂੰਹ ਉਤੇ ਲਾਲੀ ਭਖ ਰਹੀ ਹੈ। ਫੇਰ ਉਸ ਟਹਿਲੀਏ ਨੇ ਕਿਹਾ: ਜੀ, ਭਾਈ ਸੱਚਨ ਸੱਚ ਨੂੰ ਮੰਜੀ੧੪ ਦੀ ਵੀ ਬਖਸ਼ਿਸ਼ ਕੀਤੀ ਨੇ।

ਬੇਣੀ ਜੀ ਇਹ ਸੁਣਕੇ ਇਕ ਛਿਨ ਚੁਪ ਰਹੇ, ਫੇਰ ਕਹਿਣ ਲਗੇ:—ਓਹ ਜਾਣੀ ਜਾਣ ਹਨ, ਜੋ ਕਰਦੇ ਹਨ ਉਹ ਗਲ ਸੋਲਾਂ ਆਨੇ ਠੀਕ ਹੁੰਦੀ ਹੈ। ਹਰ ਕਿਸੇ ਦੀ ਅਵਸਥਾ ਦੇ ਅਨੁਸਾਰ ਇਲਾਜ ਕਰਦੇ ਹਨ। ਜਦ ਮੈਨੂੰ ਬਖ਼ਸ਼ਿਸ਼ ਕੀਤੀ ਨੇ ਤਾਂ ਮੇਰੇ ਉਪਰ ਜਿਤਨਾ ਬੋਝ ਸੀ, ਉਸ ਸਾਰੇ ਦੀ ਪੰਡ ਉਤਾਰ ਦੇਣ ਦਾ ਹੁਕਮ ਕੀਤਾ ਸੀ ਨੇ; ਜਦ ਸੱਚਨ ਸਚ ਤੇ ਬਖ਼ਸ਼ਿਸ਼ ਕੀਤੀ ਨੇ ਤਾਂ ਉਸ ਦੇ ਸਿਰ ਉਤੇ ਕੁਝ ਬੋਝ ਪਾਇਆ ਨੇ। ਮੰਜੀ ਵੀ ਬਖ਼ਸ਼ੀ ਨੇ, ਨਾਲ ਵਹੁਟੀ ਵੀ ਬਖਸ਼ੀ ਨੇ। ਟਹਿਲੀਆ ਬੋਲ ਉਠਿਆ: ਜੀ, ਜੁਤੀ ਵੀ ਬਖ਼ਸ਼ੀ ਨੇ, ਪਰ ਇਹ ਕਾਹਦੇ ਲਈ ਦਿਤੀ ਨੇ ?

੧੩ ਮਹਿਮਾ ਪ੍ਰਕਾਸ਼ ਵਾਰਤਕ ਵਿਚ ਲਿਖਿਆ ਹੈ — 'ਤਬ ਆਗਿਆ ਹੋਈ ਇਹ ਰਾਣੀ ਤੇਰੀ ਇਸਤ੍ਰੀ ਹੋਈ।' ਅਬ ਤੂੰ ਇਸ ਕੋ ਘਰ ਲੈ ਜਾਹਿ। ਤੇਰੀ ਟਹਿਲ ਥਾਇ ਪਈ, ਤੂੰ ਸਤਿਨਾਮ ਕਾ ਮੰਤ੍ਰ ਜਪ ਜਗਤ ਕਉ ਜਪਾਇ, ਜੋ ਤੈਨੂੰ ਮੰਨੇਗਾ ਸੋ ਮੈਨੂੰ ਮੰਨੇਗਾ। ਦੋਨਾਂ ਪੈਰਾਂ ਦੀ ਚਰਨਦਾਸੀ ਉਸ ਕਉ ਮਿਲੀ।

੧੪ ਮੰਜੀ ਦੀ ਬਖਸ਼ਿਸ਼ ਤੋਂ੧ ਮਤਲਬ ਮੁਖੀਆ ਪ੍ਰਚਾਰਕ ਬਣਾਉਣਾ ਹੁੰਦੀ ਸੀ। ਗੁਰੂ ਜੀ ਨੇ ਬਾਈ ਮੰਜੀਆਂ ਬਖਸ਼ੀਆਂ ਸਨ।

 www.sikhbookclub.com

ਨੇੜੇ ਹੀ ਇਕ ਸਿਖ ਹੋਰ ਜੋ ਝਾੜੂ ਦੇ ਰਿਹਾ ਸੀ, ਉਸ ਨੇ ਇਹ ਗਲ ਸੁਨਣ ਲਈ ਝਾੜੂ ਛਡ ਦਿਤਾ, ਉਸ ਕੋਲੋਂ ਰਿਹਾ ਨਾ ਗਿਆ, ਉਸ ਆਖਿਆ : ਭਈ ਇਸ ਦਾ ਮਤਲਬ ਹੈ ਕਿ ਇਸਤ੍ਰੀ ਨੂੰ ਕਾਬੂ ਰੱਖਣ ਲਈ ਜੁਤੀ ਜ਼ਰੂਰੀ ਹੈ।

ਬੇਣੀ—ਓਇ ਭੋਲਿਓ ! ਤੁਸੀਂ ਉਸ ਪਰਮ ਪੁਰਖ ਦੀਆਂ ਗਲਾਂ ਨਹੀਂ ਸਮਝ ਸਕਦੇ। ਸੋਚੋ, ਦੇਖੋ, ਜੁਤੀ ਦੇ ਦੋ ਪੌਲੇ ਹੁੰਦੇ ਹਨ। ਜੁਤੀ ਦੇ ਇਹ ਅਰਥ ਹਨ ਕਿ ਇਸ ਦਾ ਇਕ ਪੌਲਾ ਨਿਕੰਮਾ ਹੈ, ਕਿਸੇ ਕੰਮ ਨਹੀਂ, ਦੋਨਾਂ ਪਉਲਿਆਂ ਨਾਲ ਹੀ ਕੰਮ ਚਲਦਾ ਹੈ। ਏਸੇ ਕਰਕੇ ਜੁਤੀ ਨੂੰ ਜੋੜਾ ਕਹਿੰਦੇ ਹਨ। ਇਹ ਕੁਦਰਤੀ ਜੋੜਾ ਹੈ, ਇਕ ਦੂਜੇ ਦੇ ਬਗੈਰ ਇਕੱਲਾ ਇਕੱਲਾ ਨਕੰਮਾ ਹੈ। ਇਹੋ ਗੱਲ ਉਹਨਾਂ ਸੱਚਨ ਸਚ ਨੂੰ ਤੇ ਕੁੰਤੋ ਨੂੰ ਸਮਝਾਈ ਹੈ ਕਿ ਤੁਸੀਂ ਹੁਣ ਜੋੜਾ ਹੋ। ਜੋ ਪ੍ਰਚਾਰ ਦਾ ਕੰਮ ਓਹ ਉਹਨਾਂ ਕੋਲੋਂ ਲੈਣਾ ਚਾਹੁੰਦੇ ਹਨ ਉਹ ਜੋੜਾ ਹੀ ਕਰ ਸਕਦਾ ਹੈ। ਇਹ ਗੱਲਾਂ ਓਹੋ ਹੀ ਜਾਣਦੇ ਹਨ। ਸਮਰੱਥ ਹਨ। ਤੁਸੀਂ ਐਵੇਂ ਵਾਹ ਦੁਵਾਹ ਗੱਲਾਂ ਨਾ ਮਾਰਿਆ ਕਰੋ।

## ੧੬.

ਬੇਣੀ ਜੀ ਇਤਨੀ ਗੱਲ ਕਰਕੇ ਘਸੀਟੇ ਨੂੰ ਸਮਝਾਉਣ ਲਗੇ: ਦੇਖ, ਬੱਚਾ, ਜਦੋਂ ਤੇਰੀ ਟੰਗ ਠੀਕ ਨਹੀਂ ਸੀ ਤੂੰ ਗੁਰੂ ਜੀ ਦੀ ਸੇਵਾ ਕਰਦਾ ਸੈਂ, ਜਦ ਵੱਲ ਹੋਈ ਤੈਨੂੰ ਬੰਤੋ ਯਾਦ ਆਈ। ਲੰਗੜੇ ਨੂੰ ਤਾਂ ਬੰਤੋ ਦੇ ਖਿਆਲ ਤੋਂ ਸ਼ਰਮ ਆਉਂਦੀ ਸੀ। ਜੇ ਹੁਣ ਬੰਤੋ ਮਿਲ ਜਾਏ, ਤੇ ਫਿਰ ਕਿਸੇ ਕਾਰਣ ਤੇਰੀ ਲੱਤ ਵਿਚ ਨੁਕਸ ਪੈ ਜਾਏ ਤੇ ਇਹਨਾਂ ਸਰੀਰਾਂ ਦਾ ਕੀ ਪਤਾ ਹੈ, ਕਿਸੇ ਅੰਗ ਦਾ ਭਰੋਸਾ ਨਹੀਂ, ਕੱਲ ਨੂੰ ਲਕਵਾ ਹੈ, ਪਰਸੋਂ ਨੂੰ ਫਾਲਿਜ ਹੈ, ਚੌਥੇ ਨੂੰ ਮਿਰਗੀ, ਕਿਸ ਗੱਲ ਦਾ ਵਿਸਾਹ ਹੈ, ਤਾਂ ਕਿਸ ਹਾਲਤ ਵਿਚ ਬੰਤੋ ਨਾਲ ਨਿਭੇਗੀ ? ਜਿੰਨਾਂ ਚਿਰ ਆਪਣੇ ਸਾਥੀ ਤੇ ਪੂਰਾ ਇਤਬਾਰ ਨਾ ਹੋਵੇ ਉਤਨਾ ਚਿਰ ਉਸ ਨੂੰ ਆਪਣਾ ਜੀਵਨ ਅਧਾਰ ਬਣਾ ਲੈਣਾ ਆਖ਼ਰ ਸੱਟ ਖਾਣ ਵਾਲੀ ਗੱਲ ਹੈ। ਸਾਥੀ ਓਹੋ ਚਾਹੀਦਾ ਹੈ ਜੋ ਹਰ ਹਾਲਤ ਵਿਚ ਨਾਲ ਨਿਭੇ। ਤੂੰ ਦੱਸ ਤੇਰਾ ਕੋਈ ਐਸਾ ਹੈ ?

ਘਸੀਟਾ (ਸੋਚਕ)—ਜੀ ਬੱਸ, ਮੇਰੀ ਕਾਠ ਦੀ ਘੋੜੀ ਹੈ ਜਿਸ ਉਤੇ ਮੈਂ ਸਾਰਾ ਬੋਝ ਪਾ ਦੇਂਦਾ ਹਾਂ ਤੇ ਉਹ ਚੂੰ ਨਹੀਂ ਕਰਦੀ। ਉਹ ਮੈਨੂੰ ਜੀਉਂਦੀ ਚੀਜ਼ ਲਗਦੀ ਹੈ ! ਜੇਠਾ ਜੀ ਮੈਨੂੰ ਏਹੋ ਕਹਿੰਦੇ ਸਨ। ਆਖਦੇ ਸਨ ਏਸ ਵਿਚ ਪ੍ਰਾਣ ਹਨ। ਉਹ ਕਹਿੰਦੇ ਸਨ ਮਨੁਖ ਦੀ


www.sikhbookclub.com

ਦੇਹ ਵੀ ਘੋੜੀ ਹੈ੧੫, ਕੱਚੇ ਕਾਠ ਦੀ ਘੋੜੀ ਹੈ, ਪਰ ਇਹ ਵੈਸਾਖੀ ਪੱਕੀ ਲੱਕੜ ਦੀ ਹੈ। ਫੇਰ ਇਹ ਵੀ ਕਹਿੰਦੇ ਸਨ ਕਿ ਇਹ ਜੋ ਜੀਵ ਹੈ ਉਹ ਦੇਹ ਰੂਪੀ ਘੋੜੀ ਨੂੰ ਚਲਾਉਂਦਾ ਹੈ, ਪਰ ਸਮਝਦਾ ਹੈ ਘੋੜੀ ਮੈਨੂੰ ਚੁਕੀ ਫਿਰਦੀ ਹੈ। ਉਹ ਇਹ ਵੀ ਕਹਿੰਦੇ ਸਨ ਕਿ ਅਸੀਂ ਆਪਣੀ ਦੇਹ ਨੂੰ ਘੋੜੀ ਸਮਝਕੇ ਇਸ ਦੇ ਮੂੰਹ ਵਿਚ ਲਗਾਮ ਪਾ ਕੇ ਰਖਦੇ ਹਾਂ। ਉਹ ਲਗਾਮ ਨੂੰ 'ਕੜਿਆਲ' ਕਹਿੰਦੇ ਹਨ। ਕਹਿੰਦੇ ਸਨ ਤੂੰ ਵੀ ਵੈਸਾਖੀ ਦੇ ਮੂੰਹ ਵਿਚ ਕੜਿਆਲ ਪਾ ਦੇਹ। ਇਕ ਦਿਨ ਕਿਹਾ ਨੇ ਘੋੜਾ ਭਾਵੇਂ ਚੰਮ ਦਾ ਹੋਵੇ, ਭਾਵੇਂ ਕਾਠ ਦਾ, ਹੁੰਦਾ ਮੂੰਹ-ਜ਼ੋਰ ਹੈ, ਦੇਖ, ਕਿਤੇ ਨੱਸ ਨਾ ਜਾਵੇ। ਫੇਰ ਇਕ ਵੇਰ ਮੈਨੂੰ ਥੱਕਿਆਂ ਤੱਕਕੇ ਕਹਿਣ ਲਗੇ ਕਿ ਆ ਤੇਰੀ ਵੈਸਾਖੀ ਦੀ ਮੁੱਠੀ ਚਾਪੀ ਕਰ ਦੇਈਏ ੧੬। ਸੋ ਮੈਨੂੰ ਹੁਣ ਡਰ ਰਹਿੰਦਾ ਹੈ ਕਿ ਵੈਸਾਖੀ ਕਿਤੇ ਬੰਤੋ ਵਾਕੁਣ ਨੱਸ ਨਾ ਜਾਵੇ।

ਬੇਣੀ-ਬੰਤੋ ਤਾਂ ਪਾਣੀ ਵਿਚ ਡੁੱਬ ਗਈ ਪਰ ਵਸਾਖੀ ਤਰਦੀ ਰਹੇਗੀ। ਇਹ ਭਵਸਾਗਰ ਦੇ ਪਾਣੀਆਂ ਵਿਚ ਵੀ ਤਰਦੀ ਰਹੇਗੀ--ਇਸਨੂੰ ਜੋ ਸ੍ਰੀ ਜੇਠਾ ਜੀ ਦੇ ਹੱਥ ਲਗੇ ਹਨ ਤਾਂ ਇਹ ਪਵਿਤ੍ਰ ਹੋ ਗਈ ਹੈ, ਇਹ ਅੰਤ ਪ੍ਰਯੰਤ ਨਾਲ ਨਿਭੇਗੀ। ਦੇਖ, ਬੱਚਾ, ਤੇਰੀ ਦੂਜੀ ਲਤ ਦੇ ਜਾਗ ਉਠਿਆਂ ਹੀ ਤੈਨੂੰ ਆਪਣੇ ਆਪ ਦੀ ਸੂਝ ਆਈ। ਤੂੰ ਮਹਿਸੂਸ ਕੀਤਾ ਕਿ ਤੂੰ ਵੀ ਕੋਈ ਚੀਜ਼ ਹੈਂ ਤੇ ਬੰਤੋ ਤੈਨੂੰ ਕਬੂਲ ਕਰੇਗੀ; ਪਰ ਤੈਨੂੰ ਪਤਾ ਨਹੀਂ ਕਿ ਤੇਰੇ ਅੰਦਰ ਇਕ ਹੋਰ ਵੀ ਚੀਜ਼ ਹੈ ਉਹ ਵੀ ਸੁੱਤੀ ਪਈ ਹੈ ਉਸ ਦੇ ਜਾਗਦਿਆਂ ਹੀ ਤੂੰ ਚੇਤਨ ਹੋ ਜਾਏਂਗਾ। ਤੇਰੀ ਦੁਨੀਆਂ ਬਦਲ ਜਾਏਗੀ, ਉਹ ਸੁਤੀ ਹੋਈ ਚੀਜ਼ ਹੈ, ਤੇਰੀ 'ਸੁਰਤਿ'। ਤੂੰ ਧਿਆਨ ਦੇਹ ਤੇ ਮੇਰੀ ਗਲ ਸੁਣ! ਤੈਨੂੰ ਪਤਾ ਹੈ ਕਿ ਤੂੰ ਗੁਰੂ ਜੀ ਨੂੰ ਦਹੀਂ ਛਕਾਉਂਦਾ ਸੈਂ! ਤੇਰੇ ਪਿਛੋਂ ਕਈਆਂ ਕੋਸ਼ਿਸ਼ ਕੀਤੀ ਕਿ ਓਗਰੇ ਨਾਲ ਉਹ ਥੋੜੀ ਦਹੀਂ ਲੈ ਲੈਣ, ਪਰ ਉਹਨਾਂ ਨਹੀਂ ਲਈ। ਲੱਸੀ ਵੀ ਨਹੀਂ ਛਕੀ। ਉਹ ਦਹੀਂ ਦੇ ਭੁੱਖੇ ਨਹੀਂ, ਭਾਵ ਦੇ ਭੁੱਖੇ ਹਨ। ਉਹ ਕਾਠ ਦੀ ਘੋੜੀ ਦੇ ਉਤਸ਼ਾਹ ਦੇ ਭੁੱਖੇ ਸਨ। ਤਿੰਨਾਂ ਕੋਹਾਂ ਤੋਂ ਕਾਠ ਦੀ ਸਵਾਰੀ ਕਰਕੇ ਦਹੀਂ

੧੫ ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥ (ਵਡਹੰਸੁ ਮ: ੪) ਤੇਜਣਿ= ਘੋੜੀ।

੧੬ ਜਬ ਸੰਗਤ ਸਾਹਿਬ ਕੇ ਆਵਤੀ ਸ੍ਰੀ ਗੁਰੂ ਰਾਮਦਾਸ ਜੀ ਤਬ ਜੇਠਾ ਨਾਉ ਥਾ ਆਗੇ ਸੰਗਤ ਕਉ ਲੈਣੇ ਕਉ ਜਾਤੇ, ਸੰਗਤ ਸਾਰੀ ਲਿਆਵਤੇ ਪਖਾਰਤੇ, ਪਾਣੀ ਪਿਲਾਵਤੇ ਅਰ ਜੇ ਕੋਈ ਸਿਖ ਮਾਂਦਾ ਹੋਤਾ ਤੇ ਚਾਂਪੀ ਕਰਤੇ। ਇਸ ਭਾਂਤ ਸਿਖਾਂ ਕੀ ਟਹਲ ਹਰ ਵਖਤ ਕਰਤੇ ਥੇ। (ਮਹਿਮਾ ਪ੍ਰਕਾਸ਼ ਵਾਰਤਕ ਸਫਾ ੭੦)

 www.sikhbookclub.com

ਆਵ੍ਹੇ ਉਹ ਏਸ ਗੱਲ ਦੇ ਕਦਰ ਦਾਨ ਸਨ। ਕਾਠ ਵਿਚ ਵੀ ਜਿੰਦ ਹੈ, ਉਸ ਵਿਚ ਵੀ ਪ੍ਰਾਣ ਹਨ, ਉਸ ਵਿਚ ਵੀ ਭਾਵ ਹਨ, ਤਦੇ ਸ੍ਰੀ ਜੇਠਾ ਜੀ ਕਹਿੰਦੇ ਸਨ, ਆ ਤੇਰੀ ਘੋੜੀ ਦੀ ਸੇਵਾ ਕਰ ਦੇਈਏ, ਥੱਕ ਗਈ ਹੋਣੀ ਹੈ, ਲਿਆ ਇਸ ਦੀ ਮੁੱਠੀ ਚਾਪੀ ਕਰ ਦੇਈਏ। ਕਾਠ ਦੇ ਜਜ਼ਬੇ ਅੰਦਰਵਾਰ ਲੁਕੇ ਹੋਏ ਹੁੰਦੇ ਹਨ, ਉਹ ਬੈਸੰਤਰ ਰੂਪ ਹਨ, ਕਾਠ ਨੂੰ ਅੱਗ ਲਗੇ ਤਾਂ ਦੁਨੀਆਂ ਵਾਲੇ ਉਸ ਦੇ ਅੰਗਾਰੇ ਦੇਖਦੇ ਹਨ ! ਪਰ ਗੁਰੂ ਜੀ ਅੰਤਰ ਦ੍ਰਿਸ਼ਟੀ ਨਾਲ ਉਸ ਠੰਢੇ ਕਾਠ ਨੂੰ ਤੱਕਦੇ ਹਨ। ਉਹਦਾ ਛੁਪਿਆ ਹੋਇਆ ਨੂਰ ਉਹਨਾਂ ਨੂੰ ਪ੍ਰਤੱਖ ਹੋ ਜਾਂਦਾ ਹੈ। ਉਸ ਨੂਰ ਵਿਚ ਉਹ ਕੋਈ ਜੋਤਿ ਦੇਖਦੇ ਹਨ, ਜਾਗਦੀ ਜੋਤਿ, ਨਿਰੰਜਨੀ ਜੋਤਿ : ਤੇਰੀ ਕਾਠ ਦੀ ਘੋੜੀ ਦੇ ਬੜੇ ਲੰਮੇ ਚੌੜੇ ਅਰਥ ਹਨ, ਉਸ ਦੀ ਵਡੀ ਵਿਆਖਿਆ ਹੈ। ਉਹ ਤੇਰੀ ਸਦਗਤਿ ਦਾ ਉਪਾਇ ਹੈ, ਤੇਰੀ ਸ਼ਾਂਤਿ ਦਾ ਸਾਧਨ ਹੈ। ਪਰ ਤੇਰੀ ਸੁਧਰੀ ਹੋਈ ਲੱਤ ਭਟਕਨਾ ਦਾ ਭੰਡਾਰ ਹੈ, ਉਹ ਤਰਸੇਵੇਂ ਦਾ ਹਥਿਆਰ ਹੈ, ਉਹ ਉਸ ਛਲੇਡੀ ਦੇ ਮਗਰ ਨੱਸਦੀ ਹੈ, ਜਿਸ ਕਦੇ ਹੱਥ ਨਹੀਂ ਆਉਣਾ। ਜੋ ਹਰ ਵੇਰੀ ਭਰਮਾਕੇ ਪਰੇ ਹੋ ਜਾਂਦੀ ਹੈ। ਪਰ ਜੇ ਤੂੰ ਕਿਤੇ ਲਾਗੇ ਅੱਪੜ ਹੀ ਜਾਵੇਂ ਤਾਂ ਏਹੋ ਸੁਧਰੀ ਹੋਈ ਲੱਤ ਲਰਜ਼ਾ ਖਾ ਜਾਂਦੀ ਹੈ। ਤੈਨੂੰ ਪਟਕਾ ਮਾਰਦੀ ਹੈ। ਤੇਰਾ ਦਰਖਤ ਤੋਂ ਡਿੱਗਣਾ ਏਸ ਗਲ ਦੀ ਨਿਸ਼ਾਨੀ ਹੈ; ਤੂੰ ਕਿਸ ਸ਼ਾਂਤੀ ਦੇ ਮੰਡਲ ਤੋਂ ਗਿਰਕੇ ਤ੍ਰਿਸ਼ਨਾ ਦੀ ਖੁੱਭਣ ਵਿਚ ਜਾ ਧਸਿਆ ਹੈਂ। ਉਠ, ਹੋਸ਼ ਕਰ, ਸੰਭਲ, ਤੱਕ ਆਪਣੀ ਘੋੜੀ ਵੱਲ, ਜੋ ਤੇਰੇ ਨਾਲ ਹੀ ਲੇਟੀ ਹੈ। ਦੇਖ ਇਸ ਦੇ ਜਲਵੇ ਨੂੰ, ਤੱਕ ਇਸ ਦੀ ਅੰਦਰ ਦੀ ਖੂਬੀ ਨੂੰ, ਤੱਕ ਇਸ ਦੀ ਘਾਲ ਨੂੰ, ਜੋ ਤੈਨੂੰ ਦਯਾ ਦੇ ਦੁਆਰ ਤਕ ਪਹੁੰਚਾ ਦੇਂਦੀ ਸੀ।

ਘਸੀਟਾ ਤੱਕਦਾ ਤੱਕਦਾ ਇਕ ਚਿਤ ਹੁੰਦਾ ਗਿਆ। ਫੇਰ ਉਸ ਅੱਖਾਂ ਮੀਟ ਲਈਆਂ, ਕੁਛ ਚਿਰ ਸੁੱਤਾ ਰਿਹਾ! ਫੇਰ ਘੁਰਾੜਿਆਂ ਦੀ ਆਵਾਜ਼ ਨਾਲ ਨੀਮ ਜਾਗ ਪਿਆ, ਪਰ ਪਤਾ ਨਾ ਲੱਗੇ ਕਿ ਆਪਣੇ ਘੁਰਾੜੇ ਸਨ ਕਿ ਨਾਲ ਸੁੱਤੀ ਪਈ ਘੋੜੀ ਦੇ। ਪਰ ਜਦ ਪੂਰੀ ਹੋਸ਼ ਆਈ ਤਾਂ ਉਹ ਬਹੁਤ ਪ੍ਰਸੰਨ ਸੀ, ਸ਼ਾਂਤਿ ਸੀ, ਐਉਂ ਸੀ ਕਿ ਸਮਾਧਿ ਦੇ ਸੁਖ ਆਸਨ ਤੋਂ ਨਵਾਂ ਨਰੋਇਆ ਹੋ ਕੇ ਉਠਿਆ ਹੈ।

## ੧੭.

ਬੇਣੀ ਜੀ ਦੇ ਪ੍ਰਚਾਰ ਦਾ ਬਹੁਤ ਗਹਿਰਾ ਅਸਰ ਸੀ। ਕਿਸਮ ਕਿਸਮ ਦੇ ਲੋਕ ਆਉਂਦੇ ਸਨ, ਸਭ ਦੇ ਸ਼ੰਕੇ ਨਵਿਰਤ ਹੁੰਦੇ ਸਨ।

 www.sikhbookclub.com

ਇਕ ਦਿਨ ਇਕ ਪੱਕਾ ਕਰਮ ਕਾਂਡੀ ਮਿਸ਼ਰ ਆਇਆ, ਉਸ ਨੇ ਕਈ ਪ੍ਰਸ਼ਨ ਕੀਤੇ। ਇਹ ਉਹਨਾਂ ਦੇ ਆਪਣੇ ਪਿੰਡ ਦਾ ਸੀ।

ਮਿਸ਼ਰ--ਜੀ ਤੁਸੀਂ ਇਤਨੀ ਵਿਦਯਾ ਪੜ੍ਹ ਪੜ੍ਹਾਕੇ ਫੇਰ ਜੋ ਕੁਛ ਕੀਤਾ, ਕੀ ਕੀਤਾ? ਸਾਡੀ ਸਮਝੇ ਨਹੀਂ ਆਇਆ। ਸਭ ਕੁਛ ਛੱਡ ਦਿਤਾ। ਪਿਤਾ ਪੁਰਖੀ ਦੇ ਜਗ, ਹਵਨ, ਪੁਰਾਤਨ ਰਹੁ ਰੀਤਿ, ਪਰੰਪਰਾ ਤੋਂ ਚਲੀ ਆ ਰਹੀ ਕਰਮ--ਪੱਧਤਿ, ਵਡਿਆਂ ਦੀ ਬੱਧੀ ਹੋਈ ਮਰਿਯਾਦਾ, ਉਹ ਸਾਰੀ ਦੀ ਸਾਰੀ ਕਿਥੇ ਗੁੰਮ ਹੋ ਗਈ ? ਕਿੱਥੇ ਨੱਸ ਗਏ ਉਹ ਸ਼੍ਰਾਧ, ਵਰਤ, ਤਰਪਣ ਤੇ ਹੋਮ ? ਤੁਹਾਡੇ ਸੂਤਕ ਪਾਤਕ ਜਨੇਊ ਕਿੱਥੇ ਗਏ ? ਬੇਣੀ ਜੀ, ਤੁਸਾਂ ਤਾਂ ਖੋਤਾ ਹੀ ਖੂਹ ਵਿਚ ਪਾ ਦਿਤਾ !

ਬੇਣੀ ਜੀ ਹੱਸ ਪਏ ਤੇ ਫੇਰ ਆਖਿਓ ਨੇ।

ਬੇਣੀ--ਖੂਹ ਵਿਚ ਖੋਤਾ ਨਹੀਂ, ਮੈਂ ਤਾਂ ਊਠ ਦਰਯਾ ਵਿਚ ਪਾ ਦਿਤੇ ਹਨ।

ਮਿਸ਼ਰ (ਹੱਸਕੇ)—ਹਾਂ, ਪਰ ਕਾਸ ਲਈ ?

ਬੇਣੀ—ਵਿਦਯਾ ਦੋ ਪ੍ਰਕਾਰ ਦੀ ਹੈ, ਪਰ ਹੈਨ ਦੋਨੋਂ ਬੋਝਲ।

ਮਿਸ਼ਰ—ਫੇਰ ?

ਬੇਣੀ—ਫੇਰ ਇਹ ਕੀ, ਜੀਵਨ ਯਾਤ੍ਰਾ ਹੈ, ਸੰਸਾਰ ਭਵਸਾਗਰ ਹੈ। ਸਮੁੰਦਰ ਦੀ ਯਾਤਰਾ ਲਈ ਬੇੜੀ ਚਾਹੀਦੀ ਹੈ, ਊਠ ਨਹੀਂ।

ਮਿਸ਼ਰ--ਸਮੁੰਦਰ ਦੀ ਯਾਤਰਾ ਲਈ ਬੇੜੀ ਚਾਹੀਦੀ ਹੈ ਇਹ ਤੇ ਠੀਕ ਹੈ, ਪਰ ਗਲ ਤੇ ਕਰ ਰਹੇ ਸਾਓ ਵਿਦਯਾ ਦੀ, ਕਿ ਇਹ ਦੋ ਪ੍ਰਕਾਰ ਦੀ ਹੈ।

ਬੇਣੀ—ਹਾਂ, ਵਿਦਯਾ ਦੋ ਪ੍ਰਕਾਰ ਦੀ ਹੈ, ਪਰ ਹੈਨ ਦੋਨੋਂ ਬੋਝਲ।

ਮਿਸ਼ਰ—ਦੋਨੋਂ ਬੋਝਲ ?

ਬੇਣੀ--ਜੀ ਹਾਂ, ਦੋਨੋਂ ਬੋਝਲ।

ਮਿਸ਼ਰ--ਕਿਸ ਤਰ੍ਹਾਂ ?

ਬੇਣੀ--ਇਕ ਪੱਥਰ ਦਾ ਵੱਟਾ ਹੋਵੇ, ਮਣ ਪੱਕਾ, ਇਕ ਧਾਂਤ ਦਾ ਵੱਟਾ ਹੋਵੇ, ਮਣ ਪੱਕਾ, ਵਜ਼ਨ ਦੇ ਲਿਹਾਜ਼ ਨਾਲ ਦੋਨੋਂ ਇਕ ਹਨ, ਦੋਨਾਂ ਦਾ ਇਕੋ ਬੋਝ ਹੈ।

 www.sikhbookclub.com

ਮਿਸ਼ਰ—ਫੇਰ ?

ਬੇਣੀ—ਬੇੜੀ ਵਿਚ ਬੈਠੇ ਹੋਏ ਖੇਵਟਾਂ ਲਈ ਇਹ ਸਵਾਲ ਹੁੰਦਾ ਹੈ, ਕਿ ਨਾਲ ਲੱਦੇ ਬੋਝ ਨੂੰ ਕਿਸ ਟਿਕਾਣੇ ਰੱਖਣਾ ਹੈ।

ਮਿਸ਼ਰ—ਤੇ ਉਥੇ ਟਿਕਾਣੇ ਕਿਤਨੇ ਕੁ ਹਨ ?

ਬੇਣੀ -ਦੋ, ਇਕ ਤਾਂ ਬੇੜੀ ਦਾ ਤਲਵਾਂ ਹਿੱਸਾ ਹੁੰਦਾ ਹੈ ਜੋ ਪਾਣੀ ਵਿਚ ਡੁੱਬਾ ਹੁੰਦਾ ਹੈ, ਜੋ ਉਸਦਾ 'ਪੇਂਦਾ' ਹੈ, ਤੇ ਦੂਜਾ ਜੋ ਪਾਣੀ ਦੇ ਉਪਰ ਤਰਦਾ ਹੁੰਦਾ ਹੈ, ਉਹ ਉਸ ਦਾ 'ਪੇਟਾ' ਹੈ। ਸੋ ਏਹ ਦੋ ਟਿਕਾਣੇ ਹਨ।

ਮਿਸ਼ਰ—ਪਰ ਫਰਕ ਕੀ ਪੈਂਦਾ ਹੈ ?

ਬੇਣੀ—ਜੇ ਬੋਝ ਤਲਵੇਂ ਟਿਕਾਣੇ ਵਿਚ ਰਖੋ ਤਾਂ ਬੇੜੀ ਡੋਲਦੀ ਨਹੀਂ, ਉਸ ਦੀ ਚਾਲ ਗੰਭੀਰ ਹੋ ਜਾਂਦੀ ਹੈ। ਹਵਾ ਤੇਜ਼ ਹੋਵੇ ਤਾਂ ਵੀ ਉਹ ਵਿੰਗੀ ਟੇਢੀ ਨਹੀਂ ਹੁੰਦੀ, ਸਗੋਂ ਹਵਾ ਨਾਲ ਉਸ ਦੀ ਰਫਤਾਰ ਵਧ ਜਾਂਦੀ ਹੈ। ਇਹ ਹੈ ਕਰਾਮਾਤ ਉਸ ਪੇਂਦੇ ਦੀ ਜੋ ਬੋਝ ਦੇ ਵਜ਼ਨ ਨੂੰ ਹਜ਼ਮ ਕਰ ਲੈਂਦਾ ਹੈ। ਇਸ ਨਾਲ ਬੇੜੀ ਸਹਿਜ ਸੰਜਮ ਦੀ ਅਵਸਥਾ ਵਿਚ ਜੰਮਕੇ ਚਲਦੀ ਹੈ, ਜਿਸ ਤਰ੍ਹਾਂ ਹੰਸ ਇਕ ਝੀਲ ਵਿਚ ਤਰਦਾ ਹੈ। ਪਤਾ ਨਹੀਂ ਤੁਸਾਂ ਕਦੇ ਕੋਈ ਬੱਤਖ ਪਾਣੀ ਵਿਚ ਤਰਦੀ ਦੇਖੀ ਹੈ ?

ਮਿਸ਼ਰ—ਜੀ ਹਾਂ, ਕਿਉਂ ਨਹੀਂ।

ਬੇਣੀ -ਬੱਤਖ ਦੀ ਛਾਯਾ ਪਾਣੀ ਵਿਚ ਝਲਕਦੀ ਹੈ, ਤੇ ਉਹ ਨਾਲ ਨਾਲ ਟੁਰਦੀ ਹੈ।

ਮਿਸ਼ਰ- ਜੀ ਹਾਂ, ਐਉਂ ਲਗਦਾ ਹੈ ਕਿ ਦੋ ਬੱਤਖਾਂ ਚਲ ਰਹੀਆਂ ਹਨ, ਇਕ ਉਤੇ, ਇਕ ਐਨ ਹੇਠਾਂ।

ਬੇਣੀ—ਹਾ, ਇਹ ਹੇਠਲੀ 'ਛਾਯਾ ਬੱਤਖ' ਹੈ। ਇਹ ਪਾਣੀ ਦੇ ਵਿਚ ਹੈ। ਇਹ ਉਪਰਲੀ ਦੀ ਚਾਲ ਨੂੰ ਤੋਲਕੇ ਰਖਦੀ ਹੈ, ਏਸ ਕਰਕੇ ਉਤਲੀ ਬਤਖ ਡੋਲਦੀ ਨਹੀਂ। ਦੇਖਣ ਵਾਲੇ ਨੂੰ ਸਵਾਦ ਏਸ ਕਰਕੇ ਆਉਂਦਾ ਹੈ ਕਿ ਦੋ ਬੱਤਖਾਂ ਇਕੋ ਜਿਹੀ ਬੱਝਵੀਂ ਚਾਲ ਚਲਦੀਆਂ ਕਦੇ ਅੱਗੜ ਪਿੱਛੜ ਨਹੀਂ ਹੁੰਦੀਆਂ।

ਮਿਸ਼ਰ—ਹਾਂ, ਪਰ ਇਹ ਤੇ ਇਕ ਕਵਿਤਾ ਦਾ ਅਲੰਕਾਰ ਜਿਹਾ ਹੈ, ਇਹ ਬੇੜੀ ਉਤੇ ਕਿਸ ਤਰ੍ਹਾਂ ਢੁੱਕਦਾ ਹੈ ?

 www.sikhbookclub.com

ਬੇਣੀ—ਬੇੜੀ ਦਾ ਡੁੱਬਾ ਹੋਇਆ ਪੇਂਦਾ ਛਾਯਾ ਵਾਕੂਣ ਹੈ, ਇਸ ਵਿਚ ਰਖਿਆ ਹੋਇਆ ਬੋਝ ਕਿਸ਼ਤੀ ਨੂੰ ਸਮਤੋਲ ਵਿਚ ਰਖਦਾ ਹੈ। ਨਾਓੁ ਪਾਣੀ ਦਿਆਂ ਤਰੰਗਾਂ ਉਤੇ ਡੋਲਦੀ ਨਹੀਂ, ਹੰਸ ਚਾਲ ਚਲਦੀ ਹੈ। ਪਰ ਜੇ ਏਹੋ ਬੋਝ ਤੁਸੀਂ ਉਪਰਲੇ ਭਾਗ ਵਿਚ ਰੱਖ ਦਿਓ ਤਾਂ ਸ਼ਕਲ ਹੋਰ ਹੋ ਜਾਏਗੀ। ਜਿਤਨਾ ਪੇਟੇ ਵਿਚ ਭਾਰ ਵਧੇਗਾ, ਉਤਨਾ ਬੇੜੀ ਜ਼ਿਆਦਾ ਡੋਲੇਗੀ। ਪਾਣੀ ਦੇ ਤਰੰਗਾਂ ਵਿਚ ਉਹ ਝਟਕੇ ਖਾਏਗੀ। ਹਵਾ ਦਾ ਖ਼ੁੱਲਾ ਉਸ ਨੂੰ ਵਿੰਗਾ ਟੇਢਾ ਕਰ ਦੇਵੇਗਾ, ਤੇਜ਼ ਹਵਾ ਵਿਚ ਉਹ ਝੋਕ ਮਾਰੇਗੀ, ਐਉਂ ਲਗੇਗਾ, ਪੇਂਦਾ ਤੇ ਪੇਟਾ ਅਗੜ ਪਿੱਛੜ ਹੋ ਗਏ ਹਨ। ਬੇੜੀ ਦੀ ਹੰਸ ਚਾਲ ਉਖੜ ਜਾਏਗੀ। ਮਾਮਲਾ ਖ਼ਤਰਨਾਕ ਹੋ ਜਾਏਗਾ।

ਮਿਸ਼ਰ—ਹਾਂ, ਹਾਂ, ਇਹ ਸਭ ਠੀਕ ਹੈ ਪਰ ਮੈਂ ਤੇ ਪੁੱਛਦਾ ਸਾਂ ਕਿ ਤੁਹਾਡੇ ਸੂਤਕ ਪਾਤਕ ਜਨੇਊ ਕਿੱਥੇ ਗਏ ?

ਬੇਣੀ—ਮੈਂ ਇਹੋ ਦੱਸ ਰਿਹਾ ਹਾਂ ਕਿ ਇਹ ਉਪਰ ਦੇ ਭਾਰ ਚੁੱਕਕੇ ਹੇਠਾਂ ਪੇਂਦੇ ਵਿਚ ਕਰ ਦਿਤੇ ਹਨ। ਉਥੇ ਇਹ ਬੋਝ ਬੋਝਲ ਨਹੀਂ ਰਹੇ ਤੇ ਹੁਣ ਨੱਯਾ ਡੋਲਦੀ ਨਹੀ। ਅਗੇ ਪੇਟ (ਢਿੱਡ) ਉਤੇ ਜਨੇਊ ਸੀ, ਹੁਣ ਉਹ ਅੰਦਰ ਦੀ ਵਸਤੂ ਹੋ ਗਈ, ਉਹ ਪੇਂਦੇ ਵਿਚ ਚਲੀ ਗਈ ਹੈ। ਦੇਖ ਬਾਬਾ ਕੀ ਕਹਿ ਗਿਆ ਹੈ, ਬਾਬਾ ਆਦਿ ਗੁਰੂ, ਬਾਬਾ ਗੁਰੂ ਨਾਨਕ, ਉਹ ਆਖ ਗਿਆ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
(ਵਾਰ ਆਸਾ ਮ: ੧—੧੪)

ਬਾਬਾ ਕਹਿ ਗਿਆ ਹੈ ਕਿ ਢਿੱਡਾਂ ਤੋਂ ਜਨੇਊ ਉਤਾਰ ਦਿਓ, ਸਦਾਚਾਰ ਦਾ ਜਨੇਊ ਜੀਉ ਨੂੰ ਅੰਦਰ ਪਹਿਨਾਓ। ਉਹਨਾਂ ਕਿਹਾ ਹੈ ਕਿ ਬਾਹਰ ਦੇ ਰਸਮੋ ਰਿਵਾਜ ਇਹ ਐਵੇਂ ਦਿਖਾਵੇ ਦੇ ਵਲ ਛਲ ਹਨ, ਇਹਨਾਂ ਵਿਚ ਅਸਲੀਅਤ ਨਹੀਂ। ਉਹਨਾਂ ਕਿਹਾ ਹੈ:

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥
(ਵਾਰ ਆਸਾ ਮ: ੧—੧੫)


www.sikhbookclub.com

ਉਪਰ ਦੇ ਭਾਰਾਂ ਨਾਲ ਹੁੰਦਾ ਕੀ ਹੈ, ਮਨ ਦੀ ਬੇੜੀ ਡੋਲਦੀ ਰਹਿੰਦੀ ਹੈ। ਉਹਨਾਂ ਦਾ ਫੁਰਮਾਨ ਹੈ :

ਮਨੂਆ ਡੋਲੈ ਦਹਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥
(ਮਾਰੂ ਮ:੧ ਅਸਟ:੭)

ਬਾਹਰ ਦੇ ਭਾਰਾਂ ਨਾਲ ਮਨ ਦੀ ਨੌਕਾ ਭਵ ਸਾਗਰ ਵਿਚ ਡੋਲ ਡੋਲਕੇ ਡੁਬ ਜਾਂਦੀ ਹੈ, ਤੇ ਜੇ ਇਸ ਦੇ ਬਰਅਕਸ ਅੰਦਰ ਪੇਂਦੇ ਵਿਚ ਤੁਸਾਂ ਕੁਛ ਭਰ ਲਿਆ ਹੈ, ਤਾਂ ਗੱਲ ਹੋਰ ਹੋ ਜਾਏਗੀ। ਮਨ ਦੀ ਬੇੜੀ ਦਾ ਵੀ ਥੱਲਾ ਹੈ, ਉਸ ਦਾ ਵੀ ਪੇਂਦਾ ਹੈ, ਉਸ ਨੂੰ ਗੁਰੂ ਬਾਬੇ ਨੇ 'ਤਲਹੀਅਲੁ' ਕਹਿਆ ਹੈ, ਅਰਥਾਤ ਹਿਰਦੇ ਦਾ ਤਲਵਾਂ ਹਿੱਸਾ--

ਉਸ ਪੇਂਦੇ ਵਿਚ ਸੱਚਾ ਨਾਮ ਭਰ ਜਾਂਦਾ ਹੈ। ਉਹਨਾਂ ਦਾ ਫੁਰਮਾਨ ਹੈ:

ਰਤਾ ਸਚਿ ਨਾਮਿ ਤਲਹੀਅਲੁ ਸੋ ਗੁਰੁ ਪਰਮਲੁ ਕਹੀਐ ॥
(ਪ੍ਰਭਾਤੀ ਮ: ੧--੬)

ਫੇਰ ਐਸੀ ਦਸ਼ਾ ਵਾਲੀ ਮਨ ਦੀ ਬੇੜੀ ਡੋਲਦੀ ਨਹੀਂ। ਉਹ ਉਸ ਤਰ੍ਹਾਂ ਦੀ ਤਾਰੀ ਤਰਦੀ ਹੈ, ਜਿਸ ਤਰ੍ਹਾਂ ਹੰਸ ਮਾਨ ਸਰੋਵਰ ਵਿਚ ਤਰਦਾ ਹੈ, ਉਹਨਾਂ ਦਾ ਕਹਿਣਾ ਹੈ:

ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥
(ਮਾਰੂ ਮ: ੧ ਅਸਟ: ੭)

ਮਿਸ਼ਰ--ਬਸ ਏਹੋ ਫਰਕ ਹੈ ਤੇਰੀ ਪੁਰਾਣੀ ਸਿਖਿਆ ਦਾ ਤੇ ਤੇਰੀ ਨਵੀਂ ਹਾਲਤ ਦਾ।

ਬੇਣੀ--ਇਹ ਕੋਈ ਥੋੜਾ ਫਰਕ ਨਹੀਂ ਪਰ ਮੈਂ ਤੈਨੂੰ ਦੱਸਦਾ ਹਾਂ, ਇਸ ਤੋਂ ਵੀ ਵਡਾ ਹੋਰ ਫਰਕ। ਤੈਨੂੰ ਪਤਾ ਹੈ, ਮੈਂ ਵੀ ਤੇਰੇ ਵਾਕੁਣ ਕਰਮ ਕਾਂਡੀ ਸਾਂ, ਪਰ ਕਰਮਾਂ ਦੇ ਸਿੱਧਾਂਤ ਨਾਲ ਕੁਛ ਗਲ ਪੱਲੇ ਨਹੀਂ ਪੈਂਦੀ ਸਿਵਾਏ ਨਿਰਾਸਤਾ ਦੇ। ਪੁਰਾਣਾਂ ਵਿਚ ਕਥਾ ਹੈ ਕਿ :

ਇਕ ਰਾਜੇ ਕੋਲ ਇਕ ਵੇਰ ਕੁਛ ਬ੍ਰਾਹਮਣ ਗਏ। ਉਨ੍ਹਾਂ ਦਾਨ ਮੰਗਿਆ, ਨਾਲ ਹੀ ਏਸ ਗਲ ਦੀ ਪ੍ਰਸੰਸਾ ਕੀਤੀ ਕਿ ਰਾਜੇ ਦਾ ਪਿਤਾ ਬੜਾ ਦਾਨੀ ਸੀ ਤੇ ਉਹ ਹਮੇਸ਼ਾਂ ਬ੍ਰਾਹਮਣਾਂ ਨੂੰ ਧਨ ਦੇਂਦਾ ਹੁੰਦਾ ਸੀ। ਰਾਜੇ ਨੇ ਕਿਹਾ, ਪਹਿਲੇ ਮੈਨੂੰ ਇਹ ਪਤਾ ਕਰਕੇ ਦੱਸੋ ਕਿ ਮੇਰੇ ਦਾਨੀ ਪਿਤਾ ਦਾ ਐਸ ਵੇਲੇ ਕੀ ਹਾਲ ਹੈ।


www.sikhbookclub.com

ਬ੍ਰਾਹਮਣ ਮੁੜ ਆਏ, ਓਹ ਨਿਰਾਸ ਸਨ। ਇਹ ਪਤਾ ਲਗਾਉਣਾ ਮੁਸ਼ਕਲ ਗਲ ਸੀ ਕਿ ਇਕ ਪ੍ਰਲੋਕ ਵਾਸੀ ਦਾ ਹੁਣ ਕੀ ਹਾਲ ਹੈ। ਆਖ਼ਰ ਇਕ ਬੜਾ ਤਪੱਸ੍ਰੀ, ਜੋ ਜੰਗਲ ਵਿਚ ਦੇਰ ਤੋਂ ਕਠਿਨ ਸਾਧਨਾ ਕਰ ਰਿਹਾ ਸੀ, ਉਸ ਨੂੰ ਮਿਲਦਾ ਹੈ ਤੇ ਪਤਾ ਕਰ ਦੇਣ ਦਾ ਭਰੋਸਾ ਦਿਵਾਉਂਦਾ ਹੈ। ਉਹ ਜੀਉਂਦਾ ਹੀ ਅਪਣੇ ਤਪੋ ਬਲ ਨਾਲ ਪ੍ਰਲੋਕ ਵਿਚ ਚਲਾ ਗਿਆ, ਉਥੇ ਉਸ ਨੂੰ ਇਕ ਪ੍ਰੇਤ ਬ੍ਰਾਹਮਣ ਮਿਲਦਾ ਹੈ, ਜੋ ਉਸ ਦਾ ਰਸਤਾ ਰੋਕਦਾ ਹੈ ਤੇ ਕਹਿੰਦਾ ਹੈ : ਐ ਤਪਸ੍ਰੀ ਤੂੰ ਮੇਰੀ ਦੱਖਣਾ ਚੁਕਾਏ ਬਗ਼ੈਰ ਅਗੇ ਕਿੱਥੇ ਜਾ ਰਿਹਾ ਹੈਂ ? ਦੁਨੀਆਂ ਵਿਚ ਤੂੰ ਜੋ ਇਕਰਾਰ ਕੀਤਾ ਸੀ ਉਹ ਅਜੇ ਪੂਰਾ ਨਹੀਂ ਕੀਤਾ। ਉਸ ਨੂੰ ਯਾਦ ਕਰ। ਤਪੱਸ੍ਰੀ ਨੇ ਕਿਹਾ: ਹਾਂ ਮੈਨੂੰ ਯਾਦ ਆ ਗਿਆ ਹੈ, ਮੈਂ ਤੈਨੂੰ ਸੋਲਾਂ ਪੈਸੇ ਦੇਣੇ ਸਨ, ਤੂੰ ਹੁਣ ਪਰੇ ਹਟ, ਰਸਤਾ ਛੱਡ ਮੈਂ ਤੈਨੂੰ ਘਰ ਜਾਕੇ ਉਹ ਦੇ ਦਿਆਂਗਾ।

ਪ੍ਰੇਤ ਬ੍ਰਾਹਮਣ ਨੇ ਕਿਹਾ: ਮੈਂ ਤੇ ਹੁਣ ਉਥੇ ਹਾਂ ਹੀ ਨਹੀਂ, ਤੂੰ ਦੇ ਕਿਸ ਤਰ੍ਹਾਂ ਦੇਵੇਂਗਾ? ਨਾਲੇ ਤੂੰ ਹੁਣ ਏਥੇ ਆ ਗਿਆ ਹੈਂ, ਤੇਰਾ ਉਥੋਂ ਦਾ ਧਨ ਤੇਰਾ ਨਹੀਂ, ਉਹ ਤਾਂ ਤੇਰੇ ਵਾਰਸਾਂ ਦਾ ਹੋ ਗਿਆ, ਤੂੰ ਦੇਵੇਂਗਾ ਕਿੱਥੋਂ ? ਮੈਂ ਤੈਨੂੰ ਅੱਗੇ ਜਾਣ ਨਹੀਂ ਦੇਵਾਂਗਾ। ਤਪੱਸ੍ਰੀ ਨੇ ਕਿਹਾ ਕਿ ਏਥੇ ਭੀ ਤਾਂ ਮੇਰੇ ਪਾਸ ਕੁਛ ਨਹੀਂ ਤਾਂ ਤੇ ਤੈਨੂੰ ਦਿਆਂ ਕਿਥੋਂ ? ਤਦ ਪ੍ਰੇਤ ਬ੍ਰਾਹਮਣ ਬੋਲਿਆ ਕਿ ਏਥੇ ਪ੍ਰਲੋਕ ਵਿਚ ਪੁੰਨ ਹੀ ਬੜਾ ਧਨ ਮੰਨਿਆਂ ਜਾਂਦਾ ਹੈ। ਜੋ ਕੁਛ ਤੂੰ ਪੁੰਨ ਕੀਤੇ ਹੋਏ ਹਨ, ਉਨ੍ਹਾਂ ਦਾ ਅੱਧਾ ਹਿੱਸਾ ਮੈਨੂੰ ਦੇ ਦੇ। ਤਪੱਸ੍ਰੀ ਨੇ ਕਿਹਾ: ਅਰੇ ਸੋਲਾਂ ਪੈਸਿਆਂ ਪਿਛੇ ਤੈਨੂੰ ਅੱਧੇ ਪੁੰਨ ਦੇ ਦਿਆਂ? ਸੋ ਉਹਨਾਂ ਦਾ ਝਗੜਾ ਵੱਧ ਗਿਆ। ਆਖ਼ਰ ਕਿਸੇ ਨੇ ਵਿਚ ਪੈਕੇ ਇਹ ਹਿਸਾਬ ਮੁਕਾਇਆ, ਕਿ ਤੂੰ ਆਪਣੇ ਪੁੰਨਾਂ ਦਾ ਛੇਵਾਂ ਹਿੱਸਾ ਦੇ ਦੇਹ ਤੇ ਫੈਸਲਾ ਕਰ ਲੈ।

ਓਥੋਂ ਪਿੱਛਾ ਛੁਡਾਕੇ ਤਪੱਸ੍ਰੀ ਜਦ ਅੱਗੇ ਗਿਆ ਤਾਂ ਇਕ ਗੁਵਾਲਾ ਮਿਲਿਆ, ਉਸ ਨੇ ਪਛਾਣਦਿਆਂ ਹੀ ਉਸ ਨੂੰ ਰੋਕ ਲਿਆ ਤੇ ਕਿਹਾ: ਅਰੇ ਤੂੰ ਤਾਂ ਮੈਨੂੰ ਆਪਣੀ ਗਊ ਰਖਵਾਲੀ ਲਈ ਦਿਤੀ ਸੀ, ਇਕ ਕੌਡੀ ਮਹੀਨੇ ਪਿਛੇ; ਫੇਰ ਸੁਣਿਆਂ ਤੂੰ ਬਨ ਨੂੰ ਨੱਸ ਗਿਆ ਸੈਂ; ਓਦੋਂ ਦਾ ਅੱਜ ਮਿਲਿਆ ਹੈਂ। ਉਹ ਹਿਸਾਬ ਬਹੁਤ ਵਧ ਗਿਆ ਹੈ। ਹੁਣ ਉਹ ਪੈਸੇ ਮੈਂ ਲੈਕੇ ਛੱਡਾਂਗਾ।

ਤਦ ਉਸ ਗਵਾਲੇ ਨੇ ਵੀ ਉਸ ਦੇ ਪੁੰਨਾਂ ਦਾ ਛੇਵਾਂ ਭਾਗ ਲੈ ਲਿਆ।

ਉਸ ਨੂੰ ਫੇਰ ਧੋਬੀ ਮਿਲਿਆ, ਚਮਾਰ ਮਿਲਿਆ, ਦਰਜ਼ੀ ਮਿਲਿਆ, ਇਕ ਹਟਵਾਣੀਆ ਮਿਲਿਆ। ਸਾਰਿਆਂ ਨੂੰ ਛੇਵਾਂ ਛੇਵਾਂ ਭਾਗ ਪੁੰਨਾਂ ਦਾ ਵੰਡਦਾ ਗਿਆ, ਪਿਛਲੇ

 www.sikhbookclub.com

ਲੇਖੇ ਮੁਕਾਉਣ ਲਈ। ਆਖ਼ਰ ਉਸ ਪਾਸ ਕੁਛ ਨਾ ਰਿਹਾ। ਉਸ ਦਾ ਤਪੋ ਬਲ ਸਾਰਾ ਖ਼ਤਮ ਹੋ ਗਿਆ। ਹੁਣ ਉਸ ਨੂੰ ਮੁੜਨਾ ਪਿਆ। ਮੁੜਦੇ ਮੁੜਦੇ ਨੇ ਦੇਖਿਆ ਕਿ ਰਾਜੇ ਦਾ ਪਿਤਾ ਖੜੇ ਦੁਖ ਭੋਗ ਰਿਹਾ ਹੈ। ਰਾਜੇ ਦੇ ਪਿਤਾ ਨੇ ਤਪੱਸ੍ਰੀ ਨੂੰ ਕਿਹਾ ਕਿ ਜਾਕੇ ਮੇਰੇ ਰਾਜ ਪੁਤਰ ਨੂੰ ਸੁਨੇਹਾ ਦੇ ਦੇਵੀਂ ਕਿ ਮੈਂ ਬ੍ਰਾਹਮਣਾਂ ਨੂੰ ਦਾਨ ਤਾਂ ਬਹੁਤ ਦਿਤਾ ਹੈ, ਪਰ ਅਗਯਾਨ ਦੇ ਹਨੇਰੇ ਵਿਚ ਦਿਤਾ ਹੈ। ਪਰਜਾ ਨੂੰ ਪੀੜਾ ਦੇਕੇ ਇਕੱਠਾ ਕੀਤਾ ਧਨ ਹੀ ਵੰਡਿਆ ਹੈ। ਉਸੇ ਸੰਤਾਪ ਤੋਂ ਉਤਪੰਨ ਹੋਈ ਅੱਗ ਵਿਚ ਦਿਨ ਰਾਤ ਸੜ ਰਿਹਾ ਹਾਂ। ਤੂੰ ਮੇਰੇ ਪੁਤ੍ਰ ਨੂੰ ਜਾਕੇ ਕਹੁ ਕਿ ਮੇਰੇ ਛੁਟਕਾਰੇ ਦਾ ਕੋਈ ਉਪਾਉ ਸੋਚੇ, ਤੇ ਮੇਰੇ ਜੀਵਨ ਤੋਂ ਸਿੱਖਿਆ ਲਵੇ।

ਬੇਣੀ ਜੀ ਇਹ ਗਲ ਸੁਣਾਕੇ ਕਹਿਣ ਲਗੇ ਕਿ ਇਹ ਕਥਾ ਨਿਚੋੜ ਹੈ ਸਾਡੀ ਸਾਰੀ ਕਰਮ ਕਾਂਡੀ ਸਿੱਖਿਆ ਦਾ। ਅਸੀਂ ਕਰਮ ਜਾਲ ਦੇ ਬੰਧਨ ਵਿਚ ਫਸੇ ਹੋਏ ਹਾਂ, ਜਿਥੋਂ ਛੁਟਕਾਰੇ ਦੀ ਆਸ ਨਹੀਂ। ਕਰਮ ਕਾਂਡੀ ਸਿਖਿਆ ਸਾਡੀ ਕੋਈ ਮਹਾਇਤਾ ਨਹੀਂ ਕਰ ਸਕਦੀ। ਏਸ ਗਲ ਦਾ ਪਤਾ ਮੈਨੂੰ ਏਸ ਦਰਬਾਰ ਵਿਚ ਹੀ ਆਕੇ ਲਗਾ ਹੈ। ਪਰਤੱਖ ਦੇਖ ਲਿਆ ਹੈ ਕਿ ਲੇਖਿਆਂ ਨਾਲ ਛੁਟਕਾਰਾ ਨਹੀਂ।

ਰੇ ਮਨ ਲੇਖੈ ਕਬਹੂ ਨ ਪਾਇ॥

(ਬਸੰਤ ਮ:੧—੩)

ਭਾਵੇਂ ਕੁਛ ਕਰ ਲਓ, ਅਠਾਰਾਂ ਦੇ ਅਠਾਰਾਂ ਪੁਰਾਣ ਤੇ ਚਾਰੇ ਵੇਦ ਲਿਖੇ ਹੋਏ ਕੋਲ ਹੋਣ ਜਾਂ ਮੂੰਹ ਜ਼ਬਾਨੀ ਯਾਦ ਹੋਣ, ਉਹ ਏਸ ਬੰਧਨ ਵਿਚੋਂ ਸਾਨੂੰ ਬਾਹਰ ਨਹੀਂ ਕੱਢ ਸਕਦੇ।

ਦਸ ਅਠ ਲੀਖੇ ਹੋਵਹਿ ਪਾਸਿ॥
ਚਾਰੇ ਬੇਦ ਮੁਖਾਗਰ ਪਾਠਿ॥

(ਬਸੰਤ ਮ: ੧—੩)

ਪਰ ਕਿਸੇ ਉਚੇ ਦੀ ਸ਼ਰਣ ਪਿਆਂ ਏਹ ਸਾਰੇ ਲੇਖੇ ਫਟ ਜਾਂਦੇ ਹਨ। ਇਹ ਗੁਰੂ ਬਾਬੇ ਦੀ ਸਿੱਖਿਆ ਹੈ, ਇਹ ਸਚੇ ਸਾਹਿਬ ਗੁਰੂ ਨਾਨਕ ਦੀ ਸਿਖਿਆ ਹੈ। ਉਹ ਸ਼ਰਨ ਆਏ ਦੀ ਲਾਜ ਰੱਖਦੇ ਹਨ। ਮੈਂ ਹੁਣ ਉਹਨਾਂ ਦੀ ਸ਼ਰਨ ਹਾਂ। ਉਹਨਾਂ ਦਾ ਹੀ ਸਰੂਪ ਗੁਰੂ ਅਮਰਦਾਸ ਜੀ ਹਨ। ਇਹ ਉਹਨਾਂ ਦੀ ਜੋਤਿ ਤੋਂ ਹੀ ਜੋਤਿ ਜਗੀ ਹੈ, ਜਿਸ ਮੇਰੀ ਅੱਖ ਖੋਹਲ ਦਿਤੀ ਹੈ। ਗੁਰੂ ਬਾਬੇ ਨਾਨਕ ਨੇ ਕਿਹਾ ਸੀ :

 www.sikhbookclub.com

ਨਾਨਕ ਸਤਿਗੁਰੁ ਐਸਾ ਜਾਣੀਐ
ਜੋ ਸਭਸੈ ਲਏ ਮਿਲਾਇ ਜੀਉ ॥

(ਸਿਰੀ ਰਾਗੁ ਮ :੧)

ਸਭ ਨੂੰ ਮਿਲਾਉਣ ਵਾਲੀ ਸਿਖਿਆ ਗੁਰੂ ਨਾਨਕ ਸਾਹਿਬ ਨੇ ਦਿਤੀ ਸੀ। ਇਹ ਸੀ ਕਰਮ ਕਾਂਡ ਨੂੰ ਤੋੜਨ ਲਈ, ਜਿਸ ਕਰਮ ਕਾਂਡ ਦੀਆਂ ਸੰਗਲੀਆਂ ਵਿਚ ਜ਼ਾਤ ਪਾਤ ਦਾ ਬੰਧਨ ਜਕੜਕੇ ਬੱਝਾ ਹੋਇਆ ਸੀ। ਇਸ ਮਿਲੌਣੀ ਦੀ ਅਮਲੀ ਸ਼ਕਲ ਗੁਰੂ ਅਮਰਦਾਸ ਜੀ ਨੇ ਪੈਦਾ ਕਰ ਦਿਤੀ। ਇਕ ਵਿਸ਼ਾਲ ਰੂਪ ਵਿਚ ਉਹਨਾਂ ਸਭ ਨੂੰ ਨਾਲ ਮਿਲਾ ਲਿਆ। ਉਹਨਾਂ ਦਾ ਸਾਂਝਾ ਲੰਗਰ ਇਕ ਜਾਦੂ ਹੈ, ਇਸ ਨੇ ਵਰਣ ਆਸ਼ਮ ਦੀ ਤੰਗ ਦਿਲੀ ਦਾ ਕੜ ਤੋੜ ਦਿਤਾ ਹੈ। ਇਹ ਗੁਰੂ ਬਾਬੇ ਦੀ ਸਿਖਿਆ ਨੂੰ ਸਿਰੇ ਚੜ੍ਹਾਉਣ ਦਾ ਬੇ–ਖ਼ੌਫ ਕਦਮ ਹੈ।

ਗੁਰੂ ਅਮਰਦਾਸ ਜੀ ਦੀ ਵਿਆਪਕ ਦ੍ਰਿਸ਼ਟੀ ਹੀ ਐਸੀ ਕਾਰਜ ਸੂਚੀ ਨੂੰ ਸਿਰੇ ਚਾੜ੍ਹ ਸਕਦੀ ਸੀ। ਇਸ ਦੇ ਆਦਰਸ਼ ਦੀ ਰੂਪ ਰੇਖਾ ਤਾਂ ਆਦਿ ਗੁਰੂ ਜੀ ਆਪ ਵਾਹ ਗਏ ਸੀ। ਇਹ ਸੁਧਾਰ ਬੜਾ ਗਹਿਰਾ ਹੈ। ਇਸ ਦਾ ਪੂਰਾ ਅਸਰ ਸਦੀਆਂ ਬਾਅਦ ਪਤਾ ਲਗੇਗਾ ਕਿ ਆਦਿ ਗੁਰੂ ਬਾਬੇ ਦਾ ਕੀ ਮਨੋਰਥ ਸੀ। ਦੁਨੀਆਂ ਹੌਲੀ ਹੌਲੀ ਏਸੇ ਰੁਖ਼ ਝੁਕ ਜਾਏਗੀ। ਕੇਵਲ ਸਮੇਂ ਦੀ ਗਲ ਹੈ।

ਸੋ ਭਾਈ ਮੈਂ ਤਾਂ ਕਰਮਾਂ ਦੇ ਲੇਖੇ ਤੋਂ ਛੁੱਟ ਗਿਆ ਹਾਂ, ਮੇਰੇ ਉਤੇ ਬੜੀ ਦਯਾ ਹੋਈ ਹੈ। ਮੈਨੂੰ ਅਹੰਕਾਰ ਦੇ ਹਨੇਰੇ ਵਿਚੋਂ ਉਹਨਾਂ ਕੱਢ ਲਿਆ ਹੈ। ਮੇਰੇ ਅੰਦਰ ਪ੍ਰਕਾਸ਼ ਕਰ ਦਿਤਾ ਹੈ।

ਮਿਸ਼ਰ—ਪਰ ਤੂੰ ਕਹਿਣ ਤਾਂ ਲਗਾ ਸੈਂ ਕਿ ਵਿਦਯਾ ਦੋ ਪ੍ਰਕਾਰ ਦੀ ਹੈ, ਉਹ ਗਲ ਤਾਂ ਵਿਚੇ ਰਹਿ ਗਈ ?

ਬੇਣੀ—ਹਾਂ ਵਿਦਯਾਂ ਦੋ ਪ੍ਰਕਾਰ ਦੀ ਹੈ, ਇਕ ਪੋਟੇ ਦੀ ਦੂਜੀ ਪੋਂਦੇ ਦੀ। ਮੇਰੇ ਲਦੇ ਹੋਏ ਊਠ ਪੋਟੇ ਦੀ ਵਿਦਿਆ ਸੀ, ਪੋਂਦਾ ਖਾਲੀ ਸੀ। ਹੁਣ ਵਿਦਿਆ ਪੋਂਦੇ ਵਿਚ ਸਿੰਜਰ ਗਈ ਹੈ, ਉਥੇ ਉਹ ਪੁਸਤਕਾਂ ਦੀ ਸ਼ਕਲ ਵਿਚ ਨਹੀਂ ਉਸ ਨੇ ਸੂਖਮ ਵੇਸ ਧਾਰ ਲਿਆ ਹੈ। ਸੋ ਵਿਦਿਆ ਦੋ ਪ੍ਰਕਾਰ ਦੀ ਹੈ, ਪੋਟੇ ਦੀ ਤੇ ਪੋਂਦੇ ਦੀ। ਅਸਲੀਅਤ ਦੋਨਾਂ ਦੀ ਇਕੋ ਹੈ, ਪਰ ਟਿਕਾਣੇ ਦੇ ਭੇਦ ਕਰਕੇ ਇਹ ਦੋ ਪ੍ਰਕਾਰ ਦੀ ਹੋ ਜਾਂਦੀ ਹੈ।

ਗੁਰੂ ਬਾਬਾ ਇਹੋ ਕਹਿੰਦਾ ਸੀ ਪੇਟ ਦਾ ਜਨੇਊ ਨਿਕੰਮਾ ਹੈ, ਜੀਅ ਦਾ ਜਨੇਊ ਧਾਰੋ, ਜੋ ਸੂਖਮ ਸਦਾਚਾਰ ਸਰੂਪ ਵਿਚ ਤੁਹਾਡੇ ਜੀਅ ਦੇ ਨਾਲ ਨਿਭੇ। ਉਹ ਵਿਦਿਆ ਜੋ ਪੋਟੇ

 www.sikhbookclub.com

ਵਿਚ ਬਾਹਰਲੇ ਕਾਰਣਾਂ ਕਰਕੇ 'ਕਰਮ ਕਾਂਡ' ਅਵਸਥਾ ਧਾਰਣ ਕਰਦੀ ਹੈ, ਓਹੋ ਵਿਦਿਆ ਪੇਂਦੇ ਵਿਚ ਸਿੰਜਰਕੇ ਭਾਵ ਰੂਪ ਹੋ ਜਾਂਦੀ ਹੈ ; ਓਹੋ ਵਿਦਿਆ ਜੋ ਬਾਹਰ ਬੋਝਲ ਸੀ ਉਹ ਆਪਣਾ ਟਿਕਾਣਾ ਬਦਲਣ ਨਾਲ ਹਲਕੀ ਹੋ ਜਾਂਦੀ ਹੈ੧੭, ਅਨੁਭਵ ਰੂਪ ਹੁੰਦੀ ਜਾਂਦੀ ਹੈ, ਅਨੁਰਾਗ ਰੂਪ ਹੋ ਜਾਂਦੀ ਹੈ ਤੇ ਕਿਸੇ ਦੀ ਮੇਹਰ ਦਾ ਸਦਕਾ ਨਾਮ ਰੂਪ ਹੋ ਜਾਂਦੀ ਹੈ, ਤੇ ਐਉਂ ਜੀਵਨ ਰੂਪ ਹੋ ਜਾਂਦੀ ਹੈ।

ਮਿਸ਼ਰ—ਖੈਰ ਇਹ ਦਿੱਸਦਾ ਤਾਂ ਪਿਆ ਹੈ, ਤੂੰ ਹੋਰ ਦਾ ਹੋਰ ਲਗਦਾ ਹੈਂ, ਪਰ ਉਹਨਾਂ ਕੀਤਾ ਕਿਸ ਤਰ੍ਹਾਂ ?

ਬੇਣੀ—ਤੂੰ ਚੱਲ, ਨਾਲੇ ਉਹਨਾਂ ਦੇ ਲੰਗਰ ਦਾ ਪ੍ਰਸ਼ਾਦ ਛਕ। ਉਥੇ ਚਾਰ ਵਰਣ ਇਕ ਹੋ ਗਏ ਹਨ। ਤੇਰੇ ਹਿਰਦੇ ਦੇ ਵੀ ਚਾਰ ਭਾਗ ਹਨ: ਮਨ, ਬੁਧਿ, ਚਿਤ, ਅਹੰਕਾਰ। ਉਸ ਪੰਗਤ ਵਿਚ ਬੈਠਿਆਂ ਤੇਰੇ ਅੰਦਰ ਦੇ ਚਾਰ ਟੋਟੇ ਜੁੜ ਜਾਣਗੇ। ਅੰਦਰ ਏਕਤਾ ਹੋ ਜਾਏਗੀ, ਫੇਰ ਅੰਦਰ ਦੀ ਬੇੜੀ ਦਾ ਪੇਂਦਾ ਤੇ ਪੇਟਾ ਹੰਸ ਚਾਲ ਚਲਣਗੇ ਤੇ ਤੂੰ ਆਪ ਕਹਿੰਦਾ ਫਿਰੇਂਗਾ—

ਕਰਮ ਕਾਂਡ ਬਹੁ ਕਰਹਿ ਅਚਾਰ ॥
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥
ਬੰਧਨਿ ਬਾਧਿਓ ਮਾਇਆ ਫਾਸ ॥
ਜਨ ਨਾਨਕ ਛੂਟੈ ਗੁਰ ਪ੍ਰਗਾਸ ॥

(ਰਾਮਕਲੀ ਮ:੩)

ਇਹ ਸੁਣਦਿਆਂ ਹੀ ਮਿਸ਼ਰ ਜੀ ਨੂੰ ਸੁਆਦ ਆ ਗਿਆ। ਸਿਰ ਝੂੰਮਣ ਲਗਾ, ਅੱਖਾਂ ਬੰਦ ਕਰ ਲਈਆਂ, ਅੰਦਰਲੇ ਨੈਣ ਖੁੱਲ੍ਹਣ ਲਗੇ। ਭੀਤਰ ਦੇਖਦੇ ਹਨ, ਕੀ ਦਿੱਸਦਾ ਹੈ ਕਿ ਅੰਦਰ ਇਕ ਸ਼ੀਸ਼ਾ ਲੱਗਾ ਹੋਇਆ ਹੈ। ਇਸ ਵਿਚ ਇਕ ਅਡੋਲ ਛਾਇਆ ਮੂਰਤਿ ਦਾ ਆਭਾਸ ਪੈ ਰਿਹਾ ਹੈ। ਕੀ ਇਹ ਹੰਸ ਦਾ ਪਾਣੀ ਵਿਚ ਪਰਛਾਵਾਂ ਹੈ ? ਨਹੀਂ ਨਹੀਂ, ਇਹ ਤੇ ਪਰਮ ਤਤ ਦਾ ਪ੍ਰਤਿਬਿੰਬ ਹੈ, ਇਕ ਝਲਕਾਰਾ ਹੈ, ਇਕ ਅਕਸ ਹੈ, ਇਕ ਦਰਸ਼ਨ ਹੈ। ਮਿਸ਼ਰ ਨੇ ਅੱਖ ਖੋਹਲ ਦਿਤੀ ਤੇ ਪੁੱਛਿਆ ਇਹ ਕੀ ਹੈ ?

੧੭ ਇਕ ਵੱਟਾ ਹਵਾ ਵਿਚ ਜੋ ਤੋਲ ਤੁਲਦਾ ਹੈ ਓਹੋ ਵੱਟਾ ਪਾਣੀ ਵਿਚ ਤੋਲਿਆਂ ਘੱਟ ਵਜ਼ਨ ਦੱਸੇਗਾ।

 www.sikhbookclub.com

ਬੇਣੀ—ਇਹ ਮਨੁ ਆਰਸੀ੧੮ ਕੋਈ ਗੁਰਮੁਖਿ ਵੇਖੈ ॥
ਮੋਰਚਾ੧੯ ਨ ਲਾਗੈ ਜਾ ਹਉਮੈ ਸੋਖੈ ॥
(ਮਾਝ ਮ:੩)

## ੧੮.

ਘਸੀਟੇ ਦੀ ਮਾਂ ਕੁਛ ਦਿਨ ਬੇਚੈਨ ਰਹੀ। ਪੁਤ੍ਰ ਚਲਾ ਗਿਆ, ਪਰ ਪੁੱਤਰ ਉਤੇ ਗੁੱਸਾ ਨਹੀਂ ਆਇਆ। ਇਹੋ ਕਹਿੰਦੀ ਹੈ, ਅੱਛਾ ਬੱਚਾ, ਜਿੱਥੇ ਰਹੁ ਤੇਰਾ ਵਾਲ ਨਾ ਵਿੰਗਾ ਹੋਵੇ, ਤੈਨੂੰ ਗੁਰਾਂ ਦੀਆਂ ਰੱਖਾਂ, ਤੈਨੂੰ ਬਾਬੇ ਦੀਆਂ ਰੱਖਾਂ, ਸਚੇ ਸਾਹਿਬ ਦੀਆਂ ਰੱਖਾਂ, ਤੈਨੂੰ ਗੋਇੰਦਵਾਲ ਵਾਲੇ ਬਾਬੇ ਦੀਆਂ ਰੱਖਾਂ। ਪਿੰਡ ਦੀਆਂ ਜ਼ਨਾਨੀਆਂ ਘਸੀਟੇ ਦੀ ਮਾਂ ਕੋਲ ਆਉਂਦੀਆਂ ਹਨ, ਹਮਦਰਦੀ ਪ੍ਰਗਟ ਕਰਦੀਆਂ ਹਨ, ਕੋਈ ਕਹਿ ਦੇਂਦੀ ਹੈ, ਹਾਇ ਭੈਣ ਉਸ ਨੂੰ ਤੇਰੀ ਬੁੱਢੀ ਉਮਰ ਉਤੇ ਵੀ ਤਰਸ ਨਾ ਆਇਆ! ਪਰ ਮਾਂ ਇਹੋ ਕਹਿੰਦੀ ਹੈ, ਨਾਂ ਭੈਣ ਇਂਵ ਨਾ ਕਹੋ, ਬਾਲ ਗੁਪਾਲ ਹੈ, ਹੱਸ ਖੇਡਕੇ ਆ ਜਾਏਗਾ।

ਇਕ ਦਿਨ ਇਕ ਜ਼ਨਾਨੀ ਨੱਸੀ ਆਈ, ਨੀ ਭੈਣ ਘਸੀਟਾ ਆ ਗਿਆ! ਮੈਂ ਉਸ ਨੂੰ ਪੁਲ ਕੋਲ ਦੇਖਿਆ ਹੈ। ਪਹਿਲੇ ਤੇ ਸਿੱਧਾ ਟੁਰਿਆ ਆਉਂਦਾ ਸੀ, ਮੈਂ ਜਾਤਾ ਕੋਈ ਹੋਰ ਹੈ, ਪੁਲ ਉਤੇ ਫੇਰ ਕੱਛ ਹੇਠ ਘੋੜੀ ਲਾ ਲਈ ਸੂ। ਮੈਂ ਖੇਤ ਵਿਚ ਸਾਂ ਤੇ ਠਕ ਠਕ ਦੀ ਅਵਾਜ਼ ਆਈ, ਮੈਂ ਕਿਹਾ ਇਹ ਤੇ ਘਸੀਟਾ ਹੈ, ਮੈਂ ਨੱਸੀ ਆਈ, ਨੀ ਭੈਣ, ਉਠ ਤੇਲ ਚੋ। ਏਨੇ ਨੂੰ ਘਸੀਟੇ ਹੁਰੀਂ ਆ ਪਹੁੰਚੇ। ਮਾਂ ਦੀ ਖੁਸ਼ੀ ਦਾ ਕੋਈ ਆਰ ਪਾਰ ਨਹੀਂ ਸੀ, ਪਰ ਘਸੀਟਾ ਚੁੱਪ ਸੀ। ਖੁਸ਼ ਸੀ ਪਰ ਕੋਈ ਗਲ ਨਹੀਂ ਸੀ ਕਰਦਾ। ਗਲਾਂ ਦੀ ਲੋੜ ਵੀ ਨਹੀਂ ਸੀ। ਸਾਰਿਆਂ ਨੂੰ ਪਤਾ ਸੀ ਕਿ ਬੰਤੋ ਦੇ ਮਗਰ ਗਿਆ ਹੈ, ਜੋ ਏਸ ਜਹਾਨ ਵਿਚ ਹੈ ਹੀ ਨਹੀਂ। ਸਾਰਿਆਂ ਨੇ ਦੇਖ ਲਿਆ ਕਿ ਖਾਲੀ ਹੱਥੀਂ ਆਇਆ ਹੈ। ਸਾਰੇ ਹੱਸਕੇ ਮਾਂ ਨੂੰ ਵਧਾਈ ਦੇਕੇ ਚਲੇ ਗਏ। ਮਾਂ ਬੋਲਦੀ ਸੀ, ਘਸੀਟਾ ਚੁੱਪ ਸੀ। ਮਾਂ ਇਹੋ ਕਹਿੰਦੀ ਸੀ: ਮਾਂ ਸਦਕੇ, ਮਾਂ ਘੋਲੀ, ਮਾਂ ਵਾਰੀ। ਰਾਤ ਸੌਣ ਲਗਿਆਂ ਮਾਂ ਨੇ ਮਸੇ ਚੁਪ ਕੀਤੀ। ਉਸ ਵੇਲੇ ਘਸੀਟੇ ਨੇ ਮੂੰਹ ਖੋਹਲਿਆ ਤੇ ਇਕੋ ਫਿਕਰਾ ਕਿਹਾ, 'ਮਾਂ ਜੀ ਸਵੇਰੇ ਦਹੀਂ ਨੂੰ ਰੇੜਕਾ ਨਾ ਪਾਉਣਾ'।

੧੮ ਸ਼ੀਸ਼ਾ।
੧੯ ਜ਼ੰਗ (ਜ਼ੰਗਾਲ)

 www.sikhbookclub.com

# ੪. ਭਾਈ ਸਾਹਿਬ ਵੀਰ ਸਿੰਘ ਜੀ ਦਾ ਸੰਦੇਸ਼

[੨੩ ਨਵੰਬਰ ੧੯੬੦ ਵਾਲੇ ਦਿਨ ਦਿੱਲੀ ਵਿਚ ਸਰਦਾਰ ਸ਼ਿਵਨਾਥ ਸਿੰਘ ਜੀ ਦੀ ਕੋਠੀ, 'ਸਟੱਡੀ ਸਰਕਲ' ਦਾ ਦੀਵਾਨ ਸਜਿਆ ਸੀ। ਉਸ ਵਿਚ ਡਾਕਟਰ ਬਲਬੀਰ ਸਿੰਘ ਜੀ ਨੇ ਇਕ ਭਾਸ਼ਨ ਦਿਤਾ, ਜਿਸ ਦਾ ਸਿਰਲੇਖ ਸੀ–'ਭਾਈ ਸਾਹਿਬ ਜੀ ਦਾ ਸੰਦੇਸ਼'। ਭਾਸ਼ਨ ਟੇਪ ਰੀਕਾਰਡ ਕੀਤਾ ਗਿਆ ਸੀ। ਇਹ ਮਜ਼ਮੂਨ ਉਸ ਟੇਪ ਰਿਕਾਰਡ ਦੇ ਇਕ ਹਿੱਸੇ ਤੋਂ ਤਿਆਰ ਕੀਤਾ ਲਿਖਤੀ ਰੂਪ ਹੈ ਉਸ ਭਾਸ਼ਨ ਦਾ।]

੧.

ਭਾਈ ਸਾਹਿਬ ਜੀ ਦੀ ਰਚਨਾ ਵਿਚ ਇਕ ਖਾਸ ਗੁਣ ਹੈ, ਕਿ ਉਹਨਾਂ ਦੀ ਲਿਖਤ ਸੰਦੇਸ਼ ਰੂਪ ਹੈ। ਆਪੂੰ ਉਹਨਾਂ ਨੂੰ ਪਤਾ ਸੀ ਕਿ ਕੋਈ ਸੁਨੇਹਾ ਲੈਕੇ ਉਹ ਆਏ ਹਨ ਜੋ ਉਹਨਾਂ ਦੇਣਾ ਸੀ।

ਜਦ ਉਹ ਛੋਟੇ ਹੀ ਸਨ ਤਾਂ ਉਹਨਾਂ ਨੂੰ ਇਕ ਸੁਪਨਾ ਆਇਆ ਜੋ ਪਿਛੋਂ ਇਕ ਟ੍ਰੈਕਟ ਦੇ ਰੂਪ ਵਿਚ ਛਾਪਿਆ ਗਿਆ।

ਸੁਪਨਾ ਕੀ ਸੀ ? ਉਹਨਾਂ ਡਿੱਠਾ ਕਿ ਅਸੀਂ ਪ੍ਰਲੋਕ ਚਲੇ ਗਏ ਹਾਂ। ਉਥੇ ਕਈ ਹੋਰ ਆਦਮੀ ਆ ਗਏ–

ਆਖਣ ਲਗੇ ਇਸ ਨੂੰ ਪਹਿਲੇ ਪਵਿੱਤ੍ਰ ਕਰੀਏ, ਸੋ ਮੇਰੀ ਪਵਿੱਤ੍ਰਤਾ ਦਾ ਅਨੋਖਾ ਢੰਗ ਇਹ ਨਿਕਲਿਆ ਕਿ ਅੱਗ ਦੇ ਬਲਦੇ ਭਾਂਬੜ ਵਿਚ ਮੈਨੂੰ ਪਾਉਣ ਲਗੇ। ਤਮਾਸ਼ਾ ਦੇਖੋ, ਮੈਨੂੰ ਅੱਗ ਪਾਸੋਂ ਡਰ ਨਾ ਆਇਆ, ਅਰ ਮੈਂ ਖੁਸ਼ੀ ਨਾਲ ਉਸ ਦੇ ਵਿਚ ਜਾ ਵੜਿਆ। ਮੈਨੂੰ ਸੇਕ ਨਹੀਂ ਲੱਗਾ, ਮੈਂ ਸੜਿਆ ਨਹੀਂ, ਸਗੋਂ ਅੱਗ ਨੀਵੀਂ ਹੁੰਦੀ ਗਈ ਤੇ ਮੈਂ ਉੱਚਾ ਹੁੰਦਾ ਗਿਆ, ਇਥੋਂ ਤਾਈਂ ਕਿ ਅਕਾਸ਼ ਵਿਚੋਂ ਤੱਕਦਾ ਹਾਂ ਤਾਂ ਮੇਰੀ ਦੇਹ ਅੱਗ ਦੇ ਵਿਚ ਪਈ ਹੈ ਤੇ ਮੈਂ ਅੱਗ ਤੋਂ ਦੂਰ ਅਕਾਸ਼ ਵਿਚ ਸਾਫ ਨਿਰਮਲ ਤੇ ਪਵਿੱਤ੍ਰ ਖੜਾ ਹਾਂ। ਮੈਂ ਆਖਾਂ: ਹੇ ਅਕਾਲ ਪੁਰਖ ਇਹ ਕੀ ਹੈ ? ਤੇ ਅੰਦਰੋਂ ਮੇਰੇ ਕੋਈ ਕਹੇ: ਇਹ ਉੱਚੀ ਤੇ ਆਨੰਦ ਦਸ਼ਾ ਹੈ, ਜਿਸ ਤੋਂ ਤੂੰ ਡਰਦਾ ਹੁੰਦਾ

ਸੈਂ: ਮੌਤ, ਜਿਸਨੂੰ ਤਬਾਹੀ ਖਿਆਲ ਕਰਦਾ ਸੈਂ, ਇਸ ਸੁੰਦਰ ਦਸ਼ਾ ਦਾ ਦਰਵਾਜ਼ਾ ਸੀ; ਜਿਸ ਦੀ ਭਯਾਨਕਤਾ ਅਤੇ ਡਹਸ ਪ੍ਰਾਣ ਗੁੰਮ ਕਰਦੀ ਹੁੰਦੀ ਸੀ, ਉਹ ਰਸਤਾ ਹੈ ਜੋ ਐਥੇ ਲਿਆਉਂਦਾ ਹੈ। ਮੈਂ ਆਖਾਂ: ਸੱਚ ਹੈ, ਮੈਂ ਕੇਡਾ ਮੂਰਖ ਸਾਂ। (ਫੇਰ ਉਹਨਾਂ ਵਿਚੋਂ ਇਕ ਕਹਿੰਦਾ ਹੈ:) ਤੁਸੀਂ ਅੱਜ ਸਮਝ ਰਹੇ ਹੋ ਕਿ ਤੁਸੀਂ ਮਰਕੇ ਏਥੇ ਆ ਗਏ ਹੋ, ਪਰ ਤੁਸੀਂ ਅਜੇ ਮੋਏ ਨਹੀਂ, ਤੁਸੀਂ ਪਰਮਾਰਥ ਲਈ ਬਹੁਤ ਤਰਲੇ ਲੈਂਦੇ ਲੈਂਦੇ ਕਈ ਮਾਯਾਵੀ ਲੋਕਾਂ ਦੇ ਸੰਗ ਨਾਲ ਕੁਝ ਉਦਾਸੀਨ ਹੋ ਜਾਂਦੇ ਸੀ, ਤੁਹਾਨੂੰ ਪੱਕਾ ਭਰੋਸਾ ਕਰਾਉਣ ਲਈ ਅਰ ਤੁਹਾਡੇ ਵਸੀਲੇ ਕਈਆਂ ਦੇ ਸੰਸੇ ਕੱਟਣ ਲਈ ਅੱਜ ਇਕ ਖੁਸ਼ੀ ਦੇ ਕਾਰਣ ਤੁਹਾਨੂੰ ਇਸ ਨਿੱਤ ਖੁਸ਼ੀ ਦਾ ਦਰਸ਼ਨ ਦਿਤਾ ਗਿਆ ਹੈ। ਤੁਸੀਂ ਜਾ ਕੇ ਲੋਕਾਂ ਨੂੰ ਦੱਸਣਾ ਹੈ ਕਿ ਮੌਤ ਤੋਂ ਨਾ ਡਰੋ।

ਜਾਂ ਮੈਂ ਇਹ ਗਲ ਸੁਣੀ ਕਿ ਅਜੇ ਮੈਂ ਫੇਰ ਮੁੜਕੇ ਜਾਣਾ ਹੈ, ਤਦ ਮੈਨੂੰ ਸੰਸਾਰ ਸਾਗਰ ਤੋਂ ਭੈ ਆਇਆ। ਉਸ ਵੇਲੇ ਇਕ ਮਿੱਤ੍ਰ ਨੇ ਕਿਹਾ: ਇਹ ਭੈ ਜੋ ਤੁਹਾਨੂੰ ਆਇਆ ਹੈ, ਉਹਨਾਂ ਸਦੀਵ ਮੁਕਤ ਮਹਾਂਪੁਰਖਾਂ ਦੀ ਬਜ਼ੁਰਗੀ ਦੱਸਦਾ ਹੈ ਕਿ ਜੋ ਤੁਹਾਡੇ ਕੋਲੋਂ ਕ੍ਰੋੜਹਾ ਕ੍ਰੋੜ ਗੁਣਾਂ ਵਧੀਕ ਪ੍ਰਸੰਨ ਹੋਕੇ ਬੀ ਉਹ ਇਥੋਂ ਸੰਸਾਰ ਵਿਚ ਜਾਂਦੇ ਹਨ, ਅਰ ਡਰਦੇ ਨਹੀਂ, ਉਥੇ ਜਾਕੇ ਦੁਖ ਭੋਗਦੇ ਹਨ, ਪਰ ਪ੍ਰੇਮ ਦੇ ਕਾਰਨ ਪ੍ਰੇਮ ਹੀ ਕਰਦੇ ਚਲੇ ਜਾਂਦੇ ਹਨ।——ਜਦ ਇਹ ਗਲ ਹੈ ਤਦ ਤੁਹਾਡੇ ਲਈ ਕੇਡਾ ਜ਼ਰੂਰੀ ਹੈ ਕਿ ਤੁਸੀਂ ਸੰਸਾਰ ਵਿਚ ਰਹਿਕੇ ਲੋਕਾਂ ਨੂੰ ਸਮਝਾਓ। ਜਿੰਨੀਆਂ ਆਤਮਾ ਨੂੰ ਸਮਝ ਆ ਸਕੇ ਉਨਿਆਂ ਦਾ ਹੀ ਲਾਭ ਹੈ ਅਰ ਤੁਸੀਂ ਸੁਭਾਗੀ ਹੋਵੋਗੇ। ਮੈਂ ਕਿਹਾ: ਜੀ ਹੈ ਤਾਂ ਸੱਚ, ਪਰ ਆਪ ਕਿਰਪਾ ਕਰੋ! ਕਹਿਣ ਲਗੇ: ਕਿਰਪਾ ਅੱਜ ਹੋ ਗਈ ਜੋ ਏਥੇ ਆਕੇ ਤੁਹਾਡਾ ਭਰਮ ਕਟਿਆ ਗਿਆ! ਹੁਣ ਮੈਂ ਡਰਦੇ ਡਰਦੇ ਨੇ ਕਿਹਾ: ਮੈਂ ਪਿਛੇ ਪਰਤਨਾ ਹੈ ਤੇ ਇਥੇ ਆ ਵੀ ਗਿਆ ਹਾਂ, ਤਦ ਕ੍ਰਿਪਾ ਕਰਕੇ ਮੈਨੂੰ ਸ੍ਰੀ ਕਲਗੀਧਰ ਜੀ ਦੇ ਦਰਸ਼ਨ ਤਾਂ ਕਰਾ ਦਿਓ। ਉਹ ਹੱਸ ਪਏ ਤੇ ਆਖਣ ਲੱਗੇ ਕਿ ਕਿਹੜੇ ਦਰਸ਼ਨ ਕਰਦੇ ਹੋ ? ਯਥਾਰਥ ਰੂਪ ਦੇ ਦਰਸ਼ਨ ਤਾਂ ਯਥਾਰਥ ਪਦ ਤੇ ਪਹੁੰਚਿਆਂ ਆਪੇ ਹੁੰਦੇ ਹਨ; ਅਨੰਦ ਸਰੂਪ ਦੇ ਦਰਸ਼ਨ ਤੁਸੀਂ ਕਰ ਹੀ ਰਹੇ ਹੋ।——ਮਿੱਤ੍ਰੋ! ਇਸ ਸੁਪਨੇ ਨੂੰ ਆਪ ਦੇ ਪੇਸ਼ ਕਰਦਾ ਹਾਂ, ਕਿਉਂਕਿ ਮੈਨੂੰ ਹੁਕਮ ਸੀ ਕਿ ਮਾਤ ਲੋਕ ਵਿਚ ਆਕੇ ਅਗਲਾ ਹਾਲ ਸਾਰਾ ਸੁਣਾ ਦਿਆਂ ਤੇ ਦੁਹਾਈ ਦੇਵਾਂ ਕਿ ''ਅਬ ਕਲੂ ਆਇਓ ਰੇ ।। ਇਕ ਨਾਮ ਬੋਵਹੁ ਬੋਵਹੁ ।।''

 www.sikhbookclub.com

ਹੇ ਮਿੱਤਰੋ ! ਮੌਤ ਨਾਸ਼ ਨਹੀਂ, ਪਰ ਦਸ਼ਾ ਪਲਟੀ ਹੈ । ਅੱਗਾ ਜ਼ਰੂਰ ਹੈ, ਸੱਚ ਹੈ ਤੇ ਸੁਖਦਾਇਕ ਹੈ।

੨.

ਰਾਬਿੰਦਰ ਨਾਥ ਟੈਗੋਰ ਨੇ ਕਿਹਾ ਹੈ ਕਿ ਹਰ ਇਕ ਬੱਚਾ ਜੋ ਦੁਨੀਆਂ ਵਿਚ ਪੈਦਾ ਹੁੰਦਾ ਹੈ, ਉਹ ਬੱਚਾ ਪਰਮਾਤਮਾਂ ਵਲੋਂ ਇਕ ਸੁਨੇਹਾ ਹੁੰਦਾ ਹੈ ਕਿ ਮੈਂ ਦੁਨੀਆਂ ਵਲੋਂ ਅਜੇ ਉਦਾਸ ਨਹੀਂ। ਕਈ ਹੋਰ ਹੈਨ ਜਿਨ੍ਹਾਂ ਨੇ ਕਿਹਾ ਹੈ ਕਿ ਹਰ ਇਕ ਬੱਚਾ ਜੋ ਪੈਦਾ ਹੁੰਦਾ ਹੈ, ਉਹ ਕੋਈ ਉਪਰੋਂ ਸੰਦੇਸ਼ ਲੈਕੇ ਇਸ ਦੁਨੀਆਂ ਵਿਚ ਆਉਂਦਾ ਹੈ। ਹਰ ਇਕ ਬੱਚਾ, ਖਾਸ ਖਾਸ ਨਹੀਂ। ਹਰ ਇਕ ਬੱਚਾ, ਮਗਰ ਹਰ ਇਕ ਬੱਚਾ ਉਸ ਸੰਦੇਸ਼ ਨੂੰ ਤੁਹਾਡੇ ਤਕ ਪਹੁੰਚਾ ਨਹੀਂ ਸਕਦਾ। ਉਹ ਜ਼ਾਹਿਰ ਕਰ ਨਹੀਂ ਸਕਦਾ ਕਿ ਮੈਂ ਕੀ ਸੰਦੇਸ਼ ਲੈਕੇ ਆਇਆ ਹਾਂ। ਇਕ ਪੁਰਾਣੇ ਫਿਲਾਸਫਰ ਨੇ ਕਿਹਾ ਹੈ ਕਿ ਹਰ ਇਕ ਬੱਚਾ, ਜੋ ਇਸ ਦੁਨੀਆਂ ਵਿਚ ਜੰਮਦਾ ਹੈ, ਉਹ ਜੰਮਦਾ ਨਹੀਂ, ਇਸ ਦੁਨੀਆਂ ਵਿਚ ਮਰਦਾ ਹੈ। ਇਕ ਪ੍ਰਾਚੀਨ ਫਿਲਾਸਫਰ ਪੀਥਾਗੋਰਸ (Pythagoras) ਸੀ। ਉਸ ਦਾ ਇਹ ਖਿਆਨ ਸੀ ! ਉਸ ਨੇ ਇਹ ਵੀ ਕਿਹਾ ਸੀ:

When we live our souls are dead and burried in us but when we die our souls revive and live. ਅਸੀਂ ਜਿੰਨਾ ਚਿਰ ਇਸ ਦੁਨੀਆਂ ਵਿਚ ਜੀਉਂਦੇ ਹਾਂ ਉੱਨਾਂ ਚਿਰ ਅਸੀਂ ਮੋਏ ਹੋਏ ਹਾਂ। ਜਿਸ ਵੇਲੇ ਅਸੀਂ ਮਰ ਜਾਵਾਂਗੇ ਉਸ ਵੇਲੇ ਅਸੀਂ ਜੀ ਉਠਾਂਗੇ। ਫਿਰ ਉਸ ਨੇ ਕਿਹਾ ਹੈ ਕਿ ਇਹ ਜਿਸਮ ਜੋ ਸਾਨੂੰ ਮਿਲਿਆ ਹੋਇਆ ਹੈ, ਇਹ ਜਿਸਮ ਨਹੀਂ । ਉਹਦੇ ਲਫਜ਼ ਹਨ ਕਿ: This body is not the instrument of the soul, but rather its bond, its prison, its tomb.

ਕਿ ਇਹ ਜਿਸਮ ਇਕ ਸਾਡਾ ਕੈਦਖਾਨਾ ਹੈ। ਇਹ ਇਕ ਕਬਰ ਹੈ ਜਿਸ ਵਿਚ ਅਸੀਂ ਮੁਰਦਿਆਂ ਵਾਕਰ ਪਏ ਹੋਏ ਇਸ ਕਬਰ ਨੂੰ ਤੁਰਦਿਆਂ ਫਿਰਦਿਆਂ ਰਖਦੇ ਹਾਂ। ਹੋਰ ਕੋਈ ਫਰਕ ਨਹੀਂ, ਆਮ ਕਬਰ ਵਿਚ ਤੇ ਸਾਡੇ ਵਿਚ; ਸਿਰਫ ਐਨਾ ਫ਼ਰਕ ਹੈ ਕਿ ਆਮ ਕਬਰ ਇਕ ਥਾਂ ਤੇ ਨਿਮਚਲ ਪਈ ਰਹਿੰਦੀ ਹੈ, ਪਰ ਇਹ ਕਬਰ ਤੁਰਦੀ ਫਿਰਦੀ ਹੈ। ਇਹ ਪੁਰਾਤਨ ਯੂਨਾਨੀ ਸਿੱਧਾਂਤ ਸੀ। ਇਹੋ ਵਿਚਾਰਧਾਰਾ ਬਹੁਤ ਸਾਰੀ ਪ੍ਰਾਚੀਨ ਹਿੰਦ ਫਿਲਾਸਫ਼ੀ ਵਿਚ ਚਲਦੀ ਰਹੀ। ਜਿਸਮ ਨੂੰ ਮੁਰਦਾ ਕਰਕੇ ਰਖਣਾ, ਇਹ ਇਕ ਬੜੀ 'ਸਿੱਧਿ' (achievement) ਸਮਝੀ ਜਾਂਦੀ ਸੀ। ਤਨ ਉਤੇ ਯੋਗੀਆਂ ਦਾ ਸੁਆਹ ਵਿਭੂਤ ਮਲਣੀ

 www.sikhbookclub.com

ਚਿੰਨ੍ਹ ਸੀ ਕਿ ਜਿਸਮ ਇਕ ਸਮਾਧੀ ਹੈ, ਕਬਰ ਹੈ ਤੇ ਹੋਰ ਇਹ ਕੋਈ ਮੜ੍ਹੀ ਮਸਾਣ ਤੋਂ ਚੰਗੇਰੀ ਚੀਜ਼ ਨਹੀਂ। ਮਗ਼ਰ ਗੁਰਮਤਿ ਦਾ ਖਿਆਲ ਇਸ ਤੋਂ ਵੱਖਰਾ ਹੈ। ਸਿਖ ਸਿੱਧਾਂਤ ਇਹ ਸੀ ਕਿ ਰੂਹ ਜੋ ਆਦਮੀ ਦੇ ਅੰਦਰ ਹੈ ਇਹ ਮੋਈ ਹੋਈ ਨਹੀਂ; ਇਹ ਸਿਰਫ ਸੁੱਤੀ ਪਈ ਹੈ। ਕਿਉਂ ਸੁੱਤੀ ਪਈ ਹੈ ? ਗੁਰੂ ਮਹਾਰਾਜ ਨੇ ਕਿਹਾ ਹੈ--

''ਮਨੁ ਸੋਇਆ ਮਾਇਆ ਬਿਸਮਾਦਿ ॥''
(ਗਉੜੀ ਮ: ੫--੮੯)

ਕਿ ਇਸ ਮਾਇਆ ਦੇ ਵਿਚ ਲੱਗਾ ਹੋਇਆ ਆਪਣੇ ਐਸ਼ੋ ਇਸ਼ਰਤ, ਆਪਣੇ ਸੁਖਾਂ ਦੇ ਸਾਮਾਨਾਂ ਵਿਚ ਰਚਿਆ ਹੋਇਆ, ਇਨ੍ਹਾਂ ਚੀਜ਼ਾਂ ਦੇ ਨਸ਼ੇ ਵਿਚ ਖੱਚਿਤ ਹੋਇਆ ਹੋਇਆ, ਇਹ ਮਨ ਸੁੱਤਾ ਪਿਆ ਹੈ। ਫਿਰ ਉਹਨਾਂ ਨੇ ਕਿਹਾ ਹੈ ਤੂੰ ਇਸ ਨੂੰ ਜਗਾ ਸਕਦਾ ਹੈਂ। ਇਸ ਨਿੰਦ੍ਰਾ ਨੂੰ ਹਰ ਕੋਈ ਤਿਆਗ ਸਕਦਾ ਹੈ। ਉਪਦੇਸ਼ ਦਿਤਾ ਹੈ:

ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥
ਸੂਹੀ ਮਹਲਾ ੪ ਅਸਟ: ੧

ਤੇ ਫਿਰ ਆਪਣੀ ਜ਼ਾਤੀ ਗਵਾਹੀ ਦਿਤੀ ਹੈ ਕਿ ਇਹ ਜਾਗ ਪੈਂਦਾ ਹੈ। ਫੁਰਮਾਇਆ ਹੈ:

ਗੁਰਪਰਸਾਦਿ ਨਾਮਿ ਮਨੁ ਲਾਗਾ ॥
ਜਨਮ ਜਨਮ ਕਾ ਸੋਇਆ ਜਾਗਾ ॥
(ਗਉੜੀ ਮਹਲਾ ੫, ੯੬)

ਐਸੇ ਮਹਾਂ ਪੁਰਸ਼ਾਂ ਨੂੰ, ਜੋ ਜਾਗ ਪੈਂਦੇ ਹਨ, ਐਸੇ ਜਾਗਦਿਆਂ ਪੁਰਸ਼ਾਂ ਨੂੰ ਪਰਮਾਤਮਾ ਸਾਫ ਦਿੱਸਣ ਲਗ ਪੈਂਦਾ ਹੈ। ਤਦੇ ਕਿਹਾ ਹੈ:

ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ ਪੂਰਨ ਅਗਮ ਬਿਸਮਾਦ ॥
(ਗਉੜੀ ਵਾਰ ਮਹਲਾ ੫--੧੨)

ਓਹ ਲੋਗ ਜੋ 'ਮਾਇਆ ਬਿਸਮਾਦ' ਵਿਚ ਸੁੱਤੇ ਪਏ ਹਨ, ਜਿਸ ਵੇਲੇ ਜਾਗ ਪੈਣ, ਉਸ ਵੇਲੇ ਕਿਸੇ ਹੋਰ ਬਿਸਮਾਦ ਵਿਚ ਜਾਗ ਪੈਂਦੇ ਹਨ। ਓਹ ਬਿਸਮਾਦ ਕੀ ਹੈ ? ''ਪੂਰਨ ਅਗਮ ਬਿਸਮਾਦ''। ਹੈਨ ਦੋਨੋ ਬਿਸਮਾਦ, ਇਕ ਮਾਇਆ ਦਾ ਬਿਸਮਾਦ ਹੈ ਦੂਜਾ ਪੂਰਨ ਅਗਮ ਦਾ ਬਿਸਮਾਦ ਹੈ। ਜਿਸਮ ਦੀ ਨਿੰਦਿਆ ਜਿਸ ਤਰ੍ਹਾਂ ਪੁਰਾਤਨ ਫਿਲਾਸਫਰਾਂ ਨੇ

 www.sikhbookclub.com

ਕੀਤੀ ਹੈ ਕਿ ਇਹ ਇਕ ਕਬਰ ਹੈ, ਇਕ ਬੰਦੀ ਖਾਨਾ ਹੈ, ਇਹ ਗੱਲ ਨਹੀਂ। ਐਸੀ ਨਿੰਦਿਆ ਗੁਰੂ ਘਰ ਵਿਚ ਨਹੀਂ। ਸਰੀਰ ਬਾਬਤ ਕਿਹਾ ਹੈ:

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ
ਤਿਸੁ ਮਹਿ ਰਾਖੀ ਜੋਤਿ ਅਪਾਰ ॥

(ਮਲਾਰ ਮਹਲਾ ੧--੫)

ਇਸ ਦਾ ਮਤਲਬ ਇਹ ਹੈ ਕਿ ਇਹ ਜਿਹੜਾ ਜਿਸਮ ਹੈ, ਇਹ ਘਰ ਹੈ, ਘਰ ਨਹੀਂ ਮਹਲ ਹੈ, ਮਹਲ ਨਹੀਂ ਮੰਦਰ ਹੈ, ਹਰੀ ਮੰਦਰ ਹੈ, ਜਿਸ ਵਿਚ ਇਕ ਅਪਾਰ ਜੋਤਿ (Sacred flame) ਜਗ ਰਹੀ ਹੈ। ਇਹੋ ਹੀ ਗੱਲ ਫਿਰ ਦੁਹਰਾਈ ਗਈ ਹੈ:

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥

(ਪ੍ਰਭਾਤੀ ਮਹਲਾ ੩, ਅ.ਟ:--੮)

'ਜੋਤਿ ਅਪਾਰ' ਹੀ ਗਿਆਨ ਰਤਨ ਹੈ (Crystal Consciousness) ਕਾਇਆਂ ਨੂੰ 'ਮਹਲ' ਕਿਹਾ ਹੈ। ਏਸੇ ਹੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪ ਹਨ। ਸਾਰੇ ਸ਼ਬਦਾਂ ਦੇ ਵਿਚ ਰਚਨਹਾਰੇ ਦਾ ਨਾਮ 'ਨਾਨਕ' ਹੈ। ਕਿਉਂਕਿ ਇਕੋ 'ਜੋਤਿ ਅਪਾਰ' ਦੇ ਸ਼ਬਦ ਹਨ, ਪਰ ਹਨ ਮੁਖ਼ਤਲਿਫ਼ ਸਰੀਰਾਂ ਦੇ ਉਚਰੇ ਹੋਏ, ਅੱਡੋ ਅੱਡ ਕਾਇਆਂ ਦੇ ਵਸੀਲੇ ਕਹੇ ਹੋਏ, ਓਹ ਕਾਇਆਂ ਜਿਸ ਨੂੰ ਆਪ ਹੀ ਕਹਿ ਰਹੇ ਹਨ ਕਿ :

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ॥

ਇਸ ਕਰਕੇ ਮਹਲਾ੧, ਮਹਲਾ੨, ਮਹਲਾ ੩ ਹੈ। ਇਹ 'ਕਾਇਆ ਮਹਲ ਭੇਦ' ਦੇ ਆਧਾਰ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂ ਦੀ 'ਮਹੱਲਾ ਵੰਡ' ਹੈ। ਸਿੱਖੀ ਵਿਚ ਜਿਸਮ ਦੇ ਸਤਿਕਾਰ ਭਾਵ ਦਾ ਇਹ ਆਦਰ ਹੈ।

### ੩.

ਸਿੱਖੀ ਵਿਚ ਸਿਰਫ਼ ਇਕ ਵੇਰ ਜਿਸਮ ਦੀ ਨਿੰਦਿਆ ਆਈ ਹੈ। ਓਹ ਇਕ ਸਾਖੀ ਹੈ ਕਿ ਇਕ ਸੁਕੁਮਾਰ ਲੜਕਾ ਗੁਰੂ ਦਰਬਾਰ ਵਿਚ ਬੈਠਾ ਹੋਇਆ ਸੀ, ਕਲਗ਼ੀਆਂ ਵਾਲੇ ਦੇ ਦਰਬਾਰ ਵਿਚ। ਮਹਾਰਾਜ ਨੂੰ ਪਿਆਸ ਲੱਗੀ, ਸੁਕੁਮਾਰ ਝਟ ਉਠਕੇ ਜਾਂਦਾ ਹੈ ਤੇ ਪਾਣੀ

 www.sikhbookclub.com

ਦਾ ਕਟੋਰਾ ਪੇਸ਼ ਕਰਦਾ ਹੈ। ਆਪ ਪੁੱਛਦੇ ਹਨ ਕਿ ਭਾਈ ਸਿੱਖਾ ! ਤੇਰੇ ਹੱਥ ਬੜੇ ਨਾਜ਼ਕ ਹਨ, ਇਹ ਬੜੇ ਸਾਫ਼ ਹਨ, ਬੜੇ ਚਿੱਟੇ ਹਨ, ਕੀ ਗੱਲ ਹੈ ? ਓਹ ਕਹਿੰਦਾ ਹੈ: ਜੀ ਮੈਂ ਇਨ੍ਹਾਂ ਹੱਥਾਂ ਨਾਲ ਕਦੇ ਕੋਈ ਕੰਮ ਨਹੀਂ ਕੀਤਾ। ਸੁਣਕੇ ਮਹਾਰਾਜ ਤ੍ਰਬ੍ਰਕੇ, ਪਾਣੀ ਗਿਰਾ ਦਿਤਾ, ਕਟੋਰੇ ਦਾ ਕਟੋਰਾ ਉਲਟਾ ਦਿਤਾ।

ਉਸ ਵੇਲੇ ਉਹਨਾਂ ਨੇ ਕਿਹਾ ਹੈ:

ਸੁਨ ਸਿੱਖਾ ਗੁਰਮਤਿ ਇਹ ਸਾਰ।
ਸਤਿਸੰਗਤ ਕੀ ਸੇਵ ਉਦਾਰ।
ਜਿਮ ਮੁਰਦੇ ਕੇ ਅੰਗ ਅਪਾਵਨ।
ਸੁਕਚਿਤਿ ਸਭਿ ਨੀਹ ਕਰਹਿੰ ਛੁਹਾਵਨ।
ਬਿਨਾ ਸੇਵ ਸਤਿਸੰਗਤ ਕੇਰੀ।
ਦੇਹਿ ਅਪਾਵਨ ਤਿਮ ਨਰ ਕੇਰੀ ॥੧੫॥
ਯਾਂਤੇ ਹਾਥ ਅਪਾਵਨ ਤੇਰਾ ॥
ਕਰਯੋ ਨ ਪਾਨ ਹਮਹੁ ਜਲ ਗੇਰਾ ॥
(ਸੰਤੋਖ ਸਿੰਘ, ਰੁਤ ੪--੭)

ਮਹਾਰਾਜ ਨੇ ਕਿਹਾ: ਭਾਈ ਤੈਨੂੰ ਇਸ ਗਲ ਦਾ ਫ਼ਖਰ ਹੈ ਕਿ ਮੈਂ ਇਨ੍ਹਾਂ ਹੱਥਾਂ ਨਾਲ ਕੰਮ ਨਹੀਂ ਕੀਤਾ, ਸਾਡਾ ਖਿਆਲ ਇਹ ਹੈ ਕਿ ਸੇਵਾ ਹੀ ਗੁਰਮਤ ਦਾ ਸਾਰ ਹੈਂ। ਸਾਡਾ ਸਿੱਧਾਂਤ ਇਹ ਹੈ ਕਿ ਹੱਥਾਂ ਨਾਲ ਸਾਧ ਸੰਗਤ ਦੀ ਸੇਵਾ ਕੀਤੀ ਜਾਏ। ਅਸੀਂ ਸਮਝਦੇਂ ਹਾਂ ਕਿ ਜਿਹੜੇ ਹੱਥ ਕੰਮ ਨਹੀਂ ਕਰਦੇ ਉਹ ਇਕ ਮੁਰਦੇ ਦੇ ਹੱਥ ਹਨ। 'ਜਿਮ ਮੁਰਦੇ ਕੇ ਅੰਗ ਅਪਾਵਨ' ਜਿਸ ਤਰ੍ਹਾਂ ਮੋਏ ਹੋਏ ਜਿਸਮ ਦੇ ਅੰਗ ਅਪਵਿੱਤਰ ਹਨ। 'ਸੁਕੁਚਿਤਿ ਸਭਿ ਨਹਿ ਕਰਹਿੰ ਛੁਹਾਵਨ' ਸਾਰੇ ਉਸ ਕੋਲੋਂ ਸੰਕੋਚ ਕਰਦੇ ਹਨ, ਪਰੇ ਹੁੰਦੇ ਹਨ, ਕੋਈ ਮੁਰਦੇ ਨਾਲ ਛੁਹਣਾ ਨਹੀਂ ਚਾਹੁੰਦਾ।

ਬਿਨਾ ਸੇਵ ਸਤਿਸੰਗਤ ਕੇਰੀ ॥
ਦੇਹ ਅਪਾਵਨ ਤਿਮ ਨਰ ਕੇਰੀ ॥

ਇਸ ਤਰ੍ਹਾਂ ਬਗੈਰ ਸਾਧ ਸੰਗਤ ਦੀ ਸੇਵਾ ਦੇ ਇਹ ਜਿਹੜੀ ਦੇਹ ਹੈ ਇਹ ਮੁਰਦੇ ਵਾਕਰ ਅਪਵਿੱਤ੍ਰ ਹੈ, ਜਿਸਨੂੰ ਛੋਹ ਨਹੀਂ ਸਕਦੇ।


www.sikhbookclub.com

ਯਾਂਤੇ ਹਾਥ ਅਪਾਵਨ ਤੇਰਾ ॥
ਕਰਯੋ ਨ ਪਾਨ ਹਮਹੁੰ ਜਲ ਗੇਰਾ ॥

ਐਸੇ ਤੇਰੇ ਮੁਰਦੇ ਹੱਥ ਹਨ, ਇਹ 'ਮੁਰਦਾ ਛੋਹ' ਵਾਲਾ ਪਾਣੀ ਮੈਂ ਸੁੱਟ ਦਿਤਾ ਹੈ, ਉਲਟਾ ਦਿਤਾ ਹੈ, ਪੀ ਨਹੀਂ ਸਕਿਆ।

ਥੋੜਾ ਹੀ ਵਕਤ ਹੋਇਆ ਹੈ ਪੰਡਤ ਜਵਾਹਰ ਲਾਲ ਨਹਿਰੂ ਨੇ Agriculture University ਖੋਲਦਿਆਂ ਇਹ ਭਾਸ਼ਨ ਦਿਤਾ ਸੀ:– Gospel of dirty hands; ਕਈ ਮੈਲੇ ਹੱਥਾਂ ਦੀ ਗਾਸਪਲ (ਧਰਮ ਮਰਿਯਾਦਾ)।

ਹੱਥਾਂ ਨੂੰ ਮੈਲਾ ਕਰਨਾ ਜ਼ਰੂਰੀ ਹੈ। ਇਹ Gospel of dirty hands,ਇਹ ਮੈਲੇ ਹੱਥਾਂ ਦੀ ਧਰਮ ਮਰਿਯਾਦਾ ਕਿਥੋਂ ਸ਼ੁਰੂ ਹੋਈ ਹੈ ? ਸੁਆਮੀ ਵਿਵੇਕਾ ਨੰਦ ਨੇ ਕਿਹਾ ਹੈਸੀ ਕਿ ਉਸ ਨੇ Ideal of service learnt from the Sikh Gurus , ਕਿ ਸੇਵਾ ਦਾ ਆਦਰਸ਼ ਉਸ ਨੇ ਗੁਰੂ ਘਰ ਤੋਂ ਸਿਖਿਆ ਹੈ, ਸਿਖ ਘਰਾਣੇ ਵਿਚੋਂ ਸਿਖਿਆ ਹੈ। ਹਿੰਦੂਆਂ ਵਿਚ ਤਾਂ ਸੇਵਾ ਦਾ ਆਦਰਸ਼ ਹੈ ਹੀ ਨਹੀਂ ਸੀ। ਹਿੰਦੂਆਂ ਵਿਚ ਤਾਂ ਸੇਵਾ ਕਰਨ ਵਾਲਾ ਇਕ ਕਮੀਨ ਯਾ ਨੀਚ ਯਾ ਕਾਮਾ ਸਮਝਿਆ ਜਾਂਦਾ ਸੀ, ਸੇਵਾ ਦੀ ਉੱਚਤਾਈ ਨਹੀਂ ਸੀ, ਪੜ੍ਹਾਈ ਦੀ ਸੀ, ਵੇਦ ਕਤੇਬ ਸ਼ਾਸਤ੍ਰ, ਬੜੇ ਬੜੇ ਨਿਰੁਕਤ ਤੇ ਬੜੀਆਂ ਵਡੀਆਂ ਚੀਜ਼ਾਂ ਤੇ ਇਨ੍ਹਾਂ ਦੇ ਪੜ੍ਹੇ ਹੋਏ ਪੰਡਿਤਾਂ ਦਾ ਸਨਮਾਨ ਸੀ, ਪਰ ਗੁਰੂ ਮਹਾਰਾਜ ਉਸ ਸੁਕੁਮਾਰ ਲੜਕੇ ਨੂੰ ਕੀ ਸਮਝਾਂਦੇ ਹਨ :

ਤਬਿ ਸਤਿਗੁਰ ਉਪਦੇਸ਼ਤਿ ਭਨੈਂ
ਪਢਿਬੇ ਤੇ ਕੁਛ ਸਿੱਖ ਨ ਬਨੈਂ।
ਸੇਵਾ ਕਰਨ ਸਿਦਕ ਇਹੁ ਜਾਨਿ।
ਸੋ ਤੈਂ ਕਿਸਕੀ ਕਰੀ ਨ ਪਾਨਿ੧॥੧੧॥

(ਰੁਭ ੪ ਅਸੂ ੭)

੧ ਹੱਥਾਂ ਨਾਲ

 www.sikhbookclub.com

ਇਸ ਪੜ੍ਹਾਈ ਨਾਲ ਤੇ ਸਿੱਖੀ ਨਹੀਂ ਬਣੀ। ਸਿਖੀ ਕਿਸ ਚੀਜ਼ ਨਾਲ ਬਣਨੀ ਹੈ?

ਸੇਵਾ ਕਰਨ ਸਿਦਕ ਇਹੁ ਜਾਨਿ ॥

ਏਸ ਸਿਦਕ ਨਾਲ, ਸੇਵਾ ਦੇ ਸਿਦਕ ਨਾਲ, ਹੱਥਾਂ ਨਾਲ ਕੀਤੀ ਸੇਵਾ ਦੇ ਸਿਦਕ ਨਾਲ। ਕਲਗੀਆਂ ਵਾਲੇ ਉਸ ਸੁਕੁਮਾਰ ਨੂੰ ਕਹਿੰਦੇ ਹਨ:

ਤੂੰ ਆਪਣੇ ਹੱਥਾਂ ਨਾਲ ਕਿਸੇ ਦੀ ਸੇਵਾ ਕੀਤੀ ਹੀ ਨਹੀਂ, ਸੋ ਤੇਰੇ ਅੰਦਰ ਸਿਖੀ ਸਿਦਕ ਹੈ ਹੀ ਨਹੀਂ। ਇਹ ਹੱਥ ਤੇਰੇ ਮੈਲੇ ਹੋਏ ਹੀ ਨਹੀਂ, ਸੋ ਇਹ ਹੱਥ ਮੁਰਦਾ ਹਨ! ਇਹ ਜਿਸਮ ਮੁਰਦਾ ਹੈ, ਇਸ ਨਾਲ ਛੋਹਿਆ ਪਾਣੀ ਅਪਵਿੱਤ੍ਰ ਹੈ।

ਸੇਵਾ ਕਿਸ ਲਈ ਸੀ ? ਕਿ ਹੰਕਾਰ ਦਾ ਰੋਗ ਮਿਟ ਜਾਏ। ਸ੍ਰੀ ਸ਼ੰਕਰਾਚਾਰਯ ਜੋ ਬੜੇ ਭਾਰੀ ਮਹਾਤਮਾ ਤੇ ਬੜੇ ਭਾਰੀ ਪੰਡਤ ਅਤੇ ਦੁਨੀਆਂ ਵਿਚ ਇਕ ਮਹਾਨ ਫਿਲਾਸਫਰ ਹੋਏ ਹਨ, ਉਹਨਾਂ ਦਾ ਇਕ ਚੇਲਾ ਬੀਮਾਰ ਹੋ ਜਾਂਦਾ ਹੈ, ਉਹ ਬੀਮਾਰ ਚੇਲਾ ਕਿਸੇ ਵੈਦ ਕੋਲ ਜਾਂਦਾ ਹੈ। ਵੈਦ ਕਹਿੰਦਾ ਹੈ ਭਈ ਤੈਨੂੰ ਤੇ ਦੀਰਘ ਰੋਗ ਹੋ ਗਿਆ ਹੈ। ਚੇਲਾ ਨਹੀਂ ਸਮਝਦਾ ਕਿ ਦੀਰਘ ਰੋਗ ਕੀ ਚੀਜ਼ ਹੈ। ਵੈਦ ਦਾ ਮਤਲਬ ਹੈ ਕਿ ਤੈਨੂੰ ਤਪਦਿਕ ਹੋ ਗਿਆ ਹੈ। ਓਹ ਆਪਣੇ ਗੁਰੂ ਕੋਲੋਂ ਪੁੱਛਦਾ ਹੈ ਕਿ ਮਹਾਰਾਜ ਦੀਰਘ ਰੋਗ ਕੀ ਹੈ ? ਉਥੇ ਲਫਜ਼ ਹੈ ''ਕੋ ਦੀਰਘ ਰੋਗ'', ਕਿ ਦੀਰਘ ਰੋਗ ਕਿਹੜਾ ਹੁੰਦਾ ਹੈ ? ਸ਼ੰਕਰ ਹੱਸਦਾ ਹੈ, ਉਹ ਕਹਿੰਦਾ ਹੈ: 'ਭਵ:' ਕਿ ਇਹ ਸੰਸਾਰ ਦੀਰਘ ਰੋਗ ਹੈ। ਇਹਦਾ ਇਲਾਜ਼ ਤਿਆਗ ਮਾਰਗ ਹੈ। ਸ਼ੰਕਰ ਤੋਂ ਬਾਦ ਕੋਈ ੫੦੦ ਵਰ੍ਹੇ ਪਿਛੋਂ ਗੁਰੂ ਸਾਹਿਬ ਨੇ ਇਹ ਅਮਲੀ ਦਰੁਸਤੀ ਕੀਤੀ ਕਿ ਇਹ ਸੰਸਾਰ, ਇਹ ਹਸਤੀ ਯਾ ਇਹ 'ਭਵ:' ਦੀਰਘ ਰੋਗ ਨਹੀਂ; 'ਹਉਮੈ ਦੀਰਘ ਰੋਗੁ ਹੈ', ਹੰਕਾਰ ਦੀਰਘ ਰੋਗ ਹੈ। ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਹਾ ਹੈ:

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥<br>
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥<br>
(ਗਉੜੀ ਮਹਲਾ ੫, ਬਾਵਨ ਅਖਰੀ—੪੯)

'ਸੇਵਾ' ਇਸ ਕਰਕੇ ਦੱਸੀ ਸੀ ਕਿ ਹੰਕਾਰ ਦਾ ਰੋਗ ਹਟ ਜਾਏ ਤੇ ਮਨ ਤੇ ਤਨ ਦੋਨੋ ਹੀ ਅਰੋਗ ਹੋਕੇ ਇਨਸਾਨ ਆਪਣੀ ਸੁਖੀ ਜ਼ਿੰਦਗੀ ਬਸਰ ਕਰ ਸਕੇ।


www.sikhbookclub.com

## ੪.

ਜਿਸ ਗੁਰਮੁਖ ਪਿਆਰੇ ਦੀ ਯਾਦ ਵਿਚ ਅਸੀਂ ਇਥੇ ਜੁੜੇ ਬੈਠੇ ਹਾਂ, ਉਹ ਇਕ ਐਸੀ ਹਸਤੀ ਸੀ, ਜਿਸ ਨੇ ਅਪਣਾ ਜਿਸਮ ਪਵਿੱਤ੍ਰ ਕਰ ਲਿਆ ਸੀ ਸੇਵਾ ਨਾਲ, ਅਸਲ ਸੇਵਾ ਨਾਲ ਅਤੇ ਐਸ ਤਰ੍ਹਾਂ ਨਿਰਹੰਕਾਰ ਵਿਚਰਕੇ ਜਿਸ ਨੇ ਆਪਣਾ ਸੁੱਤਾ ਹੋਇਆ ਮਨ ਜਗਾ ਲਿਆ ਸੀ, ਉਸ ਸਿਮਰਨ ਨਾਲ, ਜਿਸ ਨਾਲ ਲਿਖਿਆ ਹੈ ਕਿ 'ਸੋਇਆ ਮਨੁ ਜਾਗਾਈ' । ਜੋ ਕੁਛ ਉਹਨਾਂ ਨੂੰ ਆਪਣੀ ਇਸ ਜਾਗ ਦਾ ਅਨੁਭਵ ਹੋਇਆ ਕਿਸ ਤਰ੍ਹਾਂ ਇਸ ਜਿਸਮ ਦੀ ਨੀਂਦਰ ਖੁੱਲ੍ਹ ਪਈ ਤੇ ਕਿਸ ਤਰ੍ਹਾਂ ਇਹ ਮਨ ਜਾਗ ਉੱਠਿਆ, ਇਹ ਉਹਨਾਂ ਆਪਣੀ ਇਕ ਕਵਿਤਾ ਵਿਚ ਲਿਖਿਆ ਹੈ, ਜਿਸ ਦਾ ਨਾਂ 'ਭੰਬੀਰੀ' ਹੈ। ਓਥੇ ਲਫਜ਼ ਹਨ.

''ਮੈਂ ਸੁੰਡੀ ਸਾਂ ਭੁੰਞੇ ਰੁਲਦੀ ਕੀੜਿਓਂ ਵੱਧ ਨਿਕਾਰੀ,  
ਮੈਨੂੰ ਗਯਾਤ ਫੁਰੀ: ਹਾਂ ਮੈਂ ਭੀ ਜੋਤਿ ਸੁੰਦਰਤਾ ਸਾਰੀ।  
ਏਸ ਖੁਸ਼ੀ ਬੇਹੋਸ਼ ਹੋ ਗਈ, ਮੁੜੀ ਹੋਸ਼ ਕੀ ਵੇਖਾਂ ?  
ਨਿਕਲ ਪਏ ਪਰ ਮੀਨਾਕਾਰੀ, ਵਾਸ ਫੁਲਾਂ ਦੀ ਵਾੜੀ।''

ਜਿਨ੍ਹਾਂ ਦਾ ਸੁੱਤਾ ਮਨ ਜਾਗ ਪੈਂਦਾ ਹੈ, ਉਹਨਾਂ ਨੂੰ ਉਹ ਸੰਦੇਸ਼ ਵੀ ਯਾਦ ਆ ਜਾਂਦਾ ਹੈ, ਜੋ ਉਹ ਧੁਰੋਂ ਲੈਕੇ ਆਉਂਦੇ ਹਨ।

ਜੋ ਸੰਦੇਸ਼ ਭਾਈ ਸਾਹਿਬ ਨੇ ਦਿਤਾ ਹੈ ਉਹ ਸ਼ੁਰੂ ਉਸ ਸੁਪਨੇ ਤੋਂ ਹੁੰਦਾ ਹੈ ਜਿਸ ਦਾ ਜ਼ਿਕਰ ਪਿੱਛੇ ਕਰ ਆਏ ਹਾਂ। ਉਹਨਾਂ ਦੀ ਸਾਰੀ ਲਿਖਤ ਓਸ ਸੁਪਨੇ ਨੂੰ ਰੂਪਵਾਨ ਕਰਨ ਵਿਚ ਖਰਚ ਹੁੰਦੀ ਹੈ। ਉਹਨਾਂ ਦੀਆਂ ਕ੍ਰਿਤੀਆਂ ਵਿਚੋਂ ਜੋ ਸਾਰਿਆਂ ਤੋਂ ਅਜੀਬ ਚੀਜ਼ ਹੈ ਓਸ ਪੁਸਤਕ ਦਾ ਨਾਂ 'ਰਾਣਾ ਸੂਰਤ ਸਿੰਘ' ਹੈ। ਦੁਨੀਆਂ ਵਿਚ ਬੜੀਆਂ ਬੜੀਆਂ ਕਿਤਾਬਾਂ ਲਿਖੀਆਂ ਗਈਆਂ ਹਨ। ਇਹ ਆਮ ਮੰਨੀ ਹੋਈ ਗੱਲ ਹੈ ਕਿ ਉਹ ਕਹਾਣੀ, ਉਹ ਡਰਾਮਾ, ਉਹ ਨਾਟਕ, ਜਿਨ੍ਹਾਂ ਦੀ ਤੱਥ ਵਸਤੂ ਦੁਖ ਨਿਰੂਪਣ ਵਿਚ ਖਤਮ ਹੁੰਦੀ ਹੈ ਤੇ ਜਿਨ੍ਹਾਂ ਨੂੰ Tragedies (ਦੁਖਾਂਤ) ਕਹਿੰਦੇ ਹਨ, ਓਹ ਬੜੇ ਵਧੀਆ ਗਿਣੇ ਜਾਂਦੇ ਹਨ। ਟ੍ਰੈਜੇਡੀ—ਇਕ ਦੁਖਾਂਤ ਕਹੀ ਹੈ। ਸ਼ੈਕਸਪੀਅਰ ਤੁਸੀਂ ਪੜ੍ਹ ਲਵੋ। ਓਸ ਵਿਚ ਸਾਰ ਸਿੱਧਾਂਤ ਕੀ ਹੈ ? ਉਹਨਾਂ ਸਾਰੀਆਂ Tragedies (ਦੁਖਾਂਤ ਕਹਾਣੀਆਂ) ਦਾ ਨਚੋੜ ਕੀ ਹੈ ? ਸ਼ੈਕਸਪੀਅਰ ਦੇ ਲਫਜ਼ ਇਹ ਹਨ :

 www.sikhbookclub.com

(Each new morn new widows howl, new orphans cry, new sorrows strike heaven in the face 'ਹਰ ਨਵੀਂ ਸਵੇਰ ਇਕ ਨਵੀਂ ਵਿਧਵਾ ਰੋਣਾ ਸ਼ੁਰੂ ਕਰਦੀ ਹੈ, ਇਕ ਤਾਜ਼ਾ ਯਤੀਮ ਆਪਣਾ ਵਿਰਲਾਪ ਸ਼ੁਰੂ ਕਰਦਾ ਹੈ। ਨਵੇਂ ਗ਼ਮ ਦੇ ਦੁਖੜੇ ਹਰ ਸਵੇਰ ਇਸ ਜ਼ਮੀਨ ਵਲੋਂ ਅਸਮਾਨ ਦੇ ਮੂੰਹ ਤੇ ਮਾਰੇ ਜਾਂਦੇ ਹਨ।' ਹਰ ਸਵੇਰ ਏਥੋਂ ਸ਼ੁਰੂ ਹੁੰਦੀ ਹੈ। ਸ਼ੈਕਸਪੀਅਰ ਦਾ ਇਹ ਫਿਕਰਾ ਬੜਾ ਜ਼ਬਰਦਸਤ ਹੈ, ਡਾਢਾ ਨਿਚੋੜਵਾਂ ਹੈ। ਇਹ ਮਨੁੱਖੀ ਜੀਵਨ ਦੀ ਅਖ਼ੀਰਲੀ ਹੱਦ ਹੈ। ਇਹ Tragedies ਹੀ ਸਾਹਿਤ ਦਾ ਅਖ਼ੀਰਲਾ ਸਿਰਾ ਹਨ। ਪਰ 'ਰਾਣਾ ਸੂਰਤ ਸਿੰਘ' ਹੋਰ ਚੀਜ਼ ਹੈ, ਇਹ ਜਿਥੇ Tragedy ਖ਼ਤਮ ਹੁੰਦੀ ਹੈ ਓਥੋਂ ਸ਼ੁਰੂ ਹੁੰਦਾ ਹੈ। ਇਹ ਇਕ ਵਿਧਵਾ (Widow) ਦੇ ਵਿਰਲਾਪ (howl) ਤੋਂ ਆਰੰਭ ਹੁੰਦਾ ਹੈ, New widow (ਨਵੀਂ ਵਿਧਵਾ) ਦੇ New howl (ਨਵੇਂ ਵਿਰਲਾਪ) ਤੋਂ, ਪਰ ਖ਼ਤਮ ਕਿਥੇ ਜਾਕੇ ਹੁੰਦਾ ਹੈ ? ਮੁਕਦਾ ਹੈ:

''ਗੁਰਮੁਖ ਕਰਦੀ ਕਾਰ ਭਾਗ ਸੁਲੱਖਣੀ।''

ਇਹ ਹੈ ਰਾਣਾ ਸੂਰਤ ਸਿੰਘ। ਇਹ ਇਕ ਨਵਾਂ ਤਜਰਬਾ ਹੈ, ਸਾਹਿੱਤ ਰਚਨਾ ਵਿਚ। ਕਿ ਜਿਥੇ ਜਾਕੇ ਸਾਹਿਤ ਆਪਣੀ ਦੁਖ ਦੀ ਕਹਾਣੀ ਖ਼ਤਮ ਕਰਦਾ ਹੈ, ਉਸ ਖ਼ਾਤਮੇ ਤੋਂ ਰਾਣੇ ਦੀ ਕਥਾ ਸ਼ੁਰੂ ਕੀਤੀ ਜਾਵੇ।

## ੫.

ਬੜੀਆਂ ਬੜੀਆਂ ਕਹਾਣੀਆਂ ਹਨ। ਮਸਲਨ ਯੂਨਾਨੀ ਸਾਹਿਤ ਵਿਚ ਹੋਮਰ (Homer) ਦੀਆਂ ਤੇ ਹੋਰਨਾਂ ਲਿਖਾਰੀਆਂ ਦੀਆਂ। ਇਕ ਕਥਾ ਹੈ ਇਕ ਸ਼ਹਿਜ਼ਾਦੀ ਦੀ, ਜਿਸ ਦਾ ਨਾਮ ਦਿਤਾ ਹੈ ਲੁਡਾਮੀ (Loadamia), ਇਹ ਥਿਸਲੀ (Thessaly) ਦੇ ਸ਼ਹਿਜ਼ਾਦੇ ਦੀ ਇਸਤ੍ਰੀ ਸੀ, ਖਾਵੰਦ ਉਸ ਲੜਾਈ ਵਿਚ, ਜਿਸ ਨੂੰ ਟਰੋਜਨ ਦਾ ਸਾਕਾ (Trojan War) ਆਖਦੇ ਹਨ, ਜਾਂਦਾ ਹੈ, ਤੇ ਓਥੇ ਮਾਰਿਆ ਜਾਂਦਾ ਹੈ। ਹੈਕਟਰ (Hector) ਦੇ ਹਥੋਂ ਮਾਰਿਆ ਜਾਂਦਾ ਹੈ। ਲੁਡਾਮੀ ਵਿਧਵਾ ਹੋ ਜਾਂਦੀ ਹੈ। ਬਕੌਲ ਸ਼ੈਕਸਪੀਅਰ Each new morn new widows howl ਲੁਡਾਮੀ ਦੀ ਐਸੀ ਹੀ ਦਸ਼ਾ ਹੈ। ਆਖ਼ਰ ਉਹ ਕੀ ਕਰਦੀ ਹੈ ? ਆਪਣੇ ਖਾਵੰਦ ਦਾ ਬੁਤ ਬਣਵਾਉਂਦੀ ਹੈ। ਓਸ ਬੁਤ ਨੂੰ ਉਸ ਨੇ ਆਪਣੇ ਕਮਰੇ ਵਿਚ ਰਖਿਆ ਹੋਇਆ ਹੁੰਦਾ ਹੈ। ਕੋਈ ਨੌਕਰ ਚਾਕਰ ਬਾਦਸ਼ਾਹ ਨੂੰ ਖ਼ਬਰ ਦੇਂਦੇ ਹਨ। ਥਿਸਲੀ ਦਾ ਬਾਦਸ਼ਾਹ ਉਹਦਾ ਸਹੁਰਾ ਸੀ। ਜਾ ਕਹਿੰਦੇ ਹਨ ਕਿ ਤੁਹਾਡੀ ਨੂੰਹ ਦੇ ਕਮਰੇ ਵਿਚ ਕੋਈ ਓਪਰਾ ਆਦਮੀ ਹੈ, ਸ਼ਾਹਜ਼ਾਦੇ ਦਾ ਜੋ ਬਿਸਤਰਾ ਸੀ


www.sikhbookclub.com

ਓਸ ਉਤੇ ਓਹ ਲੇਟਿਆ ਹੈ, ਚਦਰ ਤਾਣ ਸੁੱਤਾ ਹੋਇਆ ਹੈ। ਲੁਡਾਮੀ ਬੁਤ ਨੂੰ ਸ਼ਾਹਜ਼ਾਦੇ ਦੇ ਪਲੰਘ ਉਤੇ ਲਿਟਾ ਛੱਡਦੀ ਸੀ। ਖਾਦਸ਼ਾਹ ਨੇ ਆਕੇ ਤਲਾਸ਼ੀ ਲਈ। ਹੁਕਮ ਹੁੰਦਾ ਹੈ ਕਿ ਇਸ ਬੁਤ ਨੂੰ ਅੱਗ ਵਿਚ ਜਲਾ ਦਿਓ। ਇਕ ਵੱਡੀ ਚਿਖਾ ਬਣਾਈ ਜਾਂਦੀ ਹੈ। ਬੁਤ ਨੂੰ ਅੱਗ ਵਿਚ ਰੱਖ ਦਿਤਾ ਜਾਂਦਾ ਹੈ। ਉਹ Widow, that howling widow ਉਹ ਲੁਡਾਮੀ ਨੱਸੀ ਨੱਸੀ ਜਾਂਦੀ ਹੈ, ਛਾਲ ਮਾਰਦੀ ਹੈ, ਚਿਖਾ ਵਿਚ ਵੈਂਦੀ ਹੈ, ਤੇ ਬੁਤ ਦੇ ਨਾਲ ਸੜਕੇ ਸੁਆਹ ਹੋ ਜਾਂਦੀ ਹੈ। ਉਸ ਨੂੰ ਆਪਣੀ ਵਹਿਸ਼ਤ ਵਿਚ ਭੁੱਲ ਗਿਆ ਸੀ ਕਿ ਇਹ ਬੁਤ ਹੈ। ਉਹ ਖਾਵੰਦ ਦੀ ਚਿਖਾ ਹੀ ਸਮਝਦੀ ਸੀ। ਰਾਣਾ ਸੂਰਤ ਸਿੰਘ ਇਸ ਵਹਿਸ਼ਤ ਦਾ ਇਲਾਜ ਹੈ। ਰਾਣੀ ਰਾਜ ਕੌਰ ਆਪਣੇ ਰਾਣੇ ਦਾ ਬੁਤ ਬਣਵਾਉਂਦੀ ਹੈ। ਉਹ ਮੂਰਤ ਵਿਚ ਮਹਿਵ ਹੁੰਦੀ ਹੈ, ਸਮਝਦੀ ਹੈ ਕਿ ਇਹ ਜੀਉਂਦੀ ਜਾਗਦੀ ਚੀਜ਼ ਹੈ। ਪੁਸਤਕ ਦਾ ਵਿਸ਼ਾ ਇਹੋ ਹੈ ਕਿ ਕਿਸ ਤਰ੍ਹਾਂ ਵਿਛੋੜੇ ਵਿਚ ਬੁਤਪ੍ਰਸਤੀ ਆਣ ਘੁਸੜਦੀ ਹੈ, ਪਰ ਕਿਸ ਤਰ੍ਹਾਂ ਏਸ ਵਿਚੋਂ ਨਿਕਲਕੇ ਬੰਦੇ ਨੇ ਹੱਕ ਪ੍ਰਸਤੀ ਵਿਚ ਜਾਣਾ ਹੈ; ਇਹ ਰਾਣਾ ਸੂਰਤ ਸਿੰਘ ਦਾ ਸੰਦੇਸ਼ ਹੈ।

## ੬.

ਜਿਸ ਵੇਲੇ ਭਾਈ ਸਾਹਿਬ ਨੇ ਰਾਣਾ ਸੂਰਤ ਸਿੰਘ ਦੀ ਸਕੀਮ ਦਿਮਾਗ਼ ਵਿਚ ਲਿਆਂਦੀ ਓਸ ਵੇਲੇ ਸਿਖ ਕੌਮ ਸਾਰੀ ਵਿਧਵਾ ਹੋ ਚੁਕੀ ਸੀ, ਇਹ ਉਹ ਵਕਤ ਸੀ ਜਿਸ ਵੇਲੇ ਪੰਜਾਬ ਦਾ ਆਖ਼ਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਚਲਾਣਾ ਕਰ ਗਿਆ ਸੀ। ਸਾਰੀ ਸਿਖ ਰੱਯਤ ਵਿਧਵਾ ਹੋ ਗਈ ਸੀ ਤੇ ਰੰਡੀ ਪੰਜਾਬਣ ਦੇ ਡੂੰਘੇ ਵੈਣ ਦੀ ਧੁਖਧੁਖੀ ਛਾਤੀ ਵਿਚ ਲੈਕੇ ਠੰਢੇ ਸਾਹ ਭਰ ਰਹੀ ਸੀ। ਵਹਿਮ ਪ੍ਰਸਤੀ ਤੇ ਬੁਤਪ੍ਰਸਤੀ ਤੋਂ ਇਸ ਕੌਮ ਨੂੰ ਕਿਸ ਤਰ੍ਹਾਂ ਨਿਰੋਗ ਕਰਨਾ ਹੈ ? ਕਿਸ ਪਾਸੇ ਦੀ ਪ੍ਰੇਰਨਾ ਦੇਣੀ ਹੈ ? ਇਹ ਸਵਾਲ ਸਨ। ਐਸੇ ਮੌਕੇ ਉਪਰ ਹਰ ਇਕ ਇਨਸਾਨ ਦਾ ਝੁਕਾਉ ਸਥੂਲ ਪੂਜਾ ਵਲ ਰੁਖ਼ ਕਰਦਾ ਹੈ। ਜਿਸ ਵੇਲੇ ਕੋਈ ਵਡਾ ਆਦਮੀ ਚਲਾ ਜਾਏ, ਬੁਤਪ੍ਰਸਤੀ ਨੂੰ ਜ਼ਿੰਦਗੀ ਦਾ ਨਵਾਂ ਦੌਰ ਮਿਲ ਜਾਂਦਾ ਹੈ। ਨਵੀਆਂ ਸਮਾਧਾਂ, ਨਵੇਂ ਮੁਜਾਵਰ, ਨਵੀਂ ਪੂਜਾ ਦੀ ਰੀਤਿ। ਕੌਮ ਨੂੰ ਬੁਤ ਪ੍ਰਸਤੀ ਚੋਂ ਕੱਢਣਾ ਤੇ ਉਸ ਨੂੰ ਉਮ ਸੇਵਾ ਭਾਵ ਵਿਚ ਨਿਮਗਨ ਕਰਨਾ, ਜਿਸ ਨਾਲ ਰੂਹਾਨੀ ਰੰਗ ਚੜ੍ਹ ਜਾਏ, ਇਹ ਸੀ ਭਾਈ ਸਾਹਿਬ ਦਾ ਫੁਰਨਾ, ਜੋ ਰਾਣਾ ਸੂਰਤ ਸਿੰਘ ਵਿਚ ਰੂਪਵਾਨ ਹੁੰਦਾ ਹੈ। ਰਾਣੀ ਰਾਜ ਕੌਰ ਬੁੱਤ ਦੇ ਖ਼ਬਤ ਤੋਂ ਉਠਕੇ ਉਸ ਆਦਰਸ਼ ਵਿਚ ਅਪਣਾ ਜੀਵਨ ਬਿਤਾਉਂਦੀ ਹੈ ਜਿਸ ਬਾਬਤ ਕਿਹਾ.

ਗੁਰਮੁਖ ਕਰਦੀ ਕਾਰ ਭਾਗ ਸੁਲੱਖਣੀ ।।

 www.sikhbookclub.com

'ਕਾਰ' ਦੇ ਮਾਅਨੇ ਕੀ ਹਨ ? 'ਕਰ' ਹੱਥ ਨੂੰ ਕਹਿੰਦੇ ਹਨ। ਉਹ ਚੀਜ਼ ਜਿਹੜੀ ਹੱਥਾਂ ਨਾਲ ਕੀਤੀ ਜਾਏ, ਉਹ ਕਾਰ ਹੈ। ਇਹ ਨਹੀਂ ਕਿ ਤੁਸੀਂ ਰੁਪਯਾ ਦੇ ਦਿਤਾ ਤੇ ਕਿਹਾ ਚਲੋ ਭਈ ਮੇਰੇ ਨਾਂ ਦਾ ਓਥੇ ਸੇਵਾ ਕਰਾਈ ਦਾ ਪੱਥਰ ਲਗ ਜਾਏ। ਇਹ ਕਾਰ ਨਹੀਂ। ਰੁਪਏ ਨਾਲ 'ਸੇਵਾ' ਹੋ ਸਕਦੀ ਹੈ, 'ਕਾਰ ਸੇਵਾ' ਨਹੀਂ। 'ਕਾਰ ਸੇਵਾ' ਦਾ ਮਤਲਬ ਹੈ ਜਿਹੜੀ ਤੁਸੀਂ ਹਥ ਨਾਲ ਕੀਤੀ ਹੈ। ਜਿਹੜੀ ਸਰੋਵਰ ਦੇ ਵਿਚੋਂ ਅਪਣੇ ਹੱਥ ਨਾਲ ਗਾਰ ਕੱਢਦੇ ਹਾਂ, ਉਹਦਾ ਨਾਂ ਕਾਰ ਸੇਵਾ ਇਸ ਕਰਕੇ ਹੈ ਕਿ ਅਸੀਂ ਉਸ ਨੂੰ ਹੱਥਾਂ ਨਾਲ ਕੱਢਦੇ ਹਾਂ। ਰਾਣੀ ਰਾਜ ਕੌਰ ਨੂੰ ਗੁਰਮੁਖਾਂ ਵਾਲੀ ਕਾਰ ਸੇਵਾ ਵਿਚ ਲਗਾ ਦੇਣਾ ਤਾਂ ਕਿ ਉਹ ਆਪਣੀ ਜ਼ਿੰਦਗੀ ਸਫਲ ਕਰ ਸਕੇ ਤੇ ਲੁਡਾਮੀ ਵਾਕੁਣ ਬੁਤ ਦੀ ਚਿਖਾ ਵਿਚ ਖ਼ਤਮ ਨਾ ਹੋ ਜਾਏ, ਤੇ ਨਾ ਹੀ ਸ਼ੈਕਸਪੀਅਰ ਦੀਆਂ ਦੁਖਾਂਤ ਕਹਾਣੀਆਂ ਵਾਕਰ Each new morn new widows howl ਇਸ ਟਿਕਾਣੇ ਤੇ ਗੱਲ ਅਟਕ ਜਾਏ। ਇਹ ਹੈ ਰਾਣਾ ਸੂਰਤ ਸਿੰਘ ਪੁਸਤਕ ਰਾਹੀਂ ਸੰਦੇਸ਼।

੨.

ਜਿਸ ਕਾਰੀਗਰੀ ਨਾਲ ਉਹਨਾਂ ਨੇ ਏਸ ਨੂੰ ਨਿਭਾਇਆ ਹੈ, ਇਹ ਸਾਹਿੱਤ ਵਿਚ ਇਕ ਨਵਾਂ ਹੀ ਤਜਰਬਾ ਹੈ। ਇਹ ਓਹੀ ਕਰ ਸਕਦੇ ਹਨ ਜਿਹੜੇ ਸੰਦੇਸ਼ ਲੈਕੇ ਆਏ ਸਨ, ਜਿਸ ਨੂੰ ਉਹਨਾਂ ਨੇ ਸੁਪਨੇ ਦੀ ਗਯਾਤ ਦੁਆਰਾ ਅਨੁਭਵ ਕੀਤਾ ਤੇ ਫੇਰ ਓਸੇ ਹੀ ਸੰਦੇਸ਼ ਨੂੰ ਸਾਰੇ ਸਾਹਿਤ ਵਿਚ ਨਾਨਾ ਪ੍ਰਕਾਰ ਦੀ ਰੰਗਸਾਜ਼ੀ ਨਾਲ ਚਿਤ੍ਰਤ ਕੀਤਾ। ਰਾਣਾ ਸੂਰਤ ਸਿੰਘ ਲਿਖਣ ਲੱਗਿਆਂ ਉਹਨਾਂ ਦੇ ਸਾਹਮਣੇ ਕਈ ਪ੍ਰਸ਼ਨ ਸਨ: ਆਇਆ ਓਹ ਏਸ ਨੂੰ ਇਕ ਨਾਟਕ ਦੀ ਸ਼ਕਲ ਵਿਚ ਲਿਖਣ, ਕਿ ਵਾਰਤਕ ਰੂਪ ਦੇਣ ? ਜੇ ਕਵਿਤਾ ਦੀ ਸ਼ਕਲ ਦੇਣ ਤਾਂ ਕਿਹੜੇ ਛੰਦ ਵਰਤਣ ? ਉਹਨਾਂ ਦੀ ਇਸ ਬਾਰੇ ਆਖ਼ਰੀ ਚੋਣ ਕਿ ਇਹਨੂੰ ਕੀ ਰੂਪ ਦੇਣਾ ਹੈ, ਭਾਰੀ ਸਮਝ ਦੀ ਨਿਸ਼ਾਨੀ ਹੈ। ਪੰਜਾਬ ਦਾ ਆਪਣਾ ਛੰਦ ਇਕੋ ਹੈ ਜੋ ਸਰਬ ਸ੍ਰੇਸ਼ਟ ਹੈ, ਉਹ ਏਥੋਂ ਦੀ ਜ਼ਿੰਦਗੀ ਦੇ ਨਾਲ ਇਕ ਮਿੱਕ ਹੈ। ਪੰਜਾਬ ਦੇ ਹਿਰਦੇ ਵਿਚ ਉਹ ਅਨਹਦ ਸ਼ਬਦ ਵਾਕੁਣ ਵਜਦਾ ਰਹਿੰਦਾ ਹੈ। ਉਹ ਛੰਦ ਹੈ 'ਵਾਰ'। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਕੋਈ ੩੧ ਰਾਗ ਹਨ, ਜਿਨ੍ਹਾਂ ਦੇ ਵਿਚ ਬਾਣੀ ਉਚਰੀ ਹੋਈ ਹੈ, ਮਗਰ ਤੁਸੀਂ ਦੇਖ ਲਵੋ ਉਹਨਾਂ ੩੧ ਰਾਗਾਂ ਵਿਚ ੨੨ ਵਾਰਾਂ ਹਨ। ਬਹੁਤ ਸਾਰੇ ਰਾਗਾਂ ਵਿਚ; ਮੁਖ਼ਤਲਿਫ਼ ਰਾਗਾਂ ਵਿਚ, ਵਾਰਾਂ ਹਨ। ਕਈ ਰਾਗਾਂ ਵਿਚ ਤਾਂ ਇਕ ਛਡਕੇ ਦੋ ਦੋ ਵਾਰਾਂ ਬੀ ਹਨ। ਮਸਲਨ ਗਉੜੀ ਦੇ ਵਿਚ ਦੋ ਹਨ, ਗੂਜਰੀ ਦੇ ਵਿਚ ਦੋ ਹਨ, ਮਾਰੂ ਵਿਚ ਦੋ ਹਨ, ਰਾਮਕਲੀ ਵਿਚ

 www.sikhbookclub.com

ਤਾਂ ਤਿੰਨ ਹਨ। ਤਕਰੀਬਨ ਹਰ ਇਕ ਰਾਗ ਦੇ ਵਿਚ ਵਾਰ ਇਸ ਕਰਕੇ ਹੈ ਕਿ ਚਾਹੇ ਰਾਗ ਇਕ ਸ਼ਾਸਤ੍ਰੀ ਚੀਜ਼ ਹੈ, ਮਗਰ ਜਿਹੜੀ ਪੰਜਾਬ ਦੀ ਦਿਲਧੜਕਨ ਹੈ, ਜੋ ਵਾਰ ਦੀ ਧਾਪ ਵਿਚ ਸਹੀ ਮਹਿਸੂਸ ਹੁੰਦੀ ਹੈ, ਉਹ ਪਰੇ ਨਾਂ ਹੋਵੇ ਤੇ ਹਰ ਰਾਗ ਦੀ ਸੁਰ ਵਿਚ ਪੰਜਾਬ ਦੀ ਇਹ ਜਿਗਰੀ ਚਾਲ ਕਦਮ ਬਕਦਮ ਤਾਲ ਬੱਧ ਨਾਲ ਚਲੇ। ਇਹ ਵਾਰ ਦੇ ਮਾਇਨੇ ਹਨ। ਮਸਲਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਤੁਸੀਂ ਭਗਤ ਬਾਣੀ ਵਿਚ ਕੋਈ ਵਾਰ ਨਹੀਂ ਦੇਖੋਗੇ। ਸਿਰਫ ਰਾਗ ਰਾਮਕਲੀ ਵਿਚ ਸੱਤੇ ਬਲਵੰਡ ਦੀ ਵਾਰ ਹੈ ਜੋ ਪੰਜਾਬੀ ਭੱਟ ਸਨ। ਹੋਰ ਭਗਤ ਬਾਹਰ ਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਚਾਹੇ ਆਪਣੀ ਕਵਿਤਾ ਹਿੰਦੀ ਵਿਚ ਯਾ ਬ੍ਰਿਜ ਭਾਸ਼ਾ ਵਿਚ ਕਹੀ ਪਰ ਉਹ ਵਾਰ ਤੋਂ ਖਾਲੀ ਨਹੀਂ ਰਹੇ। ਮਿਸਾਲ ਹੈ--'ਚੰਡੀ ਦੀ ਵਾਰ', ਜਿਹੜੀ ਕਿ ਪੰਜਾਬੀ ਵਿਚ ਰਚਨਾ ਹੈ। ਭਾਈ ਗੁਰਦਾਸ ਦੀ ਪ੍ਰਸਿਧੀ ਵਾਰਾਂ ਕਰਕੇ ਹੈ। ਹੋਰ ਦੇਖੋ ਐਡੀ ਭਾਰੀ ਪੁਸਤਕ ਜਿਹੜੀ ਕਵੀ ਸੰਤੋਖ ਸਿੰਘ ਨੇ ਲਿਖੀ ਕਿ ਇਕ ਸਮੁੰਦਰ ਹੈ, ਸਾਰੀ ਬ੍ਰਿਜ ਭਾਸ਼ਾ ਵਿਚ, ਪਰ ਜਿਥੇ ਕਿਤੇ ਲੜਾਈ ਦਾ ਜ਼ਿਕਰ ਆਇਆ ਹੈ ਓਥੇ ਓਸ ਨੇ ਇਹ ਮਹਿਸੂਸ ਕੀਤਾ ਹੈ ਕਿ ਇਹ ਕਬਿੱਤ ਸਵੱਯੇ, ਇਹ ਬ੍ਰਿਜ ਭਾਸ਼ਾ ਦੇ ਆਮ ਪ੍ਰਚਲਤ ਛੰਦ ਕਾਫੀ ਨਹੀਂ। ਜੰਗ ਦੇ ਗੜਗੱਜ ਬਿਆਨ ਵੇਲੇ ਇਹ ਲਿੱਸੇ ਪੈ ਜਾਂਦੇ ਹਨ। ਕਈ ਥਾਵੇਂ ਉਸ ਨੇ ਕੋਸ਼ਿਸ਼ ਕੀਤੀ ਹੈ ਕਿ ਜਿਹੜੇ ਛੰਦ ਗੁਰੂ ਗੋਬਿੰਦ ਸਿੰਘ ਜੀ ਨੇ ਵਰਤੇ ਹਨ, ਉਹਨਾਂ ਨੂੰ ਇਸਤੇਮਾਲ ਕਰੇ, ਕਿ ਓਹ ਅਸਰ ਪੈਦਾ ਕਰ ਸਕੇ ਜੋ ਯੁਧ ਵਰਣਨ ਵਿਚ ਹੋਣਾ ਚਾਹੀਦਾ ਹੈ; ਮਸਲਨ ਭੁਜੰਗ ਪ੍ਰਯਾਤ ਛੰਦ, ਰਸਾਵਲ ਛੰਦ ਆਦਿਕ। ਕਵੀ ਸੰਤੋਖ ਸਿੰਘ ਦੀ ਕਵਿਤਾ ਵਿਚ ਵੈਸੇ ਭੁਜੰਗ ਪ੍ਰਯਾਤ ਛੰਦ ਥੋੜੀ ਥਾਈਂ ਆਇਆ ਹੈ ਪਰ ਸਿਰਫ਼ ਓਥੇ ਜਿਥੇ ਲੜਾਈ ਨੂੰ ਬਿਆਨ ਕਰਨ ਲੱਗਾ ਹੈ। ਮਸਲਨ ਇਹ ਹੈ:

ਬਡੇ ਬਾਢ ਚੌਰੇ ਸੁ ਤੇਗੇ ਜੁ ਮਯਾਨੀ ।।
ਦੁਧਾਰੇ ਪੁਲਾਦੀ ਅਨੇਕੈ ਮਹਾਨੀ ।।

ਇਹ ਸੰਤੋਖ ਸਿੰਘ ਦਾ ਭੁਜੰਗ ਪ੍ਰਯਾਤ ਛੰਦ ਹੈ, ਫੇਰ ਓਸ ਨੇ ਰਸਾਵਲ ਛੰਦ ਵੀ ਲਿਆ ਹੈ।

ਜਸੰਵਾਲ ਧਾਯੋ। ਪਦਾਤੀ ਲਿਆਯੋ ।।
ਚਲੀ ਯੌਂ ਤੁਰੰਗੈਂ। ਮਹਾਂ ਏਕ ਸੰਗੈ ।।
ਉਦੈ ਸਿੰਘ ਦੌਰਾ। ਮਚਯੋ ਭੂਰ ਰੌਰਾ ।।
ਛੁਟੇ ਤੀਰ ਗੋਰੀ। ਭਿਰੇ ਦੌਨ ਓਰੀ ।।

 www.sikhbookclub.com

ਲੜਾਈ ਦਾ ਇਹ ਬਿਆਨ ਲੰਬੀ ਚੀਜ਼ ਹੈ। ਮਗਰ ਕਵੀ ਦੇਖਦਾ ਹੈ ਕਿ ਇਨ੍ਹਾਂ ਛੰਦਾਂ ਦੇ ਜ਼ਰੀਏ ਲੜਾਈ ਦੇ ਵਰਨਣ ਵਿਚ ਉਹ ਗਰਮ ਉਬਲਦੇ ਵਲਵਲੇ ਦੀ ਖੂੰਨੀ ਟੀਸੀ ਤੇ ਨਹੀਂ ਪਹੁੰਚ ਰਿਹਾ, ਜਿੱਥੇ ਹਰ ਇਕ ਡੁੱਲ੍ਹ ਰਿਹਾ ਲਹੂ ਦਾ ਕਤਰਾ ਬੀਰ ਰਸ ਦੇ ਖੌਲ ਰਹੇ ਸਮੁੰਦਰ ਵਿਚ ਅਪਣੇ ਤੁਬਕੇ ਦਾ ਹਿੱਸਾ ਪਾਉਂਦਾ ਹੈ। ਸੰਤੋਖ ਸਿੰਘ ਇਕ ਦਮ ਵਾਰ ਦੇ ਛੰਦ ਉਤੇ ਚਲਾ ਜਾਂਦਾ ਹੈ। ਉਸ ਦੇ ਲਫਜ਼ ਬਦਲ ਜਾਂਦੇ ਹਨ, ਬ੍ਰਿਜ ਭਾਸ਼ਾ ਹਟ ਜਾਂਦੀ ਹੈ, ਪੰਜਾਬੀ ਹੋ ਜਾਂਦੀ ਹੈ:

ਗਰਜੇ ਪੁੰਜ ਪਹਾੜੀ ਭੜਥੂ ਘੱਤਿਆ
ਕੁੱਝ ਨ ਮੁੜੇ ਪਿਛਾੜੀ ਖੜਗ ਪ੍ਰਹਾਰ ਤੇ

ਇਹ ਸੰਤੋਖ ਸਿੰਘ ਹੈ, ਇਹ ਪੰਜਾਬੀ ਹੈ, ਇਹ ਵਾਰ ਹੈ; ਇਹ ਛੰਦ ਹੈ ਜੋ ਪੰਜਾਬ ਦੀ ਦਿਲ-ਧੜਕਨ ਹੈ। ਪੰਜਾਬ ਦੀ ਰੂਹ ਤੇ ਤਾਲ ਵਿਚ ਇਹ ਧਸਿਆ ਹੋਇਆ ਹੈ। ਇਸ ਛੰਦ ਨੂੰ ਭਾਈ ਸਾਹਿਬ ਚੁਣਦੇ ਹਨ। ਰਾਣਾ ਸੂਰਤ ਸਿੰਘ ਵਾਰ ਹੈ, ਰਾਣੇ ਦੀ ਵਾਰ। ਤੁਸੀਂ ਰੋਜ਼ ਸਵੇਰੇ ਆਸਾ ਦੀ ਵਾਰ ਪੜ੍ਹਦੇ ਹੋ। ਸਾਡਾ ਦਿਨ ਹੀ ਸ਼ੁਰੂ ਵਾਰ ਤੋਂ ਹੁੰਦਾ ਹੈ। ਪਰ ਵਾਰ ਇਕ ਲੜਾਈ ਦੀ ਕਿਸਮ ਦੀ ਠੰਢੀ ਨਜ਼ਾਕਤ ਲਿਆਉਣਾ ਚਾਹੁੰਦੇ ਸਨ। ਓਹ ਇਸ ਛੰਦ ਵਿਚ ਤਬਦੀਲੀ ਕਰਦੇ ਹਨ। ਸਿਰਫ ਇਕ ਮਾਤ੍ਰਾ ਦੀ, ਬੇ ਮਲੂਮ ਤਬਦੀਲੀ। ਮਸਲਨ ਕਵੀ ਸੰਤੋਖ ਸਿੰਘ ਦਾ ਛੰਦ ਹੈ, ''ਗਰਜੇ ਪੰਜ ਪਹਾੜੀ ਭੜਥੂ ਘੱਤਿਆ॥'' ਇਹਦੇ ਵਿਚ ਇਕ ਮਾਤ੍ਰਾ ਘਟ ਕਰ ਦਿਓ ਤਾਂ ਪਾਠ ਹੋ ਜਾਏਗਾ:

ਗਰਜੇ ਪੁੰਜ ਪਹਾੜ ਭੜਥੂ ਘੱਤਿਆ

ਇਹ ਰਾਣਾ ਸੂਰਤ ਸਿੰਘ ਦੀ ਚਾਲ ਹੋ ਜਾਂਦੀ ਹੈ।

ਪੱਧਰ ਇਕ ਮੈਦਾਨ ਪਰਬਤ ਘੇਰਿਆ।
ਛੋਟਾ ਪਰ ਰਮਣੀਕ ਸੁੰਦਰ ਸੋਹਿਣਾ।

ਟੋਨ ਬਦਲ ਜਾਂਦੀ ਹੈ, ਸੁਰ ਕੋਮਲ ਹੋ ਜਾਂਦੀ ਹੈ। ਇਕ ਜੰਗੀ ਛੰਦ ਸਿਵਲ ਛੰਦ ਬਣ ਜਾਂਦਾ ਹੈ। ਗਰਮੀ ਹਟ ਜਾਂਦੀ ਹੈ, ਰੌਸ਼ਨੀ ਵਧ ਜਾਂਦੀ ਹੈ, ਠੰਢ ਵਰਤ ਜਾਂਦੀ ਹੈ। ਏਸੇ ਤਰਕੀਬ ਨੂੰ ਉਹਨਾਂ ਨੇ ਜਿਥੇ ਬਹੁਤ ਹੀ ਨਾਜ਼ਕ ਖਿਆਲੀ ਆਈ ਹੈ ਵਰਤਿਆ ਹੈ। ਮਸਲਨ ਸ਼ਾਲਾਮਾਰ ਦਾ ਵਰਣਨ:

 www.sikhbookclub.com

ਜੋਗੀ ਖੜੇ ਚਨਾਰ, ਸ਼ਾਂਤੀ ਵਸ ਰਹੀ,
ਨਹਿਰ ਵਹੇ ਵਿਚਕਾਰ, ਬ੍ਰਿਤੀ ਪ੍ਰਵਾਹ ਜਯੋਂ।
ਹਰਿਆ ਹਰਿਆ ਵੰਨ ਮਖ਼ਮਲ ਘਾਹ ਦਾ।

ਉਹ ਜਿਹੜਾ ਛੰਦ ਹੈ ਵਾਰ ਦਾ ਹੈ ਤੇ ਇਸ ਸ਼ਾਲਾਮਾਰ ਦੇ ਛੰਦ ਵਿਚ ਸਿਰਫ ਇੱਕੋ ਹੀ ਫਰਕ ਹੈ। ਇਕ ਮਾਤ੍ਰਾ ਦਾ। ਜਿਸ ਤਰ੍ਹਾਂ ਇਹ ਲਿਖਿਆ ਹੈ:

ਜੋਗੀ ਖੜੇ ਚਨਾਰ ਸ਼ਾਂਤੀ ਵਸ ਰਹੀ।

ਏਸ ਨੂੰ ਹੀ ਜੇ ਉਸ ਜੰਗੀ ਤੀਬਰ ਸੁਰ ਦੇਣੀ ਹੋਵੇ ਤਾਂ ਇਕ ਮਾਤ੍ਰਾ ਵਧ ਜਾਵੇਗੀ:

ਜੋਗੀ ਚੜ੍ਹੇ ਚਨਾਰੀਂ ਸ਼ਾਂਤੀ ਨਸ ਰਹੀ।

ਇਕ ਮਾਤ੍ਰਾ ਦੇ ਘਟਣ ਨਾਲ ਚਾਲ ਤੇ ਧਾਪ ਵਿਚ ਕੋਈ ਫਰਕ ਨਹੀਂ ਪੈਂਦਾ, ਟੈਂਪ੍ਰੇਚਰ ਬਦਲ ਜਾਂਦੀ ਹੈ। ਏਸ ਮੀਟਰ ਨੂੰ ਲੈਕੇ ਜੋ ਪੰਜਾਬ ਦਾ ਨਿਜੀ ਛੰਦ ਸੀ, ਏਸ ਨੂੰ ਅਪਣਾਕੇ ਏਸ ਵਿਚ ਅਪਣਾ ਸੰਦੇਸ਼ ਦੇਂਦੇ ਹਨ। ਇਹ ਮੀਟਰ ਉਹਨਾਂ ਦੀ ਚੋਣ ਦੀ ਖ਼ੂਬੀ ਹੈ। ਅੱਗੇ ਇਹ ਕਾਰੀਗਰੀ ਦੀ ਪ੍ਰਬੀਨਤਾ ਹੈ ਕਿ ਇਸ ਨੂੰ ਐਨਾ ਨਰਮ ਕਰ ਦਿਤਾ ਕਿ ਐਸ ਵੇਲੇ ਨਵੀਨ ਪੰਜਾਬੀ ਸਾਹਿਤ, ਜੇ ਦੁਨੀਆ ਦੇ ਸਾਹਮਣੇ ਕੋਈ ਅਪਣੀ ਕ੍ਰਿਤੀ ਫ਼ਖ਼ਰ ਨਾਲ ਰਖ ਸਕਦਾ ਹੈ ਤਾਂ ਉਹ ਰਾਣਾ ਸੂਰਤ ਸਿੰਘ ਹੈ। ਏਸ ਪੁਸਤਕ ਵਿਚ ਭਾਈ ਸਾਹਿਬ ਦਾ ਸੰਦੇਸ਼ ਹੈ। ਪੁਸਤਕ ਦੇ ਸ਼ੁਰੂ ਵਿਚ ਰਾਣੀ ਰਾਜ ਕੌਰ ਦੀ ਤਬੀਅਤ ਕੀ ਸੀ ?

ਐਹ ਸੀ :

ਪੀਅ ਬਿਨ ਜੀਵਨ ਮੌਤ ਮੌਤੋਂ ਹੈ ਬੁਰਾ।
ਮੌਤ ਲਏ ਇਕ ਵਾਰ ਇਹ ਨਿਤ ਸੱਲਦਾ।

ਉਹ 'ਲੁਡਾਮੀ' ਦੇ ਰਾਹ ਤੁਰ ਪਈ ਸੀ। ਫਰਕ ਇਤਨਾ ਸੀ ਕਿ ਲੁਡਾਮੀ ਦਾ ਬੁਤ ਲੱਕੜ ਦਾ ਸੀ, ਇਸ ਦਾ ਪੱਥਰ ਦਾ। ਉਹ ਲੱਕੜ ਦੀ ਚਿਖਾ ਵਿਚ ਸੜਕੇ ਮਰ ਗਈ ਸੀ। ਇਹ ਛਾਤੀ ਤੇ ਪੱਥਰ ਰੱਖਕੇ ਡੁਸਕ ਰਹੀ ਸੀ। ਏਸ ਦੁਖ ਭਰਪੂਰ ਟਿਕਾਣੇ ਤੋਂ ਭਾਈ ਸਾਹਿਬ ਕਥਾ ਨੂੰ ਚੱਕਦੇ ਹਨ ਤੇ ਕਿਨ੍ਹਾਂ ਮਾਨਸਿਕ ਘਾਟੀਆਂ ਤੇ ਚੜ੍ਹਦੇ ਹੋਏ ਕਿਸ ਆਤਮਕ ਉੱਚਤਾਈ ਤਕ ਪਹੁੰਚਦੇ ਹਨ। ਇਹ ਹੈ ਉਹਨਾਂ ਦਾ ਸੰਦੇਸ਼। ਇਹ ਹੈ ਪ੍ਰੇਰਨਾ ਸਾਰੀ ਕੌਮ ਨੂੰ ਜੋ ਐਸ ਵੇਲੇ ਮਾਦਾ ਪ੍ਰਸਤੀ ਵਿਚ ਰੁੱਝ ਗਈ ਹੈ।

 www.sikhbookclub.com

੮.

ਭਾਈ ਸਾਹਿਬ ਦੀ ਕਵਿਤਾ ਵਿਚ ਏਹੋ ਵਡਾ ਫਰਕ ਹੈ। ਜਿਸ ਟਿਕਾਣੇ ਤੇ ਹੋਰ ਸਾਹਿੱਤ ਖ਼ਤਮ ਹੁੰਦਾ ਹੈ, ਇਹ ਉਥੋਂ ਸ਼ੁਰੂ ਕਰਦੇ ਹਨ। ਏਹੋ ਫਰਕ ਇਕਬਾਲ ਨਾਲ ਹੈ, ਜੋ ਉਹਨਾਂ ਦਾ ਸਮਕਾਲੀ ਸੀ। ਏਹੋ ਫਰਕ ਇੰਗਲਿਸਤਾਨ ਦੇ ਕਵੀ ਰਾਬਰਟ ਬ੍ਰਿੱਜਜ਼ ਨਾਲ ਹੈ, ਜੋ ਸਮਕਾਲੀ ਸੀ। ਏਹੋ ਹੋਰ ਸਮਕਾਲੀਆਂ ਨਾਲ ਹੈ। ਇਕਬਾਲ ਦੀ ਨਜ਼ਾਕਤ ਬਹੁਤ ਹੈ। ਕਾਬਲਿ–ਤਾਰੀਫ਼ ਹੈ। ਕਈ ਕਈ ਨੁਕਤੇ ਬੜੇ ਮਾਅਰਕੇ ਦੇ ਹਨ। ਉਸ ਨੇ ਇਕ ਥਾਂਵੇਂ ਜ਼ਿਕਰ ਕੀਤਾ ਹੈ ਕਿ ਹੁਸਨ ਨੇ ਖ਼ੁਦਾ ਕੋਲੋਂ ਇਕ ਵੇਰ ਪੁੱਛਿਆ ਕਿ ਤੂੰ ਮੈਨੂੰ ਕੀ ਬਣਾਇਆ ਹੈ? ਮੈਂ ਪਲ ਘੜੀ ਦਾ ਪ੍ਰਾਹੁਣਾ ਹੁੰਦਾ ਹਾਂ ਤੇ ਝਟ ਖ਼ਤਮ ਹੋ ਜਾਂਦਾ ਹਾਂ। ਤੂੰ ਮੈਨੂੰ 'ਲਾਜ਼ਵਾਲ' ਕਿਉਂ ਨਹੀਂ ਬਣਾਇਆ ਕਿ ਮੈਂ ਕਦੇ ਨਾ ਮਰਦਾ ? ਇਕਬਾਲ ਦੇ ਲਫਜ਼ ਹਨ:

ਖ਼ੁਦਾ ਸੇ ਹੁਸਨ ਨੇ ਇਕ ਰੋਜ਼ ਸਵਾਲ ਯਹ ਕੀਆ,
ਜਹਾਂ ਮੇ ਕਿਉਂ ਨ ਮੁਝੇ ਤੂਨੇ ਲਾਜ਼ਵਾਲ ਕੀਆ ?

ਕਿ ਮੈਨੂੰ ਜ਼ਵਾਲ ਨਾ ਆਉਂਦਾ, ਕਿ ਮੈਂ ਕਦੀ ਘਟਦਾ ਨਾ, ਹਮੇਸ਼ਾਂ ਰਹਿੰਦਾ।

ਮਿਲਾ ਜਵਾਬ ਕਿ ਤਸਵੀਰ ਖ਼ਾਨਾ ਹੈ ਦੁਨੀਆ,
ਸ਼ਬੇ ਦਰਾਜ਼ ਆਦਮ ਕਾ ਫਸਾਨਾ ਹੈ ਦੁਨੀਆ।
ਹੋਤੀ ਹੈ ਰੰਗ ਤਗ਼ੱਯਰ ਸੇ ਜਬ ਨਮੂਦ ਇਸ ਕੀ,
ਵੁਹੀ ਹੁਸੀਂ ਹੈ ਹਕੀਕਤ ਜ਼ਵਾਲ ਹੈ ਜਿਸ ਕੀ।

ਖ਼ੁਦਾ ਨੇ ਕਿਹਾ: ਮੈਂ ਤੇ ਇਕ ਤਸਵੀਰ ਖ਼ਾਨਾ ਬਣਾਇਆ ਹੈ, ਪਰ ਹਰ ਇਕ ਤਸਵੀਰ ਮੈਂ ਜਿਹੜੀ ਚਿੱਤ੍ਰਦਾ ਹਾਂ, ਉਹ ਉਹਨਾਂ ਰੰਗਾਂ ਵਿਚ ਬਣਦੀ ਹੈ ਜੋ ਰੰਗ 'ਤਗੱਯਰ' ਦੇ ਬਣੇ ਹੋਏ ਹਨ, ਕੱਚੇ ਰੰਗ ਹਨ, ਜਿਨ੍ਹਾਂ ਨੇ ਮਿਟ ਜਾਣਾ ਹੈ, ਜਿਹੜੇ ਰਹਿ ਨਹੀਂ ਸਕਦੇ। 'ਵਹੀ ਹੁਸੀਂ ਹੈ', ਓਹੀ ਸੁੰਦਰ ਹੈ, ਜਿਸ ਦੀ ਹਕੀਕਤ ਹੈ ਜ਼ਵਾਲ। ਜੇਹੜਾ ਕਹੇ ਮੈਂ ਪੱਕਾ ਹੋ ਜਾਵਾਂ ਓਹ ਹੁਸੀਨ ਹੋ ਹੀ ਨਹੀਂ ਸਕਦਾ, ਉਹ ਸੁੰਦਰ ਨਹੀਂ। ਇਹ ਖ਼ੁਦਾ ਦਾ ਜਵਾਬ ਸੀ। ਅੱਗੇ ਇਕਬਾਲ ਕਹਿੰਦਾ ਹੈ:

ਕਹੀਂ ਕਰੀਬ ਥਾ, ਯਿਹ ਗੁਫਤਗੂ ਕਮਰ ਨੇ ਸੁਨੀ।

'ਕਮਰ' ਦੇ ਮਾਇਨੇ ਹਨ ਚੰਦ੍ਰਮਾ, ਜਿਸ ਵੇਲੇ ਰੱਬ ਹੁਸਨ ਨਾਲ ਗੱਲਾਂ ਕਰ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਹੁਸਨ ਦੀ ਹਕੀਕਤ ਐਹ ਹੈ, ਓਸ ਵੇਲੇ ਚੰਦ੍ਰਮਾ ਕਿਤੇ ਨੇੜੇ ਸੀ, ਓਸ ਨੇ ਇਹ ਗਲ ਸੁਣ ਲਈ; ਨਤੀਜਾ ਕੀ ਹੋਇਆ ?


www.sikhbookclub.com

ਫ਼ਲਕ ਮੇਂ ਆਮ ਹੂਈ ਅਖ਼ਤਰੇ ਸਹਰ ਨੇ ਸੁਨੀ।

ਚੰਦ੍ਰਮਾ ਨੇ ਸਾਰੇ ਹੀ ਆਸਮਾਨ ਤੇ ਗੱਲ ਫੈਲਾ ਦਿਤੀ ਕਿ ਲਓ ਜੀ ਸੁੰਦਰਤਾ ਚੀਜ਼ ਕੀ ਹੈ, ਜ਼ਵਾਲ ਹੀ ਜ਼ਵਾਲ। ਉਥੋਂ 'ਅਖ਼ਤਰੇ ਸਹਰ' ਨੇ, ਜਿਹੜਾ ਸਵੇਰ ਦਾ ਤਾਰਾ ਸੀ, ਓਸ ਨੇ ਸੁਣ ਲਈ: ਓਹ। ਅਸੀਂ ਜੋਹੜੇ ਐਡੇ ਸੁੰਦਰ ਬਣੇ ਬੈਠੇ ਹਾਂ, ਸਾਡੀ ਹਕੀਕਤ ਬੱਸ ਜ਼ਵਾਲ ਹੀ ਜ਼ਵਾਲ ਹੈ!

ਸਹਰ ਨੇ ਤਾਰੇ ਸੇ ਸੁਨ ਕਰ ਸੁਨਾਈ ਸ਼ਬਨਮ ਕੋ।

ਉਸ਼ਾ ਨੇ ਇਹ ਗਲ ਸਵੇਰ ਦੇ ਤਾਰੇ ਕੋਲੋਂ ਸੁਣ ਲਈ ਤੇ ਤ੍ਰੇਲ ਨੂੰ ਸੁਣਾ ਦਿਤੀ ਕਿ ਲੈ ਤੂੰ ਐਡੀ ਸੁਹਣੀ ਬਣੀ ਫਿਰਦੀ ਹੈਂ--ਹਕੀਕਤ ਤੇ ਜ਼ਵਾਲ ਹੈ।

ਫ਼ਲਕ ਕੀ ਬਾਤ ਬਤਾਈ ਜ਼ਮੀਂ ਕੇ ਮਹਰਮ ਕੋ।

ਅੱਗੇ ਤੇ ਇਹ ਗੱਲ ਅਸਮਾਨ ਵਿਚ ਹੀ ਸੀ, ਜਿਸ ਵੇਲੇ ਸ਼ਬਨਮ ਨੇ ਸੁਣ ਲਈ, ਓਹ ਜ਼ਮੀਨ ਦੀ ਮਹਰਮ ਸੀ, ਓਸ ਨੇ ਜ਼ਮੀਨ ਤੇ ਆਉਣਾ ਸੀ, ਇਹ ਗੱਲ ਜ਼ਮੀਨ ਤੇ ਪਹੁੰਚ ਗਈ।

ਭਰ ਆਏ ਫੂਲ ਕੇ ਆਂਸੂ ਪਯਾਮੇ ਸ਼ਬਨਮ ਸੇ।

ਸ਼ਬਨਮ ਨੇ ਫੁੱਲ ਨੂੰ ਏਹੋ ਗੱਲ ਸੁਣਾਈ। ਫੁੱਲ ਦੇ ਤਾਂ ਹੰਝੂ ਭਰ ਆਏ ਕਿ ਹਾਇ ਐਹ ਸਾਡੀ ਹਕੀਕਤ ਹੈ।

ਕਲੀ ਕਾ ਨੰਨ੍ਹਾ ਸਾ ਦਿਲ ਖ਼ੂੰ ਹੋ ਗਿਆ ਗ਼ਮ ਸੇ।
ਚਮਨ ਸੇ ਰੋਤਾ ਹੂਆ ਮੌਸਮੇ ਬਹਾਰ ਗਿਆ,
ਸ਼ਬਾਬ ਸੈਰ ਕੋ ਆਯਾ ਥਾ ਸੋਗਵਾਰ ਗਿਆ।

ਓਸ ਬਾਗ਼ ਦੇ ਵਿਚ ਮੌਸਮੇ ਬਹਾਰ, 'ਬਸੰਤ' , ਆਇਆ ਹੋਇਆ ਸੀ, ਜਿਸ ਵੇਲੇ ਬਹਾਰ ਨੇ ਇਹ ਗਲ ਸੁਣੀ ਕਿ ਇਹ ਖ਼ੂਬਸੂਰਤੀ ਤਾਂ ਜ਼ਵਾਲ ਦੀ ਬਣੀ ਹੋਈ ਹੈ ਤਾਂ ਬਸੰਤ ਓਥੋਂ ਨੱਸਿਆ, ਰੋਂਦਾ ਹੋਇਆ। 'ਸ਼ਬਾਬ', ਜਿਹੜੀ ਜਵਾਨੀ ਉਸ ਬਾਗ਼ ਉਤੇ ਆਈ ਸੀ, ਉਹ ਸੋਗਵਾਰ ਹੋਕੇ ਚਲੀ ਗਈ।

ਇਹ ਬੜੇ ਨਾਜ਼ਕ ਖ਼ਿਆਲ ਹਨ। ਹੁਣ ਅੰਗ੍ਰੇਜ਼ੀ ਦਾ ਇਕ ਸ਼ਾਇਰ ਹੈ, ਰਾਬਰਟ ਬ੍ਰਿੱਜਜ਼ (Robert Bridges) ਏਸ ਨੇ ਵੀ ਏਹ ਖਿਆਲ ਲਏ ਹਨ ਮਗਰ ਓਥੇ ਸੁਰ ਬਦਲ ਗਈ ਹੈ। ਓਹ ਸੁਰ ਸੋਗਵਾਰ ਨਹੀਂ ਰਹੀ।

 www.sikhbookclub.com

ਉਸ ਨੇ ਕਿਹਾ ਹੈ:

I have loved flowers that fade.

ਮੈਂ ਉਹਨਾਂ ਫੁੱਲਾਂ ਨੂੰ ਪਿਆਰ ਕਰਦਾ ਹਾਂ ਜੇਹੜੇ ਮੁਰਝਾ ਜਾਂਦੇ ਹਨ:

(Within whose Magic tents
Rich hues have marriage made
With sweet unmemoried scents.

ਮੈਂ ਉਹਨਾਂ ਫੁਲਾਂ ਨੂੰ ਪਿਆਰ ਕਰਦਾ ਹਾਂ ਜੇਹੜੇ ਕੁਮਲਾ ਜਾਂਦੇ ਹਨ, ਫੁਲ ਘੜੀ ਪਲ ਦੀ ਜਾਦੂ ਨਗਰੀ ਦੇ ਤੰਬੂ ਹਨ, ਜਿਨ੍ਹਾਂ ਵਿਚ ਬੈਠਕੇ ਕਿਸਮ ਕਿਸਮ ਦੇ ਹਵਾਈ ਰੰਗਾਂ ਨੇ ਉਡਣਹਾਰੀਆਂ ਖ਼ੁਸ਼ਬੋਆਂ ਨਾਲ ਸ਼ਾਦੀ ਰਚਾਈ ਹੈ।

A honey moon delight
A joy of love at sight
that goes in an hour.

ਇਹ ਫੁਲ ਖੁਸ਼ੀ ਦੀ ਸੁਹਾਗ ਰਾਤ ਹਨ। ਇਹ ਫੁਲ ਇਕ ਐਸੇ ਆਨੰਦ ਦਾ ਸੁਆਦ ਹਨ, ਜਿਸ ਦਾ ਹੁਲਾਰਾ ਘੜੀ ਇਕ ਵਿਚ ਮੁੱਕ ਜਾਂਦਾ ਹੈ। ਹਾਂ, ਮੈਂ ਐਸੇ ਫੁਲਾਂ ਨੂੰ ਪਿਆਰ ਕਰਦਾ ਹਾਂ ਜੋ ਕੁਮਲਾ ਜਾਂਦੇ ਹਨ।

ਰਾਬ੍ਰਟ ਬ੍ਰਿਜੱਜ਼ ਫੇਰ ਅਪਣੀ ਕਵਿਤਾ ਨੂੰ ਸਨਮੁਖ ਕਰਕੇ ਕਹਿੰਦਾ ਹੈ:

My song be like a flower,
I have loved airs that die
Before their charm is writ
A long a liquid sky,
Trembling to welcome it.

ਇਸ ਤੋਂ ਭਾਵ ਏਹੀ ਹੈ ਕਿ ਮੈਂ ਉਹਨਾਂ ਗੀਤਾਂ ਨੂੰ ਪਸੰਦ ਕਰਦਾ ਹਾਂ ਜੋ ਆਪਣਾ ਸੁਹਣਾ ਰੂਪ ਦਿਖਾਉਣ ਤੋਂ ਪਹਿਲੇ ਹੀ ਮਰ ਜਾਂਦੇ ਹਨ; ਮੈਂ ਉਹਨਾਂ ਗੀਤਾਂ ਨੂੰ ਪਸੰਦ ਕਰਦਾ ਹਾਂ ਜਿਨ੍ਹਾਂ ਦੀ ਰੂਪ ਰੇਖਾ ਆਸਮਾਨ ਵਿਚ ਚਮਕਣ ਤੋਂ ਪਹਿਲੇ ਖ਼ਤਮ ਹੋ ਜਾਂਦੀ ਹੈ। ਉਹ ਗੀਤ ਜਿਨ੍ਹਾਂ ਦੇ ਸੁਆਗਤ ਹਿਤ ਸੇਜਲ ਅਕਾਸ਼ ਕੰਬ ਰਿਹਾ ਸੀ, ਪਰ ਮਿਲਾਪ ਨਾ ਹੋਇਆ, ਮੇਲ ਤੋਂ ਪਹਿਲੇ ਹੀ ਉਹ ਖ਼ਤਮ ਹੋ ਗਏ। ਹਾਂ ਮੈਂ ਐਸੇ ਗੀਤਾਂ ਨੂੰ ਪਸੰਦ ਕਰਦਾ ਹਾਂ।


www.sikhbookclub.com

ਰਾਬਰਟ ਬ੍ਰਿੱਜਜ਼ ਫੇਰ ਕਹਿੰਦਾ ਹੈ:

Die, song, die like a breath
And wither as a bloom
Fear not a flowery death
Dread not an airy tomb.

ਐ ਮੇਰੇ ਗੀਤੋ ! ਤੁਸੀਂ ਮਰ ਜਾਓ, ਖ਼ਤਮ ਹੋ ਜਾਓ ਐਸ ਤਰ੍ਹਾਂ ਕਿ ਜਿਸ ਤਰ੍ਹਾਂ ਇਕ ਸੁਆਸ ਬਾਹਰ ਨਿਕਲਦਿਆਂ ਹੀ ਮਰ ਵੰਞਦਾ ਹੈ। ਡਰੋ ਨਾ, ਇਸ ਫੁਲਾਂ ਹਾਰੀ ਮੌਤ ਤੋਂ ਕੰਬੋ ਨਾ। ਇਸ ਹਵਾਈ ਕਬਰ ਤੋਂ ਘਬਰਾਓ ਨਾ।

ਇਹ ਹਨ ਖਿਆਲ ਰਾਬਟ ਬ੍ਰਿੱਜਜ਼ ਦੇ।

ਇਹ ਕਵੀ ਇੰਗਲਿਸਤਾਨ ਦਾ ਮਹਾਂਕਵੀ ਰਿਹਾ ਹੈ, ਜਿਸ ਨੂੰ ਪੋਇਟ ਲਾਰੀਏਟ (Poet laureate) ਦਾ ਸਨਮਾਨ ਪ੍ਰਾਪਤ ਸੀ।

੯.

ਮੈਂ ਤੁਹਾਡਾ ਖਿਆਲ ਫੇਰ ਭਾਈ ਸਾਹਿਬ ਵੱਲ ਖਿੱਚਦਾ ਹਾਂ । ਹੁਣ ਤੁਸੀਂ ਠੀਕ ਸਮਝ ਸਕੋਗੇ ਕਿ ਕਿਤਨੇ ਸੂਖਮ ਫਰਕ ਹਨ ਉਹਨਾਂ ਦੇ ਮਹਾਨ ਕਵੀਆਂ ਨਾਲ, ਜਿਨ੍ਹਾਂ ਕਰਕੇ ਭਾਈ ਸਾਹਿਬ ਦੀ ਕਵਿਤਾ ਸੰਦੇਸ਼ ਦਾ ਰੂਪ ਰਖਦੀ ਹੈ। ਉਹਨਾਂ ਦੀ ਇਕ ਕਵਿਤਾ ਹੈ: 'ਕਵਿਤਾ ਦੀ ਸੁੰਦਰਤਾਈ', ਜਿਸ ਵਿਚ ਇਹ ਤੁਕਾਂ ਹਨ:

''ਪੁਛਿਆ ਅਸਾਂ ਹੇ ਸੋਹਣੀ ਤੂੰ ਆਪ ਸੁੰਦਰਤਾ ਹੈਂ,
ਹੀਰੇ ਜਵਾਹਰ ਵਾਂਙੂੰ, ਟਿਕਦੀ ਹੈਂ,
ਕਿਉਂ ਤੂੰ ਨਾਹੀਂ ?''

ਉਹ ਪੁੱਛਦੇ ਹਨ, ਕਵਿਤਾ ਕੋਲੋਂ ਪੁੱਛਦੇ ਹਨ, ਸੁੰਦਰਤਾ ਕੋਲੋਂ ਪੁੱਛਦੇ ਹਨ, ਤੂੰ ਟਿਕਦੀ ਕਿਉਂ ਨਹੀਂ ? ਤੂੰ ਓਧਰੋਂ ਪੈਦਾ ਹੁੰਦੀ ਹੈਂ ਓਧਰੋਂ ਖ਼ਤਮ ਹੋ ਜਾਂਦੀ ਹੈਂ ? ਜਿਸ ਤਰ੍ਹਾਂ ਹੀਰੇ ਹੈਨ, ਜਵਾਹਰਾਤ ਹੈਨ, ਇਹ ਕਾਇਮ ਰਹਿੰਦੇ ਹਨ, ਖ਼ਤਮ ਨਹੀਂ ਹੁੰਦੇ, ਤੂੰ ਇਸ ਤਰ੍ਹਾਂ ਕਿਉਂ ਨਹੀਂ ਸਥਿਰ ਹੁੰਦੀ ? ਇਹ ਸਵਾਲ ਕੀਤਾ ਹੈ। ਇਸ ਦਾ ਜਵਾਬ ਕੀ ਮਿਲਦਾ ਹੈ ?

 www.sikhbookclub.com

''ਬੋਲੀ ਓ ਥਰਥਰਾਂਦੀ ਲਰਜ਼ੇ ਵਜੂਦ ਵਾਲੀ,
ਬਿਜਲੀ ਦੀ ਕੂੰਦ ਦੱਸ ਤੂੰ ਟਿਕਦੀ ਕਿਵੇਂ ਟਿਕਾਈ ?''

ਕਿ ਮੈਂ ਕਿਸ ਤਰ੍ਹਾਂ ਟਿਕਾਂ ? ਕਿਸ ਤਰ੍ਹਾਂ ਮੈਂ ਸਦੈਵੀ ਹੋ ਜਾਵਾਂ ? ਕੀ ਬਿਜਲੀ ਦੀ ਕੂੰਦ ਕਦੀ ਟਿਕਦੀ ਹੈ ? ਜੇ ਟਿਕ ਜਾਏ ਤਾਂ ਬਿਜਲੀ ਨਹੀਂ।

ਚੰਦੋਂ ਰਿਸ਼ਮ ਜੁ ਤਿਲਕੇ, ਤਾਰਿਓਂ ਜੁ ਡਲ੍ਹਕ ਪਲਮੇ
ਦੇਕੇ ਮਟੱਕਾ ਖਿਸਕੇ, ਟਿਕਦੀ ਨਜ਼ਰ ਨ ਆਈ।
ਚਮਕਾਰ ਰੰਗ ਦੇਣਾ, ਰਸ ਝੂੰਮ ਵਿਚ ਝੁਮਾਣਾ
ਇਕ ਜਿੰਦ–ਛੁਹ ਲਾਣੀ ਅਟਕਣ ਨਹੀਂ ਕਿਥਾਈਂ।
ਲਰਜ਼ਾ ਵਤਨ ਜਿਨ੍ਹਾਂ ਦਾ, ਲਰਜ਼ਾ ਵਜੂਦ ਉਨ੍ਹਾਂ ਦਾ
ਰੇਖਾ ਅਨੰਤ ਅਟਿਕਵੀਂ ਲਰਜ਼ੇ ਦੇ ਮੱਥ ਪਾਈ।

ਭਾਈ ਸਾਹਿਬ ਦੇ ਖ਼ਿਆਲ ਵਿਚ ਕਵਿਤਾ ਦੀ ਸੁੰਦਰਤਾ ਮਰਨਸ਼ੀਲ ਹੈ, ਕਵਿਤਾ ਕੀ ਹੈ, ਹਰ ਇਕ ਸੁੰਦਰਤਾ ਮਰਨਹਾਰੀ ਹੈ। ਰੂਪ ਦੀ ਸਥਿਤੀ ਲਰਜ਼ੇ ਉਤੇ ਹੈ, ਜੋ ਟਿਕ ਨਹੀਂ ਸਕਦਾ। ਲਰਜ਼ੇ ਦੇ ਮੱਥੇ ਉਤੇ ਜੋ ਕਿਸਮਤ ਦੀ ਰੇਖਾ ਹੈ ਉਹ ਅਟਿਕਵੀਂ ਹੈ, ਬੇਹਦ ਅਟਿਕਵੀਂ, ਅਨੰਤ ਅਟਿਕਵੀਂ। ਲਰਜ਼ਾ ਹੈ ਹੀ ਇਕ ਕੰਬਣੀ ਜੋ ਕਿ ਜੰਮਣ ਤੇ ਮਰਨ ਦੇ ਵਿਚਕਾਰ ਇਕ ਲਿਸ਼ਕਾਰ ਹੈ, ਜਿਸ ਦੀ ਪੈਦਾਇਸ਼ ਤੇ ਮੌਤ ਉਸ ਚਮਕ ਵਿਚ ਹੈ ਜੋ ਖੜੋ ਨਹੀਂ ਸਕਦੀ। ਪਰ ਇਹ ਅੱਖ ਮਟੱਕਾ ਇਕ ਛੁਹ ਲਾ ਜਾਂਦਾ ਹੈ, ਇਕ ਜੀਵਨ ਛੁਹ, ਜਿਸ ਦਾ ਸਵਾਦ ਅਮਰ ਹੈ। ਸੁੰਦਰਤਾ ਮਰਨਹਾਰ ਹੈ ਪਰ ਉਸ ਦੀ ਜੀਵਨ–ਛੁਹ ਅਮਰ ਹੈ, ਆਧਾਰ ਹੈ ਅਟੁੱਟ ਖੁਸ਼ੀ ਦਾ। ਇਹ ਹੈ ਭਾਈ ਸਾਹਿਬ ਦਾ ਸੰਦੇਸ਼। ਇਹ ਸੰਦੇਸ਼ ਇਕ ਅਮੁੱਕ ਖੁਸ਼ੀ ਦਾ ਸੋਮਾ ਹੈ। ਏਹੋ ਫਰਕ ਹੈ ਹੋਰਨਾਂ ਕੋਲੋਂ। ਏਹੋ ਫਰਕ ਹੈ ਉਸ ਕਵਿਤਾ ਕੋਲੋਂ, ਜਿਸ ਦੇ ਅਖ਼ੀਰ ਵਿਚ ਇਹ ਤੁਕ ਹੈ:

ਚਮਨ ਸੇ ਰੋਤਾ ਹੂਆ ਮੌਸਮੇ ਬਹਾਰ ਗਿਆ,
ਸ਼ਬਾਬ ਸੈਰ ਕੋ ਆਇਆ ਥਾ ਸੋਗਵਾਰ ਗਿਆ।

## ੧੦.

ਭਾਈ ਸਾਹਿਬ ਅਜ ਸਾਡੇ ਵਿਚ ਮੌਜੂਦ ਨਹੀਂ ਉਹ ਅਪਣੇ ਨਿਜ ਧਾਮ ਚਲੇ ਗਏ ਹਨ, ਉਹਨਾਂ ਦੀ ਖ਼ੂਬਸੂਰਤੀ ਲਰਜ਼ੇ ਦੇ ਵਤਨ ਚਲੀ ਗਈ ਹੈ। ਉਹਨਾਂ ਦੀ ਕੋਮਲਤਾ ਸਾਡੇ


www.sikhbookclub.com

ਵਿਚਕਾਰ ਥੋੜਾ ਕਾਲ ਇਕ ਜਲਾਵਤਨ ਵਾਕੁਣ ਰਹੀ। ਉਹ ਇਕ ਝਲਕਾਰਾ ਦੇ ਗਈ, ਇਕ ਇਸ਼ਾਰਾ, ਇਕ ਚਮਕ, ਇਕ ਬਿਜਲੀ ਦੀ ਲਿਸ਼ਕ ਜਿਸ ਨਾਲ ਜੱਗ ਨੂਰਾਨੀ ਹੋ ਗਿਆ:

ਬੱਦਲ ਬੇਮਲੂਮ ਉਠ ਨੀਵਿਓਂ ਜਾ ਚੜ੍ਹਿਆ ਅਸਮਾਨੀ,
ਪਰ ਕਾਲਾ ਬੇਲਾ ਨਾ ਸਕਦਾ ਕਰ ਅਪਨੀ ਅਗੁਵਾਨੀ।
ਛਿਪੀ ਦਾਮਨੀ ਉਸ ਅਜਾਨ ਤੋਂ ਕਦੇ ਲਿਸ਼ਕ ਇਕ ਮਾਰੇ,
ਨੂਰ ਝੋਮਕਾ ਪਵੇ ਅਝੱਲਵਾਂ; ਜੱਗ ਹੁੰਦਾ ਨੂਰਾਨੀ।

ਉਹਨਾਂ ਦੀ ਅੰਦਰਲੀ ਨਜ਼ਾਕਤ ਇਕ ਅੱਖ ਮਟੱਕਾ ਸੀ, ਪਰ ਉਹ ਅਪਣੀ ਜਿੰਦ ਛੁਹ 'ਮਟਕ ਹੁਲਾਰੇ' ਦੇ ਰੂਪ ਵਿਚ ਸਦੈਵੀ ਅਨੰਦ ਛੋੜ ਗਈ।

ਸੁੰਦਰਤਾ ਦੇ ਮਰਨਸ਼ੀਲ ਉਤੇ ਇਕਬਾਲ ਦਾ ਸੋਗਵਾਰ ਹੋਣਾ, ਇਕ ਕੁਦਰਤੀ ਗੱਲ ਹੈ, ਤੇ ਇਹ ਮਾਨੁਖੀ ਮਨ ਦੀ ਰੁਚੀ ਦੇ ਅਨੁਕੂਲ ਹੈ।

ਰਾਬਰਟ ਬ੍ਰਿਜਜ਼ ਦਾ ਇਸ ਸੋਗ ਤੋਂ ਉਚੇ ਉੱਠਣਾ ਇਹ ਵੀ ਮਨ ਦੀ ਖੇਡ ਹੈ। ਪਰ ਇਹ ਉਹ ਅਵਸਥਾ ਹੈ ਜਿਸ ਵਿਚ ਮਨ ਕੋਲੋਂ 'ਖੇਡ' ਜ਼ਯਾਦਾ ਪਰਧਾਨ ਹੈ।

ਜਿਸ ਵੇਲੇ ਅਸੀਂ ਆਤਸ਼ਬਾਜ਼ੀ ਪਈ ਹੋਈ ਦੇਖਦੇ ਹਾਂ ਤਾਂ ਕਾਹਲੇ ਪੈ ਜਾਂਦੇ ਹਾਂ ਕਿ ਇਹ ਚੱਲੇ। ਸਾਡਾ ਸ਼ੌਕ ਸਾਨੂੰ ਮਜਬੂਰ ਕਰਦਾ ਹੈ ਕਿ ਉਹ ਜਿਸ ਨੇ ਚਲਦਿਆਂ ਹੀ ਖ਼ਤਮ ਹੋ ਜਾਣਾ ਹੈ, ਉਹ ਜ਼ਰੂਰ ਚੱਲੇ। ਆਤਸ਼ਬਾਜ਼ੀ ਦੀ ਸੁੰਦਰਤਾ, ਉਸ ਦਾ ਚੱਲਣਾ, ਉਸ ਦਾ ਖ਼ਤਮ ਹੋਣਾ, ਇਨ੍ਹਾਂ ਤਿੰਨਾਂ ਕਰਮਾਂ ਦਾ ਇਕੋ ਸੰਯੁਕਤ ਸਰੂਪ ਹੈ। ਏਹੋ ਖੇਡ ਹੈ, ਮਨ ਦੀ ਖੇਡ। ਏਹੋ ਇਕਬਾਲ ਤੇ ਰਾਬਰਟ ਬ੍ਰਿਜਜ਼ ਦਾ ਫ਼ਰਕ ਹੈ। ਇਕ ਜਣਾ ਤਾਂ ਮਨ ਦੀ ਰੁਚੀ ਮਗਰ ਸੁੰਦਰਤਾ ਦੇ ਜ਼ਵਾਲ ਉਪਰ ਸੋਗਵਾਰ ਹੈ। ਦੂਆ ਮਨ ਦੀ ਖੇਡ ਮਗਰ ਜ਼ਵਾਲ ਉਪਰ ਖੁਸ਼ ਹੈ। ਏਸ ਖੇਡ ਵਿਚੋਂ ਖੁਸ਼ੀ ਤਾਂ ਜ਼ਰੂਰ ਮਿਲਦੀ ਹੈ, ਪਰ ਇਸ ਦਾ ਅਸਰ ਡੂੰਘਾ ਨਹੀਂ। ਆਤਸ਼ਬਾਜ਼ੀ ਦਾ ਕੀ ਗੁਣ ਹੈ ? ਕਾਰਲਾਈਲ ਨੇ ਕਿਹਾ ਸੀ ਕਿ ਇਕ ਪੈਸੇ ਦੀ ਮੋਮਬੱਤੀ ਦੇ ਮੁਕਾਬਲੇ ਤੇ ਕੁਝ ਚਿਰ ਤੇਜ਼ ਚਮਕ ਰਹੀ ਆਤਸ਼ਬਾਜ਼ੀ ਦੀ ਰੌਸ਼ਨੀ ਘਟੀਆ ਹੀ ਠਹਿਰਦੀ ਹੈ, ਜਿਸ ਵੇਲੇ ਉਸ ਰੌਸ਼ਨੀ ਨਾਲ ਕੋਈ ਦੂਸਰੀ ਹੋਰ ਚੀਜ਼ ਦੇਖਣੀ ਹੋਵੇ। ਕਾਰਲਾਈਲ ਦਾ ਆਪਣਾ ਫਿਕਰਾ ਇਹ ਸੀ:

How inferior for seeing with is you brightest train of fire works to the humblest farthing candle.

ਇਕਬਾਲ ਤੇ ਰਾਬਰਟ ਬ੍ਰਿੱਜਜ਼ ਦਾ ਫਰਕ 'ਮਨ' ਤੇ 'ਮਨ ਦੀ ਖੇਡ' ਦਾ ਫਰਕ ਹੈ! ਭਾਈ ਸਾਹਿਬ ਦਾ ਰੁਖ਼ ਮਨ ਤੇ ਖੇਡ ਵਲ ਨਹੀਂ, ਇਨ੍ਹਾਂ ਦੀ ਪਰਖ ਦਾ ਅੰਦਾਜ਼ਾ ਹੋਰ ਹੈ ! ਇਹ ਹੁਸਨ ਦੇ ਜ਼ਵਾਲ ਵਿਚ, ਇਕ ਲਾਜ਼ਵਾਲ ਚੀਜ਼ ਦੀ ਟੋਹ ਲੈਂਦੇ ਹਨ। ਇਹ ਰੂਹ ਦੀ ਗੱਲ ਹੈ। ਰੂਹ ਅਟਿਕਵੀਂ ਸੁੰਦਰਤਾ ਤੋਂ ਅਮਰ ਜੀਵਨ ਦੀ ਛੁਹ ਲੈਂਦੀ ਹੈ। ਜੋ ਚੀਜ਼ ਐਸੀ ਛੁਹ ਰੱਖਦੀ ਹੈ, ਉਹੀ ਸੁੰਦਰ ਹੈ, ਐਸੀ ਸੁੰਦਰਤਾ ਦਾ ਮਰਨਾ, ਇਹ ਇਕ ਅੱਖ ਮਟੱਕਾ ਹੈ ਹੁਸਨ ਦਾ, ਇਕ ਐਸਾ ਨੈਣ ਝਮੱਕਾ ਜਿਸ ਨਾਲ ਕੇਵਲ ਮਨੁੱਖ ਹੀ ਨਹੀਂ ਪਰੰਤੂ ਸਾਰਾ ਵਿਸ਼ਵ ਝੂਮਦਾ ਹੈ। ਹੁਸਨ ਦੇ ਨੈਣ ਝਮੱਕੇ ਦਾ ਅਸਰ ਇਤਨਾ ਪ੍ਰਭਾਵਸ਼ਾਲੀ ਹੈ ਕਿ ਇਸ ਦੇ ਜ਼ਵਾਲ ਵਿਚ ਅਰਸ਼ ਲਰਜ਼ਦੇ ਹਨ:

ਨੈਣ ਝਮੱਕਾ ਦੇਖ ਹੁਸਨ ਦਾ ਅਰਸ਼ ਲਰਜ਼ਦੇ ਇਸ ਦੇ ਨਾਲ।

 www.sikhbookclub.com

# ੫. ਸਬਲ ਸਾਹਿਤ

# ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ

(ਪੰਜਾਬ ਯੂਨੀਵਰਸਿਟੀ ਚੰਡੀਗੜ ਤੋਂ ਆਗਿਆ ਪ੍ਰਾਪਤ ਕਰਕੇ ਧੰਨਵਾਦ ਸਹਿਤ)

## ਜੀਵਨ ਕਥਾ ਦਾ ਖ਼ਾਕਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸੰਨ ੧੬੬੬ ਈ: ਦਾ ਹੈ। ਆਪ ਸਿਖ ਧਰਮ ਦੇ ਮਨੁੱਖ ਜਾਮੇ ਵਿਚ ਦਸਵੇਂ ਅਤੇ ਅਖ਼ੀਰਲੇ ਗੁਰੂ ਸਨ। ਇਸ ਸੰਸਾਰ ਵਿਚ ਗੁਰੂ ਜੀ ਨੇ ਕੇਵਲ ੪੨ ਸਾਲ ਦੇ ਕਰੀਬ ਕੰਮ ਕੀਤਾ। ਆਪ ਦੇ ਪਿਤਾ ਗੁਰੂ ਤੇਗ਼ ਬਹਾਦਰ ਜੀ ਸਨ। ਜੋ ਸੰਨ ੧੬੭੫ ਈ: ਵਿਚ ਦਿੱਲੀ ਵਿਚ ਸ਼ਹੀਦ ਕੀਤੇ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਛੋਟੀ ਉਮਰ ਵਿਚ ਹੀ ਵਿਦਯਾ ਵਿਚ ਪ੍ਰਬੀਨਤਾ ਪ੍ਰਾਪਤ ਕਰ ਲੀਤੀ। ਆਪ ਅਨੁਭਵ — ਸਿੱਧ ਪਰਮ ਮਨੁੱਖ ਸਨ, ਜਿਨ੍ਹਾਂ ਨੂੰ ਸ਼ਸਤ੍ਰ ਤੇ ਸ਼ਾਸਤ੍ਰ ਗਯਾਨ ਉਪਰ ਪੂਰਨ ਅਧਿਕਾਰ ਸੀ।

ਗੁਰੂ ਗੋਬਿੰਦ ਸਿੰਘ ਜੀ ਦਾ ਕਰਣੀ ਕਰਤੱਵ ਤਿੰਨ ਸਥਲਾਂ ਵਿਚ ਸੀ :

ਸੁਧਾਰ ਲਹਿਰ, ਰਣਭੂਮੀ, ਅਤੇ ਸਾਹਿਤ ਰਚਨਾ।

## ੧. ਸੁਧਾਰ ਲਹਿਰ

ਔਰੰਗਜ਼ੇਬ ਦੀ ਦੁਰਾਚਾਰ ਨੀਤੀ ਦੇ ਸਾਹਮਣੇ ਮੁਲਕ ਵਿਚ ਦੁਰਬਲਤਾ ਆ ਰਹੀ ਸੀ। ਕੌਮ ਸਤਯਾਹੀਨ ਹੋ ਗਈ ਸੀ। ਧਰਮ ਲੋਪ ਹੋ ਰਿਹਾ ਸੀ। ਇਸ ਤੋਂ ਛੁੱਟ ਵਰਣ ਭੇਦ ਦਾ ਘੁਣ ਅੰਦਰੋਂ ਅੰਦਰੀ ਲੋਕਾਈ ਨੂੰ ਪੋਲਾ ਕਰ ਰਿਹਾ ਸੀ। ਗੁਰੂ ਜੀ ਦੀ ਸੁਧਾਰ ਨੀਤੀ

ਇਕ ਜਬਰਦਸਤ ਲਹਿਰ ਸੀ, ਜੋ ਉਹਨਾਂ ਦੀ ਦਿਤੀ ਸਿੱਖਿਆ ਦੇ ਫਲਸਰੂਪ ਵਜੂਦ ਵਿਚ ਆਈ। ਬਾਬੂ ਸ਼ਾਮ ਸੁੰਦਰ ਜੀ ਦਾ ਕਹਿਣਾ ਹੈ:

> ''ਉਹਨਾਂ ਦੀਆਂ ਇੱਕੀ ਸਿਖਿਆਵਾਂ, ਜਿਨ੍ਹਾਂ ਵਿਚੋਂ, ਬ੍ਰਹਮਚਰਯ, ਜੁੱਧ ਵਿੱਦਿਆ, ਸਦਾ ਸ਼ਸਤ੍ਰ ਪਾਸ ਰੱਖਣਾ ਅਤੇ ਹਿੰਮਤੀ ਬਣਨ ਦੀਆਂ ਮੁੱਖ ਸਿਖਯਾਵਾਂ ਸਨ, ਸਮੇਂ ਦੇ ਅਨੁਕੂਲ ਤੇ ਉਚਿਤ ਸਨ। ਇਨ੍ਹਾਂ ਹੀ ਸਿਖਿਆਵਾਂ ਨੇ ਕਾਇਰ ਹਿੰਦੂਆਂ ਵਿਚ ਇਕ ਨਵੇਂ ਉਤਸ਼ਾਹ ਦਾ ਬੀਜ ਬੋ ਦਿਤਾ। ਅਤੇ 'ਸਿਖ' ਨਾਮ ਹੇਠ ਉਸ ਜਾਤਿ ਦਾ ਇਕ ਫਿਰਕਾ ਮੁਸਲਮਾਨਾਂ ਦਾ ਆਤੰਕ ਹੋ ਗਿਆ। ਗੁਰੂ ਸਾਹਿਬ ਦਾ ਏਹੋ ਉੱਦੇਸ਼ ਸੀ ਕਿ ਹੌਲੇ ਹੌਲੇ ਸਾਰੇ ਭਾਰਤਵਾਸੀ ਸਿਖ ਹੋਕੇ ਇਕ ਪ੍ਰਬਲ ਪ੍ਰਤਾਪੀ ਜਾਤਿ ਵਿਚ ਪਲਟ ਜਾਣ ਤੇ ਗਿਰ ਰਹੇ ਮੁਗ਼ਲ ਰਾਜ ਦੇ ਸਮੇਂ ਆਪਣੇ ਪੈਰਾਂ ਦੇ ਬਲ ਖੜੇ ਹੋ ਕਰ ਭਾਰਤ ਦਾ ਉੱਧਾਰ ਕਰ ਸਕਣ।''

ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ਈ: ਵਿਚ ਖਾਲਸਾ ਧਰਮ ਦੀ ਸਾਜਨਾ ਕੀਤੀ ਅਤੇ ਸਿਖਾਂ ਨੂੰ ਅੰਮ੍ਰਿਤ ਛਕਾਕੇ ਇਕ ਜਥੇਬੰਦੀ ਤਿਆਰ ਕੀਤੀ, ਜੋ ਪਰਉਪਕਾਰ ਅਤੇ ਉਧਾਰ ਦੀ ਖ਼ਾਤਰ ਕੁਰਬਾਨੀ ਦੇ ਮੈਦਾਨ ਵਿਚ ਜੂਝਣ ਲਈ ਤਿਆਰ ਬਰਤਿਆਰ ਰਹਿੰਦੀ ਸੀ। ਏਸ ਜਥੇਬੰਦੀ ਵਿਚ ਜ਼ਾਤ ਦਾ ਭੇਦ ਭਾਵ ਉਡਾ ਦਿਤਾ ਗਿਆ। ਬਾਬੂ ਸ਼ਾਮ ਸੁੰਦਰ ਜੀ ਲਿਖਦੇ ਹਨ:

'ਪੰਦ੍ਰਵਾਂ ਉਪਦੇਸ਼' ਗੁਰੂ ਸਾਹਿਬ ਦਾ ਇਹ ਸੀ ਕਿ 'ਸਾਡੇ ਸਾਰੇ ਸਿਖ, ਚਾਹੇ ਉਹ ਕਿਸੇ ਹੀ ਜ਼ਾਤ ਵਿਚੋਂ ਹੋਣ, ਆਪਣੇ ਆਪ ਨੂੰ ਖੱਤ੍ਰੀ ਸਮਝਣ। ਘਰ ਵਿਚ ਕੀੜੀ ਤੇ ਖਟਮਲ ਦੀ ਤਰ੍ਹਾਂ ਨਾ ਮਰਕੇ ਜੁੱਧ ਖੇਤ੍ਰ ਵਿਚ ਮਰਨਾ ਪਰਮ ਮੰਗਲ ਸਮਝਣ।' ਸ਼ਾਮ ਸੁੰਦਰ ਜੀ ਅੱਗੇ ਲਿਖਦੇ ਹਨ: 'ਇਹ ਸਿੱਖਿਆ ਅਤਿ ਉੱਤਮ ਹੈ ਅਤੇ ਇਸ ਵਿਚ ਬੜੀ ਗੰਭੀਰਤਾ ਹੈ। ਯੁੱਧ ਖੇਤ੍ਰ ਵਿਚ ਮਰਨ ਤੋਂ ਤਾਤਪਰਯ ਕੇਵਲ ਤਲਵਾਰ ਜਾਂ ਬੰਦੂਕ ਲੈਕੇ ਵਿਪਦ ਆਪਦ ਅਤੇ ਵਿਘਨ ਵਿਪੱਤਿ ਰੂਪੀ ਦੁਸ਼ਮਨਾਂ ਨੂੰ ਮਾਰਦੇ ਹੋਏ ਮੈਦਾਨ ਮਾਰ ਲੈਣ ਦਾ ਨਾਮ ਸੱਚਾ ਜੁੱਧ ਹੈ।'

ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਜਥੇਬੰਦੀ ਦਾ ਉੱਦੇਸ਼ ਇਹੋ ਸੀ ਕਿ ਏਸ ਵਿਚ ਆਇਆ ਮਨੁੱਖ ਵਹਿਮ ਪ੍ਰਸਤੀ ਤੋਂ ਉਪਰ, ਇਕ ਅਕਾਲ ਪੁਰਖ ਦਾ ਟੇਕਧਾਰੀ ਹੋਕੇ, ਮੌਤ ਤੋਂ ਬੇਡਰ ਹਰ ਮੁਲਕੀ ਤੇ ਸਮਾਜਕ ਮੁਸ਼ਕਿਲ ਦੇ ਸਾਹਮਣੇ ਕੁਰਬਾਨੀ ਦੇ ਪੱਖ ਨੂੰ ਗ੍ਰਹਣ ਕਰਕੇ ਉਤਸ਼ਾਹ ਭਰਪੂਰ ਕਾਰਯ ਸਾਧਕ ਜੀਵਨ ਸਫਲਾ ਕਰੇ।


www.sikhbookclub.com

# ੨. ਰਣ-ਭੂਮੀ

ਆਪ ਨੇ ਜਿਨ੍ਹਾਂ ਲੜਾਈਆਂ ਤੇ ਜੁੱਧਾਂ ਵਿਚ ਹਿੱਸਾ ਲਿਆ ਉਹਨਾਂ ਦੀ ਗਿਣਤੀ ਸੋਲਾਂ ਦੇ ਕਰੀਬ ਹੈ। ਇਹ ਸਾਰੇ ਜੁੱਧ ੧੬੮੫ ਤੋਂ ੧੭੦੫ ਈ: ਦੇ ਸਮੇਂ ਦੇ ਅੰਦਰ ਅੰਦਰ ਹੋਏ। ਪਹਿਲਾ ਜੁੱਧ ਭੰਗਾਣੀ ਦਾ ਹੈ। ਇਸ ਵਿਚ ਪਹਾੜੀ ਰਾਜੇ ਗੁਰੂ ਜੀ ਦੇ ਮੁਕਾਬਲੇ ਉਪਰ ਸਨ। ਰਾਜਾ ਭੀਮ ਚੰਦ ਮੋਹਰੀ ਸੀ, ਉਸਦੇ ਮਗਰ ਰਾਜਾ ਫਤਹ ਚੰਦ (ਸ੍ਰੀ ਨਗਰ), ਰਾਜਾ ਹਰੀ ਚੰਕ (ਹੰਡੂਰ), ਰਾਜਾ ਕ੍ਰਿਪਾਲ (ਕਟੋਚ), ਰਾਜਾ ਗੋਪਾਲ (ਗੁਲੇਰ), ਆਦਿ ਸਨ। ਗੁਰੂ ਜੀ ਪਾਸ ਮੁਕਾਬਲੇ ਲਈ ਫੌਜ ਬੜੀ ਥੋੜੀ ਸੀ, ਉਸ ਵਿਚੋਂ ਇਕ ਹਿੱਸਾ ਗ਼ੱਦਾਰ ਹੋਕੇ ਦੁਸ਼ਮਨ ਨਾਲ ਰਲਿਆ। ਇਹ ਕੋਈ ਪੰਜ ਕੁ ਸੌ ਬੰਦੇ ਸਨ, ਜੋ ਪਠਾਣ ਸਨ ਤੇ ਪੀਰ ਬੁੱਧੂ ਸ਼ਾਹ ਦੇ ਘੱਲੇ ਹੋਏ ਗੁਰੂ ਜੀ ਪਾਸ ਮੁਲਾਜ਼ਮ ਸਨ। ਭੰਗਾਣੀ ਦਾ ਯੁੱਧ ਖਾਸ ਅਹਿਮੀਅਤ ਰਖਦਾ ਹੈ। ਇਹ ਪਹਿਲਾ ਜੁੱਧ ਸੀ, ਤੇ ਸੀ ਵੀ ਉਹ ਜਿਸ ਵਿਚ ਮੁਗ਼ਲਾਂ ਨੇ ਕੋਈ ਹਿੱਸਾ ਨਹੀਂ ਲਿਆ। ਗੁਰੂ ਜੀ ਦੀ ਫੌਜੀ ਤਿਆਰੀ ਕਿਸੇ ਹੋਰ ਪ੍ਰਯੋਜਨ ਲਈ ਸੀ, ਜਿਸ ਦੀ ਸਿੱਧੀ ਲਈ ਸ਼ਾਇਦ ਪਹਾੜੀ ਰਾਜਿਆਂ ਨਾਲ ਟੱਕਰ ਇਕ ਨਮਿਤ ਸਾਧਨ ਸੀ। ਇਹ ਗਲ ਅਸੀਂ ਏਸ ਕਰਕੇ ਲਿਖ ਰਹੇ ਹਾਂ ਕਿ ਗੁਰੂ ਜੀ ਨੇ ਮਹਾਂ ਭਾਰਤ ਦੇ ਜੁੱਧ ਉੱਤੇ ਇਕ ਥਾਵੇਂ ਅਫਸੋਸ ਪ੍ਰਗਟ ਕੀਤਾ ਹੈ ਕਿ ਕੁਰਖੇਤ੍ਰ ਵਿਚ ਲੜਨ ਵਾਲੇ ਦੋਨੋਂ ਹਿੰਦੁਸਤਾਨ ਦੇ ਹਿੰਦੂ ਸਨ੧। ਦੋਵੇਂ ਖੱਤ੍ਰੀ ਸਨ, ਦੋਵੇਂ ਖੱਤ੍ਰੀਆਂ ਦੇ ਜੰਮੇ ਸਨ, ਪਰ ਦੋਵੇਂ ਖਤਰੀ ਪੁਣੇ ਨੂੰ ਨਾਸ਼ ਕਰਨ ਵਾਲੇ ਸਨ੨। ਪਹਾੜੀ ਰਾਜੇ ਗੁਰੂ ਜੀ ਦੀ ਨੀਤੀ ਨੂੰ ਨਹੀਂ ਸਮਝਦੇ ਸਨ। ਉਹ ਈਰਖਾ ਵਿਚ ਸੜ ਰਹੇ ਸਨ। ਉਹਨਾਂ ਵਿਚ ਜ਼ੋਰ ਤੇ ਤਾਕਤ ਸੀ ਪਰ ਦਾਨਈ ਨਹੀਂ ਸੀ। ਨਾਂ ਹੀ ਇਹ ਰਾਜੇ ਗੁਰੂ ਜੀ ਦੀ ਸੁਧਾਰ ਲਹਿਰ ਨੂੰ ਪਸੰਦ ਕਰਦੇ ਸਨ। ਭੰਗਾਣੀ ਦੇ ਮੈਦਾਨ ਵਿਚ ਕਿਸੇ ਬਹਾਨੇ ਇਨ੍ਹਾਂ ਰਾਜਿਆਂ ਨੂੰ ਇਨ੍ਹਾਂ ਦੀ ਦਬੀ ਈਰਖਾ ਨੇ ਆ ਖੜਾ ਕੀਤਾ। ਇਸ ਜੁੱਧ ਦੀ ਤਫਸੀਲ ਸਾਡੇ ਮਜ਼ਮੂਨ ਦੇ ਸੰਕੋਚਵੇਂ ਘੇਰੇ ਤੋਂ ਬਾਹਰ ਹੈ, ਪਰ ਦੋ ਤਿੰਨ ਜ਼ਰੂਰੀ ਗੱਲਾਂ ਹਨ ਜਿਨ੍ਹਾਂ

੧ ਦੋਊ ਸ਼ਸਤ੍ਰ ਧਾਰੀ ਦੋਊ ਪਰਮ ਦਾਨੰ ॥ ਦੋਊ ਢਾਲ ਢੀ ਚਾਲ ਹਿੰਦੂ ਹਿੰਦਾਨੰ ॥੮॥੨੨੬॥ (ਗਿਆਨ ਪ੍ਰਬੋਧ)

੨ ਦੋਊ ਖੱਗ ਖੂੰਨੀ ਦੋਊ ਖੜ੍ਹਿਹਾਣੰ ॥ ਦੋਊ ਖਤ੍ਰ ਖੇਤਾ ਦੋਊ ਛਤ੍ਰ ਪਾਣੰ ॥੧੪॥੨੩੨॥ (ਗਿਆਨ ਪ੍ਰਬੰਧ)

 www.sikhbookclub.com

ਵਲ ਅਸੀਂ ਪਾਠਕਾਂ ਦਾ ਧਿਆਨ ਦਿਵਾਉਂਦੇ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਜੁੱਧ ਦਾ ਕੁਛ ਸੰਖੇਪ ਹਾਲ ਗੁਰੂ ਜੀ ਨੇ ਆਪ 'ਬਚਿਤ੍ਰ ਨਾਟਕ' ਵਿਚ ਦਰਜ ਕੀਤਾ ਹੈ। ਏਸ ਜੁੱਧ ਦੇ ਹਾਲ ਵਿਚ ਇਕ ਉਦਾਸੀ ਸੰਤ ਕ੍ਰਿਪਾਲ ਦਾ ਗੁੱਸੇ ਵਿਚ ਆਉਣਾ ਤੇ ਆਪਣੇ ਡੰਡੇ ਦੇ ਆਸਰੇ ਮੈਦਾਨ ਵਿਚ ਠਿਲ੍ਹ ਪੈਣਾ ਤੇ ਛੇਕੜ ਪਠਾਣ ਹੱਯਾਤ ਖਾਂ ਨੂੰ ਪਾਰ ਬੁਲਾ ਦੇਣ ਦਾ ਜ਼ਿਕਰ ਹੈ, ਗੁਰੂ ਜੀ ਦੇ ਲਫਜ਼ ਹਨ:

ਕ੍ਰਿਪਾਲ ਕੋਪੀਅੰ ਕੁਤਕੋ ਸੰਭਾਰੀ ॥<br>
ਹਠੀ ਖਾਨ ਹੱਯਾਤ ਕੇ ਸੀਸ ਝਾਰੀ ॥<br>
ਉਠੀ ਛਿੱਛ ਇੱਛੰ ਕਢਾ ਮੇਝ ਜੋਰੰ ॥<br>
ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ ॥

(ਬਚਿਤ੍ਰ ਨਾਟਕ ੮–੭)

ਪਠਾਣ ਸਰਦਾਰ ਦੇ ਸੰਤ ਦੇ ਡੰਡੇ ਨਾਲ ਸਿਰ ਟੁੱਟਣ ਦਾ ਨਕਸ਼ਾ ਕ੍ਰਿਸ਼ਨ ਦੇ ਮੱਖਣ ਦੀ ਮਟਕੀ ਨੂੰ ਤੋੜਨ ਨਾਲ ਮੇਲਿਆ ਹੈ। ਇਸ ਤੋਂ ਪਤਾ ਲਗਦਾ ਹੈ ਕਿ ਜੰਗ ਦੇ ਮੈਦਾਨ ਵਿਚ ਵੀ ਗੁਰੂ ਜੀ ਦਾ ਕਵੀ ਮਨ ਕਿਸ ਤਰ੍ਹਾਂ ਵਾਕ ਰਚਨਾ ਦੇ ਖੇਤ੍ਰ ਵਿਚ ਵਿਲਾਸ ਕਰਦਾ ਸੀ।

ਇਸ ਤੋਂ ਵੱਧ ਇਹ ਤੁਕਾਂ ਸੰਕੇਤ ਹਨ ਕਿਸੇ ਹੋਰ ਗਲ ਦਾ, ਇਹ ਇਸ਼ਾਰੇ ਮਾਤ੍ਰ ਦੱਸ ਰਹੀਆਂ ਹਨ ਉਸ ਰੋਸ ਨੂੰ ਜੋ ਸੰਤ ਲੋਕਾਂ ਦੇ ਦਿਲਾਂ ਵਿਚ ਜ਼ੋਰ ਜਬਰ ਦੇ ਵਿਰੁੱਧ ਪੈਦਾ ਹੋ ਰਿਹਾ ਸੀ। ਭੰਗਾਣੀ ਦੇ ਜੁੱਧ ਵਿਚ ਰਾਜਿਆਂ ਦੇ ਪੱਖ ਵਿਚ ਵੀ ਸਭ ਤੋਂ ਵੱਡਾ ਤੀਰਅੰਦਾਜ਼ ਰਾਜਾ ਹਰੀ ਚੰਦ ਸੀ। ਗੁਰੂ ਸਾਹਿਬ ਨੇ ਲਿਖਿਆ ਹੈ ਕਿ ਹਰੀ ਚੰਦ ਦਾ ਤੀਰ ਜਿਸ ਨੂੰ ਲਗਦਾ ਸੀ, ਉਹ ਪ੍ਰਲੋਕ ਸਿਧਾਰ ਜਾਂਦਾ ਸੀ। ਉਹ ਦੋ ਤੀਰ ਇਕੋ ਵੇਰ ਖਿੱਚਕੇ ਚਲਾਉਂਦਾ ਸੀ ਜੋ ਲਗਣ ਵਾਲੇ ਦੇ ਤਨ ਤੋਂ ਪਾਰ ਨਿਕਲ ਜਾਂਦੇ ਸਨ। ਹਰੀ ਚੰਦ ਨੇ ਆਪਣਾ ਨਿਸ਼ਾਨਾ ਗੁਰੂ ਜੀ ਵੱਲ ਸੇਧਿਆ, ਪਹਿਲਾ ਤੀਰ ਘੋੜੇ ਨੂੰ ਲਗਾ ਜੋ ਤਤਛਿਨ ਮਰ ਗਿਆ। ਦੂਜਾ ਤੀਰ ਗੁਰੂ ਜੀ ਦੇ ਕੰਨ ਨੂੰ ਛੋਹ ਕੇ ਲੰਘ ਗਿਆ। ਤੀਜਾ ਤੀਰ ਪੇਟੀ ਵਿਚ ਲੱਗਾ। ਹਰੀ ਚੰਦ ਦਾ ਤੀਰ ਨਿਸ਼ਾਨਾ ਨਾ ਵਿੰਨ੍ਹ ਸਕੇ ਇਹ ਨਵੀਂ ਜੇਹੀ ਗੱਲ ਸੀ। ਤੀਰ ਨਿਸ਼ਾਨੇ ਕੋਲ ਪਹੁੰਚਦਾ ਹੈ, ਪਰ ਨਿਸ਼ਾਨਾ ਜਿਸ ਫੁਰਤੀ ਨਾਲ ਘੁੰਮ ਜਾਂਦਾ ਹੈ ਉਸ ਕਰਕੇ ਤੀਰ ਖਹਿਕੇ ਲੰਘ ਜਾਂਦਾ ਹੈ। ਉਸ ਵੇਲੇ ਗੁਰੂ ਜੀ ਨੇ ਅਪਣਾ ਤੀਰ ਕਮਾਨ ਖਿੱਚਿਆ, ਉਹ ਲਿਖਦੇ ਹਨ:

ਜਬੈ ਬਾਣ ਲਾਗਿਓ ।। ਤਬੈ ਰੋਸ ਜਾਗਿਓ ।।
ਕਰੰ ਲੈ ਕਾਮਣੰ ।। ਹਨੰ ਬਾਣ ਤਾਣੰ ।। ੩੧ ।।
ਸਭੈ ਬੀਰ ਧਾਏ ।। ਸਰੋਘੰ ਚਲਾਏ ।।
ਤਬੈ ਤਾਕਿ ਬਾਣੰ ।। ਹਨਯੋ ਏਕ ਜੁਆਣੰ ।।੩੨।।
ਹਰੀ ਚੰਦ ਮਾਰੇ ।। ਸੁ ਜੋਧਾ ਲਤਾਰੇ ।।
ਸੁ ਕਾਰੋੜ ਰਾਯੰ ।। ਵਹੈ ਕਾਲ ਘਾਯੰ ।।੩੩।।
ਰਣੰ ਤਿਆਗ ਭਾਗੇ ।। ਸਭੈ ਤ੍ਰਾਸ ਪਾਗੇ ।।
ਭਈ ਜੀਤ ਮੇਰੀ ।। ਕ੍ਰਿਪਾ ਕਾਲ ਕੇਰੀ ।।੩੪।।
ਰਣੰ ਜੀਤ ਆਏ ।। ਜਯੰ ਗੀਤ ਗਾਏ ।।
ਧਨੰ ਧਾਰ ਬਰਖੇ ।। ਸਭੈ ਸੂਰ ਹਰਖੇ ।।੩੫।।

(ਬਚਿਤ੍ਰ ਨਾਟਕ ਅਧ–੮)

ਭੰਗਾਣੀ ਦੇ ਜੁੱਧ ਵਿਚ ਗੁਰੂ ਜੀ ਦੀ ਜਿੱਤ ਹੋਈ, ਇਹ ਉਹਨਾਂ ਦੀ ਜ਼ਾਤੀ (Personel) ਜਿੱਤ ਸੀ। ਉਹ ਆਪ ਇਹ ਗਲ ਜਾਣਦੇ ਸਨ। ਏਸੇ ਕਰਕੇ ਕਿਹਾ: 'ਭਈ ਜੀਤ ਮੇਰੀ'। ਭੰਗਾਣੀ ਦਾ ਜੁੱਧ ਗੁਰ ਜੀ ਦੀ ਪ੍ਰਬੀਨਤਾ ਦਾ ਸਾਖੀ ਹੈ। ਹਰੀ ਚੰਦ ਇਕ ਤਕੜਾ ਰਾਜਾ ਸੀ। ਜ਼ਰੂਰੀ ਸੀ ਕਿ ਉਸ ਨੇ ਸੰਜੋਅ ਪਹਿਨਿਆ ਹੋਵੇ। ਪਰ ਹਜ਼ੂਰੀ ਕਵੀ 'ਹੀਰ' ਗੁਰੂ ਜੀ ਦੇ ਤੀਰ ਬਾਬਤ ਕਹਿੰਦਾ ਹੈ:

ਸ੍ਰੀ ਗੁਬਿੰਦ ਸਿੰਘ ਕੀ ਕਮਾਨ ਤੇ ਚਲੇ ਹੈਂ ਤੀਰ
ਉਰਵਾਰ ਹੋਤ ਪਾਰਾਵਾਰ ਪਾਰ ਠਾਢੋ ਹੈ।

ਨੰਦ ਲਾਲ ਜੀ ਨੇ ਆਪਣੇ ਅੱਖੀਂ ਡਿਠੇ ਹਾਲਾਂ ਤੋਂ ਹੀ ਗੁਰੂ ਜੀ ਦੇ ਤੀਰਾਂ ਨੂੰ ਅਰਜਨ ਦੇ ਤੀਰਾਂ ਨਲ ਮੁਕਾਬਲੇ ਤੇ ਦੇਖਿਆ ਸੀ:

ਚੁਨਾ ਨਾਵਕਸ਼ ਹਲਕਹ ਦਰ ਕੋਹ ਕਰਦ,
ਕਿ ਅਰਜਨ ਨ ਕਰਦਹ ਬਰੋਜ਼ੇ ਨ ਬੁਰਦ।

(ਜੋਤ ਬਿਕਾਸ–੧੬੨)

ਇਨ੍ਹਾਂ ਸ਼ਾਇਰਾਂ ਦੀਆਂ ਉਕਤੀਆਂ ਵਿਚ ਮੁਬਾਲਗੇ ਨਹੀਂ ਸਨ, ਵਾਸਤਵ ਸੱਤਿ ਸੀ।


www.sikhbookclub.com

# ਭੰਗਾਣੀ ਤੋਂ ਪਿਛੋਂ ਮੁਕਤਸਰ ਦੀ ਲੜਾਈ ਤੱਕ

ਭੰਗਾਣੀ ਜੁੱਧ ਦੇ ਬਾਦ ਜੋ ਹਾਲਤ ਪੈਦਾ ਹੋਈ ਉਹ ਏਸ ਪ੍ਰਕਾਰ ਸੀ · ਪਹਾੜੀ ਰਾਜਿਆਂ ਨੂੰ ਗੁਰੂ ਜੀ ਦੀ ਤਾਕਤ ਦੇ ਨਾਪ–ਤੋਲ ਦਾ ਅੰਦਾਜ਼ਾ ਲੱਗ ਗਿਆ ਸੀ। ਉਹ ਕਿਸੇ ਤਰ੍ਹਾਂ ਸੰਤੁਸ਼ਟ ਨਹੀਂ ਸਨ। ਉਹਨਾਂ ਵਿਚ ਦੂਰ ਦਰਸ਼ਤਾ ਨਹੀਂ ਸੀ ਕਿ ਉਹ ਗੁਰੂ ਜੀ ਦੇ ਮਿਸ਼ਨ ਨੂੰ ਸਮਝ ਸਕਣ ਤੇ ਉਸ ਪ੍ਰਬਲ ਕਾਂਗ ਵਿਚ ਅਪਣੀ ਸ੍ਰੋਤ ਮਿਲਾ ਦੇਣ। ਉਹ ਗੁਰੂ ਜੀ ਨਾਲ ਸੰਧੀ ਤੇ ਸਮਝੌਤੇ ਕਰਕੇ ਸਮਾਂ ਟਪਾਉਂਦੇ ਤੇ ਦਾਉ ਤਕਾਉਂਦੇ ਸਨ। ਉਹ ਵੇਲੇ ਕੁਵੇਲੇ ਆਪਣੀ ਕਿਸੇ ਔਕੜ ਸਮੇਂ ਗੁਰੂ ਜੀ ਕੋਲੋਂ ਫੌਜੀ ਸਹਾਇਤਾ ਲੈਕੇ ਫਾਇਦਾ ਉਠਾ ਲੈਂਦੇ ਪਰ ਧ੍ਰੋਹ ਕਮਾਉਣ ਤੋਂ ਬਾਜ ਨ ਆਉਂਦੇ। ਜਿਨ੍ਹਾਂ ਦੋ ਜੁੱਧਾਂ ਵਿਚ ਰਾਜਿਆਂ ਨੇ ਗੁਰੂ ਜੀ ਕੋਲੋਂ ਆਪਣੀ ਔਕੜ ਸਮੇਂ ਸਹਾਇਤਾ ਮੰਗੀ, ਉਹਨਾਂ ਦੇ ਨਾਮ ਇਹ ਹਨ–ਨਾਦੌਣ ਯੁਧ, ਹੁਸੈਨੀ ਯੁਧ। ਆਨੰਦਪੁਰ ਦੀ ਦੂਜੀ ਲੜਾਈ ਵੇਲੇ ਜੋ ਰਾਜੇ ਗੁਰੂ ਜੀ ਦੇ ਵਿਰੁੱਧ ਇਕੱਠੇ ਹੋਏ ਉਹ ਇਤਨੇ ਕੁ ਸਨ: ਭੀਮ ਚੰਦ ਹੰਡੂਰੀਆ, ਕਟੋਚ, ਜੰਮੂ ਨੂਰਪੁਰ, ਮੰਡੀ, ਕੁੱਲੂ, ਕੈਂਥਲ, ਗੁਲੇਰ, ਸ੍ਰੀ ਨਗਰ, ਬੁਸ਼ਹਿਰ, ਡਢਵਾਲ, ਜਸਵਾਲ, ਕਾਂਗੜਾ; ਇਨ੍ਹਾਂ ਤੋਂ ਇਲਾਵਾ ਗੁੱਜਰ ਤੇ ਰੰਘੜ। ਆਨੰਦਪੁਰ ਦੀ ਤੀਜੀ ਲੜਾਈ ਵਿਚ ਜੋ ਨਵੇਂ ਨਾਮ ਰਾਜਿਆਂ ਦੇ ਆਉਂਦੇ ਹਨ ਉਹ ਚੰਬਾ ਤੇ ਫਤਹਪੁਰ ਸਨ। ਆਨੰਦਪੁਰ ਦੀ ਪੰਜਵੀਂ ਲੜਾਈ ਵਿਚ ਟਰੌਲੀ ਰਾਜ ਤੇ ਬਿੱਝੜਵਾਲ ਵੀ ਸ਼ਾਮਲ ਹੋ ਜਾਂਦੇ ਹਨ! ਮਤਲਬ ਕੀ, ਕਿ ਕੁਛ ਥੋੜੇ ਜਿਹੇ ਨਾਮ ਮਾਤ੍ਰ ਛੱਡਕੇ ਸਾਰੇ ਪਹਾੜੀ ਰਾਜਿਆਂ ਦੀ ਸੰਮਿਲਤ ਤਾਕਤ ਗੁਰੂ ਜੀ ਵਿਰੁਧ ਖੜੀ ਹੋ ਗਈ ਸੀ। ਮੁਗਲ ਰਾਜ ਦੀਆਂ ਫੌਜਾਂ (ਜਿਨ੍ਹਾਂ ਵਿਚੋਂ ਵਜ਼ੀਰ ਖਾਂ ਸੂਬਾ ਸਰਹਿੰਦ ਅਤੇ ਜ਼ਬਰਦਸਤ ਖਾਂ ਸੂਬਾ ਲਾਹੌਰ ਮੋਹਰੀ ਸਨ) ਨੇ ਪਹਾੜੀ ਰਾਜਿਆਂ ਨਾਲ ਗੁਰੂ ਜੀ ਵਿਰੁੱਧ ਸਾਂਝਾ ਸਬੱਬ ਬਣਾਇਆ ਸੀ।

ਇਨ੍ਹਾਂ ਜੰਗਾਂ ਵਿਚੋਂ ਛੇ ਮੋਟੀਆਂ ਗੱਲਾਂ ਪੱਲੇ ਪੈਂਦੀਆਂ ਹਨ:

੧ ਗੁਰੂ ਜੀ ਦੀ ਆਪਣੀ ਜਵਾਂ–ਮਰਦੀ ਤੇ ਤੀਰੰਦਾਜ਼ੀ ਦੇ ਕ੍ਰਿਸ਼ਮੇ।

੨. ਥੋੜੇ ਆਦਮੀ ਜੁੱਧਾਂ ਦਾ ਮੁਕਾਬਲਾ ਕਿਸ ਸਹਿਨਸ਼ੀਲਤਾ ਨਾਲ ਕਰ ਸਕਦੇ ਹਨ।

੩. ਇਖ਼ਲਾਕੀ ਤਾਕਤ ਕਿਸ ਉਤਸ਼ਾਹ ਦੀ ਕਾਂਗ ਉਪਰ ਇਨਸਾਨ ਨੂੰ ਉੱਚਾ ਚੱਕ

ਸਕਦੀ ਹੈ, ਜਿਥੇ ਸ੍ਵੈ ਕੁਰਬਾਨੀ ਦੀ ਭੇਟ ਹੀ ਜੀਵਨ ਨੂੰ ਸਫਲਾਉਣ ਦਾ ਸਾਧਨ ਬਣ ਜਾਂਦੀ ਹੈ।

੪. ਗੁਰੂ ਜੀ ਆਪ ਕੇਵਲ ਬਚਾਉ ਦੀਆਂ ਲੜਾਈਆਂ ਲੜਦੇ ਹਨ ਤੇ ਸਾਰੀ ਕਾਰਵਾਈ ਧਰਮ ਜੁੱਧ ਦੀ ਮਰਿਯਾਦਾ ਅੰਦਰ ਚਲਾਉਂਦੇ ਹਨ। ਗੁਰੂ ਜੀ ਦੇ ਦੋ ਮਾਸੂਮ ਬੱਚਿਆਂ ਦਾ ਦੀਵਾਰ ਵਿਚ ਚਿਣਿਆ ਜਾਣਾ, ਜਿਸ ਨਾਲ ਦੁਸ਼ਮਣ ਦੀ ਦੁਰਾਚਾਰ ਨੀਤੀ ਤੇ ਇਖ਼ਲਾਕੀ ਗਿਰਾਵਟ ਦਾ ਸੰਕੇਤ ਰੂਪ ਨਾਪ ਦਿੱਸ ਪੈਂਦਾ ਹੈ।

੫. ਲੜਾਈਆਂ ਦੀ ਹਾਰ ਜਿੱਤ ਤੋਂ ਉੱਪਰ ਉਸ ਸਫ਼ਲ ਇਖ਼ਲਾਕੀ ਜ਼ਹਿਨੀਅਤ ਦਾ ਪੈਦਾ ਹੋ ਜਾਣਾ, ਜਿਸ ਨੂੰ ਦੁਸ਼ਮਣ ਜ਼ੇਰ ਨਹੀਂ ਕਰ ਸਕਦਾ, ਪਰ ਜਿਸ ਨਾਲ ਜ਼ੁਲਮ ਦੇ ਰਾਜ ਦੀ ਜੜ੍ਹ ਉਪਰ ਕਾਰੀ ਸੱਟ ਵਜਦੀ ਹੈ। ਤੇ

੬. ਜੰਗੀ ਕਾਰਵਾਈਆਂ ਵਿਚ ਗੁਰੂ ਜੀ ਦੀ ਸਾਹਿਤਕ ਕਾਰਵਾਈ ਦਾ ਬਰਾਬਰ ਜਾਰੀ ਰਹਿਣਾ।

## ੩. ਸਾਹਿਤ-ਰਚਨਾ

ਗੁਰੂ ਗੋਬਿੰਦ ਸਿੰਘ ਜੀ ਦੀ ਸਾਹਿੱਤ ਰਚਨਾ ਬੜੇ ਵੱਡੇ ਪੈਮਾਨੇ ਦੀ ਸੀ। ਉਹਨਾਂ ਦੀ ਆਪਣੀ ਵਿਦਵਤਾ ਦਾ ਅੰਦਾਜ਼ਾ ਵੀ ਅਸੀਂ ਉਹਨਾਂ ਦੀ ਰਚਨਾਂ ਤੋਂ ਲਗਾ ਸਕਦੇ ਹਾਂ। ਗੁਰੂ ਜੀ ਦੀ ਬਣਾਈ ਹੋਈ ਪੁਸਤਕ ਗਿਆਨ ਪ੍ਰਬੋਧ ਇਸ ਗੱਲ ਦੀ ਪਤਾ ਕਾਰਕ ਹੈ। ਇਸ ਵਿਚ ਇਕ ਸਨਉਢੀ ਬ੍ਰਾਹਮਣ ਦੀ ਕਥਾ ਹੈ। ਇਹ ਭਾਰੀ ਪੰਡਤ ਸੀ। ਇਸ ਦੇ ਆਸ਼ਰਮ ਵਿਚ ਅਨੇਕ ਵਿਦਯਾਰਥੀ ਪੜ੍ਹਨ ਲਈ ਆਉਂਦੇ ਸਨ। ਏਥੇ ਚੌਦਾਂ ਹੀ ਵਿਦਯਾ ਪੜ੍ਹਾਈਆਂ ਜਾਂਦੀਆਂ ਸਨ। ਗੁਰੂ ਜੀ ਨੇ ਕੁਛ ਪੁਸਤਕਾਂ ਦੇ ਨਾਮ ਭੀ ਦਿਤੇ ਹਨ, ਯਥਾ:

ਕਹੂੰ ਭਾਖ ਬਾਚੈਂ ਕਹੂੰ ਕੌਮੁਦੀਐਂ ॥
ਕਹੂੰ ਸਿੱਧਕਾ ਚੰਦ੍ਰਿਕਾ ਸਾਸਤ੍ਰੀਐਂ ॥
ਕਹੰ ਬਯਾਕਰਣ ਬੈਸਿਕਾਲਾਪ ਕੱਥੈ ॥
ਕਹੂੰ ਪ੍ਰਾਕ੍ਰਿਆ ਕਾਸਿਕਾ ਸਰਬ ਮੱਥੈ ॥੨੭੮॥

ਇਨ੍ਹਾਂ ਤੁਕਾਂ ਵਿਚ ਸੰਸਕ੍ਰਿਤ ਦੇ ਵਯਾਕਰਣਾਂ ਦੇ ਨਾਮ ਹਨ, ਇਨ੍ਹਾਂ ਵਿਚੋਂ ਕੁਝ ਐਸੇ ਹਨ ਜੋ ਸਾਧਾਰਨ ਇਲਮ ਵਾਲੇ ਦੀ ਗਯਾਤ ਵਿਚ ਨਹੀਂ ਹੁੰਦੇ। ਭਾਵੇਂ ਕੌਮੁਦੀ ਆਦਿਕ ਗ੍ਰੰਥ


www.sikhbookclub.com

ਇਤਨੇ ਪੁਰਾਣੇ ਨਹੀਂ ਜੋ ਸਨਉਢੀ ਬ੍ਰਾਹਮਣ ਦੇ ਸਮੇਂ ਨਾਲ ਟੱਕਰ ਖਾਂਦੇ ਹੋਣ, ਪਰ ਇਤਨੀ ਗਲ ਜ਼ਰੂਰ ਹੈ ਕਿ ਵਯਾਕਰਣਾਂ ਦੇ ਗ੍ਰੰਥ ਜੋ ਮੁਗ਼ਲ ਰਾਜ ਵੇਲੇ ਰਚੇ ਗਏ, ਉਹਨਾਂ ਬਾਬਤ ਤਾਜ਼ੀ ਵਾਕਫੀਅਤ ਗੁਰੂ ਜੀ ਦੀ ਖੋਜ ਪੜਤਾਲ, ਵਿਦਯਕ ਰੁਚੀ ਤੇ ਇਲਮ ਦੇ ਮੱਯਾਰ ਦਾ ਪਤਾ ਦੇਂਦੀ ਹੈ।

ਆਪਣੀ ਵਿਦਯਕ ਪ੍ਰਬੀਨਤਾ ਤੋਂ ਛੁੱਟ ਜੋ ਗੁਣੀਆਂ ਨਾਲ ਪ੍ਰੇਮ ਸੀ ਤੇ ਜਿਸ ਕਿਸਮ ਦੀ ਵਿਦਵਾਨ ਸਭਾ ਉਹਨਾਂ ਦੇ ਚੌਗਿਰਦ ਹੋ ਗਈ ਸੀ, ਉਸ ਬਾਬਤ ਹਿੰਦੀ ਜਗਤ ਦੇ ਪ੍ਰਸਿੱਧ ਬਾਬੂ ਸ਼ਾਮ ਸੁੰਦਰ ਜੀ ਲਿਖਦੇ ਹਨ:

''ਗੁਰੂ ਸਾਹਿਬ ਵਿਦਵਾਨਾਂ ਦਾ ਬੜਾ ਸਤਿਕਾਰ ਕਰਦੇ ਅਤੇ ਅਗਰ ਕੋਈ ਗੁਣੀ ਇਨ੍ਹਾਂ ਦੇ ਦਰਬਾਰ ਵਿਚ ਆ ਜਾਂਦਾ ਤਾਂ ਉਸ ਦਾ ਯਥਾ ਯੋਗ ਸਤਿਕਾਰ ਹੁੰਦਾ ਇਨ੍ਹਾਂ ਦੀ ਸਭਾ ਵੀ ਇਕ ਖਾਸੇ ਰਾਜੇ ਮਹਾਰਾਜੇ ਯਾ ਅੱਛੇ ਬੜੇ ਬਾਦਸ਼ਾਹੀ ਸੂਬੇ ਵਰਗੀ ਹੋ ਗਈ ਅਤੇ ਉਸ ਦੀ ਰੌਣਕ ਦਿਨ ਬਦਿਨ ਵਧਣ ਲੱਗੀ। ਇਕ ਪਾਸੇ ਅੱਛੇ ਅੱਛੇ ਵਿਦਵਾਨ ਪੰਡਤ, ਦੂਸਰੇ ਪਾਸੇ ਵੱਡੇ ਵੱਡੇ ਸੂਰਬੀਰ ਯੋਧੇ ਯੁਧ ਵਿਦਯਾ ਵਿਚ ਨਿਪੁੰਨ, ਕਿਤੇ ਉਤਮੋਤਮ ਗ਼ਾਯਕ, ਕਵਿ, ਚਿਤ੍ਰਕਾਰ ਸਾਰੇ ਹੀ ਦਿੱਸਦੇ ਸਨ ਤੇ ਗੁਰੂ ਸਾਹਿਬ ਆਪ ਐਸੇ ਤਾਰਿਆਂ ਦੇ ਘੇਰੇ ਵਿਚ ਪੂਰਣ ਚੰਦ੍ਰਮਾ ਦੀ ਤਰ੍ਹਾਂ ਸੋਭਾਇਮਾਨ ਹੁੰਦੇ ਸਨ। ਤਾਤਪਰਯ ਇਹ ਕਿ ਗੁਰੂ ਸਾਹਿਬ ਹੋਰ ਸੁਧਾਰਕਾਂ ਵਾਕੁਨ ਨਿਰਾ ਉਪਦੇਸ਼ ਦੇਕੇ ਹੀ ਸ਼ਾਂਤਿ ਨਹੀਂ ਹੋ ਜਾਂਦੇ ਸਨ, ਪਰ ਮੁੱਖ ਦ੍ਵਾਰਾ ਦਿਤੇ ਉਪਦੇਸ਼ ਤੋਂ ਚਾਰ ਗੁਣਾਂ ਵੱਧ ਉੱਦਮ ਲੋਕਾਂ ਨੂੰ ਵੈਸਾ ਹੀ ਬਣਾਉਣ ਵਿਚ ਖਰਚ ਕਰਦੇ। ਉਹਨਾਂ ਲੋਕਾਂ ਵਾਸਤੇ ਉਹ ਤਨ ਮਨ ਧਨ ਸਭ ਅਰਪਣ ਕਰਨ ਵਿਚ ਤਿਆਰ ਰਹਿੰਦੇ। ਏਸ ਉੱਦਮ ਵਿਚ ਉਹਨਾਂ ਕਦੇ ਸਿਥਲਤਾ ਨਹੀਂ ਆਉਣ ਦਿਤੀ।''

## ਨਿਜ ਲਿੱਖਤ

ਗੁਰੂ ਜੀ ਦੀ ਨਿਜ ਲਿੱਖਤ ਉਸ ਗ੍ਰੰਥ ਵਿਚ ਸ਼ਾਮਲ ਹੈ, ਜਿਸ ਦਾ ਪ੍ਰਚਲਤ ਨਾਮ 'ਦਸਮ ਗ੍ਰੰਥ' ਹੈ। ਦਸਮ ਗ੍ਰੰਥ ਇਕ ਵਿਸ਼ਾਲ ਗ੍ਰੰਥ ਹੈ। ਜਿਸ ਵਿਚ ਜਾਪੁ ਸਾਹਿਬ, ਅਕਾਲ ਉਸਤਤਿ, ਬਚਿੱਤ੍ਰ ਨਾਟਕ, ਚੰਡੀ ਚਰਿਤ੍ਰ, ਚੰਡੀ ਦੀ ਵਾਰ, ਚੌਵੀ ਅਵਤਾਰ, ਗਿਆਨ ਪ੍ਰਬੋਧ, ਚਰਿਤ੍ਰ, ਜ਼ਫ਼ਰਨਾਮਾ ਤੇ ਕੁਝ ਹੋਰ ਅਸਫੋਟਕ ਛੰਦ ਹਨ। ਪੰਜਾਬੀ, ਬ੍ਰਿਜ ਭਾਸ਼ਾ ਤੇ ਫਾਰਸੀ ਦੀ ਰਚਨਾ ਇਸ ਵਿਚ ਸ਼ਾਮਲ ਹੈ। ਇਹ ਰਚਨਾ ਭਾਵੇਂ ਕਈਆਂ ਦੇ ਖਿਆਲ ਵਿਚ ਸਾਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਨਹੀਂ ਕਹੀ ਜਾਂਦੀ, ਪਰ ਐਸੇ ਸਬੂਤ ਮਿਲ ਰਹੇ


www.sikhbookclub.com

ਹਨ, ਜੋ ਹੁਣ ਇਸ ਸਮੱਗ੍ਰ ਗ੍ਰੰਥ ਨੂੰ ਗੁਰੂ ਸਾਹਿਬ ਜੀ ਦੀ ਰਚਨਾ ਮੰਨ ਲੈਣ ਵਲ ਪ੍ਰੇਰਦੇ ਹਨ।

ਗੁਰੂ ਜੀ ਦੀ ਨਿਜੀ ਰਚਨਾ ਵਿਚ ਦੋ ਚੀਜ਼ਾਂ ਖਾਸ ਅਹਿਮੀਅਤ ਰਖਦੀਆਂ ਹਨ, ਚੰਡੀ ਬਾਬਤ ਕਵਿਤਾ ਤੇ ਕ੍ਰਿਸ਼ਨਾਵਤਾਰ।

## ਚੰਡੀ ਬਾਬਤ ਕਥਾ

ਦਸਮ ਗ੍ਰੰਥ ਵਿਚ ਤਿੰਨ ਚੀਜ਼ਾਂ ਹਨ, ਜਿਨ੍ਹਾਂ ਵਿਚ ਚੰਡੀ ਦਾ ਵਰਨਣ ਹੈ:

(੧) ਚੰਡੀ ਚਰਿਤ੍ਰ ਉਕਤ ਬਿਲਾਸ (੨) ਚੰਡੀ ਚਰਿੱਤ੍ਰ। (੩) ਵਾਰ ਸ੍ਰੀ ਭਗਉਤੀ ਜੀ ਕੀ।

ਚੰਡੀ ਦੀ ਕਥਾ ਸੰਖੇਪ ਵਿਚ ਇਹ ਹੈ: ਇਕ ਸੀ ਰਾਜਾ। ਉਸ ਦਾ ਨਾਮ ਸੁਰੱਥ ਸੀ। ਉਹ ਦੁਸ਼ਮਨ ਤੋਂ ਹਾਰ ਖਾਕੇ ਫੇਰ ਆਪਣੇ ਵਜ਼ੀਰਾਂ ਦੀ ਦੁਸ਼ਟਤਾ ਦਾ ਸ਼ਿਕਾਰ ਹੋਕੇ, ਜੰਗਲ ਵਿਚ ਨੱਸ ਗਿਆ। ਇਕ ਵੈਸ਼ ਸੀ, ਉਸ ਦਾ ਨਾਮ ਸਮਾਧੀ ਸੀ। ਸਮਾਧੀ ਨੂੰ ਵਹੁਟੀ ਤੇ ਪੁੱਤਰ, ਤੇ ਹੋਰ ਰਿਸ਼ਤੇਦਾਰਾਂ ਨੇ ਬਦਸਲੂਕੀ ਕਰਕੇ ਘਰੋਂ ਕੱਢ ਦਿਤਾ। ਉਹ ਵੀ ਜੰਗਲ ਵਿਚ ਚਲਾ ਗਿਆ। ਰਾਜਾ ਤੇ ਵੈਸ਼ ਦੋਨੋਂ ਮਿਲ ਗਏ ਤੇ ਮੇਧਾ ਰਿਖੀ ਕੋਲ ਗਏ। ਰਾਜੇ ਨੇ ਪ੍ਰਸ਼ਨ ਕੀਤਾ ਤੇ ਕਿਹਾ ਮੈਨੂੰ ਆਪਣੇ ਨੌਕਰ ਚਾਕਰ, ਹਾਥੀ, ਘੋੜੇ, ਖਜ਼ਾਨੇ ਆਦਿਕ ਦੀ ਮਮਤਾ ਬਣੀ ਰਹਿੰਦੀ ਹੈ, ਮੈਂ ਜਾਣਦਾ ਹਾਂ ਕਿ ਮੈਂ ਉਹਨਾਂ ਤੋਂ ਅਲੱਗ ਹੋ ਗਿਆ ਹਾਂ; ਤਦ ਵੀ ਇਕ ਅਗਿਆਨੀ ਤਰ੍ਹਾਂ ਮੇਰਾ ਚਿਤ, ਉਹਨਾਂ ਵਿਚ ਫਸਿਆ ਰਹਿੰਦਾ ਹੈ। ਏਸ ਵੈਸ਼ ਦਾ ਵੀ ਵੈਸਾ ਹੀ ਹਾਲ ਹੈ ; ਜਿਨ੍ਹਾਂ ਨੇ ਏਸ ਨੂੰ ਘਰੋਂ ਕੱਢ ਦਿਤਾ ਹੈ, ਏਸ ਦਾ ਚਿੱਤ ਉਹਨਾਂ ਦੇ ਸਨੇਹ ਵਿਚ ਭਰਮਦਾ ਹੈ। ਅਸੀਂ ਦੋਨੋਂ ਦੁਖੀ ਹਾਂ। ਲੋਕਾਂ ਦੀ ਦੁਸ਼ਟਤਾ ਜਾਣਦੇ ਹੋਏ ਭੀ ਉਹਨਾਂ ਦੀ ਮਮਤਾ ਸਾਡੇ ਚਿੱਤ ਵਿਚੋਂ ਨਹੀਂ ਹਟਦੀ। ਅਸੀਂ ਗਿਆਨਵਾਨ ਹੋਕੇ, ਕਿਉਂ ਮੂਰਖਤਾ ਕਰਦੇ ਹਾਂ ?

ਰਿਖੀ ਨੇ ਉੱਤਰ ਦਿਤਾ। ਗਿਆਨ ਕਈ ਪ੍ਰਕਾਰ ਦਾ ਹੈ। ਸਾਧਾਰਨ ਰੀਤੀ ਨਾਲ ਕੇਵਲ ਮਨੁਖ ਹੀ ਗਿਆਨੀ ਨਹੀਂ, ਪਸ਼ੂ ਪੰਛੀ ਨੂੰ ਵੀ ਗਿਆਨ ਹੁੰਦਾ ਹੈ। ਦੇਖੋ ਪੰਛੀ ਆਪਣੀ ਭੁੱਖ ਦਾ ਗਿਆਨ ਰੱਖਦੇ ਹੋਏ ਵੀ, ਮਮਤਾ ਵੱਸ, ਆਪਣਾ ਆਹਾਰ ਬੱਚਿਆਂ ਦੀ ਚੁੰਝ ਵਿਚ ਪਾ ਦੇਂਦੇ ਹਨ। ਸੰਸਾਰ ਦੇ ਪਾਲਣ ਕਰਨ ਵਾਲੇ ਵਿਸ਼ਨੂੰ ਦੀ ਮਾਯਾ ਦੇ ਪ੍ਰਭਾਵ ਨਾਲ

 www.sikhbookclub.com

ਮਨੁਖ ਗਿਆਨਵਾਨ ਹੁੰਦੇ ਹੋਏ ਭੀ ਮੋਹ ਵਿਚ ਫਸੇ ਰਹਿੰਦੇ ਹਨ। ਓਹੋ ਮਹਾਂ ਮਾਯਾ ਦੇਵੀ ਗਿਆਨੀਆਂ ਦੇ ਚਿੱਤ ਨੂੰ ਖਿੱਚ ਮੋਹ ਵਿਚ ਫਸਾ ਦੇਂਦੀ ਹੈ। ਉਹੋ ਦੇਵੀ ਜਗਤ ਦਾ ਕਾਰਣ ਹੈ। ਉਹੋ ਦੇਵੀ ਪ੍ਰਸੰਨ ਹੋਕੇ ਫੇਰ ਵਰ ਦੇਣ ਵਾਲੀ ਹੈ ਤੇ ਮੁਕਤੀ ਪ੍ਰਦਾਤਾ ਹੈ। ਭਗਤਾਂ ਦੇ ਹਿਤ ਲਈ ਅਨੇਕ ਪ੍ਰਕਾਰ ਨਾਲ ਉਸ ਦੀ ਉਤਪਤੀ ਹੈ । ਇਕ ਵੇਰ ਇਸ ਦੇਵੀ ਦੀ ਸਹਾਇਤਾ ਬ੍ਰਹਮਾ ਨੇ ਮੰਗੀ ਜਦੋਂ ਫੇਰ ਸੁੱਤੇ ਪਏ ਵਿਸ਼ਨੂੰ ਨੇ ਉੱਠਕੇ ਮਧੁ ਅਤੇ ਕੈਟਭ ਦੋ ਭਯੰਕਰ ਦੈਂਤਾਂ (ਅਸੁਰਾਂ) ਨੂੰ ਮਾਰਿਆ। ਮੇਧਾ ਰਿਸ਼ੀ ਨੇ ਫੇਰ ਦੱਸਿਆ ਕਿ ਪੁਰਾਣੇ ਸਮੇਂ ਵਿਚ ਅਸੁਰਾਂ ਦੇ ਰਾਜੇ ਮਹਿਖਾਸੁਰ ਅਤੇ ਦੇਵਤਿਆਂ ਦੇ ਰਾਜਾ ਇੰਦ੍ਰ ਵਿਚ ਸੌ ਵਰ੍ਹਾ ਯੁੱਧ ਹੋਇਆ, ਅਸੁਰ ਜਿੱਤ ਗਏ। ਦੇਵਤੇ ਸਖ਼ਤ ਪਰੇਸ਼ਾਨ ਹੋਏ; ਉਹਨਾਂ ਦੀ ਸਹੈਤਾ ਲਈ 'ਸ਼ਿਵਾਂ ਦੇਵੀ' ਉਤਪੰਨ ਹੋਈ। ਸ਼ਿਵਾ ਦੇਵਤਿਆਂ ਦੇ ਤੇਜ ਪੰਜ ਵਿਚੋਂ ਹੀ ਪੈਦਾ ਹੋਈ ਸੀ। ਉਸ ਦਾ ਯੁੱਧ ਅਸੁਰਾਂ ਨਾਲ ਹੋਇਆ। ਬੜੀਆਂ ਭਯੰਕਰ ਲੜਾਈਆਂ ਹੋਈਆਂ। ਅਸੁਰਾਂ ਦੇ ਬਹੁਤ ਬਲਵਾਨ ਚੁਣੇ ਹੋਏ ਯੋਧੇ ਤੇ ਅਨੇਕ ਸੈਨਾ ਮਾਰੀ ਗਈ। ਮਹਿਖਾਸੁਰ ਨਾਲ ਜੋ ਭੇੜ ਹੋਇਆ ਉਹ ਅਤਿ ਭਯੰਕਰ ਸੀ। ਲੜਾਈ ਦੇ ਵਿਚ ਅਸੁਰ ਹਾਥੀ ਦਾ ਰੂਪ ਬਣਾਕੇ ਦੇਵੀ ਦੇ ਅਸਵਾਰੀ ਵਾਲੇ ਸ਼ੇਰ ਨੂੰ ਅਪਣੀ ਸੁੰਡ ਨਾਲ ਪਕੜਕੇ ਖਿੱਚਣ ਲੱਗਾ। ਦੇਵੀ ਨੇ ਤਲਵਾਰ ਨਾਲ ਸੁੰਡ ਕੱਟ ਦਿਤੀ। ਅਸੁਰ ਨੇ ਫੇਰ ਭੈਂਸੇ ਦਾ ਰੂਪ ਧਾਰ ਲੀਤਾ। ਦੇਵੀ ਮਦਿਰਾ ਪੀਣ ਲੱਗੀ ਤੇ ਲਾਲ ਅੱਖਾਂ ਕਰਕੇ ਹੱਸੀ। ਅਸੁਰ ਵੀ ਹੱਸਿਆ ਤੇ ਆਪਣੇ ਸਿੰਗਾਂ ਨਾਲ ਪਰਬਤ ਚੁੱਕਕੇ ਦੇਵੀ ਉਪਰ ਸੁੱਟਣ ਲੱਗਾ। ਦੇਵੀ ਨੇ ਕਿਹਾ. ਐ ਮੂੜ੍ਹ ਜਦ ਤਕ ਮੈਂ ਮਦਿਰਾ ਪੀਂਦੀ ਹਾਂ, ਤਦ ਤਕ ਤੂੰ ਖਿਣ ਭਰ ਹੱਸ ਲੈ। ਇਹ ਕਹਿਕੇ ਦੇਵੀ ਕੁੱਦਕੇ ਮਹਿਖਾਸੁਰ ਦੇ ਉਪਰ ਚੜ੍ਹ ਬੈਠੀ, ਲੱਤ ਨਾਲ ਉਸ ਦਾ ਗਲਾ ਦਬਾਕੇ ਸੂਲ ਨਾਲ ਛੇਦਣ ਲੱਗੀ। ਏਸ ਕਸ਼ਮਕਸ਼ ਵਿਚ ਦੇਵੀ ਨੇ ਉਸ ਦਾ ਸਿਰ ਕੱਟਕੇ ਭੋਂ ਪਟਕਾਇਆ। ਦੇਵਤੇ ਖੁਸ਼ ਹੋਏ। ਦੇਵੀ ਦੀ ਬਹੁਤ ਉਸਤੁਤਿ ਕੀਤੀ। ਦੇਵੀ ਪ੍ਰਸੰਨ ਹੋਈ ਤੇ ਕਿਹਾ: ਵਰ ਮੰਗੋ। ਦੇਵਤਿਆਂ ਇਹ ਮੰਗਿਆ: ਹੇ ਦੇਵੀ ! ਜਦ ਕਦੀ ਅਸੀਂ ਆਪ ਨੂੰ ਯਾਦ ਕਰੀਏ ਤਦ ਤੁਸੀਂ ਸਾਡੀਆਂ ਸਾਰੀਆਂ ਬਿਪਤਾਵਾਂ ਦੂਰ ਕੀਤਾ ਕਰੋ।

ਮੇਧਾ ਰਿਸ਼ੀ ਨੇ ਦੇਵੀ ਦੀ ਇਕ ਹੋਰ ਕਥਾ ਸੁਣਾਈ ਤੇ ਕਿਹਾ ਕਿ ਇਕ ਵੇਰ ਸ਼ੁੰਭ ਅਤੇ ਨਿਸ਼ੁੰਭ ਦੋ ਅਸੁਰਾਂ ਨੇ ਦੇਵਤਿਆਂ ਦਾ ਰਾਜ ਭਾਗ ਖੋਹ ਲਿਆ, ਦੇਵਤੇ ਆਜਜ਼ ਹੋਕੇ ਦੇਵੀ ਦੀ ਸਹੈਤਾ ਲਈ ਪ੍ਰਾਰਥੀ ਹੋਏ। ਦੇਵੀ ਪ੍ਰਗਟ ਹੋਈ। ਉਹ ਬੜੀ ਸੁੰਦਰ ਇਸਤ੍ਰੀ ਸੀ। ਸ਼ੁੰਭ ਉਸ ਨੂੰ ਘਰ ਪਾਉਣ ਲਈ ਬੜਾ ਚਾਹਵਾਨ ਹੋਇਆ। ਦੇਵੀ ਨੇ ਕਿਹਾ: ਮੇਰੀ ਪ੍ਰਤਿੱਗਿਆ ਹੈ ਕਿ ਜੋ ਯੁਧ ਵਿਚ ਮੈਨੂੰ ਜਿੱਤ ਲਵੇ ਉਹੋ ਮੇਰਾ ਪਤੀ ਹੋਵੇਗਾ। ਏਸ ਗੱਲ ਤੋਂ

 www.sikhbookclub.com

ਯੁਧ ਸ਼ੁਰੂ ਹੋਯਾ। ਸ਼ੁੰਭ ਦਾ ਸੈਨਾਪਤਿ ਧੂਮ੍ਰ ਲੋਚਨ ਸੈਨਾ ਲੈਕੇ ਲੜਨ ਲਈ ਆਇਆ। ਸੈਨਾ ਪਤਿ ਮਾਰਿਆ ਗਿਆ, ਫੌਜ ਤਿੱਤਰ ਬਿੱਤਰ ਹੋ ਗਈ। ਏਸ ਤਰ੍ਹਾਂ ਹੋਰ ਅਸੁਰ ਜੋਧੇ ਆਏ ਤੇ ਫੌਜਾਂ ਆਈਆਂ ਜੋ ਮਾਰੀਆਂ ਗਈਆਂ। ਛੇਕੜ ਨਿਸੁੰਭ ਤੇ ਸ਼ੁੰਭ ਦੋਨੋਂ ਆਏ, ਅਤਿ ਭਯਾਨਕ ਲੜਾਈਆਂ ਹੋਈਆਂ। ਦਾਉ ਪੇਚ ਹੋਏ, ਛੇਕੜ ਇਕ ਇਕ ਕਰਕੇ ਦੋਨੋ ਮਾਰੇ ਗਏ। ਦੇਵਤਿਆਂ ਨੇ ਦੇਵੀ ਦੀ ਬੜੀ ਉਸਤੁਤ ਕੀਤੀ। ਦੇਵੀ ਨੇ ਪ੍ਰਸੰਨ ਹੋਕੇ ਕਿਹਾ: ਵਰ ਮੰਗੋ। ਦੇਵਤਿਆਂ ਨੇ ਇਹ ਮੰਗਿਆ 'ਤੂੰ ਸਦਾ ਸਾਡੇ ਦੁਸ਼ਮਨਾਂ ਨੂੰ ਵਿਨਾਸ਼ ਕਰਦੀ ਰਹੁ'। ਮੇਧਾ ਰਿਸ਼ੀ ਨੇ ਕਿਹਾ : ਹੇ ਰਾਜਨ! ਜਿਸ ਦੇਵੀ ਦਾ ਤੂੰ ਪ੍ਰਭਾਵ ਸੁਣਿਆ ਹੈ ਉਹੋ ਦੇਵੀ ਏਸ ਜਗਤ ਨੂੰ ਧਾਰਨ ਕਰਦੀ ਹੈ। ਉਹੋ ਭਗਵਾਨ ਵਿਸ਼ਨੂੰ ਦੀ ਮਾਯਾ ਹੈ। ਉਸ ਦੇ ਪ੍ਰਭਾਵ ਨਾਲ ਤੈਨੂੰ ਤੇ ਏਸ ਵੈਸ਼ ਨੂੰ ਮੋਹ ਹੋਇਆ ਹੈ। ਜੋ ਲੋਗ ਉਸ ਦੀ ਸ਼ਰਨ ਜਾਂਦੇ ਹਨ, ਉਹਨਾਂ ਨੂੰ ਉਹ ਭੋਗ, ਸ੍ਵਰਗ, ਤੇ ਮੋਖਸ਼ ਦੇਂਦੀ ਹੈ। ਇਹ ਸੁਣਕੇ ਰਾਜਾ ਸੁਰਥ ਤੇ ਵੈਸ਼ ਕਠੋਰ ਤਪੱਸਿਆ ਕਰਨ ਲੱਗੇ। ਤਿੰਨ ਵਰ੍ਹੇ ਦੇ ਤਪ ਸਾਧਨ ਦੇ ਕਸ਼ਟ ਬਾਅਦ ਦੇਵੀ ਪ੍ਰਗਟ ਹੋਈ ਤੇ ਕਿਹਾ: ਵਰ ਮੰਗੋ! ਰਾਜੇ ਨੇ ਕਿਹਾ ਮੈਂ ਏਸੇ ਜਨਮ ਵਿਚ ਸ਼ੱਤਰੂਆਂ ਨੂੰ ਮਾਰਕੇ ਆਪਣਾ ਰਾਜ ਪ੍ਰਾਪਤ ਕਰਾਂ ਤੇ ਦੂਸਰੇ ਜਨਮ ਵਿਚ ਮੈਨੂੰ ਚਿਰ ਸਥਾਈ ਰਾਜ ਮਿਲੇ। ਵੈਸ਼ ਨੇ ਇਹ ਵਰ ਮੰਗਿਆ ਕਿ ਮੈਨੂੰ ਤੱਤ੍ਵ ਗਿਆਨ ਪ੍ਰਾਪਤ ਹੋਵੇ, ਜਿਸ ਨਾਲ ਇਹ 'ਮੇਰਾ ਹੈ' 'ਮੈਂ ਇਸ ਦਾ ਸ੍ਵਾਮੀ ਹਾਂ', ਏਸ ਪ੍ਰਕਾਰ ਦਾ ਮੋਹ ਨਾਸ਼ ਹੋ ਜਾਵੇ।

ਇਹ ਸਾਰ ਅੰਸ਼ ਹੈ ਮਾਰਕੰਡੇ ਪੁਰਾਣ ਵਿਚ ਦੁਰਗਾ ਸਪਤਸ਼ਤੀ ਦੇ ਨਾਮ ਹੇਠ ਦਿਤੀ ਵਿਸਤਾਰ ਪੂਰਬਕ ਕਥਾ ਦਾ।

# ਚੰਡੀ ਚਰਿਤ੍ਰ ਉਕਤਿ ਬਿਲਾਸ।

ਦਸਮ ਗ੍ਰੰਥ ਵਿਚ 'ਚੰਡੀ ਚਰਿਤ੍ਰ ਉਕਤਿ ਬਿਲਾਸ' ਨੂੰ ਪੜ੍ਹਦਿਆਂ ਤਿੰਨ ਗੱਲਾਂ ਧਿਆਨ ਲਈ ਸਾਹਮਣੇ ਆਉਂਦੀਆਂ ਹਨ। ਪਹਿਲੀ ਗੱਲ ਹੈ ਇਸ ਦੀ ਕਥਾ, ਦੂਜਾ ਬਿਆਨ ਦਾ ਢੰਗ, ਤੀਜਾ ਪ੍ਰਯੋਜਨ। ਕਥਾ ਦਾ ਸਾਰ ਉਹੋ ਹੀ ਹੈ, ਜੋ ਮਾਰਕੰਡੇ ਪੁਰਾਣ ਵਿਚ ਹੈ। ਇਹ ਸੰਸਕ੍ਰਿਤਿ ਤੋਂ ਉਲਥਾ ਹੈ, ਪਰ ਲਫ਼ਜ਼ ਬਲਫ਼ਜ਼ੀ ਨਹੀਂ। ਕਵਿ ਨੇ ਕਿਹਾ ਹੈ ਕਿ ਅਸਲ ਨੂੰ ਚਿਤ ਵਿਚ ਚੰਗੀ ਤਰ੍ਹਾਂ ਸਮਝਿਆ ਤੇ ਹੁਣੇ ਹੋਏ ਬਚਨਾਂ ਨੂੰ ਵਰਤਿਆ ਹੈ। ਉਲਥੇ ਵਿਚ ਕੁਦਰਤੀ ਤੌਰ ਤੇ ਬਹੁਤ ਖੁਲ੍ਹ ਹੈ! ਏਸ ਆਜ਼ਾਦੀ ਵਿਚ ਕਥਾ ਦੀ ਤੱਥ ਵਸਤੂ ਅੱਖਾਂ ਤੋਂ ਉਹਲੇ ਨਹੀਂ ਹੋਈ, ਪਰ ਵਿਸਤਾਰ ਵਿਚ ਬਹੁਤ ਫਰਕ ਪੈ ਗਿਆ ਹੈ। ਦੂਜੀ ਗੱਲ ਜੋ


www.sikhbookclub.com

ਬਿਆਨ ਦਾ ਢੰਗ ਹੈ, ਉਸ ਵਿਚ ਮੂਲ ਕੋਲੋਂ ਫਰਕ ਹੋਰ ਵਧੇਰੇ ਹੈ, ਇਤਨਾ ਵਧੇਰੇ ਕਿ ਏਸ ਲਿਹਾਜ਼ ਨਾਲ ਇਹ ਇਕ ਨਵੀਂ ਰਚਨਾ ਬਣ ਗਈ ਹੈ। ਕਵਿ ਆਪ ਇਸ ਗੱਲ ਨੂੰ ਜਾਣਦਾ ਸੀ, ਉਸ ਨੇ ਏਸ ਰਚਨਾਂ ਨੂੰ ਨਾਮ 'ਉਕਤਿ ਬਿਲਾਸ' ਦਾ ਦਿਤਾ ਹੈ। 'ਉਕਤਿ' ਦਾ ਮਤਲਬ ਹੁੰਦਾ ਹੈ: ਅਨੋਖਾ ਵਾਕ, ਚਮਤਕਾਰੀ ਕਥਨ। ਏਸ ਆਸ਼ੇ ਨਾਲ ਬਿਆਨ ਦੇ ਢੰਗ ਵਿਚ ਕਵੀ ਮੂਲ ਕੋਲੋਂ ਬੰਧਨ ਮੁਕਤ ਹੋ ਗਿਆ ਹੈ। ਏਸ ਛੁਟਕਾਰੇ ਨੇ ਹੀ ਕਵੀ ਦੀ ਕਲਪਨਾ ਸ਼ਕਤੀ ਦੇ ਹਵਾਲੇ ਐਸਾ ਇਕ ਵਿਸ਼ਾਲ ਗਗਨ ਕੀਤਾ ਹੈ ਜਿਸ ਵਿਚ ਉਸ ਦੀ ਆਪਣੀ ਕਾਵਯ ਕਲਾ ਬੇਰੋਕ ਪਸਰ ਸਕੇ, ਤੇ ਅਪਣੇ ਢੰਗ ਵਿਚਿਤ੍ਰਤਾ ਵਿਚ ਵਿਲਸ ਸਕੇ। ਸੰਸਕ੍ਰਿਤ ਦਾ ਮੂਲ ਬਿਆਨ, ਇਕ ਸਾਧਾਰਨ ਪੱਧਰ ਦੀ ਕਵਿਤਾ ਦਾ ਨਮੂਨਾ ਹੈ। ਜਿਸ ਦਾ ਇਕ ਗੁਣ ਸਰਲਤਾ ਹੈ। ਮੂਲ ਗ੍ਰੰਥ ਵਿਚ ਜੋ ਅਨੋਖਾਪਨ ਹੈ, ਉਹ ਜ਼ਿਆਦਾ ਤਰ ਘਟਨਾਵਾਂ ਦੀ ਵਿਲੱਖਣਤਾ ਦਾ ਹੈ, ਜਿਸ ਵਿਚ ਅਸਾਧਾਰਨ ਗਲਾਂ ਦੀ ਕਰਾਮਾਤੀ ਅਸਚਰਜਤਾ ਵਲ ਪਾਠਕਾਂ ਦਾ ਧਿਆਨ ਖਿੱਚਿਆ ਰਹਿੰਦਾ ਹੈ। ਪਰ ਉਕਤਿ ਬਿਲਾਸ ਦੇ ਉਲਥੇ ਵਿਚ ਓਹੋ ਹੀ ਰਚਨਾ ਇਕ ਨਵੀਂ ਹੋਂਦ ਵਿਚ ਜਾਗ ਉਠੀ ਪ੍ਰਤੀਤ ਹੁੰਦੀ ਹੈ। ਕਰਾਮਾਤੀ ਵਿਲੱਖਣਤਾ ਦਾ ਰੰਗ ਫਿੱਕਾ ਪੈ ਗਿਆ ਹੈ ਤੇ ਉਸ ਦੀ ਥਾਂ ਮੁਹਾਵਰੇ ਦੀ ਚੁਸਤੀ ਤੇ ਉਪਮਾਂ ਦੀ ਵਾਜਬੀ ਨੇ ਆ ਮੱਲੀ ਹੈ। ਇਹ ਗਲ ਏਸ ਤਰ੍ਹਾਂ ਸਪਸ਼ਟ ਹੋ ਜਾਏਗੀ ਕਿ ਮੂਲ ਗ੍ਰੰਥ ਨੇ ਚੰਡੀ ਦੇ ਜੁੱਧ ਦੇ ਬਿਆਨ ਵਿਚ 'ਉਪਮਾ' ਨੂੰ ਬਹੁਤ ਸੰਜਮ ਨਾਲ ਵਰਤਿਆ ਹੈ, ਇਤਨਾ ਥੋੜਾ ਕਿ ਸ਼ੂਮਪੁਣੇ ਦਾ ਸ਼ੱਕ ਪੈਣ ਲੱਗ ਜਾਂਦਾ ਹੈ। ਜੋ ਦੋ ਚਾਰ ਉਪਮਾਂ ਵਰਤੀਆਂ ਹਨ। ਉਹਨਾਂ ਦੀਆਂ ਮਿਸਾਲਾਂ ਇਹ ਹਨ: ਮਹਿਖਾਸੁਰ ਦੀ ਸੈਨਾਂ ਦੇ ਬੱਧ ਬਾਬਤ ਲਿਖਿਆ ਹੈ ਕਿ ਉਸ ਨੂੰ ਐਸ ਤਰ੍ਹਾਂ ਨਾਸ਼ ਕਰ ਦਿੱਤਾ ਜਿਸ ਤਰ੍ਹਾਂ ਸੁੱਕੇ ਤੀਲਿਆਂ ਅਤੇ ਕਾਠ ਦੇ ਢੇਰ ਨੂੰ ਅੱਗ ਬਹੁਤ ਜਲਦੀ ਜਲਾ ਦੇਂਦੀ ਹੈ (ਦੁਰਗਾ ਸਪਤਸ਼ਤੀ ੨, ੬੭)। ਫੇਰ ਜਿੱਥੇ ਮੁੰਡ ਦੈਂਤ ਦੇ ਸੁੱਟੇ ਹੋਏ ਚਕਰਾਂ ਦਾ ਜ਼ਿਕਰ ਹੈ, ਉਥੇ ਲਿਖਿਆ ਹੈ ਉਹ ਚੱਕਰ ਕਾਲੀ (ਦੇਵੀ) ਦੇ ਮੂੰਹ ਕੋਲ ਪ੍ਰਵਿਸ਼ਟ ਹੋਕੇ ਐਸ ਤਰ੍ਹਾਂ ਸ਼ੋਭਿਤ ਹੋਏ ਜਿਸ ਤਰ੍ਹਾਂ ਬੱਦਲਾਂ ਵਿਚ ਸੂਰਜ ਮੰਡਲ ਸ਼ੋਭਿਤ ਹੁੰਦਾ ਹੈ (ਦੁਰਗਾ ਸਪਤਸ਼ਤੀ ੭,੧੮)। ਇਸ ਦੇ ਉਲਟ ਉਕਤਿ ਬਿਲਾਸ ਦੇ ਢੰਗ ਵਿਚ ਉਪਮਾਂ ਦੀ ਵਰਤੋਂ ਦਾ ਸੰਜਮ ਨਹੀਂ। ਧੂਮਰ ਲੋਚਨ ਦੇ ਬੱਧ ਨੂੰ ਇਸ ਤਰ੍ਹਾਂ ਦਰਸਾਇਆ ਹੈ, ਕਿ ਉਸ ਦਾ ਸਿਰ ਕੱਟਕੇ ਐਉਂ ਡਿਗਾ ਜਿਸ ਤਰ੍ਹਾਂ ਹਨੇਰੀ ਦੇ ਵਗਣ ਨਾਲ ਖਜੂਰ ਤੋਂ ਛੁਹਾਰਾ ਟੁੱਟ ਕੇ ਧਰਤੀ ਉਤੇ ਡਿਗ ਪੈਂਦਾ ਹੈ (ਉਕਤਿ ਬਿਲਾਸ)। ਮੁੰਡ ਅਸੁਰ ਦੇ ਸਿਰ ਵੱਢੇ ਜਾਣ ਨੂੰ ਕੱਦੂ ਦੇ ਕਟੀਣ ਨਾਲ ਤਸ਼ਬੀਹ ਦਿਤੀ ਹੈ, ਯਥਾ:


www.sikhbookclub.com

ਫੇਰ ਕੈ ਘੇਰਿ ਲਇਓ ਰਨ ਮਾਹਿ ਸੁ ਮੁੰਡਕੋ ਮੁੰਡੁ ਜੁਦਾ ਕਰਿ ਮਾਰਿਓ ॥ ਐਸੇ ਪਰਿਓ ਧਰ ਊਪਰਿ ਜਾਇ, ਜਿਉਂ ਬੇਲਹਿ ਤੇ ਕਦੂਆ ਕਾਟ ਡਾਰਿਓ ॥੧੧੪॥

ਏਸੇ ਤਰ੍ਹਾਂ ਇਕ ਹੋਰ ਦਾਨਵ ਦੇ ਸਿਰ ਕੱਟ ਹੋਣ ਦਾ ਜ਼ਿਕਰ ਹੈ, ਐਸ ਤਰ੍ਹਾਂ ਜਿਸ ਤਰ੍ਹਾਂ ਹਵਾ ਨਾਲ ਅੰਬ ਟੁੱਟਦਾ ਹੈ:

ਜਾਇ ਪਰਿਓ ਸਿਰ ਦੂਰ ਪਰਾਇ ਜਿਉਂ ਟੂਟਤ ਅੰਬ ਬਇਆਰ ਕੇ ਮਾਰੇ ॥੧੯੯॥

ਇਨ੍ਹਾਂ ਉਪਮਾਂ ਵਿਚ ਘਰੋਗੀ ਹੋਣ ਦੀ ਖ਼ੂਬੀ ਹੈ, ਜੋ ਹਰ ਕਿਸੇ ਦੇ ਅਨੁਭਵ ਦੀ ਚੀਜ਼ ਹੈ:

ਛੁਹਾਰਾ, ਕੱਦੂ, ਅੰਬ। ਤੇ ਕੌਣ ਹੈ ਜਿਸ ਨੇ ਤੂਤਾਂ ਦਾ ਡਿੱਗਣਾ ਨਹੀਂ ਦੇਖਿਆ, ਯਥਾ:

ਚੰਡ ਕੋ ਖੱਗ ਗਦਾ ਲਗ ਦਾਨਵ ਰੰਚਕ ਰੰਚਕ ਹੁਇ ਤਨ ਆਏ ॥ ਮੁੰਗਰ ਲਾਇ ਹਲਾਇ ਮਨੋ ਤਰੁ ਕਾਛੇ ਨੇ ਪੇਡ ਤੇ ਤੂਤ ਗਿਰਾਏ ॥੨੦੦॥

ਚੰਡੀ ਦੀ ਤਲਵਾਰ ਨਾਲ ਸਿਰ ਕੱਟਣ ਦੀ ਸਫਾਈ ਨੂੰ ਸਬੁਨੀਗਰ੩ ਦੀ ਲੋਹੇ ਦੀ ਤਾਰ ਨਾਲ ਉਪਮਾਨਿਆ ਹੈ:

ਕਉਨ ਸਰਾਹ ਕਰੈ ਕਹਿ ਤਾ ਛਿਨ ਸੋ ਬਿਬ ਹੋਇ ਪਰੈ ਧਰਨੀ ਪਰ। ਮਾਨਹੁ ਸਾਰ ਕੀ ਤਾਰ ਲੈ ਹਾਥ ਚਲਾਈ ਹੈ ਸਾਬਨ ਕੋ ਸਬੁਨੀਗਰ। ।੨੦੨॥

ਸਬੁਨੀਗਰ ਹੀ ਨਹੀਂ, ਉਪਮਾਂ ਦੀ ਯਥਾਰਤਾ ਨੂੰ ਕਾਇਮ ਰੱਖਣ ਲਈ ਇਕ ਥਾਂਵੇਂ ਧੋਬੀ ਵੀ ਵਰਤਿਆ ਹੈ, ਤੇ ਦੱਸਿਆ ਹੈ ਕਿ ਚੰਡੀ ਨੇ ਦੁਸ਼ਮਨ ਨੂੰ ਗਿੱਚੀਓਂ ਫੜਕੇ ਐਉ ਪਟਕਾ ਕੇ ਧਰਤੀ ਤੇ ਮਾਰਿਆ:

ਜਿਉਂ ਧੁਬੀਆ ਸਰਿਤਾ ਤਟ ਜਾਇਕੈ ਲੈ ਪਟ ਕੋ ਪਟ ਸਾਥ ਪਛਾਰਿਓ ॥੩੪॥

ਸੰਸਕ੍ਰਿਤ ਮੂਲ ਗ੍ਰੰਥ ਵਿਚ ਤੀਰਾਂ ਦਾ ਜ਼ਿਕਰ ਅਕਸਰ ਕਰਕੇ ਹੈ, ਪਰ ਤੀਰਾਂ ਦਾ ਅਲੰਕਾਰ ਸਿਰਫ ਇਕ ਸਾਧਾਰਨ ਤ੍ਰੀਕੇ ਦਾ ਹੈ, ਉਹ ਇਹ ਹੈ:

੩ ਸਾਬਣ ਬਣਾਉਣ ਵਾਲਾ ਕਾਰੀਗਰ।

 www.sikhbookclub.com

ਜਿਸ ਤਰ੍ਹਾਂ ਬੱਦਲ ਮੇਰੂ ਪਰਬਤ ਦੇ ਸ਼ਿਖਰ ਉਪਰ ਪਾਣੀ ਬਰਸਾਉਂਦੇ ਹਨ ਵੈਸੇ ਹੀ ਉਹ ਅਸੁਰ, ਦੇਵੀ ਉਪਰ ਬਾਣ ਬਰਸਾਉਣ ਲੱਗੇ (ਦੁਰਗਾ ਸਪਤਸ਼ਤੀ–੩,੩)।

ਉਕਤਿ ਬਿਲਾਸ ਵਿਚ ਤੀਰਾਂ ਦਾ ਜ਼ਿਕਰ ਬੜੀ ਨਵੀਨਤਾ ਨਾਲ ਕੀਤਾ ਹੈ:

ਫਾਗਨ ਪਉਨ ਕੇ ਗਉਨ ਭਏ
ਜਨੁ ਪਾਤੁ ਬਿਹੀਨ ਰਹੇ ਤਰੁ ਠਾਢੇ ॥੧੧੧॥

ਇਸ ਦਾ ਮਤਲਬ ਹੈ ਕਿ ਦੈਂਤਾਂ ਦੇ ਜਿਸਮ ਵਿਚ ਚੰਡੀ ਦੇ ਚਲਾਏ ਹੋਏ ਅਨੇਕਾਂ ਬਾਣ ਇਸ ਤਰ੍ਹਾਂ ਗਡੇ ਗਏ, ਜਿਸ ਤਰ੍ਹਾਂ ਫਗਣ ਦੀ ਹਵਾ ਚੱਲਣ ਨਾਲ ਬ੍ਰਿਛ ਪਤਿਆਂ ਤੋਂ ਹੀਣੇ (ਪਰ ਸ਼ਾਖਾ ਸਹਿਤ) ਖੜੇ ਹੈਨ। ਤੀਰਾਂ ਬਾਬਤ ਫੇਰ ਜ਼ਿਕਰ ਹੈ:

ਚੰਡ ਪ੍ਰਚੰਡ ਕੁਵੰਡ ਲੈ ਬਾਨਨਿ
ਦੈਤਨ ਕੇ ਤਨ ਤੂਲਿ ਜਿਉਂ ਤੂੰਬੇ ॥
ਮਾਰ ਗਇੰਦ ਦਏ ਕਰਵਾਰ ਲੈ
ਦਾਨਵ ਮਾਨ ਗਇਓ ਉਡ ਪੂੰਬੇ ॥੧੪੮॥

ਅਰਥਾਤ–ਚੰਡੀ ਨੇ ਪ੍ਰਚੰਡ ਧਨੁਖ ਲੈਕੇ ਤੀਰਾਂ ਨਾਲ ਦੈਂਤਾਂ ਦੇ ਤਨ ਰੂਈ ਵਾਕਰ ਤੂੰਬੇ ਤੂੰਬੇ ਕਰ ਦਿਤੇ ਤੇ ਤਲਵਾਰ ਨਾਲ ਹਾਥੀ ਮਾਰ ਦਿਤੇ, ਜਿਸ ਕਾਰਣ ਦਾਨਵਾਂ ਦਾ ਹੰਕਾਰ ਉਡ ਗਿਆ, ਜਿਸ ਤਰ੍ਹਾਂ ਅੱਕ ਦੇ ਫਲਾਂ ਦੇ ਫੰਬੇ ਉੱਡ ਜਾਂਦੇ ਹਨ।

ਬਿਆਨ ਦਾ ਇਹ ਢੰਗ ਬੜੀ ਉਦਾਰਤਾ ਨਾਲ ਵਰਤਿਆ ਹੈ। ਐਉਂ ਲਗਦਾ ਹੈ ਕਿ ਲਿਖਤ ਇਕ ਤੱਕੜੀ ਦੇ ਅੰਦਾਜ਼ ਵਿਚ ਚਲ ਰਹੀ ਹੈ, ਹਰ ਛੰਦ ਵਿਚ, ਜਿਥੋਂ ਤੀਕ ਹੋ ਸਕਿਆ ਹੈ, ਦੋ ਛਾਬੇ ਬਣਾਏ ਹਨ। ਮੁਸ਼ਾਬਿਹਤਾਂ ਨੂੰ ਤੋਲਕੇ ਸੁੱਟੀ ਜਾਂਦੇ ਤੇ ਨਵੇਂ ਛਾਬੇ ਭਰੀ ਜਾਂਦੇ ਹਨ, ਜੈਸੇ ਜੈਸੇ ਘਟਨਾ ਦਾ ਵੇਗ ਵਧਦਾ ਹੈ, ਵੈਸੇ ਹੀ ਉਪਮਾਂ ਦੀ ਚਾਲ ਅਪਣਾ ਕਦਮ ਵਧਾ ਲੈਂਦੀ ਹੈ।

ਸਿਰ ਸਤ੍ਰਨਿ ਕੇ ਪਰ ਚਕ੍ਰ ਪਰਿਓ
ਛੁਟ ਐਸੇ ਬਹਿਓ ਕਰ ਕੈ ਖਰ ਕਾ ॥
ਜਨੁ ਖੇਲਨ ਕੋ ਸਰਿਤਾ ਤਟ ਜਾਇ
ਚਲਾਵਤ ਹੈਂ ਛਿਛਲੀ ਲਰਕਾ ॥੪੩॥


www.sikhbookclub.com

ਅਰਥਾਤ—ਉਹ ਚੱਕਰ ਜੋ ਵੈਰੀਆਂ ਦੇ ਸਿਰ ਉਪਰ ਜਾਕੇ ਪਿਆ, ਉਹ ਹੱਥ ਦੇ ਜ਼ੋਰ ਨਾਲ ਐਸ ਤਰ੍ਹਾਂ ਚਲਾਇਆ ਗਿਆ, ਜਿਵੇਂ ਪਾਣੀ ਉਪਰ ਠੀਕਰੀ ਤਰਦੀ ਜਾਂਦੀ ਹੈ, ਜੋ ਕਿਸੇ ਲੜਕੇ ਨੇ ਖੇਡਣ ਲਈ ਨਦੀ ਦੇ ਕੰਢੇ ਉਪਰ ਜਾਕੇ ਚਲਾਈ ਹੋਵੇ।

ਏਸ ਤਰ੍ਹਾਂ ਚਲਦੀਆਂ ਚੀਜ਼ਾਂ ਦੀਆਂ ਉਪਮਾਂ ਬੜੀਆਂ ਸ੍ਰੇਸ਼ਟ ਕੱਢੀਆਂ ਹਨ। ਚੰਡੀ ਦਾ ਅਪਣੇ ਸ਼ੇਰ ਨੂੰ ਘੁਮਾਟੀ ਦੇਣਾ ਆਤਸ਼ ਬਾਜ਼ੀ ਦਾ ਚਰਖੀ ਨਾਲ ਮੇਲਿਆ ਹੈ।

ਪਰ ਇਕ ਖਰੀ ਖਰੀ ਤਸ਼ਬੀਹ ਹੋਰ ਗਲ ਵਿਚ ਹੈ। ਜ਼ਿਕਰ ਹੈ ਰਕਤ ਬੀਜ ਦੈਂਤ ਦਾ। ਏਸ ਦੇ ਲਹੂ ਦੀਆਂ ਬੂੰਦਾਂ ਜਿਤਨੀਆਂ ਰਣ ਵਿਚ ਡਿਗਦੀਆਂ ਹਨ, ਉਤਨੇ ਹੀ ਰਕਤ ਬੀਜ ਦੈਂਤ ਹੋਰ ਪੈਦਾ ਹੋ ਜਾਂਦੇ ਹਨ। ਏਸ ਘਟਨਾ ਨੂੰ ਕਵੀ ਨੇ ਏਸ ਤਰ੍ਹਾਂ ਬਿਆਨ ਕੀਤਾ ਹੈ:

ਪੇਖ ਕੈ ਕੌਤਿਕ ਤਾ ਛਿਨ ਮੈ
ਕਵਿ ਨੇ ਮਨ ਮੈਂ ਉਪਮਾ ਠਹਿਰਾਈ।
ਮਾਨਹੁ ਸੀਸ ਮਹੱਲ ਕੇ ਬੀਚ ਮੈ
ਮੂਰਤਿ ਏਕ ਅਨੇਕ ਕੀ ਝਾਈ ॥੧੫੯॥

ਉਕਤ ਬਿਲਾਸ ਉਹਨਾਂ ਉਪਮਾਵਾਂ ਦਾ ਅਖੁੱਟ ਭੰਡਾਰ ਹੈ, ਜੋ ਬੜੀਆਂ ਢੁੱਕਵੀਆਂ, ਰੰਗ ਭਰਪੂਰ, ਦ੍ਰਿਸ਼ਟੀ ਗਤ ਹਨ ਤੇ ਰਸ ਭਿੰਨੀਆਂ ਹਨ। ਕਵਿ ਨੇ ਆਪਣੇ ਚਿੱਤ ਸਥਲ ਦੀ ਮੀਨਾਕਾਰੀ ਦਾ ਆਭਾਸ ਆਪਣੀ ਰਚਨਾ ਉਪਰ ਸੁੱਟਿਆ ਹੈ। ਤੇ ਇਹ ਸਾਰਾ ਕੁਝ ਕੀਤਾ ਹੈ ਰੌਦ੍ਰ ਰਸ ਦੇ ਸਵਾਦ ਨੂੰ ਸਾਖਯਾਤਕਾਰ ਕਰਨ ਲਈ। ਕਵੀ ਨੇ ਕਿਹਾ ਹੈ:

ਚੰਡਿ ਚਰਿਤ੍ਰ ਕਵਿੱਤਨ ਮੈ
ਬਰਨਿਓ ਸਭ ਹੀ ਰਸ ਰੁਦ੍ਰ ਮਈ ਹੈ।
ਏਕ ਤੇ ਏਕ ਰਸਾਲ ਭਇਓ
ਨਖ ਤੇ ਸਿਖ ਲਉ ਉਪਮਾ ਸੁ ਨਈ ਹੈ। ੨੩੨॥

ਇਹ ਨਵੀਆਂ ਉਪਮਾਂ, ਜੋ ਸੰਸਕ੍ਰਿਤ ਮੂਲ ਵਿਚ ਮੂਲੋਂ ਨਹੀਂ, ਇਤਨੀਆਂ ਸਬਲ ਤੇ ਭਾਵ ਅਨੁਕੂਲ ਹਨ ਕਿ ਟਪਕੇ ਦੇ ਅੰਬ ਦੇ ਸਵਾਦ ਨਾਲ ਪਾਠਕ ਨੂੰ ਰਸ ਮਖ਼ਮੂਰ ਕਰ ਦੇਂਦੀਆਂ ਹਨ। ਕਵਿ ਦਾ ਪ੍ਰਯੋਜਨ ਇਹੋ ਹੀ ਪ੍ਰਤੀਤ ਹੁੰਦਾ ਹੈ, ਇਕ ਸਬਲ ਸਾਹਿਤ ਕਵਾਰਾ ਪ੍ਰਬਲ ਲਹਿਰ ਪੈਦਾ ਕਰਨੀ। ਉਸ ਵੇਲੇ ਸੁੱਤੇ ਹੋਏ ਸਮਾਜ ਵਿਚ ਇਕ ਹਿਲੋਰਾ ਲੈ

 www.sikhbookclub.com

ਆਉਣਾ, ਜਿਸ ਦੇ ਉਛਾਲ ਉੱਤੇ ਰੋਸ ਦੀ ਘੁੰਮਣਘੇਰੀ ਪੈ ਰਹੀ ਹੈ। ਇਕ ਕ੍ਰੋਧ ਦੀ ਤਰੰਗ ਉਭਾਰ ਦੇਣੀ ਜਿਸ ਨਾਲ ਅਪਮਾਨਤ ਜੀਵਨ ਨੂੰ ਅਣਖ ਦੀ ਠੋਕਰ ਵੱਜੇ। ਇਕ ਰੌਦਰ ਰਸ ਦਾ ਬਹਿਰ ਵਗਾ ਦੇਣਾ, ਜਿਸ ਦਾ ਪ੍ਰਚੰਡ ਵੇਗ ਸਾਰੀਆਂ ਉਲਝਣਾ ਨੂੰ ਆਪਣੇ ਰੋਹੜ ਵਿਚ ਵਹਾ ਲੈ ਚੱਲੇ।

ਮੂਲ ਸੰਸਕ੍ਰਿਤ ਗ੍ਰੰਥ ਦੇਵੀ ਦੀ ਉਸਤੁਤਿ ਹਿਤ ਹੈ। ਫੇਰ ਉਸ ਉਸਤੁਤਿ ਦੇ ਮਹਾਤਮ ਖਾਸ ਅਹਿਮੀਅਤ ਰਖਦੇ ਹਨ। ਪਰ ਉਕਤ ਬਿਲਾਸ ਨੇ ਅਪਣੇ ਲਹਿਜ਼ੇ ਵਿਚ ਭੇਦ ਭਾਵ ਲੈ ਆਂਦਾ ਹੈ ਤੇ ਇਕ ਇਖ਼ਲਾਕੀ ਨੁਕਤੇ ਨੂੰ ਪ੍ਰਵੇਸ਼ ਦਿਤਾ ਹੈ। ਪਾਠ ਕਰਨ ਦੇ ਮਹਾਤਮ ਤੋਂ ਅੱਡਰਾ ਸ਼ੁਭ ਕਰਮਾਂ ਨੂੰ ਆਦਰਿਆ ਹੈ ਤੇ ਵਰ ਮੰਗਿਆ ਹੈ:

ਦੇਹਿ ਸਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥

ਦੇਵਤਿਆਂ ਨੇ ਜੋ ਚੰਡੀ ਕੋਲੋਂ ਵਰ ਮੰਗਿਆ ਸੀ, ਉਹ ਦੂਜੀ ਕਿਸਮ ਦਾ ਸੀ। ਉਹਨਾਂ ਇਹ ਮੰਗਿਆ ਸੀ: ਹੇ ਦੇਵੀ ਜਦ ਜਦ ਸਾਨੂੰ ਬਿਪਤ ਪਵੇ, ਤੂੰ ਆਕੇ ਸਾਡੀ ਮੁਸ਼ਕਲ ਹੱਲ ਕਰ। ਰਾਜਾ ਸੁਰੱਥ ਨੇ ਚਿਰ ਸਥਾਈ ਰਾਜ ਮੰਗਿਆ ਸੀ। ਸਮਾਧਿ ਵੈਸ਼ ਨੇ ਗਿਆਨ ਦਵਾਰਾ ਮੁਕਤਿ ਮੰਗੀ ਸੀ। ਇਨ੍ਹਾਂ ਮੰਗਾਂ ਦੇ ਵਖੋ ਵਖ ਨੁਕਤੇ ਹਨ। ਦੇਵਤਿਆਂ ਦੀ ਮੰਗ ਇਕ ਅਰਾਮ ਤਲਬੀ ਦੀ ਮਨੋ ਭਾਵਨਾ ਸੀ, ਜੋ ਆਪਣਾ ਭਾਰ ਦੂਜੇ ਉਪਰ ਸੁੱਟਕੇ ਅਪਣੀ ਮਨਮੌਜ ਦੀ ਅਖੰਡਤਾ ਨੂੰ ਕਾਇਮ ਰਖਦੀ ਹੈ। ਰਾਜਾ ਸੁਰੱਥ ਦਾ ਨੁਕਤਾ ਖ਼ੁਦ ਪਸੰਦੀ ਤੇ ਸ੍ਵੈ ਅਭਿਲਾਖਾ ਦਾ ਸੀ, ਉਹ ਸੰਸਾਰਕ ਬਿਵਸਥਾ ਦੀ ਵਿਸ਼ਾਲਤਾ ਤੋਂ ਬਿਹੂਨ ਸੀ। ਉਕਤਿ ਬਿਲਾਸ ਦੇ ਕਵੀ ਨੇ ਜੋ ਵਰ ਮੰਗਿਆ ਉਹ ਸ਼ੁਭ ਕਰਮਾਂ ਵਿਚ ਪ੍ਰਵਿਰਤੀ ਹੈ। ਇਹ ਉਹੋ ਸ਼ੁਭ ਕਰਮ ਹਨ, ਜੋ ਉਤਸ਼ਾਹ ਜਨਕ ਹਨ। ਇਹ ਉਹੋ ਉਤਸ਼ਾਹ ਹੈ ਜਿਸ ਨਾਲ ਅੰਦਰ ਬੀਰ ਭਾਵ ਦੀ ਸੁਧਾਰਸ ਧਾਰਾ ਪ੍ਰਵਾਹਿਤ ਹੋ ਜਾਂਦੀ ਹੈ, ਇਹ ਉਹੋ ਬੀਰ ਰਸ ਹੈ, ਜਿਸ ਵਿਚ ਲੋਹੇ ਨਾਲ ਲੋਹਾ ਖੜਕਨ ਤੋਂ ਗਿਆਨ ਦੀਆਂ ਚਿੰਗਾਰੀਆਂ ਚਮਕ ਉਠਦੀਆਂ ਹਨ:

ਸਾਰ ਸੋਂ ਸਾਰ ਕੀ ਧਾਰ ਬਜੀ
ਝੁਨਕਾਰ ਉਠੀ ਤਿਹ ਤੇ ਚਿਨਗਾਰੀ ॥
ਮਾਨਹੁ ਭਾਦਵ ਮਾਸ ਕੀ ਰੈਨ
ਲਸੈ ਪਟਬੀਜਨ ਕੀ ਚਮਕਾਰੀ ॥ ੨੧੮॥

 www.sikhbookclub.com

ਅਰਥਾਤ—ਜਿਸ ਵੇਲੇ ਤਲਵਾਰ ਨਾਲ ਤਲਵਾਰ ਖੜਕੀ, ਉਸ ਤੋਂ ਝੁਨਕਾਰ ਹੋਈ ਤੇ ਚਿੰਗਾੜੀਆਂ ਉੱਠੀਆਂ, ਮਾਨੋ ਭਾਦਰੋਂ ਦੀ ਰਾਤ ਵਿਖੇ ਟਿਟਹਿਣਿਆਂ ਦੀ ਜਗਮਗ ਹੋ ਗਈ।

ਉਕਤਿ ਬਿਲਾਸ ਦੇ ਕਵਿ ਨੇ ਵਰ ਮੰਗਿਆ ਹੈ, ਪਰ ਸੁਖ ਭੋਗ ਨਹੀਂ ਮੰਗੇ। ਰਾਜ ਨਹੀਂ ਮੰਗਿਆ, ਪ੍ਰੀਤ ਨਹੀਂ ਮੰਗੀ, ਮੁਕਤਿ ਨਹੀਂ ਮੰਗੀ। ਉਸ ਨੇ ਗਿਆਨ ਦਾ ਸੂਰਜ ਨਹੀਂ ਮੰਗਿਆ। ਉਸ ਨੂੰ ਉਤਨੀ ਕੁ ਹੀ ਟਿਮ—ਟਿਮਾਉਂਦੀ ਰੌਸ਼ਨੀ ਕਾਫ਼ੀ ਹੈ ਜਿਤਨੀ ਕੁ ਟਿਟਹਿਣਿਆਂ ਦੀ, ਜੋ ਸ਼ੁਭ ਕਰਮਾਂ ਦੇ ਲੋਹੇ ਦੀ ਟੱਕਰ ਵਿਚੋਂ ਚਿੰਗਾਰੀ ਰੂਪ ਬਾਹਰ ਆ ਰਹੀ ਹੈ, ਤੇ ਜਿਸ ਦੀ ਜੋਤਿ ਵਿਚ ਇਹ ਜੀਵਨ ਦਾ ਭੰਬਟ ਆਪਣੀ ਕੁਰਬਾਨੀ ਦੀ ਆਹੂਤੀ ਦੇਣ ਲਈ ਉਤਾਵਲਾ ਹੈ। ਕਵਿ ਨੇ ਮੰਗਿਆ ਹੈ:

ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈਂ ਤਬ ਜੂਝ ਮਰੋਂ ॥੨੩੧॥

## ਦੂਜਾ ਚੰਡੀ ਚਰਿਤ੍ਰ

ਉਕਤਿ ਬਿਲਾਸ ਦੇ ਮਗਰੋਂ ਫੇਰ ਹੋਰ ਚੰਡੀ ਚਰਿਤ੍ਰ ਹੈ। ਜਿਸ ਨੂੰ ਵਿਦਵਾਨਾਂ ਨੇ ''ਦੂਜਾ ਚੰਡੀ ਚਰਿਤ੍ਰ'' ਦਾ ਨਾਮ ਦਿਤਾ ਹੈ। ਇਸ ਵਿਚ ਵੀ ਉਸੇ ਕਥਾ ਦਾ ਸਾਰ ਅੰਸ਼ ਹੈ, ਜੋ ਉਕਤਿ ਬਿਲਾਸ ਵਿਚ ਹੈ। ਕੁਛ ਕੁਛ ਫਰਕ ਹੋ ਗਏ ਹਨ। ਬਿਆਨ ਦੇ ਢੰਗ ਵਿਚ ਫਰਕ ਵਧੇਰਾ ਹੈ। ਉਕਤਿ ਬਿਲਾਸ ਵਿਚ ਉਪਮਾ ਦਾ ਹੜ੍ਹ ਵਗ ਰਿਹਾ ਹੈ। ਜਿਸ ਵਿਚ ਰੌਦਰ ਰਸ ਦਾ ਉਛਾਲਾ ਹੈ। ਦੂਜੇ ਚੰਡੀ ਚਰਿਤ੍ਰ ਵਿਚ ਸ਼ਬਦਾਵਲੀ ਦਾ ਸ਼ੋਰ ਹੈ। ਜੰਗ ਦੀਆਂ ਲਫ਼ਜ਼ੀ ਖੜਤਾਲਾਂ ਦਾ ਖੜਕਾਰ ਹੈ।

ਕੜੱਕੇ ਕਮਾਣੰ ਝੜੰਕਾਰ ਸੇਲੰ ॥ ਉਠੀ ਕੂਹ ਜੂਹੰ ਭਈ ਰੇਲ ਪੇਲੰ ॥ ਰੁਲੇ ਤੱਛ ਮੁੱਛੰ ਗਿਰੇ ਚਉਰ ਚੀਰੰ ॥ ਕਹੂੰ ਹੱਥ ਮੱਥੰ ਕਹੂੰ ਬਰਮ ਬੀਰੰ ॥ ੫੦ ॥ ੨੦੬ ॥

ਨਗਾਰੇ ਭੇਰੀਆਂ ਤੇ ਢੋਲਾਂ ਦਾ ਅੱਖਰੀ ਧੱਮ ਧਮੱਕਾ ਹੈ:

ਭਕਾ ਭੁੰਕ ਭੇਰੀ ਢਕਾ ਢੁੱਕ ਢੋਲੰ ॥ ਫਟੀ ਨੱਖ ਸਿੰਙੰ ਮੁਖੰ ਡੱਢ ਕੋਲੰ ॥ ਡਮਾ ਡੰਮਿ ਡਉਰੂ ਡਕਾ ਡੁੰਕ ਡੰਕੰ ॥ ਰੜੰ ਗ੍ਰਿੱਧ ਬ੍ਰਿੱਧੰ ਕਿਲੰਕਾਰ ਕੰਕੰ ॥ ੩ ॥ ੧੨੫ ॥

ਇਸ ਵਿਚ ਭਯੰਕਰ ਤੇ ਘੋਰ ਦਰਸ਼ਨ ਹਨ:

 www.sikhbookclub.com

ਉਠੇ ਅੱਗਿ ਨਾਲੰ ਖਹੇ ਖੋਲ ਖੱਗੰ ।। ਨਿਸਾ ਮਾਵਸੀ ਜਾਣੁ ਮਾਸਾਣ ਜੱਗੰ ।। ਡਕੀ ਡਾਕਣੀ ਡਾਮਰੂ ਡਉਰ ਡੱਕੰ ।। ਨਚੇ ਬੀਰ ਬੈਤਾਲ ਭੂਤੰ ਭਭੱਕੰ ।। ੫੮ ।। ੨੧੪।।

ਜਿਸ ਵਿਚ ਧੋਪ ਨਾਲ ਤਲਵਾਰ ਵੱਜਣ ਤੋਂ ਅੱਗ ਦੀਆਂ ਲਾਟਾਂ ਨਿਕਲਦੀਆਂ ਹਨ, ਐਸੀਆਂ, ਜੈਸਾ ਕਿ ਮੱਸਯਾ ਦੀ ਕਾਲੀ ਰਾਤ ਨੂੰ ਮਸਾਣਾਂ ਵਿਚ ਚਿਖਾ ਦੀ ਅੱਗ ।

ਉਕਤਿ ਬਿਲਾਸ ਤੇ ਚੰਡੀ ਚਰਿਤ੍ਰ ਦੇ ਬਿਆਨ ਦੇ ਢੰਗ ਵਿਚ ਇਤਨਾ ਹੀ ਫਰਕ ਹੈ, ਜਿਨਾ ਟਿਟਹਿਣਿਆਂ ਦੀ ਰੌਸ਼ਨੀ ਅਤੇ ਮਸਾਣਾਂ ਦੀਆਂ ਲਾਟਾਂ ਵਿਚ। ਕਵਿ ਨੇ ਉਕਤਿ ਬਿਲਾਸ ਦੇ ਰੌਦ੍ਰ ਰਸ ਨੂੰ ਭਯਾਨਕ ਰਸ ਵਿਚ ਬਦਲ ਦਿਤਾ ਹੈ । ਇਹ ਪਲਟਾ ਬੜੀ ਕਾਰੀਗਰੀ ਤੇ ਖੂਬੀ ਨਾਲ ਹੈ । ਤੇ ਸਾਹਿਤਯ ਰਚਨਾਂ ਦੀ ਪਰਬੀਨ ਮਿਸਾਲ ਹੈ । ਉਕਾਂਤ ਬਿਲਾਸ ਵਿਚ ਜੋ ਭਾਸ਼ਾ ਹੈ ਉਹ ਭਾਵ ਅਨੁਗਾਮੀ ਹੈ, ਪਰ ਚੰਡੀ ਚਰਿਤ੍ਰ (੨) ਦੀ ਭਾਸ਼ਾ ਐਸੀ ਹੈ ਕਿ ਅਸੀਂ ਉਸ ਨੂੰ ਭਾਵ ਸਰੂਪ ਕਹਿ ਸਕਦੇ ਹਾਂ ।

## ਚੰਡੀ ਦੀ ਵਾਰ

ਚੰਡੀ ਦੇ ਤੀਸਰੇ ਬਿਆਨ ਦੀ ਪੁਸਤਕ ਹੈ 'ਵਾਰ ਸ੍ਰੀ ਭਗਉਤੀ ਜੀ ਕੀ' । ਇਸ ਵਿਚ ਵੀ ਓਹੋ ਕਥਾ ਹੈ ਜੋ ਜ਼ਿਆਦਾ ਸੰਖੇਪ ਵਿਚ ਹੈ। ਉਕਤਿ ਬਿਲਾਸ ਵਿਚ ਛੰਦ ਵਿਸ਼ੇਸ਼ ਸਵੈਯਾ, ਕਬਿਤ ਤੇ ਦੋਹਰਾ ਸੋਰਠਾ ਹੈ, 'ਚੰਡੀ ਚਰਿਤ੍ਰ ਦੂਜੇ' ਵਿਚ ਛੰਦਾਂ ਦੀ ਅਨੇਕਤਾ ਹੈ। 'ਵਾਰ ਸ੍ਰੀ ਭਗਉਤੀ ਜੀ ਕੀ' ਵਿਚ ਕੇਵਲ ਪਉੜੀ ਹੈ ਤੇ ਭਾਸ਼ਾ ਪੰਜਾਬੀ ਹੈ। ਇਹ ਰਚਨਾ ਜ਼ਿਆਦਾ ਸਰਲ ਤੇ ਸੁਲਝੀ ਹੋਈ ਹੈ ਤੇ ਸਿੱਧੀ ਸਮਝ ਵਿਚ ਆਉਂਦੀ ਹੈ । ਇਹ ਇਕ ਪ੍ਰਯੋਜਨ ਲਈ ਲਿਖੀ ਪ੍ਰਤੀਤ ਹੁੰਦੀ ਹੈ। ਐਉਂ ਲਗਦਾ ਹੈ ਕਿ ਕਵੀ ਨੇ ਇਸਤ੍ਰੀ ਜ਼ਾਤੀ ਦਾ ਧਿਆਨ ਏਸ ਵਲ ਦੁਆਇਆ ਹੈ। ਏਸ ਮਤਲਬ ਲਈ ਭਾਸ਼ਾ ਦੀ ਸੁਗਮਤਾ ਵਲ ਖਿਆਲ ਰਖਿਆ ਹੈ ਤੇ ਉਪਮਾ ਜ਼ਿਆਦਾਤਰ ਉਹ ਵਰਤੀਆਂ ਹਨ, ਜੋ ਇਸਤ੍ਰੀਆਂ ਦੇ ਨਿਜੀ ਤਜਰਬੇ ਤੇ ਵਰਤਾਰੇ ਮੰਡਲ ਦੀਆਂ ਹਨ:

ਭਾਰਤ ਵਰਸ਼ ਵਿਚ ਮੁਸਲਮ ਰਾਜ ਵੇਲੇ ਹਿੰਦੂ ਇਸਤ੍ਰੀਆਂ ਅਕਸਰ ਕਰਕੇ ਕਿਸੇ ਲਾਚਾਰੀ ਦਾ ਸ਼ਿਕਾਰ ਸਨ, ਇਸ ਦਾ ਪਤਾ ਹੇਠ ਦਿਤੀ ਟੂਕ ਤੋਂ (ਜੋ ਨਮੂਨੇ ਮਾਤ੍ਰ ਹੈ) ਲਗ ਸਕਦਾ ਹੈ:

 www.sikhbookclub.com

( The Raja Puran Mall, when he was told that the Afghans had surrounded his camp, first killed his beloved wife Ratnavali, "who sang hindi melodies very sweetly" and then called upon his retainers to sacrifice their own wives and families. "While the Hindus", says the musalman historian, "were employed in putting their women and families to death, the Afghans on all sides commenced the slaughter of the Hindus. Puran Mall and his companions, like hogs at bay, failed not to exhibit valour & gallantry, but in the twinkling of an eye all were slain."

Such of their wives and families as were not slain were taken prisoners. One daughter of Puran Mall and three sons of his elder brother were taken alive; the rest were killed. Sher Shah gave the daughter of the Raja to some itinerant minstrels, "that they might make her dance in the bazars." The boys were castrated, "so that the race of the oppressor might not increase.

(The Hisory of Aryan Rule in India, Havel)

'ਵਾਰ ਸ੍ਰੀ ਭਗਉਤੀ ਜੀ ਕੀ' ਦਾ ਪ੍ਰਚਲਤ ਤੇ ਪ੍ਰਸਿੱਧ ਨਾਮ 'ਚੰਡੀ ਦੀ ਵਾਰ' ਹੈ। ਇਹ ਵੀ ਮਾਰਕੰਡੇ ਪੁਰਾਣ ਦੇ ਇਕ ਅਧਯਾਯ ਦਾ ਤਰਜਮਾ ਹੈ, ਪਰ ਇਸ ਵਿਚ ਬਹੁਤ ਖੁੱਲ੍ਹ ਵਰਤੀ ਹੈ। ਕਥਾ ਦੀ ਸਾਰ ਵਸਤੂ ਨੂੰ ਸਹੀ ਰੱਖਕੇ ਉਪਮਾ ਤੇ ਅਲੰਕਾਰ ਐਸੇ ਵਰਤੇ ਹਨ, ਜੋ ਆਪਣੇ ਪ੍ਰਯੋਜਨ ਨੂੰ ਸਾਰਥਕ ਕਰਦੇ ਹਨ। ਨਮੂਨੇ ਵਜੋਂ ਦੇਖੋ :

ਲੈ ਕੇ ਬਰਛੀ ਦੁਰਗਸਾਹ ਬਹੁ ਦਾਨਵ ਮਾਰੇ ॥
ਚੜੇ ਰਥੀਂ ਗਜ ਘੋੜਈਂ ਮਾਰ ਭੁਇੰ ਤੇ ਡਾਰੇ ॥
ਜਾਣ ਹਲਵਾਈ ਸੀਖ ਨਾਲ ਵਿੰਨ੍ਹ ਵੜੇ ਉਤਾਰੇ ॥੫੨॥

ਸੀਖ ਨਾਲ ਪੱਕੇ ਹੋਏ ਵੜੇ ਉਤਾਰਨੇ ਇਕ ਘਰੋਗੀ ਜੇਹੀ ਮਿਸਾਲ ਹੈ, ਇਸ ਦੀ ਧੁਨਿ ਇਹ ਹੈ ਕਿ ਜੁੱਧਾਂ ਜੰਗਾਂ ਦਾ ਕੰਮ ਵੀ ਰਸੋਈ ਦੇ ਕੰਮਾਂ ਨਾਲ ਮਿਲਦੀ ਜੁਲਦੀ ਚੀਜ਼ ਹੈ, ਤੇ ਏਸ ਕਰਕੇ ਇਸਤ੍ਰੀ ਸੁਭਾਵ ਨਾਲ ਰਲਵੀਂ ਮਿਲਵੀਂ ਵਸਤੂ ਹੈ। ਫੇਰ:


www.sikhbookclub.com

ਅੱਗੈ ਤੇਗ ਵਗਾਈ ਦੁਰਗਸਾਹ ਵਢਿ ਸੁੰਭਨ ਵਹੀ ਪਲਾਣ ਕਉ ॥
ਰੜਕੀ ਜਾਕੈ ਧਰਤ ਕਉ ਵਢਿ ਪਾਖਰ ਵੱਢਿ ਕਿਕਾਣ ਕਉ ॥
ਬੀਰ ਪਲਾਣੋਂ ਡਿੱਗਿਆ ਕਰ ਸਿਜਦਾ ਸੁੰਭ ਸੁਜਾਣ ਕਉ ॥
ਸ਼ਾਬਾਸ਼ ਸਲੋਣੇ ਖਾਨ ਕਉ ਸਦ ਸ਼ਾਬਾਸ਼ ਤੇਰੇ ਤਾਣ ਕਉ ॥
ਤਾਰੀਫਾਂ ਪਾਨ ਚਬਾਨ ਕਉ ਸਦ ਰਹਿਮਤ ਕੈਫਾਂ ਖਾਨ ਕਉ ॥
ਸਦ ਰਹਿਮਤ ਤੁਰੇ ਨਚਾਣ ਕਉ ॥ ੫੦ ॥

ਇਸ ਦਾ ਭਾਵ ਇਹ ਹੈ ਕਿ ਚੰਡੀ ਨੇ ਤਲਵਾਰ ਦਾ ਕੈਸਾ ਵਾਰ ਕੀਤਾ। ਤਲਵਾਰ ਦੈਂਤ ਨੂੰ ਕੱਟਕੇ ਕਾਠੀ ਨੂੰ ਵੀ ਚੀਰ ਗਈ, ਕਾਠੀ ਦੇ ਹੇਠੋਂ ਸੰਜੋਅ ਵੀ ਕੱਟਿਆ ਗਿਆ ਤੇ ਘੋੜਾ ਦੋ ਟੁਕ ਹੋ ਜ਼ਮੀਨ ਉਪਰ ਡਿਗ ਪਿਆ, ਉਸ ਵੇਲੇ ਰਣ ਵਿਚੋਂ ਆਵਾਜ਼ ਆਈ, ਸ਼ਾਬਾਸ਼ ਤੇਰੇ ਸਲੂਣੇ ਖਾਨ ਨੂੰ ਸ਼ਾਬਾਸ਼!

ਇਸ ਵਿਚ ਵਯੰਗ ਇਹ ਹੈ ਕਿ ਜਿਸ ਤਰ੍ਹਾਂ ਇਕ ਇਸਤ੍ਰੀ ਲਈ ਰਸੋਈ ਘਰ ਵਿਚ ਬੈਠਿਆਂ ਲੂਣ ਚੱਖਣਾ ਸੁਗਮ ਹੈ, ਉਸ ਲਈ ਰਣਖੇਤ ਵਿਚ ਦੇਵੀ ਰੂਪ ਹੋਕੇ ਖੂੰਨ ਦੀ ਨਮਕੀਨ ਧਾਰਾ ਪ੍ਰਵਾਹਿਤ ਕਰ ਦੇਣੀ ਵੈਸੀ ਹੀ ਸਹਜ ਹੈ। ਮੈਦਾਨੇ ਜੰਗ ਵਿਚ ਘੋੜਾ ਨਚਾ ਲੈਣਾ ਐਤਨਾ ਹੀ ਸੁਭਾਵਕ ਕੰਮ ਹੈ ਜਿਤਨਾ ਦੰਦਾਂ ਵਿਚ ਚੱਬੀਂਦੇ ਪਾਨ ਨੂੰ ਮੂੰਹ ਵਿਚ ਹਿਲਾਉਂਦੇ ਰਹਿਣਾ।

ਅਸੀਂ ਪਾਠਕਾਂ ਦਾ ਧਿਆਨ ਚੰਡੀ ਦੀ ਵਾਰ ਦੀਆਂ ਇਨ੍ਹਾਂ ਤੁਕਾਂ ਵਲ ਦੁਆਉਂਦੇ ਹਾਂ:

ਡੁਬ ਰੱਤੂ ਨਾਲਹੁੰ ਨਿਕਲੀ ਬਰਛੀ ਦੋ ਧਾਰੀ ॥
ਜਾਣ ਰਜਾਦੀ ਉਤਰੀ ਪਹਿਨਿ ਸੂਹੀ ਸਾਰੀ ॥੫੩॥

ਇਹ ਉਹ ਨਜ਼ਾਰਾ ਹੈ ਜਿਸ ਵੇਲੇ ਦੈਂਤ ਚੰਡੀ ਦੇ ਹਥੋਂ ਮਾਰਿਆ ਗਿਆ ਤੇ ਚੰਡੀ ਦੀ ਬਰਛੀ ਦੁਸ਼ਮਨ ਦੇ ਜਿਸਮ ਵਿਚੋਂ ਫਿਰਕੇ ਬਾਹਰ ਨਿਕਲੀ। ਬਰਛੀ ਦੀ ਉਪਮਾ ਸ਼ਾਹਜ਼ਾਦੀ ਨਾਲ ਹੈ। ਬਰਛੀ ਦਾ ਰੱਤ ਨਾਲ ਤ੍ਰਿਬੁਡ ਹੋਣਾ ਸੂਹੀ ਸਾੜ੍ਹੀ ਨਾਲ ਉਪਮਾਨਿਆ ਹੈ। ਇਨ੍ਹਾਂ ਤੁਕਾਂ ਦੀ ਸੂਖਮਤਾ ਕੇਵਲ ਅਲੰਕਾਰ ਦੀ ਫਬਨ ਵਿਚ ਮਹਦੂਦ ਨਹੀਂ ਰਹਿੰਦੀ। ਜੋ ਕੁਛ 'ਨਹੀਂ ਕਿਹਾ ਗਿਆ' ਉਸ ਦੀ ਸੂਚਨਾ (Suggestion) ਹੈ, ਜੋ ਸ਼ਬਦ, ਅਰਥ ਅਤੇ ਅਲੰਕਾਰ ਦੀ ਸਰਹੱਦ ਤੋਂ ਪਰੇ ਹੈ। ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਤੁਕਾਂ ਵਿਚ ਅਲੰਕ੍ਰਿਤ ਕੀਤੀ ਤਸਵੀਰ ਦੇ ਗਿਰਦ ਇਕ ਅਦ੍ਰਿਸ਼ਟ ਵਾਯੂ ਮੰਡਲ ਹੈ, ਜਿਸ ਵਿਚ ਇਕ ਹੋਰ ਛਾਯਾ

ਚਿਤ੍ਰ ਉਕਰਿਆ ਜਾ ਰਿਹਾ ਹੈ। ਉਹ ਕੀ ਹੈ! ਉਹ ਕਵੀ ਦਾ ਗੁੜ੍ਹ ਆਸ਼ਾ ਹੈ ਜੋ ਲਫਜ਼ਾਂ ਦੀ ਗੋਦ ਵਿਚ ਛੁਪਿਆ ਹੋਇਆ ਹੈ।

ਕਵੀ ਨੇ ਹਿੰਦੂ ਇਸਤ੍ਰੀ ਦਾ ਧਿਆਨ ਦੇਵੀ ਦੇ ਕਰਤੱਵ ਵੱਲ ਦੁਆਇਆ ਹੈ। ਬਰਛੀ ਦੇ ਕਰਖਤਪੁਣੇ ਨੂੰ ਕੋਮਲ ਹੱਥਾਂ ਦੇ ਪਕੜਨ ਲਈ ਨਰਮ ਕੀਤਾ ਹੈ। ਬਰਛੀ ਲਈ ਉਹ ਖਿੱਚ ਪੈਦਾ ਕੀਤੀ ਹੈ, ਜੋ ਸ਼ਾਹਜ਼ਾਦੀਆਂ ਲਈ ਹਰ ਲੜਕੀ ਸੁਭਾਵਕ ਮਹਿਸੂਸ ਕਰਦੀ ਹੈ! ਲਹੂ ਦੇ ਵਿਭੱਤਸਪੁਣੇ ਨੂੰ ਇਕ ਜਾਦੂ ਛੋਹ ਵਾਲੀ ਲਾਲ ਸਾੜ੍ਹੀ ਦੀ ਉਪਮਾ ਦਵਾਰਾ ਹਟਾ ਦਿਤਾ ਹੈ ਤੇ ਇਕ ਐਸੀ ਉਤਸੁਕ ਅਵਸਥਾ ਪੈਦਾ ਕੀਤੀ ਹੈ, ਜਿਸ ਨਾਲ ਹਰ ਹਿੰਦੂ ਲੜਕੀ ਨੂੰ ਆਪਣੀ ਲਾਚਾਰੀ ਦਾ ਇਲਾਜ ਸੁੱਝ ਪਵੇ, ਤੇ ਉਹ ਇਤਨਾ ਆਸਾਨ ਮਾਲੂਮ ਹੋਵੇ ਕਿ ਉਸ ਦੇ ਗ੍ਰਹਿਣ ਕਰਨ ਵਿਚ ਸਭ ਨੂੰ ਕੋਈ ਉਚੇਚ ਦਾ ਆਲਸ ਮਲੂਮ ਨਾ ਹੋਵੇ।

ਉਕਤਿ ਬਿਲਾਸ, ਚੰਡੀ ਚਰਿਤ੍ਰ ਦੂਜਾ ਤੇ ਵਾਰ ਸ੍ਰੀ ਭਗਉਤੀ ਜੀ ਕੀ ਪੜ੍ਹਕੇ ਕਈਆਂ ਦੇ ਦਿਲਾਂ ਵਿਚ ਸ਼ੰਕਾ ਉਪਜਦੀ ਹੈ: ਕੀ ਗੁਰੂ ਗੋਬਿੰਦ ਸਿੰਘ ਜੀ ਸ਼ਾਕਤ ਮਤ ਦੇ ਉਪਾਸਕ ਸਨ? ਇਹ ਸਵਾਲ ਦੋ ਨੁਕਤਿਆਂ ਤੋਂ ਦੇਖਿਆ ਜਾ ਸਕਦਾ ਹੈ। ਪਹਿਲਾ ਨੁਕਤਾ ਮਜ਼੍ਹਬੀ ਝਗੜਾਲੂਆਂ ਦਾ ਹੈ, ਜਿਸ ਦੀ ਖਿੱਚੋਤਾਣ ਵਿਚ ਪੈਣਾ ਏਸ ਮਜ਼ਮੂਨ ਦੇ ਵਿਸ਼ਯ ਤੋਂ ਬਾਹਰ ਹੈ! ਦੂਜਾ ਨੁਕਤਾ ਸਾਹਿਤਕ ਹੈ। ਕੀ ਉਹਨਾਂ ਦੀ ਸਾਹਿੱਤ ਰਚਨਾ ਉਹਨਾਂ ਬਾਬਤ ਸ਼ਾਕਤ ਹੋਣ ਦੀ ਸ਼ੰਕਾ ਦੀ ਗੁੰਜਾਇਸ਼ ਰੱਖਦੀ ਹੈ? ਸਾਹਿਤ ਇਕ ਆਰਟ ਦੀ ਚੀਜ਼ ਹੈ। ਇਸ ਦਾ ਤਅੱਲਕ ਸਾਕਾਰਤਾ ਨਾਲ ਹੈ। ਸਾਹਿਤ ਕੋਈ ਨਿਰਾ ਸਿੱਧਾਂਤਾ ਦਾ ਗ੍ਰੰਥ ਨਹੀਂ। ਇਸ ਵਿਚ ਜਿਉਂਦੀਆਂ ਜਾਗਦੀਆਂ ਕਰਣੀ ਕਰਤੱਵ ਵਾਲੀਆਂ ਮੂਰਤਾਂ ਹਨ। ਇਹ ਨਿਰਾਕਾਰਤਾ ਦੀ ਮੀਮਾਂਸਾ ਨਹੀਂ। ਇਹ ਗਲ ਏਸ ਤਰ੍ਹਾਂ ਸਪਸ਼ਟ ਸਮਝ ਗੋਚਰੀ ਹੋ ਸਕਦੀ ਹੈ ਕਿ ਭਗਤ ਕਬੀਰ ਨਿਰਾਕਾਰ ਦਾ ਉਪਾਸਕ ਸੀ। ਇਹ ਉਸ ਦਾ ਸਿੱਧਾਂਤ ਸੀ। ਪਰ ਕਬੀਰ ਜਿਸ ਵੇਲੇ ਸਾਹਿਤ ਰਚਦਾ ਹੈ, ਉਸ ਦੀ ਸਿੱਧਾਂਤਕ ਨਿਰਾਕਾਰਤਾ ਬਦੋਬਦੀ ਸਾਕਾਰਤਾ ਦਾ ਰੂਪ ਧਾਰਨ ਕਰ ਲੈਂਦੀ ਹੈ। ਨਮੂਨੇ ਲਈ ਦੇਖੋ ਹੇਠਲੀਆਂ ਤੁਕਾਂ:

ਬਾਲਮ ਆਓ ਹਮਾਰੇ ਗੇਹ ਰੇ। ਤੁਮ ਬਿਨ ਦੁਖੀਆ ਦੇਹ ਰੇ।
ਸਭ ਕੋਈ ਕਹੈ ਤੁਮਾਰੀ ਨਾਰੀ ਮੋਕੇ ਯਹ ਸੰਦੇਹ ਰੇ।
ਏਕ ਏਕ ਹੋ ਸੇਜ ਨ ਸੋਵੈ, ਤਬ ਲਗ ਕੈਸਾ ਨੇਹ ਰੇ।
ਅੰਨ ਨ ਭਾਵੈ ਨੀਂਦ ਨ ਆਵੈ, ਗ੍ਰਿਹ ਬਨ ਧਰੇ ਨ ਧੀਰ ਰੇ।
ਜਯੋਂ ਕਾਮੀ ਕੋ ਕਾਮਨਿ ਪਿਆਰੀ ਜਯੋਂ ਪਯਾਸੇ ਕੋ ਨੀਰ ਰੇ।


www.sikhbookclub.com

ਹੈ ਕੋਊ ਐਸਾ ਪਰਉਪਕਾਰੀ ਪਿਯ ਸੇ ਕਹੇ ਸੁਨਾਯ ਰੇ ।
ਅਬ ਤੋ ਬੇਗਲ ਕਬੀਰ ਭਏ ਹੈਂ ਬਿਨ ਦੇਖੇ ਜੀਉ ਜਾਯ ਰੇ ।

ਇਹ ਕਿਉਂ ਹੈ ? ਸ਼ਾਇਦ ਸਾਹਿਤ ਇਕ ਐਸਾ ਜਾਦੂਗਰੀ ਦਾ ਨਾਜ਼ਕ ਸ਼ੀਸ਼ਾ ਹੈ, ਜੋ ਅਪਣੀ ਕੋਮਲ ਨਿਰਮਲਤਾ ਵਿਚ ਨਿਰਾਕਾਰ ਦਾ ਅਕਸ ਲੈ ਲੈਂਦਾ ਹੈ । ਅਕਸ ਇਕ ਛਾਇਆ ਰੂਪ ਪ੍ਰਤਿਬਿੰਬ ਹੈ, ਜਿਸ ਦੀ ਸਿਆਹੀ ਨਿਰਾਕਾਰ ਨੂੰ ਸਾਕਾਰ ਦਾ ਆਭਾਸ ਦੇ ਦੇਂਦੀ ਹੈ। ਗੁਰੂ ਗੋਬਿੰਦ ਸਿੰਘ ਅਨੁਭਵ ਸਿੱਧ ਗੁਰੂ ਸੀ । ਉਸ ਦੇ ਆਤਮ ਬੋਧ ਵਿਚ ਸ਼ਕਤੀ ਦਾ ਕੀ ਸਰੂਪ ਸੀ ? ਕੀ ਇਹ ਉਸ ਛਾਇਆ ਚਿਤ੍ਰ ਤੋਂ ਨਿਆਰੀ ਚੀਜ਼ ਸੀ ਜੋ ਚੰਡੀ ਦੇ ਸਾਕਾਰ ਰੂਪ ਵਿਚ ਸਾਹਿੱਤ ਵਿਚ ਪ੍ਰਤਿਬਿੰਬਤ ਹੋਈ ? ਸ਼ਾਇਦ ਐਸਾ ਹੀ ਹੋਵੇ । ਐਉਂ ਵੀ ਹੋ ਸਕਦਾ ਹੈ ਕਿ ਜਿਸ ਤਰ੍ਹਾਂ ਸ਼ੇਰ ਇਕ ਵਾਹਨ ਸੀ ਚੰਡੀ ਦਾ, ਏਸੇ ਤਰ੍ਹਾਂ ਚੰਡੀ ਇਕ ਕਾਯਕ ਵਾਹਨ ਸੀ ਪਰਮ ਅਦਭੁਤ ਸੂਖਮ ਸ਼ਕਤੀ ਦਾ, ਜੋ ਕਵੀ ਦੇ ਪਾਰ ਦਰਸ਼ੀ ਚਿੱਤ--ਮਥਲ ਵਿਚ ਸੁਤੇ ਸਿਧ ਅਨੁਭਵ ਪ੍ਰਕਾਸ਼ ਮਾਤਰ ਸੀ । ਪਰ ਜੋ ਕੁਛ ਵੀ ਹੋਵੇ, ਇਤਨੀ ਗਲ ਜ਼ਰੂਰ ਹੈ ਕਿ ਸਾਹਿੱਤ ਵਿਚ ਆਈਆਂ ਪ੍ਰਛਾਈਆਂ ਦੀ ਕਦਰ ਕੀਮਤ ਮੁਥਾਜ ਹੈ, ਉਸ ਉਲਟਾਵੀਂ ਸੂਝ ਦੀ ਜੋ ਸਿਧ ਪੁੱਠ ਦੇ ਮਿਲਾਉਣ ਨਾਲ ਵਾਜਬ ਨਤੀਜੇ ਕੱਢ ਸਕੇ ਤੇ ਏਸ ਭੇਦ ਨੂੰ ਸਮਝ ਸਕੇ ਕਿ ਸਾਹਿੱਤ ਕਿਸ ਤਰ੍ਹਾਂ ਅਮੂਰਤ ਉਪਾਸਨਾ ਨੂੰ ਮੂਰਤਾਂ ਦੀ ਚਿਤ੍ਰਕਾਰੀ ਵਿਚ ਪਲਟਾ ਦੇਂਦਾ ਹੈ ।

ਗੁਰੂ ਗੋਬਿੰਦ ਸਿੰਘ ਜੀ ਦੀ ਕਵਿਤਾ ਦੀ ਪਰਖ ਤੇ ਕੂਤ ਖਰਾ ਕਠਨ ਕੰਮ ਹੈ । ਇਹ ਕਿਸ ਸ਼੍ਰੇਣੀ ਦਾ ਕਾਵਯ ਹੈ ? ਇਹ ਸਹੀ ਸਹੀ ਦੱਸ ਸਕਣਾ ਉਲਝਵੀਂ ਜਿਹੀ ਗਲ ਹੈ, ਪਰ ਇਤਨੀ ਗੱਲ ਸਪਸ਼ਟ ਹੈ ਕਿ ਉਹਨਾਂ ਦੇ ਛੰਦਾਂ ਵਿਚ ਇਕ ਅਰੋਕ ਚਾਲ ਹੈ, ਲਯ ਵਿਚ ਇਕ ਸਰਲ ਗਤਿ ਹੈ । ਲਹਿਜੇ ਵਿਚ ਇਕ ਤੀਖਣ ਵੇਗ ਹੈ, ਇਕ ਐਸੀ ਘੁਮਾਟੀ ਜਿਸ ਤਰ੍ਹਾਂ ਕੋਈ ਪਹੀਆ ਅਚਲ ਚਾਲ ਚੱਲ ਰਿਹਾ ਹੈ, ਕੋਈ ਯੰਤਰ ਘੁੰਮ ਰਿਹਾ ਹੈ, ਕੋਈ ਡਿਨੇਮੋ (Dynamo) ਭੌਂ ਰਿਹਾ ਹੈ, ਜਿਸ ਦੀ ਹਰਕਤ ਵਿਚ ਪ੍ਰਕਾਸ਼ ਤੇ ਨਿੱਘ ਸਹਿਜ ਸੁਭਾ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਕਵਿਤਾ ਕੋਈ ਐਸਾ ਕਾਵਯ ਨਹੀਂ, ਜਿਸ ਦਾ ਨਿਸ਼ਾਨਾ ਪ੍ਰਚਲਤ ਗਲਾਂ ਦਾ ਯਥਾ ਤੱਥ ( realistic) ਵਰਣਨ ਹੋਵੇ । ਉਹਨਾਂ ਨੇ ਕਵਿਤਾ ਦਵਾਰਾ ਭੂਤਕਾਲ ਨੂੰ ਵਰਤਮਾਨ ਵਿਚ ਸੰਜੀਵਤ ਕੀਤਾ ਹੈ । ਤੇ ਵਰਤਮਾਨ ਦੀ ਫੜਕੇ ਐਸੀ ਹੱਥੀ ਭੁਆਈ ਹੈ, ਕਿ ਉਸ ਦੀ ਛਾਯਾ ਨਾਲ ਭਵਿਖ ਦਾ ਰੰਗ ਬਦਲ ਦਿਤਾ ਹੈ । ਗੁਰੂ ਗੋਬਿੰਦ ਸਿੰਘ ਦੀ ਕਵਿਤਾ ਵਿਚ ਸ਼ਕਤੀ ਦਾ ਆਵਾਹਨ ਹੈ, ਸ਼ਕਤੀ ਦਾ ਆਵੇਸ਼ ਹੈ, ਸ਼ਕਤੀ ਦਾ ਪ੍ਰਗਟਾਉ ਹੈ । ਉਹਨਾਂ ਦੀ ਕਵਿਤਾ ਦੀ ਲਯ ਉਸ ਸ਼ਕਤੀ ਨੂੰ ਵਯਕਤ ਕਰਦੀ ਹੈ, ਜੋ ਵਿਸ਼ਵ ਦੇ ਧੁੰਦਲੇ

 www.sikhbookclub.com

ਫੈਲਾਉ ਵਿਚ ਅਣਪਛਾਤੀ ਰਹਿੰਦੀ ਹੈ, ਉਹਨਾਂ ਦਾ ਲਹਿਜ਼ਾ ਉਸ ਲੁਕੀ ਤਾਕਤ ਨੂੰ ਵਜਦ ਵਿਚ ਲੈ ਆਉਂਦਾ ਹੈ, ਜਿਸ ਦਵਾਰਾ ਇਕ ਕਾਯਰ ਦੀ ਕਾਯਾਂ ਕਲਪ ਹੋ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਦੀ ਕਵਿਤਾ ਉਸ ਦਰਜੇ ਦੀ ਕਵਿਤਾ ਨਹੀਂ ਜੋ Art for Art's sake (ਕਵਿਤਾ ਕਵਿਤਾ ਦੀ ਖਾਤਰ) ਦੀ ਜਮਾਤ ਬੰਦੀ ਵਿਚ ਨਿਭ ਸਕੇ। ਉਹਨਾਂ ਦੀ ਕਵਿਤਾ ਉਦੇਸ਼ਹੀਨ ਨਹੀਂ, ਉਹ ਸੰਦੇਸ਼ ਵਾਲੀ ਹੈ।

ਗੁਰੂ ਜੀ ਦੀ ਕਵਿਤਾ ਹੁਨਰ ਦੀ ਨਿਸ਼ਪ੍ਰਯੋਜਨਤਾ ਦਾ ਨਿੱਸਲ ਸਵਾਦ ਨਹੀਂ। ਉਹ ਮਨੋਰਥ ਵਤੀ ਹੈ। ਉਹ ਮਾਨੁਖ ਦੇ ਅੰਤਰ ਜਗਤ ਨੂੰ ਸੰਦੀਪਤ ਕਰਦੀ ਹੈ, ਜਿਸ ਨਾਲ ਅਹੰਭਾਵ ਦਾ ਪਰਦਾ ਉਠ ਜਾਏ ਤੇ ਅੰਦਰ ਬਾਹਰ ਸ਼ਕਤੀ ਦਾ ਪ੍ਰਕਾਸ਼, ਸ਼ਕਤੀ ਦੀ ਸੰਕੇਤਕ ਅਨੇਕ ਰੂਪਤਾ, ਉਸ ਦੀ ਵਿਸ਼ਵ ਰੂਪਤਾ, ਉਸ ਦੀ ਵਿਰਾਟ ਅਭੇਦਤਾ, ਉਸ ਦੀ ਸੰਝ ਸਵੇਰ ਦੀ ਲਾਲੀ ਵਿਚ ਸਮਾਵੇਸ਼ਤਾ ਪ੍ਰਗਟ ਹੋ ਜਾਏ ਤੇ ਐਸੀ ਸ਼ਕਤੀ ਨਾਲ ਤਨਮਯ ਹੋਇਆ ਹੋਇਆ ਮਨੁੱਖ ਕਹਿ ਸਕੇ:

ਤੁਹੀ ਖੜਗਧਾਰਾ, ਤੁਹੀ ਬਾਢ ਵਾਰੀ ॥
ਤੁਹੀ ਤੀਰ ਤਰਵਾਰ ਕਾਤੀ ਕਟਾਰੀ ॥
ਤੁਹੀ ਪ੍ਰਾਤ ਸੰਧਯਾ ਅਰੁਨ ਬਸਤ੍ਰ ਧਾਰੇ ॥
ਤੁਮੈਂ ਧਿਆਨ ਮੈਂ ਸ਼ੁਕਲ ਅੰਬਰ ਧਾਰੇ ॥
ਤੁਹੀ ਪੀਤ ਬਾਨਾ ਸਰਬਕਾਲ ਧਾਰਯੋ ॥
ਸਭੈ ਸਾਧੂਅਨ ਕੋ ਮਹਾ ਮੋਹ ਟਾਰਿਯੋ ॥੧੩॥
(ਚਰਿਤ੍ਰ ਆਰੰਭ)

ਗੁਰੂ ਜੀ ਦੀ ਕਵਿਤਾ ਦਾ ਕਾਵਯ ਆਲਸ ਦਾ ਨਸ਼ਾ ਨਹੀਂ, ਨਾ ਹੀ ਉਹ ਸੁਸਤੀ ਦੇ ਪੋਸਤ ਦੀ ਲੱਜ਼ਤ ਹੈ, ਨਾ ਹੀ ਉਹ ਨੀਮ ਦੀ ਬੇਹੋਸ਼ੀ ਦੀ ਮਦਿਰਾ ਦਾ ਸਰੂਰ ਹੈ। ਉਹ ਉਤਸ਼ਾਹ ਦਾ ਚੋਂਦਾ ਚੋਂਦਾ ਮਕਰੰਦ ਰਸ ਹੈ, ਜਿਸ ਦੀ ਮਸਤੀ ਐਸੀ ਉਮੰਗ ਨਾਲ ਭਰੀ ਹੈ, ਜੋ ਜੁੱਧ ਦੇ ਧਰਮ ਖੇਤ੍ਰ ਵਿਚ ਸ਼ਹੀਦੀ ਦੇ ਸ਼ਰਬਤ ਦੀ ਕੁਸ਼ਲਤਾ ਨੂੰ ਮੰਗਦੀ ਹੈ:

ਹੇ ਰਵਿ ਹੇ ਸਸਿ ਹੇ ਕਰੁਣਾ ਨਿਧ, ਮੇਰੀ ਅਬੈ ਬਿਨਤੀ ਸੁਨ ਲੀਜੈ।
ਔਰ ਨ ਮਾਂਗਤ ਹਉਂ ਤੁਮ ਤੇ ਕਛੁ, ਚਾਹਤ ਹੌ ਚਿਤ ਮੈਂ ਸੋਈ ਕੀਜੈ।
ਸ਼ਸਤ੍ਰਨ ਸੌ ਅਤਿ ਹੀ ਰਣ ਭੀਤਰ, ਜੂਝ ਮਰੌ ਕਹਿ ਸਾਚ ਪਤੀਜੈ।
ਸੰਤ ਸਹਾਇ ਸਦਾ ਜਗ ਮਾਇ, ਕ੍ਰਿਪਾ ਕਰ ਸਯਾਮ ਇਹੈ ਬਰ ਦੀਜੈ।
(ਕ੍ਰਿਸ਼ਨਾਵਤਾਰ–੧੯੯੯)


www.sikhbookclub.com

# ਸਮੇਂ ਦਾ ਪ੍ਰਭਾਵ

ਗੁਰੂ ਗੋਬਿੰਦ ਸਿੰਘ ਜੀ ਦੀ ਕਵਿਤਾ ਵਿਚ ਜੇ ਸਮੇਂ ਦਾ ਪ੍ਰਭਾਵ ਪੜਤਾਲਨ ਲਗੀਏ ਤਾਂ ਕੁਝ ਸਾਰਥਕ ਗਲਾਂ ਪੱਲੇ ਪੈ ਸਕਦੀਆਂ ਹਨ। ਗੁਰੂ ਜੀ ਵੇਲੇ ਹਿੰਦੀ ਕਵਿਤਾ ਪੂਰੇ ਜੋਬਨ ਵਿਚ ਚਲ ਰਹੀ ਸੀ, ਪਰ ਜਿਨ੍ਹਾਂ ਲੀਹਾਂ ਉਪਰ ਇਹ ਟੁਰ ਰਹੀ ਸੀ ਉਹ ਸੰਸਕ੍ਰਿਤ ਵਾਲਿਆਂ ਦੇ ਉਲੀਕੇ ਪੂਰਣੇ ਸਨ।

ਸੰਸਕ੍ਰਿਤ ਵਾਲਿਆਂ ਦੇ ਕਵਿਤਾ ਬਾਬਤ ਚਾਰ ਮਤ ਪ੍ਰਚਲਤ ਰਹੇ ਹਨ। ਮਤ ਭੇਦ ਇਸ ਗਲ ਵਿਚ ਰਿਹਾ ਹੈ ਕਿ ਕਿਹੜੀ ਵਸਤੂ ਕਵਿਤਾ ਦੀ ਆਤਮਾ ਹੈ, ਜਿਸ ਦਾ ਕਾਰਣ ਇਸ ਵਿਚ ਜੀਵਨ ਸੱਤਾ ਭਰਦੀ ਹੈ। ਕਈ ਆਚਾਰਯਾਂ ਦਾ ਖਿਆਲ ਸੀ, ਕਿ 'ਰਸ' ਹੀ ਇਕ ਐਸੀ ਵਸਤੂ ਹੈ। ਇਹ ਭਰਤ ਮੁਨਿ ਦਾ ਮਤ ਸੀ। ਜਿਸ ਨੂੰ ਲੈਕੇ ਉਸ ਨੇ ਨਾਟਯ ਸ਼ਾਸਤ੍ਰ ਦੀ ਰਚਨਾ ਕੀਤੀ। ਏਸੇ ਗੱਲ ਦੀ ਪੁਸ਼ਟੀ ਸਾਹਿੱਤ ਦਰਪਨ ਵਿਚ ਹੈ। ਜੋ ਵਿਸ਼੍ਰ ਨਾਥ ਦੀ ਰਚਨਾ ਹੈ। ਪਰ ਇਸ ਦੇ ਉਲਟ ਕਈ ਹੋਰ ਆਚਾਰਯ ਐਸੇ ਹੋਏ ਹਨ, ਜੋ ਰਸ ਨੂੰ ਮੁੱਖ ਚੀਜ਼ ਨਹੀਂ ਮੰਨਦੇ। ਇਨ੍ਹਾਂ ਦਾ ਕਥਨ ਹੈ ਕਿ 'ਅਲੰਕਾਰ' ਹੀ ਸਭ ਕੁਛ ਹੈ। ਜੇ ਕਵਿਤਾ ਵਿਚ ਅਲੰਕਾਰ ਨਹੀਂ ਤਾਂ ਕਵਿਤਾ ਨਿਰਜਿੰਦ ਹੈ, ਉਸ ਵਿਚ ਕੋਈ ਸੁੰਦਰਤਾ ਨਹੀਂ ਆ ਸਕਦੀ। ਇਸ ਮਤ ਦੇ ਪ੍ਰਤਿਪਾਦਕ ਦਾ ਨਾਮ ਭਾਮਹ ਹੈ। ਇਸ ਦੇ ਏਸ ਖਿਆਲ ਨੂੰ ਲੈਕੇ ਇਕ ਵੱਖਰੀ ਸੰਪਰਦਾਯ ਬਣ ਗਈ ਸੀ, ਜਿਨ੍ਹਾਂ ਦੇ ਵੱਡੇ ਵੱਡੇ ਗ੍ਰੰਥ ਅਲੰਕਾਰਾਂ ਦੇ ਵਿਸ਼ਯ ਉਪਰ ਰਚੀਂਦੇ ਰਹੇ। ਦੰਡੀ ਅਤੇ ਰੁਦ੍ਰਟ ਦੋ ਆਚਾਰਯ ਅਲੰਕਾਰ ਸੰਪ੍ਰਦਾਯ ਦੇ ਵੱਡਿਕਿਆਂ ਵਿਚੋਂ ਜਨ।

ਰਸ ਅਤੇ ਅਲੰਕਾਰਾਂ ਤੋਂ ਵੱਖਰਾ ਇਕ ਮਤ ਹੋਰ ਸੀ ਜੋ ਵਾਮਨ ਦਾ ਚਲਾਇਆ ਹੋਇਆ ਸੀ, ਏਸ ਮਤ ਅਨੁਸਾਰ ਕਵਿਤਾ ਦੀ ਜਾਚ ਪੜਤਾਲ ਉਸ ਦੀ 'ਰੀਤਿ' (Style of diction) ਤੋਂ ਹੁੰਦੀ ਹੈ। ਗੋਯਾ ਕਵਿਤਾ ਦੀ ਉੱਤਮਤਾ, ਉਸ ਦੇ ਕਥਨ ਦੇ ਢੰਗ ਤੋਂ ਹੈ ਨਾ ਕਿ ਉਸ ਦੇ ਵਿਸ਼ਯ ਤੋਂ। ਭਾਵੇਂ ਕਿਹਾ ਕੁਛ ਨਾ ਜਾਏ, ਪਰ ਕਹਿਣ ਦਾ ਤ੍ਰੀਕਾ ਅੱਛਾ ਹੋਵੇ, ਜੋ ਅਛਿਆਈ ਆਪਣੇ ਸ਼ਬਦ ਗੁਣਾਂ ਅਤੇ ਅਰਥ ਗੁਣਾਂ ਦੇ ਆਸਰੇ ਕਾਵਯ ਵਿਚ ਸਤਯਾ ਭਰ ਦੇਵੇ। ਵਾਮਨ ਦਾ ਖਿਆਲ ਸੀ ਕਿ ਗੁਣ ਹੀ ਕਾਵਯ ਦੀ ਆਤਮਾਂ ਹਨ, ਤੇ ਗੁਣਾਂ ਦਾ ਸੰਬੰਧ ਰੀਤਿ ਨਾਲ ਹੈ।

 www.sikhbookclub.com

ਇਨ੍ਹਾਂ ਤਿੰਨਾਂ ਤੋਂ ਵੱਖਰਾ ਇਕ ਹੋਰ ਮਤ ਵੀ ਪ੍ਰਚਲਤ ਸੀ। ਇਹ ਧੁਨੀਕਾਰਾਂ ਦੇ ਸਿੱਧਾਂਤ ਨੂੰ ਲੈਕੇ ਹੈ। ਇਨ੍ਹਾਂ ਲੋਕਾਂ ਦਾ ਅਸੂਲ 'ਵਯੰਗ ਅਰਥ' (Suggested or implied sense) ਉਪਰ ਜੋਰ ਦੇਣਾ ਹੈ। ਕਹੀਆਂ ਹੋਈਆਂ ਗਲਾਂ ਵਿਚੋਂ ਅਨਕਹੀਆਂ ਵਸਤਾਂ ਦੀ ਸੂਚਨਾ ਦੀ ਸੂਖਮ ਪਰਖ ਇਨ੍ਹਾਂ ਦੀ ਕਾਵਯ ਕਸਵੱਟੀ ਹੈ। ਅਸੀਂ ਏਸ ਵਿਆਖਿਆ ਵਿਚ ਜਾਣ ਦੀ ਲੋੜ ਇਸ ਕਰਕੇ ਪ੍ਰਤੀਤ ਕੀਤੀ ਹੈ, ਕਿ ਇਨ੍ਹਾਂ ਗੱਲਾਂ ਨੂੰ ਖਿਆਲ ਵਿਚ ਰੱਖਕੇ ਇਕ ਤਰਦੀ ਨਜ਼ਰ ਉਸ ਕਾਵਯ ਉਪਰ ਫੇਰ ਸਕੀਏ ਜੋ ਗੁਰੂ ਗੋਬਿੰਦ ਸਿੰਘ ਜੀ ਵੇਲੇ ਵਜੂਦ ਵਿਚ ਆਇਆ, ਜਾਂ ਜੋ ਉਲਥਿਆਂ ਦਾ ਨਾਮ ਸੰਸਕਰਣ ਲੈਕੇ ਗੁਰੂ ਗ੍ਰਿਹ ਵਿਖੇ ਪੁਨਰ ਜਨਮ ਵਿਚ ਪ੍ਰਸੂਤ ਹੋਇਆ।

ਜਿਸ ਵੇਲੇ ਗੁਰੂ ਸਾਹਿਤਯ ਵਜੂਦ ਵਿਚ ਆ ਰਿਹਾ ਸੀ, ਉਹ ਸਮਾਂ ਹਿੰਦੀ ਦੇ ਪ੍ਰਸਿਧ ਕਵੀ ਮਤੀ ਰਾਮ ਦੇ ਰਚਨਾ ਕਾਲ ਦੇ ਅੰਤਰਗਤਿ ਸੀ। ਮਤੀ ਰਾਮ ਆਪਣੀ ਪੁਸਤਕ ਲਲਿਤ ਲਲਾਮ ਲਿਖ ਚੁੱਕਾ ਸੀ। ਲਲਿਤ ਲਲਾਮ ਅਲੰਕਾਰ ਵਿਸ਼ਯਕ ਪੁਸਤਕ ਹੈ। ਕਵਿ ਕੇਸ਼ ਦਾਸ ਤੋਂ ਲੈਕੇ ਮਤੀ ਰਾਮ ਤਕ, ਜਿਤਨੇ ਬ੍ਰਿਜ ਭਾਸ਼ਾ ਦੇ ਕਵੀ ਸਨ, ਤਕਰੀਬਨ ਸਾਰੇ ਹੀ ਅਲੰਕਾਰਾਂ ਦੇ ਵਿਸ਼ਯ ਉਪਰ ਗ੍ਰੰਥ ਰਚਦੇ ਸਨ। ਸਾਹਿੱਤ ਸਾਸਤ੍ਰਾਂ ਵਿਚ ਦਿਤੇ ਅਲੰਕਾਰਾਂ ਦੇ ਲੱਛਣ ਨੂੰ ਸਾਹਮਣੇ ਰੱਖਕੇ ਉਹਨਾਂ ਦੇ ਮੁਤਾਬਿਕ ਆਪਣੇ ਉਦਾਹਰਣ ਦੇਂਦੇ ਸਨ। ਇਸ ਦਾ ਨਤੀਜਾ ਇਹ ਹੁੰਦਾ ਸੀ ਕਿ ਹਰ ਕਵੀ ਲਈ ਪੁਰਾਣੇ ਲੱਛਣ ਗ੍ਰੰਥ ਪੜ੍ਹਨ ਤੇ ਉਸ ਦੀ ਨਕਲ ਉਪਰ 'ਆਪਣੇ ਉਦਾਹਰਣਾਂ' ਦਾ ਨਵਾਂ ਗ੍ਰੰਥ ਘੜਨਾ। ਗੁਰੂ ਗੋਬਿੰਦ ਸਿੰਘ ਦੇ ਵੇਲੇ ਤਕ ਅਲੰਕਾਰ ਗ੍ਰੰਥਾਂ ਦੀ ਭਰਮਾਰ ਹੋ ਚੁਕੀ ਸੀ। ਏਸ ਕਰਕੇ ਕਵਿਤਾ ਅਪਣੇ ਰਸ ਵਾਲੇ ਉਦੇਸ਼ ਵਿਚ ਸਿਥਲ ਹੋ ਗਈ ਸੀ, ਤੇ ਅਲੰਕਾਰਾਂ ਦੀ ਸਜਾਵਟ ਮੁੱਖ ਚੀਜ਼ ਬਣ ਜਾਣ ਕਾਰਣ ਸ਼ਬਦਾਂ ਦੀ ਬਾਹਰਲੀ ਲਿਸ਼ਕ ਪੁਸ਼ਕ ਨੇ ਕਵਿਤਾ ਦੀ ਅੰਤ੍ਰੀਵਤਾ ਨੂੰ ਕਮਜ਼ੋਰ ਕਰ ਦਿਤਾ ਸੀ।

ਇਸ ਦਾ ਇਹ ਭਾਵ ਨਹੀਂ ਕਿ ਹਿੰਦੀ ਕਾਵਯ ਚਮਤਕਾਰੀ ਨਹੀਂ ਸੀ ਰਿਹਾ। ਚਮਤਕਾਰ ਤੇ ਸੁੰਦਰਤਾ ਦੋਨੋਂ ਇਸ ਵਿਚ ਮੌਜੂਦ ਸਨ। ਕੇਵਲ ਇਸ ਦੀ ਸਰਹੱਦ ਬੰਦੀ ਹੋ ਗਈ ਸੀ ਜੋ ਇਸ ਦੀ ਮੌਲਕਤਾ ਨੂੰ ਨਿਯਮਾਂ ਦੇ ਬੰਧੇਜ਼ ਵਿਚ ਰਖਦੀ ਸੀ। ਇਹ ਗਲ ਆਸਾਨੀ ਨਾਲ ਇਸ ਤਰ੍ਹਾਂ ਸਮਝੀ ਜਾ ਸਕਦੀ ਹੈ: ਕਵਿ ਕੇਸ਼ੋ ਦਾਸ ਦਾ ਇਕ ਛੰਦ ਹੈ। ਜੋ ਇਕ ਖਾਸ ਅਲੰਕਾਰ (ਉਤਪ੍ਰੇਖਿਸ਼ਤ ਉਪਮਾ) ਦੇ ਉਦਾਹਰਣ ਨਮਿਤ ਲਿਖਿਆ ਗਿਆ। ਵਰਣਨ ਸੀਤਾ ਦੇ ਨੇਤ੍ਰਾਂ ਦੀ ਸ਼ੋਭਾ ਦਾ ਹੈ। ਭਾਵ ਏਸ ਤਰ੍ਹਾਂ ਦਰਸਾਇਆ ਹੈ:

 www.sikhbookclub.com

ਮੱਛੀਆਂ ਸਮਝਦੀਆਂ ਹਨ ਕਿ ਸੀਤਾ ਦੇ ਨੇਤਰਾਂ ਦੀ ਕਟਾਖਸ਼ ਤੀਖਣਤਾ ਸਾਂਡੇ ਵਿਚ ਹੀ ਹੈ, ਏਹੋ ਗਲ ਕਾਮਦੇਵ ਦੇ ਤੀਰ ਸਮਝਦੇ ਹਨ। ਹਰਨੀਆਂ ਵੀ ਏਹੋ ਸਮਝਦੀਆਂ ਹਨ ਕਿ ਸਾਡੇ ਨੈਣਾਂ ਵਿਚ ਸੀਤਾ ਦੇ ਨੇਤਰਾਂ ਦੀ ਸ਼ੋਭਾ ਹੈ, ਪਰ ਇਹ ਝੂਠੀ ਗੱਲ ਹੈ, ਮੈਨੂੰ ਏਸ ਭੇਦ ਦਾ ਪਤਾ ਹੈ, ਐਸੀ ਨੇਤ੍ਰ ਸ਼ੋਭਾ ਤਾਂ ਕਮਲ ਵਿਚ ਵੀ ਹੈ ਤੇ ਮਮੋਲੇ ਵਿਚ ਵੀ। ਮਤਲਬ ਇਹ ਹੈ ਕਿ ਸੀਤਾ ਜੀ ਦੇ ਨੇਤ੍ਰਾਂ ਦੀ ਸ਼ੋਭਾ ਹਰ ਇਕ ਸੋਹਣੀ ਚੀਜ਼ ਨੇ (ਲੁੱਟਕੇ) ਪਣੇ ਵਿਚ ਧਾਰਨ ਕੀਤੀ ਹੋਈ ਹੈ। ਚੂੰਕਿ ਸਾਰਿਆਂ ਨੇ ਹੀ ਉਸ ਦੀ ਖੂਬਸੂਰਤੀ ਨੂੰ ਲਿਆ ਹੈ ਏਸ ਕਰਕੇ ਇਕ ਦੋ (ਮਛੀਆਂ ਤੀਰਾਂ ਆਦਿਕਾਂ) ਦਾ ਬੇਹਦ ਹੰਕਾਰ ਕਰਨਾ ਕਿ ਸੀਤਾ ਦੇ ਨੈਣਾਂ ਦੀ ਬਾਂਕੀ ਸੁੰਦਰਤਾ ਸਾਡੇ ਵਿਚ ਹੀ ਹੈ, ਗਲਤ ਹੈ। ਕੇਸ਼ੋ ਦਾਸ ਦਾ ਛੰਦ ਇਹ ਹੈ:

ਨਯਾਰੋ ਹੀ ਗੁਮਾਨ ਮਨ ਮੀਨਨਿ ਕੇ ਮਾਨਿਯਤੰ, ਜਾਨਿਯਤ ਸਬ ਹੀ ਸੁ ਕੈਸੇ ਨ ਜਨਾਈਏ। ਪੰਚਵਾਨ ਬਾਨਨਿ ਕੇ ਆਨ ਆਨਭਾਂਤਿ ਗਰਵ, ਬਾਢਿਓ ਪਰਿਮਾਨ ਬਿਨੁ ਕੈਸੇ ਸੋਬ ਤਾਈਏ। ਕੇਸ਼ੋ ਦਾਸ ਸਬਿਲਾਸ ਗੀਤ ਰੰਗ ਰੰਗਨਿ, ਕੁਰੰਗ ਅੰਗਨਾਨਿ ਹੂਕੇ ਆਂਗਨਨਿ ਗਾਈਏ। ਸੀਤਾ ਜੀ ਕੀ ਨਯਨ–ਨਿਕਾਈ ਹਮ ਹੀ ਮੇਂ ਹੈ ਸੁ, ਝੂਠੀ ਹੈ ਨਲਿਨ ਖੰਜਰੀਟ ਹੂੰ ਮੇ ਪਾਈਏ।

(ਕਾਵਯ ਪ੍ਰਿਯਾ ੧੪–੧੮)

ਕੇਸ਼ੋ ਦਾਸ ਸ਼ੈਕਸਪੀਅਰ ਦਾ ਸਮਕਾਲੀ ਸੀ। ਜਿਸ ਵਕਤ ਕੇਸ਼ੋਦਾਸ ਇਹ ਛੰਦ ਰਚ ਰਿਹਾ ਸੀ, ਉਸੇ ਵਕਤ ਦੇ ਆਨ ਮਾਨ ਸ਼ੈਕਸਪੀਅਰ ਵੀ ਏਸੇ ਆਸ਼ੇ ਦੀਆਂ ਤੁਕਾਂ* ਰਚ ਰਿਹਾ ਸੀ। ਪ੍ਰੇਮੀ ਅਪਣੀ ਪਿਆਰੀ ਨੂੰ ਕਹਿ ਰਿਹਾ ਹੈ ਕਿ ਮੈਂ ਅਨੇਕਾਂ ਫੁੱਲ ਦੇਖੇ ਹਨ,

(Shakespeare:
"The lily I condemend for thy hand,
And buds of marjoram had stol'n thy hair,
The rose fearfully on thorns did stand,
Are blushing shame, another white despair
A third nor red nor white, had stol'n of both
And to his robbery had annexed thy breath,
More flowers I noted yet I none could see,
But sweet or colour it had stolen from thee."

 www.sikhbookclub.com

ਸਾਰਿਆਂ ਨੇ ਤੇਰੇ ਕੋਲੋਂ ਕੁਛ ਨ ਕੁਛ ਚੁਰਾ ਲੀਤਾ ਹੈ। ਕਿਸੇ ਨੇ ਰੰਗ, ਕਿਸੇ ਨੇ ਰੂਪ, ਕਿਸੇ ਨੇ ਮਿਠਾਸ, ਕਿਸੇ ਨੇ ਤੇਰਾ ਸੁਗੰਧਿਤ ਸਾਹ। ਦੋਨਾਂ ਕਵੀਆਂ ਵਿਚ ਫਰਕ ਸਾਫ ਪ੍ਰਤੀਤ ਹੋ ਜਾਂਦਾ ਹੈ। ਸ਼ੈਕਸਪੀਅਰ ਦਾ ਲਹਿਜ਼ਾ ਸਹਿਜ ਸੁਭਾਅ ਦਾ ਹੈ, ਜਿਸ ਵਿਚ ਚੌਗਿਰਦੇ ਦੀਆਂ ਚੀਜ਼ਾਂ ਪ੍ਰੀਤਮ ਦੇ ਰੰਗ ਵਿਚ ਰੰਗੀਆਂ ਗਈਆਂ ਹਨ। ਕੇਸ਼ੋਦਾਸ ਅਲੰਕਾਰ ਦੇ ਕਲਬੂਤ ਉਪਰ ਉਪਮਾ ਦਾ ਕਲੇਵਰ ਮੜ੍ਹ ਰਿਹਾ ਹੈ, ਜੋ ਨਾਪ ਤੋਲ ਸ਼ਕਲ ਸੂਰਤ ਵਿਚ ਠੀਕ ਉਤਰਦਾ ਹੈ ਪਰ ਉਸ ਦੀ ਬਨਾਵਟ ਵਿਚ ਫਰਮੇ ਦਾ ਸੁੰਗੇੜ ਹੋ ਜਾਂਦਾ ਹੈ।

ਸ਼ੈਕਸਪੀਅਰ ਦੀਆਂ ਤੁਕਾਂ ਜੋ ਫੁਟ ਨੋਟ ਵਿਚ ਦਿਤੀਆਂ ਹਨ, ਉਹਨਾਂ ਵਿਚ ਕੁਦਰਤ ਦੀਆਂ ਵਸਤਾਂ ਮਹਿਬੂਬ ਦੀ ਖੂਬਸੂਰਤੀ ਨੂੰ ਅੰਗ ਪ੍ਰਤਿ ਅੰਗ ਚੁਰਾਉਂਦੀਆਂ ਹਨ। ਪਰ ਇਸ ਤੋਂ ਐਨ ਉਲਟ ਇਕ ਗੁਰੂ ਗੋਬਿੰਦ ਸਿੰਘ ਜੀ ਦੇ ਰਚਿਤ ਛੰਦ ਵਿਚ ਬਿਆਨ ਹੈ ਕਿ ਕ੍ਰਿਸ਼ਨ ਦੇਖਦਾ ਹੈ ਕਿ ਰਾਧਕਾਂ ਨੇ ਕਿਸ ਤਰ੍ਹਾਂ ਬਾਹਰਲੀਆਂ ਚੀਜ਼ਾਂ ਨੂੰ ਚੁਰਾ ਕੇ ਅਪਣੇ ਸਰੂਪ ਵਿਚ ਧਾਰਨ ਕੀਤਾ ਹੈ।

ਸਵੈਯਾ:

ਭਾਗ ਕੋ ਭਾਲ ਹਰਯੋ ਸੁਨ ਗ੍ਵਾਰਨਿ ਛੀਨ ਲਈ ਮੁਖ ਜੋਤਿ ਸਸੀ ਹੈ।
ਨੈਨ ਮਨੋ ਸਰ ਤੀਛਨ ਹੈ ਭ੍ਰਿਕੁਟੀ ਮਨੋ ਜਾਨ ਕਮਾਨ ਕਸੀ ਹੈ।
ਕੋਕਿਲ ਬੈਨ, ਕਪੋਤ ਸੋ ਕੰਠ, ਕਹੀ ਹਮਰੇ ਮਨ ਜੋ ਉਬਸੀ ਹੈ।
ਏਤੇ ਪੈ, ਚੋਰ ਲਯੋ ਹਮਰੋ ਚਿਤ ਭਾਮਨ ਦਾਮਨ ਭਾਂਤਿ ਲਸੀ ਹੈ ॥ ੬੨੯ ॥
(ਕ੍ਰਿਸ਼ਨਾਵਤਾਰ)

ਅਰਥਾਤ—ਹੇ ਰਾਧਾ, ਸੁਣ! ਤੂੰ ਭਾਗ (ਨਸੀਬ) ਕੋਲੋਂ ਮੱਥਾ ਚੁਰਾ ਲਿਆ ਹੈ, ਤੇਰੇ ਚਿਹਰੇ ਨੇ ਚੰਦਰਮਾ ਦੀ ਜੋਤਿ ਛੀਨ ਲਈ ਹੈ। ਤੇਰੇ ਨੈਣਾਂ ਨੇ ਤੀਰ ਕੋਲੋਂ ਤੀਖਣਤਾ ਤੇ ਭਰਵੱਟਿਆਂ ਨੇ ਕਮਾਨ ਕੋਲੋਂ ਕਸ, ਤੂੰ ਕੋਇਲ ਕੋਲੋਂ ਆਵਾਜ਼, ਕਬੂਤਰ ਕੋਲੋਂ ਕੰਠ ਤੇ ਬਿਜਲੀ ਕੋਲੋਂ ਲਿਸ਼ਕ ਲਈ ਹੈ। ਏਤਨਾ ਕੁਛ ਲੈ ਲੁਆਕੇ ਵੀ ਤੂੰ ਬੱਸ ਨਹੀਂ ਕੀਤੀ, ਮੇਰਾ ਵੀ ਚਿਤ ਚੁਰਾ ਲਿਆ ਹੈ।

ਸ਼ੈਕਸਪੀਅਰ ਵਿਚ ਕੁਦਰਤ ਚੋਰ ਹੈ ਤੇ ਪ੍ਰੀਤਮ ਲੁਟੀਜ ਰਿਹਾ ਹੈ। ਏਥੇ ਪ੍ਰੀਤਮ ਚੋਰ ਹੈ ਤੇ ਕੁਦਰਤ ਲੁਟੀਜ ਰਹੀ ਹੈ। ਚੋਰੀ ਹੋਰ ਡੂੰਘੇਰੀ ਹੈ। ਇਹ ਬਾਹਰਲੇ ਅੰਦਰਲੇ ਦੋਨਾਂ ਜਗਤਾਂ ਵਿਚ ਵਾਪਰ ਰਹੀ ਹੈ। ਕ੍ਰਿਸ਼ਨ ਸਾਖੀ ਹੈ ਕਿ ਉਸ ਦਾ ਦਿਲ ਚੁਰਾਇਆ ਗਿਆ ਹੈ। ਏਸ ਵਿਚ ਵਯੰਗ ਹੈ ਕਿ ਕਿਉਂ ਨ ਐਸੀ ਇਸਤ੍ਰੀ ਇਤਨੀ ਕਿਸਮਤ ਵਾਲੀ ਹੋਵੇ ਕਿ

ਉਸ ਦਾ ਮੱਥਾ ਸਾਫ ਭਾਗ ਵਾਲਾ ਪਿਆ ਚਮਕੇ। ਕਵਿਤਾ ਦਾ ਅੰਦਰਲਾ ਰੁਖ਼ ਤੇ ਬਾਹਰਲਾ ਪਾਸਾ ਇਕ ਦੂਸਰੇ ਨੂੰ ਏਸ ਤਰ੍ਹਾਂ ਪੁਸ਼ਟੀ ਦੇ ਰਹੇ ਹਨ ਕਿ ਛੰਦ ਅੰਦਰੋਂ ਦੀ ਜੀਵਨ ਸੱਤਾ ਨਾਲ ਭਰਪੂਰ ਦਿੱਸ ਪੈਂਦਾ ਹੈ। ਏਸ ਮੁਕਾਬਲੇ ਦਾ ਪ੍ਰਯੋਜਨ ਕਵੀਆਂ ਦਾ ਪਰਸਪਰ ਊਚ ਨੀਚ ਦਰਜਾ ਸਥਾਪਿਤ ਕਰਨ ਦਾ ਨਹੀਂ। ਭਾਵ ਸਿਰਫ ਇਤਨਾ ਦੱਸਣ ਦਾ ਹੈ ਕਿ ਅਲੰਕਾਰਾਂ ਦੀ ਸ਼ੈਲੀ ਕੋਲੋਂ ਤੇ ਸਹਿਜ ਸੁਭਾਅ ਦੇ ਵਰਣਨ ਕੋਲੋਂ ਛੰਦ ਵਿਚ ਅੰਤਰੀਵਤਾ ਦੀ ਅੰਸ਼ ਕਿਸ ਤਰ੍ਹਾਂ ਵੱਖਰੀ ਤਾਸੀਰ ਪੈਦਾ ਕਰ ਦੇਂਦੀ ਹੈ।

ਗੁਰੂ ਜੀ ਦਾ ਜ਼ਮਾਨਾ ਅਲੰਕਾਰੀ ਕਵੀਆਂ ਦਾ ਤੇ ਰੀਤੀ ਕਾਵਯ ਰਚਨਾ ਦਾ ਸੀ। ਏਸ ਅਸਰ ਦੇ ਬਾਵਜੂਦ ਗੁਰੂ ਜੀ ਅਲੰਕਾਰ ਦੀ ਪ੍ਰਧਾਨਤਾ ਸ੍ਵੀਕਾਰ ਨਹੀਂ ਸੀ ਕਰਦੇ, ਉਹਨਾਂ ਦੀ ਕਵਿਤਾ ਵਿਚ ਜਿਥੇ ਅਲੰਕਾਰ ਆਏ ਹਨ, ਉਹ ਸੁਭਾਵਿਕ ਭਾਵ ਪ੍ਰਵਾਹ ਵਿਚ ਆਏ ਪ੍ਰਤੀਤ ਹੁੰਦੇ ਹਨ। ਉਹ ਅਲੰਕਾਰਾਂ ਨੂੰ ਉਦੇਸ਼ ਮੰਨਕੇ ਉਸ ਢਾਂਚੇ ਮੁਤਾਬਕ ਕਵਿਤਾ ਰਚਣ ਨੂੰ ਸ੍ਰੇਸ਼ਟਤਾ ਨਹੀਂ ਦੇਂਦੇ ਸਨ। ਇਸ ਦੀ ਉੱਘੀ ਮਸਾਲ ਚੰਦਨ ਕਵੀ ਹੈ। ਚੰਦਨ ਨੇ ਆਪਣਾ ਇਕ ਸਵੈਯਾ ਜਿਸ ਦੇ ਜ਼ਾਹਿਰਾ ਅਰਥ ਮੁਸ਼ਕਲ ਮਲੂੰਮ ਹੁੰਦੇ ਹਨ, ਗੁਰੂ ਜੀ ਦੇ ਪੇਸ਼ ਕੀਤਾ ਜੋ ਇਹ ਸੀ:

ਨਵ ਸਾਤ ਤਿਯੇ, ਨਵ ਸਾਤ ਕਿਯੇ, ਨਵ ਸਾਤ ਪਿਯੇ ਨਵ ਸਾਤ ਪਿਯਾਏ।<br>
ਨਵ ਸਾਤ ਰਚੇ, ਨਵ ਸਾਤ ਬਦੇ, ਨਵ ਸਾਤ ਪਿਯਾ ਪਹ ਦਾਯਕ ਪਾਏ।<br>
ਜੀਤ ਕਲਾ ਨਵ ਸਾਤਨ ਕੀ, ਨਵ ਸਾਤਨ ਕੇ ਮੁਖ ਅੰਚਰ ਛਾਏ।<br>
ਮਾਨਹੁੰ ਮੇਘ ਕੇ ਮੰਡਲ ਮੈਂ ਕਵਿ 'ਚੰਦਨ' ਚੰਦ ਕਲੇਵਰ ਛਾਏ।

ਸਤਿਗੁਰੂ ਜੀ ਨੇ ਕਿਹਾ, ਕਿ ਇਹ ਛੰਦ ਤਾਂ ਕੋਈ ਖਾਸ ਗੌਰਵਤਾ ਵਾਲਾ ਨਹੀਂ, ਇਹੋ ਜਿਹਿਆਂ ਦੇ ਅਰਥ ਤਾਂ ਸਾਡੇ ਘਾਹੀ ਕਰ ਲੈਂਦੇ ਹਨ। ਚੰਦਨ ਕਹਿਣ ਲੱਗਾ ਫਿਰ ਸੱਦੋ ਕਿਸੇ ਘਾਹੀ ਨੂੰ ਜੋ ਕਰ ਦਿਖਾਏ। ਚੋਬਦਾਰ ਨੂੰ ਹੁਕਮ ਹੋ ਗਿਆ 'ਧੰਨਾ ਸਿੰਘ ਨੂੰ ਬੁਲਾਓ'। ਧੰਨਾ ਸਿੰਘ ਰੰਬਾ ਤੰਗੜੀ ਮੋਢੀਂ ਸੁੱਟੀ ਆ ਗਿਆ। ਗੁਰੂ ਜੀ ਨੇ ਕਿਹਾ: ਧੰਨਾ ਸਿੰਘ! ਇਸ ਕਵੀਸ਼ਰ ਜੀ ਦਾ ਸਵੈਯਾ ਸੁਣੋ ਤੇ ਜੋ ਅਰਥ ਸਮਝੋ ਸੁਣਾ ਦਿਓ। ਧੰਨਾ ਸਿੰਘ ਨੇ ਸ੍ਵੈਯਾ ਸੁਣਿਆ ਤੇ ਦੱਸਿਆ ਕਿ ਇਸ ਦੇ ਅਰਥ ਹਨ:

੧੬ ਬਰਸਾਂ ਦੀ ਉਮਰਾ ਦੀ ਯੁਵਤੀ ਨੇ ੧੬ ਸ਼ਿੰਗਾਰ ਕੀਤੇ, ਉਸ ਦਾ ਸੋਲ੍ਹਾਂ ਬਰਸਾਂ ਦੀ ਵਰੇਸ ਦਾ ਪਤੀ ੧੬ ਮਹੀਨੇ ਬਾਦ ਪ੍ਰਦੇਸੋਂ ਆਯਾ। ਸੋਲ੍ਹਾਂ ਘਰਾਂ ਵਾਲੀ ਚੌਪੜ ਦੀ ਖੇਲ ਖੇਲਣ ਲੱਗੇਂ, ਸੋਲ੍ਹੀਆ ਦਾਉ ਮਿਥਿਆ ਜੋ ਪਤੀ ਦਾ ਜਿੱਤ ਦਾ ਪੈ ਗਿਆ, ਚੌਪੜ ਦੀ ਬਾਜ਼ੀ

 www.sikhbookclub.com

ਪਤੀ ਨੇ ਜਿਤ ਲਈ ਤੇ ਸ਼ਰਮਿੰਦੀ ਹੋਕੇ ੧੬ ਕਲਾਂ ਵਾਲੇ ਚੰਦ੍ਰ ਮੁਖੜੇ ਵਾਲੀ ਨੇ ਹਾਰ ਖਾਕੇ, ਮੂੰਹ ਲੁਕਾ ਲਿਆ, ਜੋ ਪੱਲੂ ਵਿਚੋਂ ਐਉਂ ਦਿੱਸਦਾ ਸੀ, ਜਿਵੇਂ ਬੱਦਲਾਂ ਵਿਚ ਲੁਕਿਆ ਚੰਦ੍ਰਮਾਂ।

ਇਸ ਛੰਦ ਵਿਚ ਨੌਂ ਤੇ ਸੱਤ ਸੋਲਾਂ ਦੇ ਅੰਕ ਦੀ ਗਿਣਤੀ ਨੂੰ ਬਹੁਤੀ ਵਾਰ ਵਰਤਿਆ ਹੈ। ਇਸ ਦੇ ਅਰਥ ਕਰਕੇ ਜੋ ਧੰਨਾ ਸਿੰਘ ਨੇ ਆਪਣਾ ਛੰਦ ਚੰਦਨ ਕਵੀ ਨੂੰ ਸੁਣਾ ਕੇ ਅਰਥ ਪੁੱਛੇ ਤੇ ਉਹ ਅਰਥ ਨਾਂ ਕਰ ਸਕਿਆ, ਉਹ ਛੰਦ ਸੀ:

ਮੀਨ ਮਰੇ ਜਲ ਕੇ ਪਰਸੇ ਕਬਹੂੰ ਨਾਂ ਮਰੇ ਪਰ ਪਾਵਕ ਪਾਏ।
ਹਾਥੀ ਮਰੇ ਮਦ ਕੇ ਪਰਸੇ ਕਬਹੂੰ ਨ ਮਰੇ ਤਨ ਤਾਪ ਕੇ ਆਏ।
ਤੀਯ ਮਰੇ ਪਿਯ ਕੇ ਪਰਸੇ ਕਬਹੂੰ ਨ ਮਰੇ ਪਰਦੇਸ ਸਿਧਾਏ।
ਗੂੜ੍ਹ ਮੈ ਬਾਤ ਕਹੀ ਦਿਜ ਰਾਜ! ਬਿਚਾਰ ਸਕੇ ਨ ਬਿਨਾ ਚਿਤ ਲਾਏ।

ਧੰਨਾ ਸਿੰਘ ਦਾ ਸ੍ਵੈਯਾ ਵਿਰੋਧਾਭਾਸ ਅਲੰਕਾਰ ਦਾ ਚੰਗਾ ਨਮੂਨਾ ਹੈ, ਜਿਸ ਦੇ ਅਰਥ ਵਿਰਾਮ (Punctuation) ਨੂੰ ਥਾਂ ਸਿਰ 'ਕਬਹੂੰ ਨਾ' ਦੇ ਪਿੱਛੇ ਰਖਣ ਨਾਲ ਆਪਣੇ ਆਪ ਖੱਲ੍ਹ ਜਾਂਦੇ ਹਨ। ਪਰ ਸਹੀ ਹੁੰਦਾ ਹੈ ਕਿ ਗੁਰੂ ਜੀ ਨਿਰੀ ਅਲੰਕਾਰ ਦੀ ਕਲਾ ਬਾਜ਼ੀ ਨੂੰ ਕਾਵਯ ਰਚਨਾਂ ਵਿਚ ਕੇਵਲ ਸਾਹਿਤ ਦਾ ਘਾਹ ਖੋਤ੍ਰਨ ਤੁੱਲ ਦਰਜਾ ਦੇਂਦੇ ਸਨ। ਗੁਰੂ ਜੀ ਆਪ ਰਸਿਕ ਕਵੀ ਸਨ। ਉਹ ਰਸ ਦੇ ਜਾਣੂ ਤੇ ਮਹਿਰਮ ਸਨ। ਉਹਨਾਂ ਦਾ ਸ਼ਿੰਗਾਰ ਰਸ ਉਪਰ ਵੈਸਾ ਹੀ ਅਧਿਕਾਰ ਸੀ ਜੈਸਾ ਬੀਰ ਰਸ ਉਪਰ। ਉਹ ਆਪਣੇ ਕਾਵਯ ਵਿਚ ਅਨੇਕ ਥਾਵਾਂ ਤੇ ਰਸ ਦਾ ਜ਼ਿਕਰ ਛੇੜੀ ਰਖਦੇ ਹਨ ੪।

ਗੁਰੂ ਜੀ ਦੇ ਨਜ਼ਦੀਕ ਸ਼ਿੰਗਾਰ ਰਸ ਕੋਈ ਖਿਆਲੀ ਮੁਹਾਵਰੇ ਦਾਰ ਲਫ਼ਜ਼ ਨਹੀਂ ਸੀ, ਉਹ ਰਸ ਨੂੰ ਇਕ ਪਿਘਲੀ ਹੋਈ ਸਜਲਤਾ ਅਨੁਭਵ ਕਰਦੇ ਸਨ, ਜਿਸ ਦੀ ਜਾਦੂ ਭਰੀ ਝੰਕਾਰ ਹੇਠ ਦਰਖਤਾਂ ਵਿਚੋਂ ਤੇ ਪਹਾੜਾਂ ਵਿਚੋਂ ਰਤੂਬਤ (ਨਮੀ) ਟਪਕਣ ਲੱਗ ਪੈਂਦੀ ਹੈਸੀ ੫।

੪ ਬਾਤ ਕਹੈ ਰਸ ਕੀ ਹਸ ਕੈ ਨਹਿ ਅਉਰ ਕਥਾ ਰਸ ਕੀ ਕੋਊ ਭਾਖੈ। ਚੰਚਲ ਸ੍ਰੀ ਪਤਿ ਕੇ ਅਪਨੇ ਦ੍ਰਿਗ ਮੋਹਿ ਤਿਨੇ ਬਤੀਆ ਇਹ ਆਖੈ। ਬਾਤ ਨ ਜਾਨਤ ਹੋ ਰਸ ਕੀ ਰਸ ਮਾਨਤ ਸੌ ਨਰ ਜੋ ਰਸ ਸਾਖੈ। ਪ੍ਰੀਤਿ ਪੜੈ, ਕਰਿ ਪ੍ਰੀਤਿ ਕੜੈ ਰਸ ਰੀਤਨਿ ਚੀਤ ਸੁਨੋ ਸੋਈ ਚਾਖੈ।। (ਕ੍ਰਿਸ਼ਨ ਵਤਾਰ ੨–੭੯)

੫ ਰੂਖਨ ਤੇ ਰਸ ਚੂਵਨ ਲਾਗਾ, ਝਰੇ ਝਰਨਾ ਗਿਰ ਤੇ ਸੁਖਦਾਈ। ਘਾਸ ਚੁਗੈ ਨ ਮ੍ਰਿਗਾ ਬਨਕੇ ਖਗ ਰੀਝ ਰਹੇ ਧੁਨਿ ਜਾ ਸੁਨਿ ਪਾਈ।। (ਕ੍ਰਿਸ਼ਨਾ ਵਤਾਰ – ੬੯੪)

 www.sikhbookclub.com

ਉਹਨਾਂ ਦੇ ਸ਼ਿੰਗਾਰ ਰਸੀ ਛੰਦ ਦਾ ਇਹ ਨਮੂਨਾ ਹੈ:

ਦੋਊ ਜਉ ਹਸਿ ਬਾਤਨ ਸੰਗ ਢਰੇ ਤੁ ਹੁਲਾਸ ਖਿਲਾਸ ਬਢੇ ਸਗਰੇ ।
ਹਸਿ ਕੰਠ ਲਗਾਇ ਲਈ ਲਲਨਾ ਗਹਿ ਗਾੜ੍ਹੇ ਅਨੰਗ ਤੇ ਅੰਕ ਭਰੇ ।
ਤਰਕੀ ਹੈ ਤਨੀ ਦਰਕੀ ਅੰਗੀਆਂ ਗਰਮਾਲ ਤੇ ਟੂਟ ਕੈ ਲਾਲ ਪਰੇ ।
ਪੀਯ ਕੇ ਮਿਲਏ ਤ੍ਰੀਯ ਕੇ ਹੀਯ ਤੇ ਅੰਗਰਾ ਬਿਰਹਾਗਿਨ ਕੇ ਨਿਕਰੇ ।
(ਕ੍ਰਿਸ਼ਨਾਵਤਾਰ ੭੪੮)

ਇਹ ਰਾਧਾ ਤੇ ਕ੍ਰਿਸ਼ਨ ਦੇ ਮਿਲਾਪ ਦਾ ਨਕਸ਼ਾ ਹੈ ! ਇਸ ਵਿਚ ਸਾਹਿੱਤ ਦੇ ਸਾਰੇ ਤੱਤ ਭਾਵ, ਵਿਭਾਵ, ਤੇ ਸੰਚਾਰੀ ਭਾਵ ਇਕੱਠੇ ਹੋ ਰਹੇ ਹਨ ਤੇ ਸ਼ਿੰਗਾਰ ਰਸ ਦਾ ਪੂਰਨ ਪ੍ਰਗਟਾਉ ਹੈ। ਚੋਲੀ ਦੀਆਂ ਤਣੀਆਂ ਟੁਟ ਜਾਂਦੀਆਂ ਹਨ, ਅੰਗੀਆ ਫਟ ਜਾਂਦੀ ਹੈ। ਗਲੇ ਵਿਚ ਪਾਈ ਲਾਲਾਂ ਦੀ ਮਾਲਾ ਟੁੱਟ ਜਾਂਦੀ ਹੈ। ਲਾਲ ਮਣੀਆਂ ਛਾਤੀ ਤੋਂ ਐਸ ਤਰ੍ਹਾਂ ਹੇਠਾਂ ਡਿਗਦੀਆਂ ਹਨ ਕਿ ਮਾਨੋ ਬਿਰਹ ਅਗਨੀ ਦੇ ਭਖਦੇ ਅੰਗਾਰੇ ਹਿਰਦੇ ਵਿਚੋਂ ਬਾਹਰ ਨਿਕਲ ਰਹੇ ਹਨ। ਬਾਹਰਲੀ ਜੱਫੀ ਘੁੱਟ ਵਿਚ ਮਣੀਆਂ ਦਾ ਹਾਰ ਟੁੱਟਣਾ ਤੇ ਉਸ ਨੂੰ ਬਤੌਰ ਸੰਕੇਤ ਦੇ ਵਰਤ ਲੈਣਾ, ਅੰਤਰ ਆਤਮੇ ਮਿਲਾਪ ਦੇ ਭਾਵ ਨਿਰੂਪਣ ਲਈ; ਜਿਸ ਨਾਲ ਵਿਛੋੜਾ ਹਮੇਸ਼ ਲਈ ਖ਼ਤਮ ਹੋ ਗਿਆ ਹੈ, ਇਕ ਕਵੀ ਦੇ ਹੁਨਰ ਦੀ ਨਿਜੀ ਸੂਝ ਹੈ। ਕ੍ਰਿਸ਼ਨਾਵਤਾਰ ਦੀ ਕਥਾ ਵਿਚ ਬਹੁਤ ਥਾਈਂ ਉਪਮਾ ਅਲੰਕਾਰ ਏਹੋ ਕੰਮ ਸਾਰਦਾ ਹੈ । ਉਹ ਅੰਦਰ ਦੀ ਅਵਸਥਾ ਦਾ ਬਾਹਰ ਮਈ ਰੰਗੀਨ ਚਿਤ੍ਰ ਪ੍ਰਗਟਾਉਣ ਲਈ ਪੂਰਾ ਸਹਾਇਕ ਹੁੰਦਾ ਹੈ ਜੈਸੇ:

ਗ੍ਵਾਰਨੀਆ ਹਰਿ ਕੀ ਸੁਨ ਬਾਤ ਗਈ ਤਜਿ ਲਾਜ ਕਬੈ ਜਸ ਠਾਨੋ ।
ਰਾਤਿ ਬਿਖੈ ਤਜਿ ਝੀਲਹਿ ਕੌ ਨਭ ਬੀਚ ਚਲਯੋ ਜਿਮ ਜਾਤ ਟਨਾਨੋ ।।
(ਕ੍ਰਿਸ਼ਨਾਵਤਾਰ —੬੧੪)

ਅਰਥਾਤ—ਗੋਪੀਆਂ ਨੇ ਕ੍ਰਿਸ਼ਨ ਦੀ ਗੱਲ ਸੁਣ ਲਈ ਤੇ ਲੱਜਾ ਨੂੰ ਛੱਡਕੇ ਤੁਰ ਪਈਆਂ, ਐਸ ਤਰ੍ਹਾਂ ਜਿਸ ਤਰ੍ਹਾਂ ਟਿਟਾਹਣੇ (ਜੁਗਨੂੰ) ਰਾਤ ਵੇਲੇ ਝੀਲ ਵਿੱਚੋਂ ਉੱਡਕੇ ਅਸਮਾਨ ਵਿਚ ਚਲੇ ਜਾਂਦੇ ਹਨ।

ਲੱਜਾ ਇਕ ਅੰਦਰ ਦੀ ਮਾਨਸਕ ਅਵਸਥਾ ਹੈ । ਲੱਜਾ ਨੂੰ ਤਿਆਗ ਕੇ ਇਕ ਪ੍ਰੀਤਵੰਤੀ ਕਿਸ ਬੋਝ ਤੋਂ ਖਾਲੀ ਹੋ ਜਾਂਦੀ ਹੈ, ਕਿਤਨੀ ਹਲਕੀ ਹੋਕੇ ਕਿਸ ਤਰਲ ਗਗਨ ਵਿਚ ਉਡਦੀ ਹੈ, ਉਸ ਦਾ ਤਨ ਕਿਸ ਨਿਸਚਿੰਤਤਾ ਨਾਲ ਜਗ ਉਠਦਾ ਹੈ, ਇਹ ਸਾਰੀ ਚਿਤ੍ਰਕਾਰੀ ਜਿਸ ਹੁਨਰ ਮੰਦੀ ਨਾਲ ਕੀਤੀ ਹੈ, ਉਹ ਅੰਦਰ ਲੁਕੀ ਸ਼ਰਮੀਲੀ ਅਵਸਥਾ ਨੂੰ

 www.sikhbookclub.com

ਬਾਹਰ ਨਿਰੂਪਤ ਕਰਨ ਵਿਚ ਉਪਮਾਂ ਸਫਲਾ ਰਿਹਾ ਹੈ। ਲੱਜਾ ਇਕ ਝੀਲ ਦੀ ਨੁਹਾਰ ਲੈਕੇ ਅੰਨ੍ਹੇਰੇ ਦੇ ਪੜਦੇ ਵਿਚ ਛੁੱਟੜ ਕੀਤੀ ਗਈ ਵਸਤੂ ਵਾਂਗ ਪਿਛੇ ਰਹਿ ਜਾਂਦੀ ਹੈ।

ਗੁਰੂ ਗੋਬਿੰਦ ਸਿੰਘ ਦੀ ਕਵਿਤਾ ਵਿਚ ਭਾਵਾਂ ਦੀ ਵਲ- ਵਲੀਅਤ ਨਹੀਂ ਪ੍ਰੰਤੂ ਰਸ ਨਿਰੂਪਨ ਪ੍ਰਪੱਕ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਕੇਸ਼ੋ ਦਾਸ ਦੇ ਪ੍ਰਭਾਵ ਹੇਠ ਇਹ ਰਸ ਦੀ ਪ੍ਰਥਾ ਹਿੰਦੀ ਕਾਵਯ ਵਿਚ ਉਖੜ ਗਈ ਸੀ। ਕਵਿਤਾ ਉੱਦੇਸ਼ ਹੀਨ ਹੋ ਗਈ ਸੀ। ਅਲੰਕਾਰ ਗ੍ਰੰਥਾਂ ਦੇ ਨਾਇਕ, ਮਨੁਖ ਪ੍ਰਤੀਤ ਨਹੀਂ ਸਨ ਹੁੰਦੇ, ਉਹ ਕੇਵਲ ਮੂਰਤ ਜਾਂ ਪਰਛਾਵੇਂ ਮਾਤ੍ਰ ਸਨ, ਜਿਸ ਨੂੰ ਕਵੀ ਵਰਤਦੇ ਸਨ ਆਪਣੀ ਉਪਮਾਨ ਕਲਪਨਾ ਦੀ ਖੇਡ ਲਈ।

ਗੁਰੂ ਗੋਬਿੰਦ ਸਿੰਘ ਜੀ ਨੇ ਮੁੜ ਰਸ ਵਾਲੀ ਪਰਿਪਾਣੀ ਨੂੰ ਸੁਰਜੀਤ ਕੀਤਾ। ਉਹਨਾਂ ਨੇ ਕ੍ਰਿਸ਼ਨਾਵਤਾਰ ਦੇ ਪੱਤਰਿਆਂ ਵਿਚ ਫੇਰ ਮੁਰਲੀ ਦੀ ਝੁਨਕਾਰ ਨੂੰ ਛੇੜ ਦਿਤਾ, ਜਿਸ ਦੇ ਪ੍ਰਭਾਵ ਹੇਠ ਇਕ ਤਲਿਸਮੀ ਵਾਯੂ ਮੰਡਲ ਰਚਿਆ ਗਿਆ, ਜਿਸ ਵਿਚ ਸਾਰੀ ਕੁਦਰਤ ਘੜੀ ਦੀ ਘੜੀ ਚਪਲਤਾ ਨੂੰ ਤਿਆਗ ਕੇ ਸ਼ਾਂਤਿ ਰਸ ਵਿਚ ਚੁਪ ਹੋ ਗਈ, ਪੌਣ ਖੜੀ ਹੋ ਗਈ, ਲਹਿਰਾਂ ਸੌਂ ਗਈਆਂ, ਪੰਛੀ ਤੇ ਮ੍ਰਿਗ ਮਸਤ ਹੋ ਗਏ, ਗੋਪੀਆਂ ਬੇਸੁਧ ਹੋਕੇ ਮੂਰਤਾਂ ਬਣ ਗਈਆਂ :

ਰੀਝ ਰਹੀ ਬ੍ਰਿਜ ਕੀ ਸਭ ਭਾਮਨਿ ਜਉ ਮੁਰਲੀ ਨੰਦ ਲਾਲ ਬਜਾਈ।
ਰੀਝ ਰਹੇ ਬਨ ਕੇ ਖਗ ਅਉ ਮ੍ਰਿਗ ਰੀਝ ਰਹੇ ਧੁਨਿ ਜਾ ਸੁਨ ਪਾਈ।
ਚਿਤ੍ਰ ਕੀ ਹੋਇ ਗਈ ਪ੍ਰਿਤਿਮਾ ਸਭ ਸਯਾਮ ਕੀ ਓਰ ਰਹੀ ਲਿਵ ਲਾਈ।
ਨੀਰ ਬਹੈ ਨਹੀਂ ਕਾਨ੍ਹ ਤ੍ਰੀਆ ਸੁਨਕੈ ਤਹਿ ਪਉਨ ਰਹਯੋ ਉਰਝਾਈ ॥੬੩੮॥

ਪਉਨ ਰਹਯੋ ਉਰਝਾਇ ਘਰੀ ਇਕ ਨੀਰ ਨਦੀ ਕੋ ਚਲੈ ਸੁ ਕਛੂ ਨਾ।ਜੇ ਬ੍ਰਿਜ ਭਾਮਨ ਆਈ ਹੁਤੀ ਧਰ ਬਾਸਨ ਅਗ ਬਿਖੈ ਅਰਝੁਨਾ। ਸੋ ਸੁਨ ਕੈ ਧੁਨ ਬਾਂਸਰੀ ਕੀ ਤਨ ਬੀਚ ਰਹੀ ਤਿਨ ਕੇ ਸੁਧ ਹੂ ਨਾ।ਤਾਂ ਸੁਧ ਗੀ ਸੁਰ ਕੇ ਸੁਨ ਹੀ ਰਹਿ ਗੀ ਇਹ ਮਾਨਹੁ ਚਿਤ੍ਰ ਨਮੂਨਾ ॥੬੩੯॥

ਉਪਰਲੀਆਂ ਤੁਕਾਂ ਕਾਵਯ ਕੁਸ਼ਲਤਾ ਦਾ ਨਮੂਨਾ ਹਨ। ਇਨ੍ਹਾਂ ਵਿਚ ਸ਼ਿੰਗਾਰ ਰਸ, ਅਦਭੁਤ ਰਸ, ਤੇ ਸ਼ਾਂਤਿ ਰਸ ਦੀ ਵਸਤੂ ਹੈ। ਗੁਰੂ ਜੀ ਰਸਾਂ ਦੇ ਮੇਲ ਮਿਲਾਪ ਨੂੰ ਖ਼ੂਬੀ ਨਾਲ ਵਰਤਦੇ ਸਨ। ਉਹਨਾਂ ਨੂੰ ਠੀਕ ਪਤਾ ਸੀ ਕਿ ਕਿਹੜੇ ਰਸ ਆਪਸ ਵਿਚ ਵਿਰੋਧੀ ਹਨ, ਉਹਨਾਂ ਇਕ ਥਾਵੇਂ ਇਹ ਗਲ ਮਿਸਾਲ ਦੇ ਤੌਰ ਤੇ ਵਰਤੀ ਹੈ:

ਸੂਮ ਤੇ ਸਿਉ ਜਸ, 'ਬਿਓਗ' ਤੇ ਜਿਉ 'ਰਸ', ਪੂਤ ਕਪੂਤ ਤੇ ਜਿਉ ਬੰਸਿ ਹਾਨ॥

 www.sikhbookclub.com

ਉਹਨਾਂ ਦੀ ਕਾਵਯ ਪਰਖ ਇਤਨੀ ਸੂਖਮ ਸੀ ਕਿ 'ਕੁਕਵਿ' ਦੇ ਕਬਿੱਤ ਸੁਣਕੇ ਜਿਤਨਾ ਉਹਨਾਂ ਨੂੰ ਦੁਖ ਹੁੰਦਾ ਸੀ, ਉਸ ਨੂੰ ਦ੍ਰਿਸ਼ਟਾਂਤ ਦੇ ਤੌਰ ਤੇ ਹੋਰ ਗਲਾਂ ਨੂੰ ਸਿੱਧ ਕਰਨ ਲਈ ਵਰਤਦੇ ਹਨ:

ਜੈਸੇ ਕੋਊ ਸੁਕਬਿ ਕੁਕਬਿ ਤੇ ਕਬਿੱਤ ਸੁਨਿ ਸਭਾ ਬੀਚ ਦੂਖ ਕਰੇ ਮਾਨਤ ਨ ਖਾਤ ਕੋ ॥੧੨੯੫॥

ਗੁਰੂ ਜੀ ਸਾਹਿੱਤ ਦੇ ਅੰਗਾਂ ਦੇ ਗਿਆਤਾ ਸਨ, ਅਲੰਕਾਰਾਂ ਤੋਂ ਛੁਟ ਨਾਇਕਾ ਭੇਦ ਦੇ ਸਿੱਧਾਂਤ ਉਹਨਾਂ ਤੋਂ ਗੁੱਝੇ ਨਹੀਂ ਸਨ। ਉਹਨਾਂ ਦੀ ਬਾਣੀ ਵਿਚੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ੬। ਉਹਨਾਂ ਦੀ ਅਭਿਸਾਰਕਾ ਨਾਇਕਾ ਦੀ ਉੱਜਲ ਮਿਸਾਲ ਮੌਜੂਦ ਹੈ੭।

ਇਹ ਤੁਕਾਂ ਉਸੇ ਪਾਏ ਦੀਆਂ ਹਨ, ਜੋ ਗੁਰੂ ਜੀ ਦੇ ਸਮਕਾਲੀ ਸੁਖਦੇਵ ਮਿਸ਼ਰ ਦੇ ਚੰਦ੍ਰਾ ਭਿਸਾਰਿਕਾ ਦੇ ਉਦਾਹਰਣ ਦੇ ਅੰਤ ਵਿਚ ਆਉਂਦੀਆਂ ਹਨ:

ਜੌਨ੍ਹ ਸੀ ਜੌਨ੍ਹੈ ਗਈ ਮਿਲ ਯੌਂ ਮਿਲ ਜਾਤ ਜਯੋਂ ਦੂਧ ਮੇ ਦੂਧ ਕੀ ਧਾਰ ਹੈ।

ਸੰਸਕ੍ਰਿਤ ਦੇ ਪ੍ਰਾਚੀਨ ਨਾਟਯ ਸ਼ਾਸਤ੍ਰ ਅਨੁਸਾਰ ਸਾਹਿਤ ਦੇ ਕੇਵਲ ਅੱਠ ਰਸ ਮੰਨੇ ਹਨ। ਕਾਵਯ ਪ੍ਰਕਾਸ਼ ਨੇ ਏਸ ਵਿਚ ਸ਼ਾਂਤ ਰਸ ਮਿਲਾਕੇ ਗਿਣਤੀ ਨੌ ਤਕ ਕਰ ਦਿਤੀ। ਪਿਛੋਂ ਜਦ ਸ਼ਿੰਗਾਰ ਪ੍ਰਕਾਸ਼ (ਭੋਜ ਦੇਵ) ਬਣਿਆਂ ਤਾਂ ਰਸਾਂ ਦੀ ਗਿਣਤੀ ਦਸ ਹੋ ਗਈ, 'ਵਤਸਲ' ਰਸ ਸ਼ਾਮਲ ਹੋ ਗਿਆ।

ਕਈ ਸਾਹਿਤ ਪਾਰਖੂ 'ਸ਼ਾਂਤਿ ਰਸ' ਨੂੰ 'ਰਸ' ਸ੍ਵੀਕਾਰ ਨਹੀਂ ਕਰਦੇ, ਪਰ ਗੁਰੂ ਜੀ ਨੇ ਸ਼ਾਂਤਿ ਰਸ ਨੂੰ ਬਤੌਰ ਪੂਰਨ ਰਸ ਦੇ ਅਪਣੀ ਰਚਨਾ ਵਿਚ ਸਫਲਤਾ ਪੂਰਬਕ ਲਿਆਂਦਾ ਹੈ। ਜਿਸ ਮਰਦ ਨੇ ਪ੍ਰਬੋਧ ਚੰਦ੍ਰੋਦਯ ਨਾਟਕ ਲਿਖਿਆ ਸੀ, ਉਹ ਸ਼ਾਂਤਿ ਰਸ ਦਾ ਪੱਖੀ ਸੀ। ਮਲੂਮ ਹੁੰਦਾ ਹੈ, ਇਸੇ ਰਸ ਦੀ ਸਥਾਪਨਾ ਹਿਤ ਉਸ ਦਾ ਗ੍ਰੰਥ ਸੀ। ਗੁਰੂ ਜੀ ਨੇ ਆਪਣੀ

੬ ਯਥਾ: ਕਿਧੌ ਰਾਗ ਮਾਲਾ ਰਚੀ ਰੰਗ ਰੂਪੰ॥ ਕਿਧੌ ਇਸ੍ਤ੍ਰ ਰਾਜਾ ਰਚੀ ਭੂਪ ਭੂਪੰ॥ ਕਿਧੌ ਨਾਗ ਕੰਨਿਆ ਕਿਧੌ ਬਾਸਵੀ ਹੈ॥ ਕਿਧੌਂ ਸੌਖਨੀ ਚਿਤ੍ਰਨੀ ਪਦਮਨੀ ਹੈ॥ ੨੩॥੧੯੧ (ਗਿਆਨ ਪ੍ਰਬੋਧ)

੭ ਸੇਤ ਸਾਜ ਸਾਜ ਚਲੀ ਸਾਂਵਰੇ ਕੀ ਪ੍ਰੀਤਿ ਕਾਜ ਚਾਂਦਨੀ ਮੈਂ ਰਾਧਾ ਮਾਨੋ ਚਾਂਦਨੀ ਸੀ ਹ੍ਵੈ ਗਈ॥੫੩੮॥ (ਕ੍ਰਿਸ਼ਨਾਵਤਾਰ)

 www.sikhbookclub.com

ਪੁਸਤਕ ਨੂੰ 'ਬਚਿੱਤ੍ਰ ਨਾਟਕ' ਦਾ ਨਾਮ ਦਿਤਾ ਹੈ। ਕ੍ਰਿਸ਼ਨਾਵਤਾਰ ਆਦਿਕ ਇਸੇ ਨਾਟਕ ਦੇ ਹਿੱਸੇ ਹਨ। ਏਸ ਵਿਚ ਨਾਟਕ ਦੀ ਕੋਈ ਗੱਲ ਨਹੀਂ, ਪਰ ਏਸ ਨੂੰ ਨਾਟਕ ਕਹਿਣ ਵਿਚ ਕੋਈ ਨ ਕੋਈ ਸਾਰਥਕਤਾ ਜ਼ਰੂਰ ਸੀ। ਉਸ ਜ਼ਮਾਨੇ ਦੇ ਹਿੰਦੀ ਕਵੀ ਰਸ ਦੇ ਨੁਕਤੇ ਤੋਂ ਨਾਟਕ ਵਿਚ ਤੇ ਕਾਵਯ ਵਿਚ ਫਰਕ ਕਰਦੇ ਸਨ। ਉਹਨਾਂ ਦਾ ਖਿਆਲ ਸੀ, ਕਿ ਰਸ ਨਾਟਕ ਦੀ ਚੀਜ਼ ਹੈ; ਕਵਿਤਾ ਦੀ ਆਤਮਾ ਕੇਵਲ ਅਲੰਕਾਰ ਹੀ ਹਨ । ਗੁਰੂ ਜੀ ਅਪਣੇ ਗ੍ਰੰਥ ਨੂੰ ਨਾਟਕ ਕਹਿ ਕੇ ਅਲੰਕਾਰੀ ਕਵੀਆਂ ਤੋਂ ਅਪਣੀ ਬਾਣੀ ਨੂੰ ਵਿਤ੍ਰੇਕ ਵਿਚ ਲੈ ਜਾਂਦੇ ਹਨ। ਉਹ ਰਸ ਦੇ ਪ੍ਰਤਿਪਾਦਕ ਸਨ। ਉਹਨਾਂ ਨੇ ਕ੍ਰਿਸ਼ਨਾਵਤਾਰ ਵਿਚ ਸਾਰੇ ਰਸਾਂ ਨੂੰ ਵਰਤਿਆ ਹੈ। ਸ਼ਿੰਗਾਰ ਰਸ ਦੀ ਚਿਤ੍ਰਕਾਰੀ ਵਿਚ ਕੋਈ ਸੰਜਮ ਨਹੀਂ ਕੀਤਾ। ਖੱਲ੍ਹੀ ਲੁਟ ਲੁਟਾਈ ਹੈ। ਗੋਪੀਆਂ ਦੀ ਖਿੱਚ ਕਿਸ ਤ੍ਰਹਾਂ ਇਕ ਕੁਦਰਤੀ ਕ੍ਰਿਸ਼ਮਾ ਹੈ; ਏਸ ਗਲ ਨੂੰ ਚੁੰਬਕ (Magnet) ਦੀ ਉਪਮਾਂ ਨਾਲ ਦਰਸਾਇਆ ਹੈ, ਯਥਾ:

ਸਯਾਮ ਕਹੈ ਸਭ ਹੀ ਗੁਪੀਆਂ ਹਰਿ ਕੇ ਸੰਗਿ ਡੋਲਤ ਹੈਂ ਸਭ ਹੂਈਆਂ।.......
ਯੌਂ ਉਪਜੀ ਉਪਮਾ ਪਿਖ ਚੁੰਮਕ ਲਾਗੀ ਫਿਰੈ ਤਿਹ ਕੈ ਸੰਗ ਸੂਈਆਂ ।।੫੩੩।।

(ਕ੍ਰਿਸ਼ਨਾਵਤਾਰ)

ਜਦ ਚੁੰਬਕ ਘੁੰਮਦਾ ਹੈ ਉਸ ਦੇ ਨਾਲ ਹੀ ਸਾਰੀਆਂ ਸੂਈਆਂ ਹਿੱਲ ਜਾਂਦੀਆਂ ਹਨ। ਏਸ ਤ੍ਰਹਾਂ ਰਾਸ ਲੀਲ੍ਹਾ ਵਿਚ ਨਚਦੇ ਕ੍ਰਿਸ਼ਨ ਦੇ ਨਾਲ ਸਾਰੀਆਂ ਗੋਪੀਆਂ ਡੋਲ ਰਹੀਆਂ ਹਨ।

ਭਾਗਵਤ ਪੁਰਾਣ ਵਿਚ ਇਹ ਸ਼ੰਕਾ ਉਠਾਈ ਗਈ ਹੈ ਕਿ ਕੀ ਗੋਪੀਆਂ ਦਾ ਮਿਲਣਾ ਵਿਭਚਾਰ ਜਨਕ ਨਹੀਂ ਸੀ ? ਫੇਰ ਏਸ ਪ੍ਰਸ਼ਨ ਦੇ ਉੱਤਰ ਵਿਚ ਅਧਯਾਤਮਿਕ ਨੁਕਤੇ ਤੋਂ ਵਿਚਾਰ ਹੈ। ਹੋਰ ਵੀ ਸੈਂਕੜੇ ਵਿਦਵਾਨਾਂ ਨੇ, ਏਸ ਪਹਿਲੂ ਉਪਰ ਡੂੰਘੇ ਤੇ ਸੂਖਮ ਵਿਚਾਰ ਕੀਤੇ ਹਨ। ਪਰ ਗੁਰੂ ਜੀ ਨੇ ਇਸੇ ਗੱਲ ਦਾ ਉੱਤਰ ਸੁਭਾਵਕਤਾ ਦੀ ਸਾਦਗੀ ਵਿਚ ਦਿਤਾ ਹੈ। ਰਾਮਾਨੁਜ ਵਰਗਾ ਗਯਾਨੀ ਭਗਤ ਰਾਧਾ ਕ੍ਰਿਸ਼ਨ ਦੀ ਜੁਗਲ ਮੂਰਤ ਨੂੰ ਨਹੀਂ ਸੀ ਮੰਨਦਾ। ਉਹ ਵਿਧਿ ਪੂਰਬਕ ਵਿਆਹੁਤਾ ਰੁਕਮਣੀ ਨੂੰ ਹੀ ਕ੍ਰਿਸ਼ਨ ਨਾਲ ਜੋੜਦਾ ਸੀ। ਪਰ ਗੁਰੂ ਜੀ ਨੇ ਰਾਧਾ ਦਾ ਚਿਤ੍ਰ ਜਿਸ ਖੂਬੀ ਨਾਲ ਖਿੱਚਿਆ ਹੈ, ਉਹ ਭਾਵਨਾ ਦੀ ਤੀਬ੍ਰਤਾ ਵਿਚ ਸ੍ਵਕੀਯਾ ਤੇ ਪਰਕੀਯਾ ਦੇ ਭੇਦ ਤੋਂ ਉੱਚਾ ਉਠ ਜਾਂਦਾ ਹੈ। ਕ੍ਰਿਸ਼ਨ ਤੇ ਰਾਧਾ ਜੁਗਲ ਮੂਰਤ ਨਹੀਂ ਰਹਿੰਦੇ, ਉਹ ਅਮੂਰਤ ਰੂਪ ਵਿਚ ਇਕ ਹੋ ਜਾਂਦੇ ਹਨ। ਇਹ ਸਾਰਾ ਕੁਛ ਗੁਰੂ ਜੀ ਨੇ ਕੀਤਾ

 www.sikhbookclub.com

ਹੈ, ਬਾਵਜੂਦ ਇਸ ਗਲ ਦੇ ਕਿ ਜਿਸ ਦਸਮ ਸਕੰਧ ਦਾ ਉਹ ਤਰਜਮਾਂ ਕਰ ਰਹੇ ਹਨ, ਉਸ ਮੂਲ ਗ੍ਰੰਥ ਵਿਚ ਰਾਧਾ ਦਾ ਬਿਰਤਾਂਤ ਉੱਕਾ ਹੀ ਨਹੀਂ ੮।

ਰਾਸ ਲੀਲ੍ਹਾ ਵਿਚ ਕਿਤਨੀ ਕੁ ਲੰਪਟਤਾ ਸੀ, ਕਿਤਨੀ ਕੁ ਕਾਮੁਕਤਾ, ਕਿਤਨੀ ਪਾਪ ਵਾਸ਼ਨਾ, ਇਨ੍ਹਾਂ ਸਾਰੀਆਂ ਸ਼ੰਕਾਵਾਂ ਨੂੰ ਜੋ ਸਦੀਆਂ ਖੰਡਨ ਮੰਡਨ ਦੀ ਬਹਿਸ ਵਿਚ ਲੱਗੀਆਂ ਹੋਈਆਂ ਸਨ, ਗੁਰੂ ਜੀ ਨੇ ਚੁੰਬਕ ਵਲ ਇਸ਼ਾਰਾ ਕਰਕੇ ਸ਼ਾਂਤ ਕਰ ਦਿਤਾ ਹੈ।

ਉਹਨਾਂ ਨੇ ਦੱਸਿਆ ਹੈ ਕਿ ਪਿਆਰ ਦੇ ਵੀ ਦਰਜੇ ਹਨ। ਪਰ ਜਿਤਨਾ ਚਿਰ ਅੰਦਰ ਦੀ ਸੁਭਾਵਕ ਰੁਚੀ ਪ੍ਰਭੂ ਪ੍ਰੇਮ ਵਿਚ ਮੂਰਤਵੰਤ ਨਹੀਂ ਹੁੰਦੀ, ਉਤਨਾ ਚਿਰ ਪ੍ਰਭੂ ਮਿਲਾਪ ਪ੍ਰਾਪਤ ਨਹੀਂ ਹੁੰਦਾ੯। ਬਾਹਰਲੀ ਨਾਚ ਲੀਲ੍ਹਾ ਤਦੇ ਮਨੋਰਥ ਪੂਰਤੀ ਲਈ ਲਾਭਦਾਇਕ ਹੈ, ਜੇ ਅੰਦਰਲਾ ਮਨ ਉਸ ਵਿਚ ਪੂਰਾ ਖਚਿਤ ਹੈ ੧੦। ਕ੍ਰਿਸ਼ਨ ਸ਼ਿੰਗਾਰ ਰਸ ਦਾ ਨਾਇਕ ਹੈ, ਪਰ ਜੁਧ ਵਿਚ ਵੀ ਉਹ ਵੈਸਾ ਹੀ ਕੁਸ਼ਲ ਹੈ। ਗੁਰੂ ਜੀ ਸ਼ਿੰਗਾਰ ਰਸੀ ਨਾਇਕਾਂ ਨੂੰ ਕਿਸ ਤਰ੍ਹਾਂ ਹਰ ਮੌਕੇ ਉਪਰ ਬੀਰ ਰਸੀ ਜੋਧਾ ਬਣਾ ਦੇਂਦੇ ਸਨ। ਏਸ ਕਲਾਕਾਰੀ ਵਿਚ ਗੁਰੂ ਜੀ ਦੀ ਉਪਜਾਊ ਦ੍ਰਿਸ਼ਟੀ ਸਫਲ ਹੁੰਦੀ ਹੈ। ਗੁਰੂ ਜੀ ਦਾ ਕ੍ਰਿਸ਼ਨ ਸ਼ਕਤੀਸ਼ਾਲੀ ਜੋਧਾ ਸੀ, ਜਿਸ ਦੇ ਪੂਰਣ ਵਿਕਾਸ ਲਈ ਉਹ ਰਾਸ ਮੰਡਲ ਤੇ ਜੁੱਧ ਖੇਤ੍ਰ ਰਚਦੇ ਹਨ।

'ਕ੍ਰਿਸ਼ਨਾਵਤਾਰ' ਇਕ ਵਿਸ਼ਾਲ ਝੀਲ ਦੀ ਨਿਆਈ ਹੈ, ਜਿਸ ਵਿਚ ਅਨੇਕ ਕਿਸਮ ਦੀ ਹਰਿਆਈ, ਸਿਵਾਲ, ਤੇ ਜੀਅ ਜੰਤ ਹਨ, ਇਸ ਰਸ ਸਰੋਵਰ ਵਿੱਚੋਂ ਭਾਵ ਕਮਲ ਨਿਕਲੇ ਹੋਏ ਹਨ, ਜਿਨ੍ਹਾਂ ਦੀ ਪ੍ਰਾਗ ਧੂੜੀ ਨੇ ਕਵਿਤਾ ਦੇ ਵਾਯੂ ਮੰਡਲ ਨੂੰ ਸੁਗੰਧਿਤ ਕਰ ਦਿਤਾ ਹੈ।

'ਕ੍ਰਿਸ਼ਨਾਵਤਾਰ' ਮਹਾਂ ਕਾਵਯ ਦਾ ਦਰਜਾ ਰਖਦਾ ਹੈ। ਇਸ ਵਿਚ ਭਾਂਤ ਭਾਂਤ ਦੇ ਮਨੁੱਖੀ ਤਜਰਬੇ ਹਨ। ਇਸ ਵਿਚ ਲੋਭ, ਮੋਹ, ਹੰਕਾਰ, ਈਰਖਾ, ਜੁੱਧ, ਨੀਤੀ, ਧਰਮ,

੮ ਰਾਧਾ ਦਾ ਪਹਿਲੋਂ ਪਹਿਲ ਜ਼ਿਕਰ ਬ੍ਰਹਮ ਵੈਵਰਤ ਪੁਰਾਣ ਵਿਚ ਆਇਆ ਹੈ।

੯ ਅੰਤਰਿ ਕੀ ਰੁਚਿ ਕੈ ਹਰਿ ਸਿਉ ਜਿਹ ਹੇਤ ਕੀਓ ਤਿਨਹ ਹਰਿ ਪਾਯੋ ॥੨੪੮੫॥ (ਕ੍ਰਿਸ਼ਨਾਵਤਾਰ)

੧੦ ਨਾਚ ਨਚਿਓ ਨ ਖਚਿਓ ਤਿਹ ਮੈਂ ਹਰਿ ਲੋਕ ਅਲੋਕ ਕੋ ਪੈਂਡ ਨ ਪਾਯੋ। ਪ੍ਰੇਮ ਬਿਨ ਕਵਿ ਸਯਾਮ ਭਨੈ ਕਰਿ ਕਾਹੂ ਕੇ ਮੈਂ ਬ੍ਰਿਜਨਾਇਕ ਆਯੋ ॥੨੪੮੭॥ (ਕ੍ਰਿਸ਼ਨਵਤਾਰ)

 www.sikhbookclub.com

ਮੋਖਸ਼, ਇਤਿਹਾਸ, ਕੁਦਰਤ ਸਭ ਦਾ ਵਰਨਣ ਹੈ। ਭੁੱਖ, ਦੁਰਾਚਾਰ, ਸਤਿਧਰਮ, ਵੀਭਤਸ, ਗਿਲਾਨੀ, ਗੁੱਸਾ, ਕਾਮ ਤੇ ਸੁੰਦਰਤਾ ਦਾ ਨਗਨ ਦਰਸ਼ਨ ਹੈ। ਕਾਵਯ ਹਰ ਕਿਸਮ ਦੀ ਰੰਗ ਭੂਮੀ ਵਿਚੋਂ ਲੰਘਦਾ ਹੋਇਆ ਆਪਣੇ ਉਦੇਸ਼ ਉੱਤੇ ਅੱਪੜਦਾ ਹੈ। ਉਹ ਉਦੇਸ਼ ਕ੍ਰਿਸ਼ਨ ਉਪਾਸਨਾ ਨਹੀਂ ੧੧। ਅਵਤਾਰਾਂ ਵਿਚੋਂ ਉਹਨਾਂ ਦਾ ਕੋਈ ਵੀ ਇਸ਼ਟ ਦੇਵ ਨਹੀਂ ਸੀ ਚਾਹੇ ਉਹਨਾਂ ਚੌਵੀ ਅਵਤਾਰਾਂ ਨੂੰ ਆਪਣੀ ਲਿਖਤ ਦੇ ਘੇਰੇ ਵਿਚ ਲਿਆ ਹੈ। ਉਹਨਾਂ ਦੀ ਰਚਨਾ ਦੇ ਪਰਵਾਜ਼ ਵਿਚ ਅਨੇਕ ਸੰਪਰਦਾਵਾਂ ਤੇ ਮਤ ਮਤਾਂਤ੍ਰ ਆ ਗਏ ਸਨ। ਉਹ ਸਭ ਨਾਲ ਇਕੋ ਜੇਹਾ ਵਰਤਦੇ ਸਨ। ਏਸੇ ਗਲ ਦਾ ਉਪਦੇਸ਼ ਕਰਦੇ ਸਨ, ਜਿਸ ਨੂੰ ਭਾਈ ਦੇਸਾ ਸਿੰਘ ਨੇ ਅਪਣੇ ਰਹਿਤਨਾਮੇ ਵਿਚ ਐਸ ਤਰ੍ਹਾਂ ਕਿਹਾ ਹੈ:

ਜਗਤ ਮਾਹਿ ਪੰਥ ਹੈਂ ਜੇਤੇ।
ਕਰੈ ਨਿੰਦ ਨਹਿ ਕਬਹੂੰ ਤੇਤੇ।

(ਰਹਿਤਨਾਮਾ ਦੇਸਾ ਸਿੰਘ)

ਉਹ ਸੰਪਰਦਾਈ ਅਵਤਾਰਾਂ ਦੇ ਵਰਣਨ ਵਿਚੋਂ ਕਿਸੇ ਖਾਸ ਪੱਖ ਦੇ ਝੁਕਾਉ ਵਾਲੇ ਨਹੀਂ ਸਨ। ਪਰੰਤੂ ਮਤ ਮਤਾਂਤ੍ਰਾਂ ਦੀ ਅਨੇਕਤਾ ਦੇ ਮਜ਼੍ਹਬੀਅਤ ਪੁਣੇ ਤੋਂ ਉਪਰ ਕਿਸੇ ਸਾਂਝੇ ਸਿੱਧਾਂਤ ਦੇ ਹੱਕ ਵਿਚ ਸਨ। ਉਹਨਾਂ ਦਾ ਪੂਜਯ ਅਕਾਲ ਪੁਰਖ ਵੀ ਫਿਰਕਿਆਂ ਦੇ ਮਜ਼੍ਹਬੀ ਪੁਣੇ ਤੋਂ ਉਪਰ ਸੀ। ਉਹਨਾਂ ਏਸ ਕਰਕੇ ਜਾਪੁ ਸਾਹਿਬ ਵਿਚ ਕਿਹਾ :

ਨਮਸਤੰ ਅਮਜਬੇ ॥ ਨਮਸਤੱਸਤ ਅਜਬੇ ॥ ੧੭ ॥

ਗੁਰੂ ਗੋਬਿੰਦ ਸਿੰਘ ਦੀ ਸਾਹਿੱਤ ਰਚਨਾ ਦਾ ਉਦੇਸ਼ ਇਕ ਐਸੇ ਸਦਾਚਾਰ ਦੀ ਜ਼ਹਿਨੀਅਤ ਨੂੰ ਹੋਂਦ ਵਿਚ ਲਿਆਉਣਾ ਸੀ, ਜੋ ਅਮਲੀ ਮੁਸ਼ਕਲਾਂ ਦੀ ਕਸਵੱਟੀ ਉਪਰ ਕਾਲੀ ਨਾ ਪਵੇ, ਜਿਸਦਾ ਇਸ਼ਾਰਾ ਗੁਰੂ ਨਾਨਕ ਦੇਵ ਜੀ ਆਪ ਕਰ ਗਏ ਸਨ :

ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਅਚਾਰੁ ॥

(ਸਿਰੀ ਰਾਗ ਮਹਲਾ ੧ ਅਸਟ—੧੪)

੧੧ ਕ੍ਰਿਸਨ ਬਿਸਨ ਕਬਹੂੰ ਨਹਿ ਧਿਆਊ ॥


www.sikhbookclub.com

ਸਚ ਆਚਾਰ ਦੀ ਆਖ਼ਰੀ ਪਰਖ ਕੁਰਬਾਨੀ ਦੀ ਕਸਵੱਟੀ ਸੀ, ਉਹਨਾਂ ਦਾ ਸਬਲ ਸਾਹਿਤ ਬਲੀਦਾਨ ਦੀ ਪ੍ਰੇਰਣਾ ਦਾ ਸਾਧਨ ਸੀ। ਏਸ ਨਮਿਤ ਉਹ ਅਪਣੇ ਸਮੇਂ ਦੇ ਕਵੀਆਂ ਦੇ ਪ੍ਰਭਾਵ ਨੂੰ ਗ੍ਰਹਣ ਨਹੀਂ ਕਰਦੇ। ਉਹ ਅਲੰਕਾਰ ਰਚਨ ਦੀ ਪ੍ਰਚਲਤ ਸ਼ੈਲੀ ਨੂੰ ਨਮੂਨਾ ਬਣਾਕੇ ਨਹੀਂ ਵਰਤਦੇ। ਉਹ ਅਪਣੀ ਬਾਣੀ ਨੂੰ ਰਸ ਪ੍ਰਵਾਹਤ ਕਰਕੇ ਪ੍ਰਾਚੀਨਤਾ ਵਿਚ ਨਵੀਨਤਾ ਦੀ ਜਿੰਦ ਭਰਦੇ ਹਨ। ਉਹ ਜੜ੍ਹ ਨੂੰ ਚੇਤਨ ਕਰ ਦੇਂਦੇ ਹਨ। ਚੇਤਨ ਨੂੰ ਨਿਰਭਯ ਬਣਾ ਦੇਂਦੇ ਹਨ। ਨਿਰਭਯ ਨੂੰ ਧਰਮ ਜੁੱਧ ਦੇ ਚਾਉ ਨਾਲ ਖੀਵਾ ਕਰ ਦੇਂਦੇ ਹਨ, ਜਿਸ ਦਵਾਰਾ ਅਮਲਦਾਰੀ ਦਾ ਨਕਸ਼ਾ ਬਦਲਿਆ ਜਾਂਦਾ ਹੈ। ਏਸ ਉਦੇਸ਼ ਨੂੰ ਮੁੱਖ ਰੱਖਕੇ ਉਹਨਾਂ ਖੁੱਲ੍ਹਮ ਖੁੱਲ੍ਹਾ ਕਿਹਾ ਸੀ:

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ ॥<br>
ਅਵਰ ਬਾਸਨਾ ਨਾਂਹਿ ਪ੍ਰਭ ਧਰਮ ਜੁੱਧ ਕੇ ਚਾਇ ॥<br>
(ਕ੍ਰਿਸ਼ਨਾਵਤਾਰ–੨੪੮੯)

# ਹਜ਼ੂਰੀ ਕਵੀ

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਪੜ੍ਹਕੇ ਤਸੱਲੀ ਹੋ ਜਾਂਦੀ ਹੈ, ਕਿ ਆਪ ਸਿਰਮੌਰ ਕਵੀ ਸਨ, ਵਿੱਦਿਆ ਵਿਚ ਪੂਰੀ ਗੰਮਤਾ ਸੀ ਤੇ ਸਾਹਿੱਤ ਦਾ ਇਤਨਾ ਸ਼ੌਕ ਸੀ ਕਿ ਨਾ ਨਿਰਾ ਆਪ ਨੇ ਹੀ ਇਕ ਭਾਰੀ ਸਾਹਿੱਤਯ ਪੈਦਾ ਕੀਤਾ ਸਗੋਂ ਗੁਣੀਆਂ ਪਾਸੋਂ ਭੀ ਸਾਹਿੱਤਯ ਤਿਆਰ ਕਰਵਾਇਆ। ਮਹਾਂ ਭਾਰਥ ਦੇ ਇਕ ਇਕ ਪਰਬ ਦੇ ਟੀਕੇ ਲਈ ਸੱਠ ਸੱਠ ਹਜ਼ਾਰ ਰੁਪੱਯਾ ਉਲਥਾਕਾਰਾਂ ਨੂੰ ਦਿਤਾ। ਆਪ ਦੀ ਇਹ ਗੁਣੀਆਂ ਦੀ ਕਦਰ ਦੀ ਅਵਾਈ ਦੇਸ ਪਰਦੇਸ ਵਿਚ ਐਸੀ ਫੈਲ ਗਈ ਸੀ ਕਿ ਦੂਰ ਦੂਰ ਤੋਂ, ਜ਼ੁਲਮ ਤੋਂ ਪੀੜਤ ਹੋਏ ਗੁਣੀ, ਚਾਹੇ ਉਹ ਕਿਸੇ ਮਤ ਦੇ ਸਨ, ਆਕੇ ਆਪ ਦੀ ਸ਼ਰਨ ਵਿਚ ਹੋਕੇ ਸੁਖੀ ਹੋਏ ਤੇ ਉਹਨਾਂ ਦੀ ਸ਼ਾਰਦਾ ਨੇ ਆਪਣੇ ਜੋਬਨ ਦਿਖਾਏ।

ਇਨ੍ਹਾਂ ਗੁਣੀਆਂ ਦੀ ਗਿਣਤੀ ਆਮ ਤੌਰ ਤੇ ੫੨ ਪ੍ਰਸਿੱਧ ਹੈ। ਇਨ੍ਹਾਂ ਨੂੰ ਹਜ਼ੂਰੀ ਕਵੀ ਕਿਹਾ ਜਾਂਦਾ ਸੀ, ਇਨ੍ਹਾਂ ਦੇ ਜੋ ਨਾਮ ਇਸ ਵੇਲੇ ਇਤਿਹਾਸਾਂ ਵਿਚੋਂ ਮਿਲਦੇ ਹਨ, ਉਹਨਾਂ ਦੀ ਸੂਚੀ ਇਹ ਹੈ :

ਉਦੇ ਰਾਇ, ਅਣੀਰਾਇ, ਅੱਲੂ, ਆਸਾ ਸਿੰਘ, ਆਲਮ, ਅਲੀ ਹੁਸੈਨ, ਅੰਮ੍ਰਿਤ ਰਾਇ, ਈਸ਼ਰ, ਸ਼ਾਰਦਾ, ਸਿਆਮ, ਸੁਖਾ ਸਿੰਘ, ਸੁਖਦੇਵ, ਸੁਖੀਆ, ਸੁਦਾਮਾ, ਸੁੰਦਰ,

 www.sikhbookclub.com

ਸੈਨਾਪਤ, ਸੋਹਨ, ਹੀਰ, ਹੰਸ ਰਾਮ, ਕਲੂਆ, ਕੁਵਰੇਸ਼, ਖਾਨ ਚੰਦ, ਗੁਣੀਆਂ, ਗੁਰਦਾਸ, ਚੰਦਨ, ਚੰਦਾ, ਟਹਿਕਣ, ਦਯਾ ਸਿੰਘ, ਧਰਮ ਸਿੰਘ, ਧਿਆਨ ਸਿੰਘ, ਧੰਨਾ ਸਿੰਘ, ਨਾਨੂੰ, ਨਿਸਚਲ ਦਾਸ, ਨਿਹਾਲ ਚੰਦ, ਨੰਦ ਨਾਲ, ਨੰਦ ਸਿੰਘ, ਪਿੰਡੀ ਲਾਲ, ਬੱਲਭ, ਖੱਲੂ, ਬਿਧੀ ਚੰਦ, ਬ੍ਰਿਖਾ, ਬ੍ਰਿਜ ਲਾਲ, ਬੁਲੰਦ, ਮਥੁਰਾ, ਮਦਨ ਸਿੰਘ, ਮੱਲੂ, ਮਾਨ ਦਾਸ, ਮਾਲਾ ਸਿੰਘ, ਮੰਗਲ ਰਾਮ, ਰਾਵਲ, ਰੌਸ਼ਨ ਸਿੰਘ , ਲੱਖਾ।

ਏਸ ਫਹਿਰਿਸਤ ਵਿਚ ਬਹੁਤੇ ਐਸੇ ਹਨ, ਜਿਨ੍ਹਾਂ ਦੇ ਕੇਵਲ ਨਾਮ ਹੀ ਹਨ, ਨਾ ਉਹਨਾਂ ਦੇ ਕੋਈ ਜੀਵਨ ਸਮਾਚਾਰ ਲੱਭਦੇ ਹਨ ਤੇ ਨਾ ਹੀ ਕੋਈ ਕਵਿਤਾ ਦਾ ਨਮੂਨਾ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਕਵੀਆਂ ਦੇ ਕਵਿਤਾ ਦੇ ਨਮੂਨੇ ਤੇ ਕੁਝ ਥੋੜਾ ਬਹੁਤ ਨਿੱਜੀ ਹਾਲ ਪ੍ਰਾਪਤ ਹੈ, ਉਹ ਕੇਵਲ ਅਠਾਰਾਂ ਹਨ, ਜਿਨ੍ਹਾਂ ਦੇ ਨਾਮ ਇਹ ਹਨ।

ਆਸਾ ਸਿੰਘ, ਆਲਮ, ਅੰਮ੍ਰਿਤ ਰਾਇ, ਸ਼ਾਰਦਾ, ਸੁਦਾਮਾ, ਸੁੰਦਰ, ਸੈਣਾ, ਸੈਨਾਪਤ, ਹੀਰ, ਹੰਸਰਾਮ, ਕੁਵਰੇਸ਼, ਚੰਦਨ, ਟਹਿਕਣ, ਧੰਨਾ ਸਿੰਘ, ਨੰਦ ਲਾਲ, ਮੰਗਲ, ਰੌਸ਼ਨ ਸਿੰਘ ਤੇ ਲੱਖਾ।

ਇਨ੍ਹਾਂ ਅਠਾਰਾਂ ਵਿਚੋਂ ਫਿਰ ਅੱਠ ਹਨ, ਜਿਨ੍ਹਾਂ ਦੇ ਕੀਤੇ ਹੋਏ ਸੰਸਕ੍ਰਿਤ ਗ੍ਰੰਥਾਂ ਦੇ ਉਲੱਥੇ ਜਾਣੇ ਗਏ ਹਨ। ਉਹਨਾਂ ਦੇ ਨਾਮ ਇਹ ਹਨ :

ਆਲਮ੧੨, ਅੰਮ੍ਰਿਤ ਰਾਇ੧੩, ਸੈਨਾਪਤ੧੪, ਹੰਸਰਾਮ੧੫, ਕੁਵਰੇਸ਼੧੬, ਟਹਿਕਣ੧੭, ਮੰਗਲ੧੮, ਲੱਖਾ੧੯। ਇਨ੍ਹਾਂ ਤੋਂ ਛੁਟ ਫੇਰ ਨਾਮ ਨੰਦ ਲਾਲ ਜੀ ਦੀ ਦਾ ਹੈ, ਜਿਸ ਦੀ ਫਾਰਸੀ ਸ਼ਾਇਰੀ ਬਹੁਤ ਪ੍ਰਸਿੱਧੀ ਵਾਲੀ ਹੈ :—

੧੨ ਸਿਆਮੀ ਸਨੇਹੀ (ਯੂਨੀਵਰਸਟੀ ਲਾਇਬ੍ਰੇਰੀ, ਲਾਹੌਰ), ਮਾਧਵਾਨਲ ਕਾਮਕੰਦਲਾ।
੧੩ ਉਲਥਾ ਸਭਾ ਪਰਵ (ਪਟਿਆਲਾ ਲਾਇਬ੍ਰੇਰੀ ਨੰ: ੧—੫)।
੧੪ ਉਲਥਾ ਚਾਣਾਕੈ (ਨੀਤਿ ਗ੍ਰੰਥ)।
੧੫ ਉਲਥਾ ਕਰਣ ਪਰਵ (ਪਟਿਆਲਾ ਲਾਇਬ੍ਰੇਰੀ)।
੧੬ ਦ੍ਰੋਣ ਪਰਵ (ਪਟਿਆਲਾ ਲਾਇਬ੍ਰੇਰੀ)।
੧੭ ਅਸ਼੍ਵਮੇਧ ਭਾਖਾ (ਛਪ ਚੁਕਾ ਹੈ)।
੧੮ ਸਲਯ ਪਰਬ (ਪਟਿਆਲਾ ਲਾਇਬ੍ਰੇਰੀ)।
੧੯ ਹਿਤੋਪਦੇਸ਼।


www.sikhbookclub.com

# ਵਿਸ਼ੇਸ਼ ਹਾਲ
# ਅਣੀ ਰਾਇ

ਪੁਸਤਕ ਜੰਗਨਾਮਾ ਗੁਰੂ ਗੋਬਿੰਦ ਸਿੰਘ, ਛੋਟੀ ਜੇਹੀ ਰਚਨਾ ਦੀ ਲਿਖਤੀ ਕਾਪੀ ਮਹਾਰਾਜਾ ਪਟਿਆਲਾ ਦੇ ਨਿੱਜੀ ਪੁਸਤਕਾਲਯ ਵਿਚ ਹੈ।

ਕਵਿਤਾ ਦਾ ਨਮੂਨਾ:

੧. ਪਾਯੋ ਜੈਤ ਪੱਤ੍ਰ, ਸਤ ਪੱਤ੍ਰ ਜਿਉਂ ਪੁਰਾਣੇ ਭਏ, ਏਕ ਉਡ ਗਏ ਏਕ ਪਵਨ ਉਡਾਤ ਹੈ। ਫੂਲੇ ਸੁਖ ਫਲ ਸੂਲ ਉਠੇ ਉਰ ਅਰਿਨ ਕੇ, ਚਾਹਤ ਅਰਨੁ ਸੁ ਅਰਨ ਬਿਲਲਾਤ ਹੈ। ਪਾਯੋ ਫਲ ਪ੍ਰਗਟ ਪ੍ਰਤਾਪ ਪਾਤਸ਼ਾਹੀ ਕੋ ਸੁ ਜੋਧਾ ਸ੍ਰੀ ਗੁਬਿੰਦ ਰਸ ਕੀਰਤ ਚੁਚਾਤ ਹੈ। ਸੂਰਜ ਕੀ ਲਾਜ ਮੁਖ ਪਾਨਪ ਸਮਾਜ ਆਜ, ਤੇਰੀ ਤਰਵਾਰ ਰਿਤੁਰਾਜ ਬਖਯਾਤ ਹੈ।

ਅਰਥਾਤ—ਫਤਹ ਦੇ (ਨਿਤ ਨਵੇਂ) ਪੱਤੇ ਨਿਕਲ ਰਹੇ ਹਨ, ਵੈਰੀ ਪੁਰਾਣੇ ਪੱਤਿਆਂ ਵਰਗੇ ਹੋ ਗਏ ਹਨ; ਕਈ ਝੜ ਚੁਕੇ ਹਨ, ਕਈਆਂ ਨੂੰ ਹਵਾ ਹੁਣ ਉਡਾ ਰਹੀ ਹੈ। (ਇਧਰ) ਸੁਖਾਂ ਦੇ ਫੁੱਲ ਖਿੜ ਪਏ ਹਨ (ਦੂਜੇ ਪਾਸੇ) ਵੈਰੀਆਂ ਦੇ ਹਿਰਦਿਆਂ ਵਿਚ ਦਿਆਂ ਵਿਚ ਸੂਲਾਂ ਉੱਗ ਰਹੀਆਂ ਹਨ। (ਵੈਰੀ ਜੋ ਆਪ ਨਾਲ) ਅੜਨਾ ਚਾਹੁੰਦੇ ਸਨ (ਉਹਨਾਂ ਦਾ ਸਾਰਾ) ਬਨ ਹੀ (ਹੁਣ) ਵਿਰਲਾਪ ਕਰ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੋਧੇ ਨੇ ਪਾਤਸ਼ਾਹੀ ਦੇ ਪ੍ਰਤਾਪ ਦਾ ਪ੍ਰਗਟ ਫਲ ਪਾ ਲਿਆ ਹੈ ਤੇ (ਉਹਨਾਂ ਦੀ) ਕੀਰਤੀ ਦਾ ਰਸ ਚੋ ਰਿਹਾ ਹੈ। (ਗੁਰੂ ਜੀਓ!) ਅਜ ਐਸਾ ਸਮਾਜ ਆ ਬਣਿਆਂ ਹੈ ਕਿ (ਆਪ ਦੇ) ਮੁਖ ਦੀ ਸ਼ੋਭਾ (ਨੂੰ ਤੱਕ ਕੇ) ਸੂਰਜ ਸ਼ਰਮਿੰਦਾ ਹੋ ਰਿਹਾ ਹੈ। ਆਪ ਦੀ ਤਲਵਾਰ ਪ੍ਰਗਟ ਹੀ ਬਸੰਤ ਰਿਤੂ ਹੈ।

੨. ਸੱਤੇ ਧਾਰਾਂ[੨੦] ਧਾਈਆਂ ਚੜ ਵੱਡੇ ਰਾਜੇ। ਖੇਤ ਮਚਾਇਆ ਸੂਰਮੇ ਦਲ

੨੦ ਸੱਤਾਂ ਪਹਾੜਾਂ ਦੀਆਂ ਰਿਆਸਤਾਂ।

 www.sikhbookclub.com

ਮਾਰੂ ਵਾਜੇ। ਝੰਡੇ ਨੇਜੇ ਬੈਰਕਾ੨੧ ਤਨ ਪਾਖਰ੨੨ ਸਾਜੇ। ਨਾਰਦ ਤੁੰਦ੨੩ ਬਜਾਇਆ ਬੀਰਤਾ ਕਟ ਖਾਜੇ। ਕਲ ਨੱਚੀ ਮੁਹ ਜੁੱਟਿਆ ਸੁਣ ਕਾਇਰ ਭਾਜੇ। ਤੇਗ ਸਰਾਹੀ ਸਿੰਘ ਦੀ ਜਿਨ ਸਭੈ ਰਾਜੇ। ਸੌਹੇ ਹੋਯਾ ਖਾਲਸਾ ਜਿਨ ਗੇਵਰ ਗਾਜੇ। ਫਤਹ ਕਰੀ ਸ੍ਰੀ ਸਾਹਿਬਾ ਜਗ ਮੈਂ ਜਸ ਛਾਜੇ॥ ੬੩॥

ਅਣੀ ਰਾਇ ਦੇ ਜੀਵਨ ਸਮਾਚਾਰ ਅਪ੍ਰਾਪਤ ਹਨ।

# ਭਾਈ ਲੱਖਣ (ਲੱਖਾ)

ਹਜ਼ੂਰੀ ਕਵੀਆਂ ਦੀ ਸੂਚੀ ਵਿਚ ਇਕ ਕਵੀ ਦਾ ਨਾਮ 'ਲੱਖਾ' ਯਾ 'ਲੱਖਣ' ਹੈ। ਇਸ ਬਾਰੇ ਭਾਵੇਂ ਵਿਸ਼ੇਸ਼ ਹਾਲ ਨਹੀਂ ਮਿਲਦੇ ਪਰ ਇਸੇ ਦੇ ਸਮਕਾਲੀ ਤੇ ਮਿਤ੍ਰ ਕਵੀ ਲਾਹੌਰ ਵਾਸੀ 'ਤਨਸੁਖ' ਦੀ ਰਚਨਾ 'ਹਿਤ ਉਪਦੇਸ਼ ਭਾਖਾ' ਵਿਚੋਂ ਟੂਕ ਮਾਤ੍ਰ ਕੁਝ ਪਤਾ ਚਲਦਾ ਹੈ।

ਤਨਸੁਖ ਤੇ ਲੱਖਣ ਦੋਨੋਂ ਸਮਕਾਲੀ ਤੇ ਮਿਤ੍ਰ ਕਵੀ ਹਨ, ਇਸ ਲਈ ਅਸੀਂ ਇਥੇ ਦੋਹਾਂ ਦਾ ਹੀ ਕੁਝ ਸਮਾਚਾਰ ਰਲਵਾਂ ਅਗੇ ਦਿੰਦੇ ਹਾਂ।

ਤਨਸੁਖ ਆਪਣੀ ਲਿਖਤ ਵਿਚ ਦੱਸਦਾ ਹੈ ਕਿ ਲੇਖਕ ਤਨਸੁਖ ਕਵੀ ਲਾਹੌਰ ਦਾ ਵਾਸੀ ਹੈ ਪਰ ਹੁਣ ਥੰਭੌਰ ਆਕੇ ਟਿਕ ਗਿਆ ਹੈ। ਇਸ ਦੇ ਤ੍ਰੈ ਪੁੱਤ੍ਰ ਹਨ, ਇਕ ਛੋਟਾ ਹੈ ਤੇ ਦੋ ਵੱਡੇ ਹਨ, ਜੋ ਚੰਗੇ ਸਿਆਣੇ ਹਨ, ਤੇ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਸੇਵਾ ਵਿਚ ਰਹਿੰਦੇ ਹਨ :

ਤਨਸੁਖ ਛਤ੍ਰੀ ਬਸੈ ਲਹੌਰ। ਕਰਮ ਰੇਖ ਆਯੋ ਥੰਭੌਰ।
ਸੁਤ ਪੁਨ ਤਾਂਕੇ ਅਹੈਂ ਜੁ ਤੀਨ। ਇਕ ਛੋਟੋ ਦੁਇ ਬਡੇ ਪ੍ਰਬੀਨ।
ਤੇ ਭੀ ਸੇਵਾ ਗੁਰ ਕੀ ਕਰੈਂ। ਨਿਸ ਬਾਸੁਰ ਗੁਰ ਬਚਨ ਉਚਰੈਂ।

੨੧ ਝੰਡੀਆਂ।
੨੨ ਸੰਜੋਅ।
੨੩ ਪੇਟ। (ਅ) ਤੇਜ਼।

 www.sikhbookclub.com

ਉਸ ਦੀ ਕਵਿਤਾ ਦੱਸਦੀ ਹੈ ਕਿ ਗੁਰੂ ਜੀ ਦੇ ਸਿਦਕ ਦੀ ਸੁਗੰਧੀ ਨਾਲ ਤਨਸੁਖ ਦਾ ਮਨ ਮੰਦਰ ਬੀ ਮਹਿਕਿਆ ਹੋਇਆ ਸੀ :

ਦੋਹਰਾ—

ਤਨਸੁਖ ਮਨ ਇਛਾ ਇਹੈ ਬਿਨਤਿ ਕਰੈ ਕਰ ਜੋਰ ।
ਦੀਜੈ ਦਰਸਨੁ ਆਪਣਾ ਡਾਰਹੁ ਬੰਧਨ ਤੋਰਿ ।।

ਛੰਦ—ਕਹਤ ਗੁਨ ਹਾਰ੍ਯਿਓ ਬ੍ਰਹਮਾ ਇਕ ਤਿਲ ਤਾਕਾ ਮਰਮ੨੪ ਨ ਪਾਇਆ । ਸ਼ੇਸ਼ ਸਹਸ ਫਨ ਨਾਮ ਉਚਾਰਤ ਗਨਤ ਗਨਤ ਤਿਹ ਅੰਤ ਨ ਪਾਇਆ । ਇੰਦ੍ਰਾਦਿਕ ਸੁਰ ਮੁਨਿ ਜਨ ਜੇਤੇ ਹੇਰਤ ਹੇਰਤ ਸਭੈ ਹਿਰਾਇਆ੨੫। ਗੁਰ ਗੋਬਿੰਦ ਸਿੰਘ ਅੰਤਰਜਾਮੀ ਪ੍ਰਗਟ ਦਰਸ ਸੰਗਤ ਦਿਖਰਾਇਆ । ਕਲਜੁਗ ਮਾਂਹਿ ਭਯੋ ਗੁਰ ਗੋਬਿੰਦ ਜਿਹ ਸਮ ਦੂਸਰ ਅਵਰ ਨ ਕੋਈ । ਰਿਧਿ ਸਿਧਿ ਦੋਊ ਦਰ ਠਾਂਢੀ ਨਿਸਬਾਸਰ ਤਿਹ ਆਗਿਆ ਜੋਈ੨੬ । ਮੁਕਤਿ ਬੰਧ ਤਿਹ ਆਇਸੁ ਮਾਂਹੀ ਤਾਤਕਾਲ ਜੋ ਕਰੇ ਸੁ ਹੋਈ ।। ਤਨਸੁਖ੨੭ ਹੋਇ ਦਰਸ ਦੇਖਤ ਹੀ ਦੇਹੁ ਦਰਸ ਦੁਖ ਰਹੈ ਨ ਕੋਈ ।। ੧੨ ।।

ਦਰਸ਼ਨ ਦੀ ਇਸ ਤੀਬ੍ਰ ਲਾਲਸਾ ਵਾਲੇ ਤਨਸੁਖ ਨੇ ਜਾਪਦਾ ਹੈ ਕਿ ਸੁਖ ਸਾਗਰ ਸਤਿਗੁਰੂ ਦੇ ਦਰ ਹਾਜ਼ਰ ਹੋਕੇ ਦਰਸ਼ਨ ਅੰਮ੍ਰਿਤ ਪੀਤਾ ਹੈ ।

ਤਨਸੁਖ ਨੇ ਫੇਰ ਕਿਹਾ ਹੈ:

ਸੋਰਠਾ—

ਜੋ ਆਯੋ ਇਹ ਪੰਥ ਜਨਮ ਮਰਨ ਦੁਹੁ ਤੇ ਰਹਯੋ ।
ਮਿਲਯੋ ਜਾਇ ਭਗਵੰਤ ਸਭ ਬਿਧਿ ਪੂਰਨ ਆਸ ਤਿਹ ।

੨੪ ਭੇਤ ।
੨੫ ਹਾਰ ਗਏ ਯਾ ਹੈਰਾਨ ਹੋ ਗਏ ।
੨੬ ਦੇਖਦੀਆਂ, ਉਡੀਕਦੀਆਂ ਹਨ ।
੨੭ ਸਰੀਰ ਨੂੰ ਸੁਖ ।

 www.sikhbookclub.com

ਮਾਲੂਮ ਹੁੰਦਾ ਹੈ ਕਿ ਤਨਸੁਖ ਤੇ ਲੱਖਣ ਦੀ ਮਿੱਤ੍ਰਤਾ ਬੀ ਏਸੇ ਹਜ਼ੂਰੀ ਦੇ ਕਾਰਨ ਹੀ ਹੋਈ ਹੈ।

ਤਨਸੁਖ ਦੀ ਰਚਨਾ 'ਹਿਤ ਉਪਦੇਸ਼ ਭਾਖਾ', ਜਿਸ ਦਾ ਅਸੀਂ ਉਪਰ ਜ਼ਿਕਰ ਕਰ ਆਏ ਹਾਂ, ਸਤਿਗੁਰੂ ਜੀ ਦੇ ਸਮੇਂ ਸੰਮਤ ੧੭੪੧ ਵਿਚ ਹੋਈ ਹੈ। ਤਨਸੁਖ ਨੇ ਆਪ ਇਹ ਸੰਮਤ ਦਿਤਾ ਹੈ:

ਸੰਮਤ ਸੱਤ੍ਰਹ ਸੈ ਇਕਤਾਲੀਸ। ਔਰੰਗਜ਼ੇਬੀ ਸਨ ਸਤਾਈਸ।

ਇਸ ਪੁਸਤਕ ਦੀ ਭੂਮਕਾ ਵਿਚ ਜੋ ਜ਼ਿਕਰ ਤਨਸੁਖ ਨੇ ਭਾਈ ਲੱਖਣ ਦਾ ਕੀਤਾ ਹੈ, ਉਹ ਦੱਸਦਾ ਹੈ ਕਿ ਕਵੀ ਲੱਖਣ ਸਤਿਗੁਰੂ ਜੀ ਦੀ ਹਜ਼ੂਰੀ ਵਿਚ ੧੭੪੧ ਤੋਂ ਭੀ ਪਹਿਲੋਂ ਦਾ ਮੌਜੂਦ ਸੀ ਤੇ ਇਸ ਵੇਲੇ ਤਕ ਉਸ ਨੇ ਸੰਸਕ੍ਰਿਤ ਗ੍ਰੰਥ ਪੰਚ ਤੰਤ੍ਰ ਦਾ ਅਨੁਵਾਦ ਭਾਸ਼ਾ ਦੇ ਦੋਹਰੇ ਸੋਰਠਿਆਂ ਵਿਚ ਕਰ ਲਿਆ ਹੋਇਆ ਸੀ।

ਭਾਈ ਲੱਖਣ ਇਕੱਲਾ ਹੀ ਨਹੀਂ, ਅਪਣੇ ਵੱਡੇ ਭਰਾ 'ਭੋਜਰਾਜ' ਸਮੇਤ ਗੁਰੂ ਹਜ਼ੂਰੀ ਵਿਚ ਰਹਿੰਦਾ ਸੀ। ਇਹ ਦੋਵੇਂ ਭਰਾ ਬੜੇ ਚਤੁਰ ਤੇ ਵਿਦਵਾਨ ਸਨ, ਪਰ ਲੱਖਣ ਦੁਹਾਂ ਵਿਚੋਂ ਵਿਸ਼ੇਸ਼ ਤੇ ਪ੍ਰਬੀਨ ਕਵੀ ਸੀ। ਇਨ੍ਹਾਂ ਦੇ ਪਿਤਾ ਦਾ ਨਾਮ ਸੀ ਬੀਕ ਚੰਦ ਤੇ ਜ਼ਾਤ ਦੇ ਸਨ ਰਾਜਪੂਤ। ਕਿਥੋਂ ਦੇ ਰਹਿਣ ਵਾਲੇ ਸਨ ? ਤਨਸੁਖ ਨੇ ਇਹ ਪਤਾ ਨਹੀਂ ਦਿਤਾ:

ਭੋਜਰਾਜ ਅਉ ਭਾਈ ਲੱਖਣ। ਚਾਤੁਰ ਦੋਊ ਬੜੇ ਬਿਚੱਖਣ੨੮। ਬੀਕ ਚੰਦ ਕੇ ਦੋਊ ਸਪੂਤ। ਕੁਲ ਕੁਲਵੰਤੇ ਹੈਂ ਰਜਪੂਤ। ਲੱਖਣ ਕਵਿਤਾ ਮੈਂ ਪਰਬੀਨ। ਹਿਤ ਉਪਦੇਸ਼ ਭਾਸ਼ਾ ਤਿਹ ਕੀਨ। ਗੁਰ ਕੀ ਸੇਵਾ ਮਾਂਹਿ ਰਹਾ ਹੀਂ। ਅਧਿਕ ਪ੍ਰੀਤ ਦੁਹਿੰ ਭੱਯਨ ਮਾਂਹੀ।

ਸੋਰਠਾ—

ਪੰਡਤ ਦੋਊ ਸਿਆਨ ਕੋਵਿਦ੨੯ ਚਤੁਰ ਪ੍ਰਬੀਨ ਅਤਿ।
ਬਾਰਧ ਬੁਧਿ੩੦ ਬਖਾਨ ਤਾਂ ਮੈਂ ਲੱਖਣ ਸਕਲ ਸੁਧ।

੨੮ ਚਤੁਰ।
੨੯ ਪੰਡਤ, ਵਿਦਵਾਨ।
੩੦ ਬੁੱਧੀ ਦਾ ਸਾਗਰ ! ਸਿਆਣਾ।

 www.sikhbookclub.com

ਕਵੀ ਲੱਖਣ ਨੇ ਸੰਸਕ੍ਰਿਤ ਦੇ ਪੰਚ ਤੰਤ੍ਰ ਗ੍ਰੰਥ ਦਾ ਅਨੁਵਾਦ ਕੀਤਾ ਤੇ ਉਸ ਦਾ ਨਾਮ ਹਿਤ ਉਪਦੇਸ਼ ਭਾਸ਼ਾ ਰਖਿਆ। ਏਥੇ ਗੁਰੂ ਹਜ਼ੂਰੀ ਵਿਚ ਹੀ ਤਨਸੁਖ ਦੇ ਦੋ ਪੁਤ੍ਰ ਬੀ ਸਨ ਤੇ ਉਹ ਬੀ ਚਤੁਰ ਸਿਆਣੇ ਤੇ ਗੁਣੀ ਦੇ ਪੁਤਰ ਹੋਣ ਕਰਕੇ ਲੱਖਣ ਦੇ ਸਹਯੋਗ ਵਿਚ ਸਨ। ਲੱਖਣ ਨੇ ਆਪਣੀ ਰਚਨਾ ਦੀ ਇਕ ਪੋਥੀ ਤਨਸੁਖ ਦੇ ਪੁੱਤ੍ਰਾਂ ਦੇ ਹੱਥ ਆਪਣੇ ਮਿਤ੍ਰ ਤਨਸੁਖ ਨੂੰ ਰਣ ਥੰਭੋਰ ਪੁਰਸਕਾਰ ਵਜੋਂ ਭੇਜੀ।

ਤਿਨ ਕੋ ਪੋਥੀ ਦਈ ਪਠਾਈ। ਰਣ ਥੰਭੋਰ ਤਨਸੁਖ ਪੈ ਆਈ। ਜਿਸ ਨੂੰ ਪੜ੍ਹਕੇ ਤਨਸੁਖ ਬੜਾ ਹੀ ਪ੍ਰਸੰਨ ਹੋਇਆ, ਇਸ ਲਈ ਕਿ ਇਸ ਵਿਚ ਰਾਜਨੀਤੀ ਨਾਲ ਬ੍ਰਹਮ ਗਿਆਨ ਬੀ ਸੀ।

ਸੋਰਠ ਦੋਹਰਾ ਕੀਨ ਬਖਾਨ। ਰਾਜਨੀਤਿ ਔ ਬ੍ਰਹਮ ਗਿਆਨ।

ਇਸ ਪੋਥੀ ਨੇ ਤਨਸੁਖ ਨੂੰ ਬੜਾ ਹੀ ਉਤਸ਼ਾਹ ਦਿਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਤਨਸੁਖ ਨੇ ਬੀ ਕਲਮ ਫੜ ਲਈ ਤੇ ਉਸੇ ਪੰਚ ਤੰਤ੍ਰ ਦਾ ਭਾਸ਼ਾ ਟੀਕਾ ਕਰ ਦਿਤਾ। ਫਰਕ ਇਹੋ ਜਾਪਦਾ ਹੈ ਕਿ ਲੱਖਣ ਦੀ ਰਚਨਾ ਸੋਰਠੇ, ਦੋਹਰੇ ਵਿਚ ਸੀ ਤੇ ਤਨਸੁਖ ਨੇ ਦੋਹਰੇ ਚੌਪਈ ਤੇ ਹੋਰ ਭਾਂਤ ਭਾਂਤ ਦੇ ਛੰਦਾਂ ਵਿਚ ਕਹ ਦਿਤੀ ਤੇ ਮੁਕੰਮਲ ਕਰਕੇ ਨਾਮ ਇਸ ਨੇ ਬੀ 'ਹਿਤ ਉਪਦੇਸ਼ ਭਾਖਾ' ਰਖ ਦਿਤਾ।

ਦੇਖਤ ਤਾਕੋ ਮਨ ਮੈ ਆਈ। ਕੀਜੈ ਇਹ ਦੋਹਾ ਚਉਪਾਈ।

ਦੋਹਰਾ—

ਜੈਸੀ ਹਿਰਦੇ ਬੁਧਿ ਹੀ ਤੈਸੇ ਕਹਾ ਸੁਨਾਇ।
ਅਛਰ ਕੀ ਜਹਿ ਟੂਟ ਹੁਇ ਪੜ੍ਹੀਅਹੁ ਗੁਨੀ ਬਨਾਇ।
ਪੰਚ ਤੰਤ੍ਰ ਇਕ ਗ੍ਰੰਥ ਹੈ ਤਾਂਤੇ ਕਹੀ ਸੁਧਾਰ।
ਰਤਨਾਕਰ ਪੋਥੀ ਕਰੀ ਸੁਭ ਸਯਾਨਪ ਕੋ ਧਾਰ॥ ੨੪॥

ਅਜ ਕਵੀ ਤਨਸੁਖ ਦੀ ਰਚਨਾ 'ਹਿਤ ਉਪਦੇਸ਼ ਭਾਖਾ' ਤਾਂ ਕਾਇਮ ਹੈ ਤੇ ਲਿਖਤੀ ਰੂਪ ਵਿਚ ਕਿਤੇ ਕਿਤੇ ਇਸ ਦੇ ਦਰਸ਼ਨ ਹੁੰਦੇ ਹਨ, ਪਰ ਜਿਸ ਪੋਥੀ ਤੋਂ ਉਤਸ਼ਾਹ ਲੈਕੇ ਇਹ ਲਿਖੀ ਗਈ, ਸਤਿਗੁਰੂ ਜੀ ਦੇ ਹਜ਼ੂਰੀ ਕਵੀ ਲੱਖਣ ਦੀ ਉਹ ਰਚਨਾ, ਪਤਾ ਨਹੀਂ ਕਿਹੜੇ ਘੁੰਘਟ ਉਹਲੇ ਆਪਣੀ ਆਯੂ ਨੂੰ ਹੋਰ ਦੀਰਘ ਕਰ ਰਹੀ ਹੈ, ਯਾ ਕਿ ਸਦਾ ਲਈ ਸੁਖ ਦੀ ਨੀਂਦ ਸੌਂ ਚੁਕੀ ਹੈ।

 www.sikhbookclub.com

# ਆਲਮ

ਕਵੀ ਆਲਮ ਦੀ ਰਚਨਾ ਹਿੰਦੀ ਤੇ ਗੁਰਮੁਖੀ ਲਿਪੀ ਵਿਚ ਪੁਰਾਤਨ ਲਿਖੀ ਹੋਈ ਮਿਲਦੀ ਹੈ, ਇਸ ਕਰਕੇ ਇਸ ਕਵੀ ਬਾਰੇ ਟੋਹ ਲਾਉਣ ਦੇ ਜਤਨ ਦੋਹਾਂ ਪਾਸਿਆਂ ਵਿਚ, ਹਿੰਦੀ ਤੇ ਪੰਜਾਬੀ ਦੇ ਵਿਦਵਾਨਾਂ ਨੇ ਲਾਏ ਹਨ। ਸ੍ਰੀ ਵਿਸ਼ਵਨਾਥ ਪ੍ਰਸ਼ਾਦ ਮਿਸਰ ਜੀ ਨੇ ਦੱਸਿਆ ਹੈ ਕਿ ਇਨ੍ਹਾਂ ਦੀ ਬੋਲੀ ਤੋਂ ਅਨਿਸਚਿਤ ਜਿਹਾ ਅਨੁਮਾਨ ਲਾਇਆ ਜਾਂਦਾ ਹੈ ਕਿ ਆਲਮ ਜੌਨਪੁਰ ਦਾ ਵਾਸੀ ਸੀ੩੧।

ਕਵੀ ਆਲਮ ਜ਼ਾਤੀ ਦੇ ਬ੍ਰਾਹਮਣ ਮਨ੩੨, ਸ਼ਿੰਗਾਰ ਰਸੀ ਕਵਿਤਾ ਦੇ ਸ਼ੌਕੀਨ ਸਨ। ਆਪ ਭਾਵੇਂ ਬ੍ਰਾਹਮਣ ਸਨ ਪਰ ਸ਼ੇਖ ਲਿਲਾਰਨ ਮੁਸਲਮਾਨੀ, ਜੋ ਕਵੀ ਇਸਤ੍ਰੀ ਸੀ, ਪਰ ਪ੍ਰੇਮੀ ਹੋਕੇ ਉਸ ਦੇ ਪਿੱਛੇ ਮੁਸਲਮਾਨ ਹੋ ਗਏ।

ਠਾਕਰ ਸ਼ਿਵ ਸੇਂਗਰ ਨੇ ਆਪਣੇ ਗ੍ਰੰਥ ਸ਼ਿਵ ਸਿੰਹ ਸਰੋਜ ਵਿਚ ਲਿਖਿਆ ਹੈ ਕਿ ਆਲਮ ਸ਼ਾਹਜ਼ਾਦਾ ਮੁਅੱਜ਼ਮ ਪਾਸ ਰਹਿੰਦਾ ਸੀ। ਆਲਮ ਨੇ ਮੁਅੱਜ਼ਮ ਦਾ ਸਾਥ ਕਦ ਛੱਡਿਆ ਤੇ ਉਹ ਸਾਥ ਛੱਡਕੇ ਕਿੱਥੇ ਗਿਆ, ਏਸ ਗਲ ਦਾ ਸਪਸ਼ਟ ਨਿਰਣਾ ਨਹੀਂ। ਪਰ ਸਿਖ ਸਾਹਿਤਯ ਵਿਚੋਂ ਇਸ ਗਲ ਦੀ ਉਗਾਹੀ ਮਿਲਦੀ ਹੈ ਕਿ ਆਲਮ ੧੭੪੫ ਬਿ: ਦੇ ਲਾਗੇ ਚਾਗੇ ਗੁਰ ਦਰਬਾਰ ਵਿਚ ਮੌਜੂਦ ਸੀ। ਸ਼ਾਹਜ਼ਾਦਾ ਮੁਅੱਜ਼ਮ ਔਰੰਗਜ਼ੇਬ ਦਾ ਪੁੱਤਰ ਸੀ, ਔਰੰਗਜ਼ੇਬ ਜਿਸ ਵੇਲੇ ਗੋਲਕੰਡੇ ਦਾ ਘੇਰਾ ਪਾਕੇ ਬੈਠਾ ਹੋਯਾ ਸੀ, ਤਾਂ ਉਸ ਨੂੰ ਆਪਣੇ ਪੁੱਤਰ ਮੁਅੱਜ਼ਮ ਉਪਰ ਸ਼ੱਕ ਗੁਜ਼ਰਿਆ ਤਾਂ ਉਸ ਨੇ ਸ਼ਾਹਜ਼ਾਦੇ ਨੂੰ ਇਕ ਦਮ ਕੈਦ ਕਰ ਦਿਤਾ, ਇਹ ਘਟਨਾ ੧੭੪੪ ਬਿਕ੍ਰਮੀ ਦੀ ਹੈ।੩੩

ਸ਼ਾਹਜ਼ਾਦਾ ਮੁਅੱਜ਼ਮ ਸੱਤ ਸਾਲ ਕੈਦ ਵਿਚ ਰਿਹਾ, ਸੋ ਆਲਮ ਦਾ ਮੁੜ ਸ਼ਾਹਜ਼ਾਦੇ ਨੂੰ ਮਿਲ ਸਕਣਾ ੧੭੫੧ ਤੱਕ ਸੰਭਵ ਨਹੀਂ ਸੀ। ਪਰ ਇਨ੍ਹਾਂ ਸੱਤਾਂ ਸਾਲਾਂ ਵਿਚ ਗੁਰੂ ਹਜ਼ੂਰੀ

੩੧ ਨਾਗ੍ਰੀ ਪ੍ਰਚਾਰਨੀ ਪਤ੍ਰਿਕਾ ਵਰਖ ੫੧ ਅੰਕ ੩ ਪੰਨਾ ੧੧੫ (੨੦੦੪ ਬਿਕ੍ਰਮੀ)।

੩੨ ਸ਼ਿਵ ਸਿੰਹ ਸਰੋਜ ਨੇ ਸਨਾਢ ਬ੍ਰਾਹਮਣ ਲਿਖਿਆ ਹੈ;

੩੩ ਇਰਵਨ ਨੇ ਇਹ ਘਟਨਾ ੪ ਮਾਰਚ ੧੬੮੭ ਈ: ਦੀ ਦਿਤੀ ਹੈ, ਜੋ ਬਿਕ੍ਰਮੀ ਦੇ ਲਿਹਾਜ਼ ਨਾਲ ੧੭੪੪ ਦੇ ਸਾਲ ਦੇ ਚੜ੍ਹਨ ਦਾ ਨਵਾਂ ਦਿਨ ਹੈ।


www.sikhbookclub.com

ਵਿਚ ਰਹਿਕੇ ਆਲਮ ਦੇ ਦਿਲ ਅੰਦਰ ਗੁਰੂ ਜੀ ਦੀ ਹਸਤੀ ਲਈ ਜੋ ਸਤਿਕਾਰ ਪੈਦਾ ਹੋ ਗਿਆ ਸੀ, ਉਸ ਦਾ ਅੰਦਾਜ਼ਾ ਉਸ ਦੀ ਕਾਵਯ ਬ੍ਰਿਤੀ ਤੋਂ ਲਗ ਸਕਦਾ ਹੈ। ਆਲਮ ਦਾ ਜੋ ਛੰਦ ਗੁਰੂ ਜੀ ਦੀ ਮਹਿਮਾ ਵਿਚ ਲਿਖਿਆ ਮਿਲਦਾ ਹੈ, ਉਹ ਇਹ ਹੈ:

ਸ਼ੋਭਾ ਹੂੰ ਕੇ ਸਾਗਰ ਨਵਲ ਨੇਹ ਨਾਗਰ ਹੈਂ,
ਬਲਿ ਭੀਮ ਸਮ, ਸ਼ੀਲ ਕਹਾਂ ਲੌਂ ਗਿਨਾਈਏ।
ਭੂਮ ਕੇ ਬਿਭੂਖਨ ਜੁ ਦੂਖਨ ਕੇ ਦੂਖਨ,
ਸਮੂਹ ਸੁਖ ਹੂੰ ਕੇ ਮੁਖ ਦੇਖੇ ਤੇ ਅਘਾਈਏ !
ਹਿੰਮਤ ਨਿਧਾਨ ਆਨ ਦਾਨ ਕੋ ਬਖਾਨੇ ਜਾਨੇ,
'ਆਲਮ' ਤਮਾਮ ਜਾਮ ਆਠੋਂ ਗੁਨ ਗਾਈਏ।
ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਸਿੰਘ,
ਭੋਜ ਕੀ ਸੀ ਮੌਜ ਤੇਰੇ ਰੋਜ ਰੋਜ ਪਾਈਏ।

(ਗੁਰ ਪ੍ਰਤਾਪ ਸੂਰਜ ਗ੍ਰੰਥ ਰੁਤ ੫)

ਅਰਥਾਤ—(ਆਪ) ਸ਼ੋਭਾ ਦੇ ਸਮੁੰਦਰ ਹੋ, ਨਿਤ ਨਵੇਂ ਪ੍ਰੇਮ ਵਾਲੇ ਦਾਨੇ ਹੋ, ਭੀਮ ਜੇਹੇ ਬਲੀ ਹੋ ਤੇ ਸ਼ੀਲ ਕਿਥੋਂ ਕੁ ਤੱਕ ਗਿਣਾ ਸਕੀਏ। ਪ੍ਰਿਥਵੀ ਦਾ ਸ਼ਿੰਗਾਰ ਹੋ, ਦੋਖੀਆਂ ਦੇ ਨਾਸ਼ ਕਰਨਹਾਰ ਹੋ, ਸਾਰੇ ਸੁਖਾਂ ਦੇ ਦਾਤੇ ਹੋ, ਦਰਸ਼ਨ ਕਰਕੇ ਰੱਜ ਜਾਈਦਾ ਹੈ। ਹਿੰਮਤ ਦੇ ਖਜ਼ਾਨੇ ਹੋ, ਹੋਰ ਦਾਨਾਂ ਨੂੰ ਕੌਣ ਵਰਣਨ ਕਰੇ, ਹੇ ਆਲਮ ! ਸਾਰੇ ਅਠੇ ਪਹਿਰ (ਆਪ ਦੇ) ਗੁਣ ਗਾਉਂਦੇ ਹਨ। ਹੇ ਪ੍ਰਬਲ ਪ੍ਰਤਾਪੀ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀਓ ! (ਰਾਜੇ) ਭੋਜ ਵਰਗੀ ਬਖਸ਼ਿਸ਼ ਤੇਰੇ ਦਰ ਰੋਜ ਰੋਜ ਪਾ ਲਈਦੀ ਹੈ।

## ਆਲਮ ਦੀਆਂ ਰਚਨਾਵਾਂ

ਆਲਮ ਦੀਆਂ ਰਚਨਾਵਾਂ ਦਾ ਵੇਰਵਾ ਦਿੰਦਿਆਂ ਨਾਗਰੀ ਪ੍ਰਚਾਰਨੀ ਪੱਤ੍ਰਿਕਾ ਦੇ ਸੰਪਾਦਕ ਸ੍ਰੀ ਵਿਸ਼ਵਾ ਨਾਥ ਪ੍ਰਸ਼ਾਦ ਮਿਸ਼ਰ ਜੀ ਨੇ ਉਕਤ ਪੱਤ੍ਰਕਾ ਦੇ ਅੰਕ ੩ ਵਿਚ ਇਕ ਸਵਿਸਥਾਰ ਲੇਖ 'ਆਲਮ ਕੀ ਕ੍ਰਿਤੀਆਂ' ਦੇ ਸਿਰਲੇਖ ਹੇਠ ਲਿਖਿਆ ਹੈ ਤੇ ਉਹਨਾਂ ਦੀ ਸਭਾ ਦੇ ਖੋਜ ਵਿਭਾਗ ਦੀ ਖੋਜ ਵਿਚ ਆਈਆਂ ਨੌਂ ਪੁਸਤਕਾਂ ਦੀ ਸੂਚੀ ਦਿਤੀ ਹੈ, ਤੇ ਇਸ ਪਰ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਹੈ ਕਿ ਵਾਸਤਵ ਵਿਚ ਆਲਮ ਦੀਆਂ ਰਚਨਾਵਾਂ ਨੌਂ ਨਹੀਂ, ਚਾਰ ਹੀ ਹਨ, ਜਿਨ੍ਹਾਂ ਦੇ ਨਾਮ ਹਨ :


www.sikhbookclub.com

੧. ਆਲਮ ਕੇਲਿ। ੨. ਸ਼ਯਾਮ ਸਨੇਹੀ।

੩. ਸੁਦਾਮਾ ਚਰਿਤ ਤੇ ੪. ਮਾਧਵਾਨਲ ਕਾਮਕੰਦਲਾ।

ਆਲਮ ਕੇਲਿ—ਪਹਿਲੀ ਪੁਸਤਕ ਵਿਚ ਲਗ ਪਗ ੪੦੦ ਫੁਟਕਲ ਛੰਦ ਅੱਡ ਅੱਡ ਸ਼ਿੰਗਾਰ ਰਮੀ ਵੰਡਾਂ ਹੇਠ ਸੰਚਤ ਹਨ ਤੇ ਉਸ ਵਿਚ ਉਸ ਦੀ ਇਸਤ੍ਰੀ 'ਸ਼ੇਖ' ਦੇ ਰਚੇ ਛੰਦ ਬੀ ਸ਼ਾਮਲ ਹਨ।

ਸ੍ਰੀ ਵਿਸ਼ਵਾ ਨਾਥ ਪ੍ਰਸ਼ਾਦ ਮਿਸ਼ਰ ਜੀ ਨੇ ਦੱਸਿਆ ਹੈ ਕਿ ਇਸ ਆਲਮ ਕੇਲਿ ਦੀ ਜੋ ਪੋਥੀ ਪੁਰਾਤਨ ਮਿਲੀ ਹੈ ਤੇ ਮਹਾਰਾਜ ਬਨਾਰਸ ਦੇ ਪੁਸਤਾਕਲਯ ਵਿਚ ਹੈ, ਉਹ ੧੭੫੩ ਦੀ ਲਿਖਤ ਹੈ ਤੇ ਜੋ ਲਾਲਾ ਭਗਵਾਨ ਦੀਨ ਨੇ ੧੯੭੯ ਵਿਚ ਪ੍ਰਕਾਸ਼ਤ ਕੀਤੀ ਸੀ, ਉਸ ਦੇ ਅਖ਼ੀਰ ਇਹ ਸੰਮਤ ਸੀ :

ਇਤਿ ਸ੍ਰੀ ਆਲਮ ਕ੍ਰਿਤ ਕਵਿੱਤ ਆਲਮ ਕੇਲਿ ਸਮਾਪਤਮ।
ਸੰਵਤ ੧੭੫੩ ਸਮਯੇ ਆਸਨ ਬਦੀ ਅਸ਼ਟਮੀ ਵਾਰ ਸ਼ੁਕ੍ਰ।

ਸ਼ਯਾਮ ਸਨੇਹੀ—ਦੂਸਰੀ ਪੁਸਤਕ ਆਲਮ ਕ੍ਰਿਤ, ਸ਼ਯਾਮ ਸਨੇਹੀ ਉਪਰ ਦੱਸੀ ਗਈ ਹੈ। ਪਰ ਸਾਡੇ ਖਿਆਲ ਵਿਚ ਆਲਮ ਦੀ ਇਹ ਸਭ ਤੋਂ ਪਹਿਲੀ ਰਚਨਾ ਹੈ, ਜੋ ਅਜੇ ਛਾਪੇ ਦਾ ਜਾਮਾ ਨਹੀਂ ਪਹਿਨ ਸਕੀ। ਇਸ ਦਾ ਪੁਰਾਣੇ ਤੋਂ ਪੁਰਾਣਾ ਨੁਸਖਾ ੧੭੧੭ ਬਿਕ੍ਰਮੀ ਦਾ ਲਿਖਤੀ ਸਾਡੀ ਨਜ਼ਰ ਹੇਠੋਂ ਲੰਘਿਆ ਹੈ, ਜੋ ਇਸ ਵੇਲੇ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਲਾਹੌਰ ਵਿਚ ਪਿਆ ਹੈ ੩੪।

'ਸ਼ਯਾਮ ਸਨੇਹੀ' ਰਚਨਾ ਭਾਗਵਤ ਦੇ ਦਸਮ ਸਕੰਧ ਦੇ ਆਧਾਰ ਤੇ ਲਿਖੀ ਗਈ ਹੈ। ਆਲਮ ਪੁਸਤਕ ਦੇ ਅਖੀਰ ਵਿਚ ਲਿਖਦਾ ਹੈ :

ਪਹਿਲੇ ਸੁਨੀ ਭਾਗਵਤ ਗੀਤਾ। ਦਸਮ ਮਾਹਿ ਰੁਕਮਨਿ ਕੀ ਪ੍ਰੀਤਾ। ਤਾਂ ਹੀ ਰਸ ਰਸਨਾ ਲੈ ਪੋਖੀ। ਸੁਮਰ ਨਾਥ ਸਰਲਾਇ ਸੰਤੋਖੀ। ਕੀਨੀ ਸਰਸ ਚੌਪਈ ਦੋਹਾ। ਕਰਤ ਹੀਯੋ ਪੰਘਰਯੋ ਹੈ ਲੋਹਾ। ਪੋਥੀ ਅੰਗ ਅੰਗ ਸੁੰਦਰ ਦੇਹੀ। ਨਾਮ

੩੪ ਇਸ ਪੋਥੀ ਦਾ ਸੰਮਤ ਇਨ੍ਹਾਂ ਅੱਖਰਾਂ ਵਿਚ ਹੈ :— ਸ੍ਰੀ ਸ਼ੁਭ ਸੰਮ੍ਰਤ ੧੭੧੭ ਬਰਖੇ ਮਿਤਿ ਜੇਸ੍ਟ ਵਦਿ ੭, ਸ਼ਨੀਵਾਰ ਪੋਥੀ ਲਿਖੀ। 'ਇੰਡੀਅਨ ਈਫੈਮ੍ਰਸ' ਦੇ ਅਨੁਸਾਰ ਇਹ ਸੰਮਤ ਦਰੁਸਤ ਹੈ, ਅੰਗਰੇਜ਼ੀ ਸੰਨ ਦੀ ਤਰੀਕ ੨੧ ਅਪਰੈਲ ੧੬੬੦ ਈਸਵੀ ਬੈਠਦੀ ਹੈ।

 www.sikhbookclub.com

ਧਰਯੋ ਤਿਹ ਸ਼ਯਾਮ ਸਨੇਹੀ। ਕੀਨੀ ਆਪ ਸਮਝ ਕੇ ਕਾਰਨ। ਪ੍ਰਗਟ ਭਈ ਯਹ ਜਗਤ ਉਧਾਰਨ ॥ ੯੧॥

ਦੋਹਰਾ—

ਆਲਮ ਜੀਵਹੁ ਜੋ ਪਲਕ, ਇਹ ਚੰਚਲ ਸੰਸਾਰ।
ਦੈ ਅਹਾਰ ਪੋਖਹਿ ਮਨਹਿ, ਪ੍ਰੇਮ ਭਗਤ ਆਧਾਰ ॥ ੯੨ ॥

ਸੁਦਾਮਾ ਚਰਿਤ—ਆਲਮ ਦੀ ਤੀਜੀ ਰਚਨਾ ਸ੍ਰੀ ਵਿਸ਼ਵ ਨਾਥ ਪ੍ਰਸ਼ਾਦ ਜੀ ਨੇ ਸੁਦਾਮਾ ਚਰਿਤ੍ਰ ਗਿਣਿਆਂ ਹੈ। ਇਸ ਵਿਚ ਸੁਦਾਮਾ ਜੀ ਦੀ ਕ੍ਰਿਸ਼ਨ ਭਟ ਵਾਲੀ ਸਾਖੀ ਪ੍ਰੇਮਾ ਭਗਤੀ ਦੇ ਰੰਗ ਵਿਚ ਦਿਤੀ ਹੈ। ਰਚਨਾ ਸੰਨ ਸੰਮਤ ਕਿਸੇ ਨੁਸਖੇ ਪਰ ਨਹੀਂ ਮਿਲਿਆ। ਪਰ ਆਪ ਦੇ ਲੇਖ ਵਿਚ ਅਨੁਮਾਨ ਕੀਤਾ ਗਿਆ ਹੈ ਕਿ ਇਹ ੧੭੨੦ ਬਿਕ੍ਰਮੀ ਦੇ ਲਾਗੇ ਚਾਗੇ ਲਿਖੀ ਗਈ ਹੈ ੩੫।

ਮਾਧਵਾਨਲ ਕਾਮਕੰਦਲਾ—ਆਖ਼ਰੀ ਪੁਸਤਕ 'ਮਾਘਵਾਨਲ ਕਾਮਕੰਦਲਾ' ਹੈ। ਇਹ ਵੀ ਦੋਹਰੇ ਚੌਪਈ ਦੀ ਰਚਨਾ ਹੈ, ਜੈਸੇ ਕਿ ਸ਼ਯਾਮ ਸਨੇਹੀ, ਪਰ ਸ਼ਯਾਮ ਸਨੇਹੀ ਭਾਗਵਤ ਦੇ ਦਸਮ ਸਕੰਧ ਵਿਚ ਆਏ ਰੁਕਮਣ ਵਿਵਾਹ ਦੇ ਆਧਾਰ ਤੇ ਲਿਖੀ ਗਈ ਹੈ ਤੇ ਇਹ ਮਾਧਵਾਨਲ ਕਾਮਕੰਦਲਾ ਅਕਬਰ ਦੇ ਸਮੇਂ ਰਚੀ ਗਈ ਸੰਸਕ੍ਰਿਤ ਰਚਨਾ ਜੋਧ ਕ੍ਰਿਤ ਦਾ ਆਲਮ ਨੇ ਭਾਸ਼ਾ ਵਿਚ ਅਨੁਵਾਦ ਕੀਤਾ ਹੈ। ਜਿਸ ਦੇ ਬਾਰੇ ਪੁਸਤਕ ਦੇ ਆਰੰਭ ਵਿਚ ਆਲਮ ਲਿਖਦਾ ਹੈ :

ਕਥਾ ਸੰਸਕ੍ਰਿਤ ਸੁਨ ਕਛੁ ਥੋਰੀ।
ਭਾਖਾ ਬਾਂਧਿ ਚੌਪਈ ਜੋਰੀ।

ਇਸ ਰਚਨਾ ਵਿਚ ਇਕ ਪ੍ਰੇਮ ਕਥਾ ਹੈ, ਜੋ ਸਿੰਘਾਸਨ ਬਤੀਸੀ ਵਿਚ ਭੀ ਹੈ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਚਰਿਤ੍ਰੋਪਾਖਯਾਨ ਵਿਚ ੯੧ਵਾਂ ਚਰਿੱਤ੍ਰ ਹੈ। ਪਰ ਸ੍ਰੀ ਵਿਸ਼ਵ ਪ੍ਰਸ਼ਾਦ ਮਿਸ਼ਰ ਜੀ ਦੱਸਦੇ ਹਨ ਕਿ ਆਲਮ ਦੀਆਂ 'ਮਾਧਵਾਨਲ ਕਾਮਕੰਦਲਾ' ਦੀਆਂ ਦੋ ਪ੍ਰਕਾਰ ਦੀਆਂ ਪ੍ਰਤੀਆਂ ਹਨ। ਇਕ ਜ਼ਰਾ ਸੰਖੇਪ ਹੈ ਤੇ ਚੌਪਈ ਦੀਆਂ ਦਸ ਸਤਰਾਂ ਬਾਦ ਇਕ ਦੋਹਾ ਜਾਂ ਇਕ ਸੋਰਠਾ ਦਿਤਾ ਹੈ। ਦੂਸਰੀ ਸੰਚੀ ਵਿਚ ਚੌਪਈ ਦੀਆਂ ਦਸ ਦਸ ਸਤਰਾਂ ਬਾਦ ਇਕ ਇਕ ਦੋਹੇ ਨਾਲ ਇਕ ਇਕ ਸੋਰਠਾ ਭੀ ਵਧਾਇਆ ਹੋਇਆ ਹੈ। ਵਿਚ ਵਿਚ

੩੫ ਕਾਸ਼ੀ ਨਾਗਰੀ ਪ੍ਰਚਾਰਨੀ ਪਤ੍ਰਿਕਾ ਵਰਖ ੫੦ ਅੰਕ ੧–੨ ਪੰਨਾ ੫੦ (੨੦੦੨ ਬਿ.)

 www.sikhbookclub.com

ਪਾਠਾਂਤ੍ਰ ਭੇਦ ਹੈ ਤੇ ਆਦਿ ਅੰਤ ਕਥਾ ਭੀ ਉਪਰਲੀ ਤੋਂ ਵਧੀਕ ਹੈ। ਜਾਪਦਾ ਹੈ ਕਿ ਆਲਮ ਨੇ ਪਹਿਲਾਂ ਸੰਖੇਪ ਰਚਨਾ ਕੀਤੀ ਹੈ, ਉਹ ਸੰਸਕ੍ਰਿਤ ਰਚਨਾ ਨੂੰ ਸਾਹਮਣੇ ਰਖਕੇ ਤਰਜਮਾ ਹੀ ਨਿਬਾਹੁਣ ਦਾ ਜਤਨ ਕੀਤਾ ਹੈ। ਭਾਵੇਂ ਅਸਲ ਸੰਸਕ੍ਰਿਤ ਨਾਲੋਂ ਉਹ ਕਿਤੇ ਕਿਤੇ ਕੁਝ ਫਰਕ ਕਰ ਗਿਆ ਹੈ, ਜੋ ਸਰੀਹਨ ਉਸ ਨੇ ਸੰਸਕ੍ਰਿਤ ਲੇਖ 'ਜੋਧ' ਦੇ ਖਿਆਲ ਤਰਕ ਕਰਕੇ ਆਪਣਾ ਨਿਸਚਾ ਵਰਣਨ ਕਰਨਾ ਮੁੱਖ ਸਮਝਿਆ ਹੈ। ਪਰ ਵੈਸੇ ਰਚਨਾ ਸਾਂਗੋ ਪਾਂਗ ਜੋਧ ਦਾ ਅਨੁਵਾਦ ਹੈ। ਦੂਸਰੀ ਕਿਸਮ ਦੀ ਪੋਥੀ ਇਸੇ ਰਚਨਾਂ ਦਾ ਸੰਸ਼ੋਧਨ ਤੇ ਵਿਸਥਾਰ ਆਲਮ ਨੇ ਆਪ ਹੀ ਕੀਤਾ ਹੈ ਤੇ ਪਹਿਲੀ ਨਾਲੋਂ ਵਧੇਰੇ ਮੁਕੰਮਲ ਤੇ ਉਪਯੋਗੀ ਬਨਾਉਣ ਦਾ ਯਤਨ ਕੀਤਾ ਹੈ ੩੬।

ਇਹ ਪੁਸਤਕ ਕਿਸ ਵੇਲੇ ਲਿਖੀ ਗਈ ? ਇਹ ਇਕ ਸਵਾਲ ਹੈ ਜਿਸ ਦੀ ਖੋਜ ਵਿਚ ਲੱਗਿਆਂ ਕਈ ਖੋਜੀਆਂ ਨੂੰ ਇਸ ਪੁਸਤਕ ਦੇ ਸ਼ੁਰੂ ਵਿਚ ਆਈਆਂ ਕੁਝ ਸਤਰਾਂ ਨੇ ਭੁਲੇਖਿਆਂ ਵਿਚ ਪਾਇਆ ਹੈ। ਇਸ ਦੇ ਸ਼ੁਰੂ ਵਿਚ ਅਕਬਰ ਦੇ ਰਾਜ ਦਾ ਜ਼ਿਕਰ ਹੈ, ਟੋਡਰ ਮੱਲ ਵਜ਼ੀਰ ਦੀ ਮਹਿਮਾ ਹੈ ਤੇ ਸੰਮਤ ਦਿਤਾ ਹੈ ਜੋ ਹਿਜਰੀ ਸਮਝਿਆ ਜਾਂਦਾ ਹੈ :

ਸੰਮਤ ਨਉ ਸੈ ਇਕਾਨਵੇ ਆਹੀ।
ਕਰੌਂ ਕਥਾ ਅਬ ਬੋਲੌਂ ਤਾਂਹੀ।

ਆਲਮ ਦੀਆਂ ਬਾਕੀ ਰਚਨਾਵਾਂ ਤੋਂ ਆਲਮ ਦਾ ਸਮਾਂ ਔਰੰਗਜ਼ੇਬ ਵੇਲੇ ਦਾ ਸਹੀ ਹੁੰਦਾ ਹੈ। ਪਰ ਇਸ ਸੰਮਤ ਤੋਂ ਆਮ ਖੋਜੀਆਂ ਨੇ ਇਸ ਪੁਸਤਕ ਦੀ ਰਚਨਾ ਅਕਬਰ ਦੇ ਵੇਲੇ ਹੋਈ ਸਮਝਕੇ ਆਲਮ ਦੋ ਮਿਥ ਲਏ ਹਨ · ਇਕ ਅਕਬਰ ਦਾ ਸਮਕਾਲੀ ਤੇ ਦੂਜਾ

੩੬ ਸ੍ਰੀ ਵਿਸ਼ਵਨਾਥ ਪ੍ਰਸਾਦਿ ਜੀ ਮਿਸਰ ਨੇ ਨਾਗਰੀ ਪ੍ਰਚਾਰਨੀ ਪਤ੍ਰਿਕਾ ਬਰਖ ੫੦ ਅੰਕ ੧ ਦੇ ਪੰਨਾ ੫੨ ਪਰ ਦੱਸਿਆ ਹੈ ਕਿ ਆਮ ਤੌਰ ਤੇ ਇਸ ਪੁਸਤਕ ਦੇ ਆਰੰਭ ਵਿਚ ਪਾਰਬ੍ਰਹਮ ਤੇ ਗਣੇਸ਼ ਦਾ ਮੰਗਲ ਹੈ, ਪਰ ਭਰਤਪੁਰ ਇਕ ਪੋਥੀ ਮਿਲੀ ਹੈ, ਜਿਸ ਵਿਚ ਇਨ੍ਹਾਂ ਤੋਂ ਬਾਦ ਰਸੂਲ ਪੈਗੰਬਰ ਹਜ਼ਰਤ ਮੁਹੰਮਦ ਦਾ ਵੀ ਮੰਗਲ ਕੀਤਾ ਹੋਇਆ ਹੈ। ਇਹ ਵਾਧਾ ਪਿਛੋਂ ਹੋਇਆ ਮੰਨਿਆ ਜਾਂਦਾ ਹੈ, ਤੇ ਉਹਨਾਂ ਨੇ ਇਸ ਵਾਧੇ ਨੂੰ ਭੀ ਇਸ ਦਲੀਲ ਦਾ ਕਾਰਣ ਬਣਾਇਆ ਹੈ ਕਿ ਇਹ ਕਿਸੀ ਐਸੀ ਵਯਕਤੀ ਦੀ ਰਚਨਾ ਹੈ, ਜਿਸ ਦੇ ਸੰਸਕਾਰ ਭਾਰਤੀਯ ਸਨ, ਪਰ ਜੋ ਕਿਸੀ ਕਾਰਨ ਮੁਸਲਮਾਨ ਹੋ ਗਿਆ ਸੀ, ਤੇ ਪਾਰਬ੍ਰਹਮ ਦੀ ਵੰਦਨਾ ਤੋਂ ਨਿਸਚਿਤ ਹੈ ਕਿ ਇਹ ਕਿਸੇ ਜਨਮ ਜ਼ਾਤ ਮੁਸਲਮਾਨ ਦੀ ਰਚਨਾਂ ਨਹੀਂ ਪਰ ਉਸ ਦੀ, ਜਿਸ ਦੇ ਸੰਸਕਾਰ ਹਿੰਦੂ ਸਨ।


www.sikhbookclub.com

ਔਰੰਗਜ਼ੇਬ ਦੇ ਸਮੇਂ ਮੁਅੱਜ਼ਮ ਪਾਸ ਰਹਿਣ ਵਾਲਾ ਤੇ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਕਵੀ ਹੋਇਆ।

ਪਰ ਇਹ ਗੱਲ ਦਰੁਸਤ ਨਹੀਂ, ਆਲਮ ਇਕ ਹੀ ਹੋਇਆ ਹੈ ਤੇ ਇਹ 'ਮਾਧਵਾਨਲ ਕਾਮ—ਕੰਦਲਾ' ਦਾ ਸੰਸਕ੍ਰਿਤ ਤੋਂ ਅਨੁਵਾਦ ਕਰਨਹਾਰ ਆਲਮ ਹੀ ਸ਼ਯਾਮ ਸਨੇਹੀ ਦਾ ਕਰਤਾ ਹੈ। ਇਹ ਸੰਮਤ ੯੯੧ ਹਿ: ਆਲਮ ਦਾ ਰਚਨਾ—ਕਾਲ ਨਹੀਂ, ਇਹ ਅਕਬਰ ਦੇ ਦਰਬਾਰੀ ਕਵੀ ਜੋਧ ਦੀ ਸੰਸਕ੍ਰਿਤ ਰਚਨਾ ਦਾ ਸੰਮਤ ਹੈ ਤੇ ਆਲਮ ਤਰਜਮਾਂ ਕਰਨ ਵੇਲੇ ਦੀ ਅਸਲ ਸੰਸਕ੍ਰਿਤ ਦੀ ਭੂਮਕਾ ਬੀ ਆਪਣੇ ਤਰਜਮੇ ਵਿਚ ਅਨੁਵਾਦਕੇ ਪਹਿਲੇ ਰਖ ਗਿਆ ਹੈ ਤੇ ਨਾਲ ਹੀ ਸੰਮਤ ਬੀ।

ਏਸੇ ਵਿਸ਼ਯ ਤੇ ਸਵਿਸਥਾਰ ਖੋਜ ਲਈ ਦੇਖੋ 'ਖਾਲਸਾ ਐਡਵੋਕੇਟ' ਦਾ 'ਰਾਗਮਾਲਾ ਸਪੈਸ਼ਲ ਅੰਕ' ਮਿਤੀ ੧੫-੧੨-੪੬ ਤੇ ੮—੩-੪੭।

## ਅੰਮ੍ਰਿਤ ਰਾਇ

ਕਵੀ ਅੰਮ੍ਰਿਤ ਰਾਇ ਸ਼ਹਿਰ ਲਾਹੌਰ ਦੇ ਵਸਨੀਕ ਸਨ, ਇਨ੍ਹਾਂ ਦੇ ਪਿਤਾ ਦਾ ਨਾਮ ਛੈਲਰਾਇ ਮਿਲਦਾ ਹੈ। ਕਵੀ ਅੰਮ੍ਰਿਤ ਨੇ ਸੰਮਤ ੧੭੩੬ ਬਿਕ੍ਰਮੀ ਵਿਚ ਲਾਹੌਰ ਵਿਚ ਰਹਿੰਦਿਆਂ ਇਕ ਛੋਟਾ ਜਿਹਾ ਪੁਸਤਕ 'ਚਿਤ੍ਰ ਬਿਲਾਸ' ਲਿਖਿਆ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਆਪ ਦਾ ਅਸਲੀ ਨਾਮ ਚਤੁਰ ਦਾਸ ਸੀ ਤੇ ਜ਼ਾਤਿ ਸੀ ਬਹਿਲ ਖੱਤ੍ਰੀ, ਕਵੀ ਛਾਪ 'ਅੰਮ੍ਰਿਤ' ਵਰਤਦੇ ਸਨ, ਜਿਸ ਕਰਕੇ ਅੰਮ੍ਰਿਤ ਰਾਇ ਨਾਮ ਪ੍ਰਸਿੱਧ ਹੋਇਆ। 'ਚਿਤ੍ਰ ਬਿਲਾਸ' ਦੇ ਅਰੰਭ ਵਿਚ ਆਪ ਲਿਖਦੇ ਹਨ :

ਦੋਹਰਾ—

ਬੈਠੇ ਹੈਂ ਬਹੁ ਮਿਤ੍ਰ ਮਿਲ ਕਵਿ ਅੰਮ੍ਰਿਤ ਕੇ ਧਾਮ।<br>
ਤਿਹ ਸਭਿਹਿਨਿ ਮਿਲ ਯੌ ਕਹਯੋ ਰਚਹੁ ਗ੍ਰੰਥ ਅਭਿਰਾਮ੩੭ ॥ ੫ ॥

੩੭ ਸੁੰਦਰ।

 www.sikhbookclub.com

ਇਕ ਕਬਿੱਤ ਇਉਂ ਹੈ :

ਬਾਚਤ ੩੮ਪੁਰਾਨ ਕਹੂੰ ਨਾਚਤ ਨਿਰਤਕਾਰੀ,
ਗਾਵਤ ਹੈਂ ਗੀਤ ਕਹੂੰ ਮੀਠੀ ਧੁਨਿ ਮੋਰ ਤੇ।
ਕੌਤਕ ਕਹਾਨੀ ਕੇਲ ਜਹਾਂ ਕਹਾਂ ਹਾਸੀ ਖੇਲ,
ਸਾਧਨ ਸੌਂ ਮੇਲ ਡਰ ਹੈ ਨ ਠਗ ਚੋਰ ਤੇ।
ਲੌਨੇ ਲੌਨੇ ੩੯ਰੂਪ ਸਭ ਭੂਪ ਭੇਖ ਦੇਖੀਅਤ,
ਅੰਮ੍ਰਿਤ ਸਹਿਜ ਸੁਖ ਸਾਂਝ ਔਰ ਭੋਰ ਤੇ੪੦।
ਰਤਿ ਪਤਿ ਭੋਗ੪੧ ਤਹਾਂ ਰੋਗ ਨ ਬਿਯੋਗ ਸੋਗ
ਪਾਈਏ ਕਰੋਰ ਤੌ ਨ ਜਾਈਏ ਲਹੌਰ ਤੇ।

ਬਾਬਾ ਸੁਮੇਰ ਸਿੰਘ ਜੀ ਆਪਣੇ ਗੁਰ ਬਿਲਾਸ ਵਿਚ ਲਿਖਦੇ ਹਨ ਕਿ ਸਤਿਗੁਰਾਂ ਨੇ ਇਸ ਕਵੀ ਨੂੰ ਸਭਾ ਪਰਬ ਦੇ ਅਨੁਵਾਦ ਪਰ ਸੱਠ ਹਜ਼ਾਰ ਰੁਪੱਯਾ ਤੇ ਪਸ਼ਮੀਨੇ ਦਾ ਸਿਰੋਪਾਉ ਬਖਸ਼ਿਆ :

ਸਭਾ ਪਰਬ ਤਾਂਤੇ ਬਨਵਾਯੋ। ਸ੍ਰਵਣ ਜੋਗ ਕਵਿਤਾ ਮਨ ਭਾਯੋ।
ਸਾਠ ਸਹਸ੍ਰ ਰੁਪੱਯਾ ਦੀਨਾ। ਸਿਰੋਪਾਉ ਪਸ਼ਮੰਬਰ ਭੀਨਾ।

ਅੰਮ੍ਰਿਤ ਰਾਇ ਦਾ ਇਕ ਮਸ਼ਹੂਰ ਛੰਦ ਇਹ ਹੈ :

ਪ੍ਰਿਯਾ ਪ੍ਰੇਮ ਸੇ ਸਿੰਗਾਰੀ, ਹਾਸ ਸੋ ਵਿਨੋਦ ਭਾਰੀ
ਦੀਨਨ ਮੈਂ ਕਰੁਣਾ ਅਨੁਸਾਹੀ ਸੁਖ ਦੀਨ ਹੈ।
ਕੀਨੋ ਅਰਿ ਰੁੰਡ ਮੁੰਡ, ਰੁਦ੍ਰ ਰਸ ਭਰਯੋ ਝੁੰਡ,
ਫੌਜਨ ਸੁਧਾਰਨ ਮੇਂ ਬੀਰ ਰਸ ਕੀਨ ਹੈ।
ਡੰਕ ਸੁਨ ਲੰਕ ਭਯ ਭੀਤ, ਸਤ੍ਰ ਬਾਮ ਨਿੰਦਾ,
ਵਿਕ੍ਰਮ ਪ੍ਰਬਲ ਅਦਭੁਤ ਰਸ ਲੀਨ ਹੈ।

੩੮ ਪੜ੍ਹਦੇ, ਵਿਚਾਰਦੇ।
੩੯ ਸੁਹਣੇ ਸੁਹਣੇ।
੪੦ ਸਵੇਰ ਤੋਂ ਸ਼ਾਮਾਂ ਤਕ।
੪੧ ਸੁਹਣੀਆਂ ਤੇ ਮਨਮੋਹਣੀਆਂ ਮੌਜਾ ਪ੍ਰਾਪਤ ਹਨ।

 www.sikhbookclub.com

ਬ੍ਰਹਮ ਗਿਆਨ ਸਮ੍ਰਥ, 'ਅੰਮ੍ਰਿਤ' ਵਿਰਾਜੈ ਸਦਾ,
ਸ੍ਰੀ ਗੁਰੂ ਗੋਬਿੰਦ ਰਾਇ ਨਵੌ ਰਸ ਭੀਨ ਹੈ।
(ਸ੍ਰੀ ਕਲਗੀਧਰ ਚਮਤਕਾਰ)

ਇਸ ਕਬਿੱਤ ਵਿਚ ਕਵੀ ਨੇ ਗੁਰੂ ਜੀ ਵਿਚ ਨਵਾਂ ਹੀ ਰਸਾਂ ਦੀ ਪੂਰਣਤਾ ਦਿਖਾਈ ਹੈ .

੧. ਪਿਆਰੇ (ਵਾਹਿਗੁਰੂ ਜੀ) ਦੇ ਪ੍ਰੇਮ ਦਾ ਜੋ ਸ਼ਿੰਗਾਰ (ਧਾਰਨ ਕੀਤਾ ਹੈ, ਇਹੋ ਸ਼ਿੰਗਾਰ ਰਸ ਹੈ), ਜੋ ਭਾਰੀ ਕੌਤਿਕ ਕਰਦੇ ਹੋ (ਜੋ ਕੌਤਕ ਸਿਖਯਾਦਾਇਕ ਹੁੰਦੇ ਹੋਏ ਬੀ ਹਸਾਉਂਦੇ ਹਨ) ਉਹ ਹਾਸ ਰਸ ਹੈ। ਗ਼ਰੀਬਾਂ ਦੇ ਮੇਹਰ ਕਰਕੇ ਜੋ ਸੁਖ ਦੇ ਰਹੇ ਹੋ ਇਹ ਕਰੁਨਾ ਰਸ ਹੈ।

੨. ਵੈਰੀਆਂ ਦੇ ਝੁੰਡਾਂ ਨੂੰ (ਮੈਦਾਨੇ ਜੰਗ ਵਿਚ) ਜੋ ਤਹਿ ਤੇਗ ਕੀਤਾ ਹੈ ਇਹੋ ਰੌਦ੍ਰ ਰਸ (ਆਪ ਜੀ ਵਿਚ) ਭਰ ਰਿਹਾ ਹੈ ਤੇ ਫੌਜਾਂ ਦੇ ਤਿਆਰ ਬਰ ਤਿਆਰ ਕਰਨ ਵਿਚ ਆਪ ਬੀਰ ਰਸੀਏ ਹੋ।

੩. (ਆਪ ਦੇ ਰਣਜੀਤ ਨਗਾਰੇ ਦੀਆਂ) ਚੋਟਾਂ ਨੂੰ ਸੁਣਕੇ ਲੰਕਾਂ ਵਾਲੇ ਭੈ ਭੀਤ ਹੋ ਰਹੇ ਹਨ, ਇਹ ਆਪ ਜੀ ਵਿਚ ਭਯਾਨਕ ਰਸ ਹੈ। (ਸ਼ੱਤ੍ਰੂਆਂ ਦੀਆਂ) ਇਸਤ੍ਰੀਆਂ (ਜੋ ਆਪਣੇ ਪਿਆਰਿਆਂ ਦੇ ਵਿਯੋਗ ਵਿਚ) ਵਿਆਕੁਲ ਹੋ ਅਨੁਚਿਤ ਬੋਲ ਰਹੀਆਂ ਹਨ (ਇਹ ਬੀਭਤਸ ਰਸ ਹੈ),

੪. ਅੰਮ੍ਰਿਤ ਕਵੀ ਜੀ ਕਹਿੰਦੇ ਹਨ : ਆਪ ਜੀ ਦੇ ਅੰਦਰ ਜੋ ਸਦਾ ਬ੍ਰਹਮ ਗਿਆਨ ਵਿਰਾਜ ਰਿਹਾ ਹੈ ਇਹੋ ਸ਼ਾਂਤਿ ਰਸ ਹੈ; ਇਉਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਨੌਵੇਂ ਹੀ ਰਸ ਭਰਪੂਰ ਹਨ।

## ਸ਼ਾਰਦਾ

ਜੀਵਨ ਸਮਾਚਾਰ ਪ੍ਰਾਪਤ ਨਹੀਂ।

ਗੁਰੂ ਜੀ ਦੀ ਹੱਥ ਦੀ ਛੜੀ ਦੀ ਉਪਮਾਂ ਵਿਚ ਕਿਹਾ ਕਵਿਤਾ ਦਾ ਨਮੂਨਾ ਹੈ :

ਕੁੰਜ ਕੁੰਜ ਗਲਿਨ ਬਜਾਈ ਬਨ ਬਾਂਸਰੀ ਸੀ,

 www.sikhbookclub.com

ਉਨਹੀ ਕੇ ਸੰਗ ਸੋਈ 'ਸ਼ਾਰਦਾ' ਕਹਤ ਹੈ।
ਜਮਨਾ ਕੇ ਤਟ ਬੰਸੀ ਬਟ ਕੇ ਨਿਕਟ ਸੋਈ,
ਤਟ ਸਤੁਦ੍ਰਵ ਆਨ ਸਾਹਿਬੀ ਕਰਤ ਹੈ।
ਦੇਖੋ ਭੂਪ ਭੂਪਨ ਕੇ, ਭੂਮ ਕੇ ਭਗਤ ਲੋਗੋ,
ਭਾਗ ਯਾ ਛਰੀ ਕੇ ਮੋਸੋ ਕਹਿਬੇ ਬਨਤ ਹੈਂ।
ਕਾਨ੍ਹ ਹ੍ਵੈ ਕੇ ਔਤਰਯੋ ਤੋ ਮੁਖ ਹੀ ਰਹਤ ਲਾਗੀ,
ਗੋਬਿੰਦ ਹ੍ਵੈ ਔਤਰਯੋ ਤੋ ਹਾਥ ਹੀ ਰਹਤ ਹੈ।

## ਸੁਦਾਮਾ

ਬੁੰਦੇਲ ਖੰਡ ਦਾ ਇਕ ਗ਼ਰੀਬ ਬ੍ਰਾਹਮਣ ਕਵੀ ਜੋ ਆਪਣਾ ਨਾਮ ਸੁਦਾਮਾ ਰਖਦਾ ਸੀ, ਗੁਰੂ ਦਰਬਾਰ ਵਿਚ ਆਇਆ ਤੇ ਕ੍ਰਿਸ਼ਨ ਜੀ ਵੇਲੇ ਹੋਏ ਕ੍ਰਿਸ਼ਨ ਜੀ ਦੇ ਬਾਲ ਸਖਾਈ ਦਰਿਦ੍ਰੀ ਦਾ ਜ਼ਿਕਰ ਕਰਕੇ ਇਕ ਛੰਦ ਵਿਚ ਸਤਿਗੁਰੂ ਜੀ ਨੂੰ ਸੁਣਾਕੇ ਦਾਨ ਮਨਮਾਨ ਦਾ ਭਾਗੀ ਬਣਿਆ। ਹੋਰ ਵਿਸ਼ੇਸ਼ ਹਾਲ ਇਸ ਦੇ ਨਹੀਂ ਮਿਲਦੇ। ਪਰ ਉਹ ਛੰਦ ਜੋ ਉਸ ਨੇ ਗੁਰ ਦਰਬਾਰ ਵਿਚ ਸੁਨਾਯਾ, ਮੌਜੂਦ ਹੈ :

ਏਕ ਸੰਗ ਪਢੇ ਅਵੰਤਕਾ ਸੰਦੀਪਨ ਕੇ,
ਵਹੈ ਸੁਧ ਆਈ ਤੋ ਬੁਲਾਇ ਬੂਝੀ ਬਾਮਾ੪੨ ਮੈਂ :
ਪੁੰਗੀ ਫਲ੪੩ ਹੋਤ ਤੌਂ ਅਸੀਸ ਦੇਤੋ ਨਾਥ ਜੀ ਕੋ
ਤੰਦੁਲ੪੪ ਲੇ ਦੀਜੈ ਬਾਂਧ ਲੀਜੈ ਫਟੇ ਜਾਮਾਂ ਮੈਂ।
ਦੀਨ ਦੁਆਰ ਸੁਨਿਕੈ ਦਯਾਲ ਦਰਬਾਰ ਮਿਲੇ
ਏਤੋ ਕੁਛ ਦੀਨੋ ਪਾਈ ਅਗਨਤ ਸਾਮਾਂ੪੫ ਮੈਂ।

੪੨ ਇਸਤ੍ਰੀ।
੪੩ ਸੁਪਾਰੀ।
੪੪ ਚਾਵਲ
੪੫ ਸਮੱਗ੍ਰੀ। ਪਦਾਰਥ।


www.sikhbookclub.com

ਪ੍ਰੀਤਿ ਕਰ ਜਾਨੇ ਗੁਰੂ ਗੋਬਿੰਦ ਕੇ ਮਾਨੇ ;
ਤਾਂਤੇ ਵਹੈ ਤੂੰ ਗੋਬਿੰਦ੪੬ ਵਹੈ ਬਾਮਨ ਸੁਦਾਮਾ ਮੈਂ ।

## ਸੁੰਦਰ

ਸੁੰਦਰ ਕਵੀ ਦਾ ਵਿਸ਼ੇਸ਼ ਹਾਲ ਨਹੀਂ ਮਿਲਦਾ, ਪਰ ਇਸ ਦੀ ਰਚਨਾਂ ਦੇ ਦੋ ਛੰਦ ਗੁਰੂ ਮਹਿਮਾਂ ਦੇ, ਗੁਰੂ ਦਰਬਾਰੀ ਕਵੀਆਂ ਦੇ ਛੰਦਾਂ ਵਿਚ, ਮਿਲਦੇ ਹਨ :

ਸਾਧਨ ਕੋ ਸਿਧ ਸਰਣਾਗਤ, ਸਮਰ ਜਿੱਛੁ,
ਸੁਧਾਸਰ 'ਸੁੰਦਰ' ਸਰਸ ਪਦ ਪਾਯੋ ਹੈ ੪੭ ।
ਕੁਲ ਕੇ ਕਲਸ, ਕਵਿ ਕਵਿ ਕਾਮਨਾ ਕੋ ਕਾਮਤਰੁ੪੮
ਕੋਪ ਕੀਏ ਕਾਲ ਕਵੀਦਅਨ ਗੁਨ ਗਾਯੋ ਹੈ ।
ਦੇਵਨ ਮੈਂ, ਦਾਨਵ ਮੈਂ, ਮਾਨਵ ਮੁਨਿਨਿ ਹੂੰ ਮੈਂ,
ਜਾਂ ਕੋ ਜਸ ਜ਼ਾਹਰ ਜਹਾਨ ਚਲਿ ਆਯੋ ਹੈ ।
ਤੇਗ਼ ਸਾਚੋ, ਦੇਗ਼ ਸਾਚੋ, ਸੂਰਮਾ ਸ਼ਰਨ ਸਾਚੋ,
ਸਾਚੋ ਪਾਤਸ਼ਾਹ, ਗੁਰੂ ਗੋਬਿੰਦ ਕਹਾਯੋ ਹੈ ।

ਜੇ 'ਸੁਧਾਰਧਰ' ਦੇ ਅਰਥ ਚੰਦ੍ਰਮਾਂ ਲਈਏ ਤਾਂ ਹੋ ਸਕਦਾ ਹੈ ਕਿ ਏਸ ਕਵੀ ਦਾ ਪੂਰਾ ਨਾਮ ਸੁੰਦਰ ਚੰਦ ਹੋਵੇ । ਸੁਧਾ--ਅੰਮ੍ਰਿਤ । ਧਰ--ਧਾਰਨ ਕਰਨੇ ਵਾਲਾ । ਸੁਧਾਧਰ--ਚੰਦ੍ਰਮਾਂ ।

## ਸੈਨਾਪਤਿ

ਗੁਰੂ ਜੀ ਦੇ ਇਸ ਹਜ਼ੂਰੀ ਕਵੀ ਦਾ ਨਾਮ ਸੈਨਾਪਤਿ ਹੀ ਪ੍ਰਸਿੱਧ ਹੈ । 'ਸੈਨਾਪਤਿ' ਨਾਮ ਸੀ ਯਾ ਕਵੀ ਛਾਪ, ਇਸ ਦਾ ਵੇਰਵਾ ਨਹੀਂ ਮਿਲਦਾ, ਪਰ ਇਸ ਲੇਖਕ ਦੀ ਇਕ

੪੬ ਕ੍ਰਿਸ਼ਨ
੪੭ ਸ਼ਰਣਾਗਤਾਂ ਸਾਧਕਾਂ ਦੀ ਆਪ ਸਿਧਿ ਹੋ, ਜੁੱਧ ਦੇ ਸਾਗਰ ਹੋ, ਸੁੰਦਰ (ਕਹਿੰਦਾ ਹੈ ਆਪ ਨੇ) ਚੰਦ੍ਰਮਾਂ ਤੋਂ ਉੱਚੀ ਪਦਵੀ ਪਾਈ ਹੈ।
੪੮ ਕੁਲ ਦੇ ਸ਼੍ਰੋਮਣੀ ਕਵੀਆਂ ਦੀ ਇੱਛਾ ਪੂਰਨ ਲਈ ਕਲਪ ਬ੍ਰਿਛ ਹੋ ।

 www.sikhbookclub.com

ਰਚਨਾਂ ਚਾਣਾਕੈ ਦਾ ਟੀਕਾ ਹੈ, ਜੋ ਗੁਰੂ ਜੀ ਦੇ ਦਰਬਾਰ ਵਿਚ ਇਸ ਨੇ ਕੀਤਾ ਹੈ ; ਉਸ ਦੇ ਸ਼ੁਰੂ ਵਿਚ ਕਵੀ ਲਿਖਦਾ ਹੈ :

ਗੁਰ ਗੋਬਿੰਦ ਕੀ ਸਭਾ ਮਹਿੰ ਲੇਖਕ ਪਰਮ ਸੁਜਾਨ ।
ਚਾਣਾਕੈ ਭਾਸ਼ਾ ਕਰੀ ਕਵਿ 'ਸੈਨਾਪਤਿ' ਨਾਮ ।

ਇਸ ਤੋਂ ਜਾਪਦਾ ਹੈ ਕਿ ਨਾਮ ਹੀ ਸੈਨਾਪਤਿ ਸੀ, ਪਰ ਇਸ ਦੀ ਦੂਸਰੀ ਰਚਨਾ 'ਗੁਰ ਸ਼ੋਭਾ' (ਜਿਸ ਵਿਚ ਇਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਚਾਰ ਲਿਖੇ ਹਨ) ਵਿਚ, ਜੋ ਖਿਆਲ ਪ੍ਰਗਟ ਕੀਤੇ ਉਹਨਾਂ ਤੋਂ ਜਾਪਦਾ ਹੈ ਕਿ ਇਹ ਅੰਮ੍ਰਿਤ ਛਕਕੇ ਸਿੰਘ ਸਜ ਚੁਕਾ ਸੀ । 'ਗੁਰ ਸ਼ੋਭਾ' ਵਿਚ ਆਪ ਦਾ ਨਾਮ ਯਾ ਕਵੀ ਛਾਪ ਬੀ ਨਹੀਂ ਮਿਲਦੀ, ਪਰ ਪ੍ਰਸਿਧੀ ਏਹੀ ਹੈ ਕਿ ਸੈਨਾਪਤਿ ਜੀ ਦੀ ਰਚਨਾ ਹੈ ਤੇ ਉਸ ਸੈਨਾਪਤਿ ਦੀ, ਜਿਸ ਨੇ ਚਾਣਾਕੇ ਦਾ ਅਨੁਵਾਦ ਗੁਰੂ ਦਰਬਾਰ ਵਿਚ ਕੀਤਾ ਸੀ । 'ਗੁਰ ਸ਼ੋਭਾ' ਕਵੀ ਦੀ ਸੁਤੰਤ੍ਰ ਰਚਨਾ ਹੈ ।

ਏਕ ਸਮੈ ਹਿਤ ਸੋਂ ਹਿਤੂ, ਉਚਰੀ ਹਿਤ ਚਿਤ ਲਾਇ ।
ਪ੍ਰਭ ਰਚਨਾ ਐਸੇ ਰਚੀ ਸੋ ਕੁਛ ਕਹੋ ਸੁਨਾਇ ॥ ੧ ॥

ਸਵੈਯਾ—

ਸੁਨਿਕੈ ਉਪਜੀ ਤਬਹੀ ਮਨ ਮੈਂ,
ਬਰਨੋ ਉਪਮਾਦ ਪ੍ਰਭ ਕੀ ਕਹੀਐ ।

'ਗੁਰ ਸ਼ੋਭਾ' ਗੁਰੂ ਜੀ ਦੇ ਹਾਲਾਤ ਦੀ ਸਭ ਤੋਂ ਪਹਿਲੀ ਤੇ ਅੱਖੀਂ ਡਿੱਠੀ ਉਗਾਹੀ ਭਰਨ ਵਾਲੀ ਪੋਥੀ ਹੈ । ਇਤਿਹਾਸਕਾਰਾਂ ਨੇ ਇਹ ਪੋਥੀ ਚੰਗੀ ਗੌਰਵਤਾ ਵਾਲੀ ਸਮਝੀ ਹੈ ਤੇ ਗੁਰ ਬਿਲਾਸ, ਸੂਰਜ ਪ੍ਰਕਾਸ਼, ਆਦਿ ਦੇ ਲੇਖਕਾਂ ਨੇ ਇਸ ਰਚਨਾਂ ਨੂੰ ਸਾਹਮਣੇ ਰੱਖਕੇ ਹੀ ਆਪਣੇ ਗ੍ਰੰਥ ਲਿਖੇ ਹਨ ।

ਸੈਨਾਪਤਿ ਦੀ ਪੰਜਾਬੀ ਕਵਿਤਾ ਬੀ ਇਸ 'ਗੁਰ ਸ਼ੋਭਾ' ਗ੍ਰੰਥ ਵਿਚ ਮਿਲਦੀ ਹੈ, ਜੋ ਸਪਸ਼ਟ ਕਰਦੀ ਹੈ ਕਿ ਇਹ ਕਵੀ ਪੰਜਾਬ ਦਾ ਹੀ ਵਾਸੀ ਸੀ । ੧੩ਵੇਂ ਧਿਆ ਦੇ ਅਖ਼ੀਰ ਜੋ ਸ਼ਰਧਾ ਭਾਵ ਭਰਪੂਰ ੧੨ ਪਉੜੀਆਂ ਆਪ ਨੇ ਲਿਖੀਆਂ ਹਨ, ਉਹਨਾਂ ਵਿਚੋਂ ਨਮੂਨੇ ਮਾਤ੍ਰ ਇਕ ਅੱਗੇ ਦਿੰਦੇ ਹਾਂ :

ਪਉੜੀ—

ਸਭ ਤੇਰੀ ਤੂੰ ਸਭਸ ਦਾ ਕੋ ਕਿੱਧਰ ਜਾਵੈ ।
ਪੁਤ ਕਪੁੱਤੀ ਜੇ ਕਰੇ ਪਿਉ ਮੁਖਹੁੰ ਨ ਪਾਵੈ ।

 www.sikhbookclub.com

ਭਾਵੇਂ ਕੇਤਾ ਭਰਮਨਾ ਜੇ ਸਰਣੀ ਆਵੈ ।
ਅਉਗੁਣ ਮੇਟੇ ਗੁਣ ਕਰੇ, ਭੀ ਮਾਹਿ ਸਮਾਵੈ ।
ਜੀ ! ਗੋਬਿੰਦ ਸਿੰਘ ਦਿਆਲ ਹੈ ਸਤਿਸੰਗ ਮਿਲਾਵੈ ॥ ੫੦ ॥ ੫੯੭ ॥

ਬੀਰ ਰਸੀ ਕਵਿਤਾ ਵਿਚ ਬੀ ਆਪ ਦਾ ਕਦਮ ਵਧਵਾਂ ਹੀ ਹੈ :

ਤੋਪ ਛੁਟੈ, ਗਰਜੈ ਘਨ ਜਯੋਂ, ਲਰਜ਼ੈ੪੯ ਹਿਯਰਾ ਮਾਨੋ
ਬਿੱਜ੫੦ ਕੜੱਕੈ । ਠਉਰ ਰਹੈ੫੧ ਜਿਹ ਕੇ ਉਰ ਲਾਗਤ, ਹੋਤ ਹੈ ਛਾਤੀ ਕੇ ਪਾਟ
ਪੜੱਕੈ;
ਯਾ ਬਿਧਿ ਸੌਂ ਤਹਿੰ ਗੋਲਾ ਚਲੈ, ਟਿਕ ਹੈ ਨਹੀਂ ਸੂਰਮਾ ਤਾਂਹੀ ਕੇ ਧੱਕੈ ।
ਰਾਜਨ ਕੇ ਅਵਸਾਨ੫੨ ਗਦ, ਜਬ ਆਨੰਦ ਕੋਟ ਤੇ ਤੋਪ ਛੁੜੱਕੇ ॥ ੧੨ ॥ ੪੧੭॥

## ਹੀਰ

ਇਸ ਦੇ ਨਾਮ ਠਾਮ ਤੇ ਜੀਵਨੀ ਦੇ ਵਿਸ਼ੇਸ਼ ਹਾਲ ਨਹੀਂ ਮਿਲਦੇ, ਪਰ ਗੁਰੂ ਦਰਬਾਰ ਵਿਚ ਪਹਿਲੀ ਵੇਰ ਹਾਜ਼ਰ ਹੋਣ ਦੇ ਸਮਾਚਾਰ ਕੁਛ ਪ੍ਰਸਿੱਧ ਹਨ । ਕਵੀ ਨੇ ਗੁਰੂ ਦਰਬਾਰ ਵਿਚ ਆਪਣਾ ਕਬਿੱਤ ਸੁਨਾਉਣ ਸਮੇਂ ਇਕ ਐਸਾ ਨਾਟਕ ਕੀਤਾ, ਜਿਸ ਤੋਂ ਮਲੂਮ ਹੋਵੇ ਕਿ ਉਹ ਕਿਸੇ ਅਦ੍ਰਿਸ਼ਟ ਸ਼ੱਤ੍ਰੂ ਨਾਲ ਘੋਲ ਘੁਲ ਰਿਹਾ ਹੈ । ਇਹ ਦੁਸ਼ਮਣ ਕੌਣ ਸੀ ? ਹੀਰ ਦੀ ਗ਼ਰੀਬੀ, ਜਿਸ ਨੂੰ ਪਤਾ ਸੀ ਕਿ ਹੀਰ ਦੇ ਕਬਿੱਤ ਸੁਨਾਉਣ ਉਪਰ ਇਹ ਮਾਲਾ ਮਾਲ ਕੀਤਾ ਜਾਏਗਾ । ਏਸੇ ਨਾਟਕ ਵਿਚ ਹੀਰ ਨੇ ਫੇਰ ਆਪਣੇ ਖ਼ਿਆਲੀ ਵੈਰੀ ਨੂੰ ਵੰਗਾਰਿਆ:

੪੯ ਕੰਬ ਜਾਂਦਾ ਹੈ ।
੫੦ ਬਿਜਲੀ ।
੫੧ ਥਾਵੇਂ ਹੀ ਰਹਿੰਦਾ ਹੈ ਭਾਵ ਮਰ ਜਾਂਦਾ ਹੈ ।
੫੨ ਹੋਸ਼ ।

 www.sikhbookclub.com

ਦਾਰਿਦ ਕਪੂਤ ! ਤੇਰੋ ਮਰਨ ਬਨਯੋ ਹੈ ਆਜ,
ਕਰਿਕੈ ਸਲਾਮ ਵਿਦਾ ਹੂਜੈ ਕਵਿ ਹੀਰ ਸੋਂ ।
ਨਾਤੁਰ੫੩ ਗੋਬਿੰਦ ਸਿੰਘ ਵਿਕਲ੫੪ ਕਰੈਂਗੇ ਤੋਹਿ,
ਟੂਕ ਟੂਕ ਹ੍ਵੈ ਹੈਂ ਗਾਢੇ ਦਾਨਨ ਕੇ ਤੀਰ ਸੋਂ ।

ਫੇਰ ਗੁਰੂ ਜੀ ਵੱਲ ਪੁਕਾਰ ਕੀਤੀ :

ਜੈਸੇ ਪ੍ਰਹਿਲਾਦ ਸੁਰਪਤਿ ਕੀਨੋ ਪਤਿ ਦੈਕੈ,
ਯਾਹੂ ਪਤਿ ਕਾਜੈ ਨੈਕ ਚਿਤ ਦੈ ਸਮਾਰੀਏ੫੫ ।
ਜੈਸੇ ਬਲ ਬਾਂਧਯੋ ਧਰ ਬਾਵਨ੫੬ ਸਰੂਪ 'ਹੀਰ',
ਟੂਕ ਟੂਕ ਕਰੋ ਚਾਢ ਆਂਢਨ ਪਛਾਰੀਏ ।
ਛਾਡਤ ਨ ਸੰਗ ਜੁਰਯੋ ਰਹੈ ਆਠੋਂ ਜਾਮ ਮੇਰੇ,
ਤੇਰੇ ਦਾਨ ਨਾਮ ਤੇ ਪਰੇਤ ਮੇਰੋ ਝਾਰੀਏ ।
ਏਕੈ ਗੁਰ ਗੋਬਿੰਦ, ਗਰੁਰ ਜਾਂ ਕੋ ਬਾਹਨ ਹੈ,
ਜੈਸੇ ਮੁਰ੫੭ ਮਾਰਯੋ ਤੈਸੋ ਮੇਰੋ ਅਰਿ ਮਾਰੀਏ ।

ਇਸ ਦਾ ਨਤੀਜਾ ਇਹ ਹੋਇਆ ਕਿ ਹੀਰ ਉਪਰ ਮੇਹਰ ਹੋਈ, ਯਥਾ:

ਸੁਨ ਸਾਚੇ ਸਤਿਗੁਰ ਅਬਿਨਾਸ਼ੀ । ਦੀਨੋ ਧਨ ਅਨਗਨ ਸੁਖਰਾਸੀ । ਕਵੀਜਨ ਮੱਧ ਰੋਜ਼ ਕਰ ਦੀਓ । ਦਾਰਿਦ ਦੁਰਦ ਦਮਨ ਸੁਖ ਕੀਓ ।

### ਬਾਬਾ ਸੁਮੇਰ ਸਿੰਘ

ਸੇਵਾ ਜੀ ਮਰਹੱਟਾ ਦੇ ਦਰਬਾਰੀ ਕਵੀ 'ਭੂਸ਼ਨ' ਦਾ ਨਾਮ ਵੀਰ ਰਸੀ ਕਵਿਤਾ ਵਿਚ ਇਕ ਚੋਟੀ ਦਾ ਗਿਣਿਆ ਜਾਂਦਾ ਹੈ, ਇਸੇ ਤਰ੍ਹਾਂ ਗੁਰੂ ਦਰਬਾਰ ਦੇ ਕਵੀਆਂ ਵਿਚ

੫੩ ਨਹੀ ਤਾਂ ।
੫੪ ਬਿਆਕੁਲ, ਪਰੇਸ਼ਾਨ ।
੫੫ ਜਿਵੇਂ (ਆਪ ਜਦੋਂ ਨਰਸਿੰਘ ਅਵਤਾਰ ਸੇ) ਪ੍ਰਹਿਲਾਦ ਨੂੰ ਇੱਜ਼ਤ ਦੇਕੇ ਦੇਵਤਿਆਂ ਦਾ ਰਾਜਾ ਬਣਾ ਦਿਤਾ ਸੀ, ਇਸ ਪਤ ਦਾਨ ਕਰਨ ਦੇ ਚਜ ਨੂੰ ਚੰਗੀ ਤਰ੍ਹਾਂ ਯਾਦ ਕਰੋ ।
੫੬ ਜਿਵੇਂ ਬਾਵਨ ਰੂਪ ਧਾਰਕੇ ਬਲ ਦੈਂਤ ਨੂੰ ਬੰਨ੍ਹ ਲਿਆ ਸੀ।
੫੭ ਇਕ ਰਾਖਸ਼ ਜਿਸ ਨੂੰ ਵਿਸ਼ਨੂੰ ਨੇ ਮਾਰਿਆ ਸੀ ।


www.sikhbookclub.com

ਹੀਰ ਦਾ ਇਕ ਖਾਸ ਦਰਜਾ ਹੈ। ਨਮੂਨੇ ਮਾਤ੍ਰ ਹੀਰ ਦਾ ਇਕ ਛੰਦ ਇਹ ਹੈ :

ਨਾਹਨ ਸਮਾਨ ਝੁਕ ਝਰ ਪਰੇ ਗੋਬਿੰਦ ਸਿੰਘ,
ਖਗ ਗਹਿ ਖੰਡ ਕੀਨੀ ਖਲਨ ਕੀ ਖੱਪਰੀ।
ਹਨੇ ਘਨੇ ਘੇਰ ਘਮਸਾਨ ਕੋ ਘੁਮੰਡ ਕੀਨੋ,
ਘਾਇਨ ਘੁਮਤਿ ਘਾਇਲਨ ਕੀ ਧਰਾਧਰੀ।
ਰੁਧ੍ਰ ਕੇ ਕੁੰਡ ਤੇ ਨਿਕਸਿ ਕਾਲੀ ਕੁਲ ਠਾਂਢੀ
ਉਪਮਾਂ ਬਢੀ ਹੈ 'ਹੀਰ' ਅਭਿਮਤਿ ਤੇ ਖਰੀ।
ਦਲ ਦਸਮਾਥ ਰਘੁਨਾਥ ਕੋ ਮਨਾਇ ਮਨ,
ਮਾਨੋ ਸੀਆ ਸੌਹ ਦੈ ਹੁਤਾਸਨ ਤੇ ਨਿਸਰੀ ॥੨੧॥

੧. (ਆਪਣੇ ਉੱਤੇ ਆ ਪਏ ਹਮਲਾ ਆਵਰ) ਦੁਸ਼ਟਾਂ ਉਤੇ ਸ਼ੇਰ ਵਾਂਗੂ ਝੁਕਕੇ ਤੇ ਝਪਟਕੇ ਪਏ ਗੁਰੂ ਗੋਬਿੰਦ ਸਿੰਘ ਜੀ ਨੇ ਹਥ ਫੜੀ ਤਲਵਾਰ ਨਾਲ ਉਹਨਾਂ ਦੀਆਂ ਖੋਪਰੀਆਂ ਫੋੜ ਦਿਤੀਆਂ।

੨. ਪੂਰਨ ਸ੍ਵੈ ਭਰੋਸੇ ਨਾਲ ਘੋਰ ਯੁੱਧ ਕਰਕੇ ਘੇਰ ਘੇਰ ਕੇ ਘਣੇ (ਦੁਸ਼ਟ ਤਾਂ) ਮਾਰ ਦਿਤੇ (ਤੇ ਧਰਾਧਰੀ–) ਢੇਰਾਂ ਦੇ ਢੇਰ ਫੱਟੜਾਂ ਦੇ ਲਗ ਗਏ, (ਫੇਰ ਬੀ ਤਲਵਾਰ ਝੁਕਕੇ) ਚੋਟ ਕਰਨੋਂ ਪਿਛੇ ਨਹੀਂ ਮੁੜਦੀ।

੩. ਹੁਣ ਮਾਨੋ) ਲਹੂ ਦੇ ਕੁੰਡ ਤੋਂ ਤਲਵਾਰ ਨਿਕਲਕੇ ਖੜੋ ਗਈ ਹੈ, ਜਿਸ ਦੀ ਖਰੀ ਖਰੀ ਉਪਮਾਂ ਹੀਰ (ਕਵੀ) ਦੀ ਸਭ ਪਾਸਿਆਂ ਤੋਂ ਵਿਚਾਰੀ ਹੋਈ ਐਉਂ ਬਣੀ ਹੈ।

੪. (ਕਿ ਮਾਨੋ) ਸੀਤਾ ਰਾਮ ਨੂੰ ਮਨ ਵਿਚ ਮਨਾਕੇ ਰਾਵਣ ਨੂੰ ਮਾਰਕੇ ਸਹੁੰ ਦੇਕੇ ਅੱਗ ਤੋਂ ਨਿਕਲੀ ਹੈ।

## ਹੰਸ ਰਾਮ

ਕਵੀ ਹੰਸ ਰਾਮ ਗੁਰੂ ਜੀ ਦੇ ਦਰਬਾਰੀ ਕਵੀਆਂ ਵਿਚੋਂ ਇਕ ਪ੍ਰਬਲ ਕਵੀ ਸੀ। ਜਿਸ ਨੇ ਆਨੰਦਪੁਰ ਗੁਰੂ ਕੇ ਹਜ਼ੂਰ ਰਹਿਕੇ ਮਹਾਂ ਭਾਰਤ ਦੇ ਕਰਨ ਪਰਬ ਦਾ ਅਨੁਵਾਦ ਭਾਸ਼ਾ ਕਵਿਤਾ ਵਿਚ ਕੀਤਾ। ਜਿਸ ਲਈ ਗੁਰੂ ਜੀ ਨੇ ੬੦ ਹਜ਼ਾਰ ਰੁਪੱਯਾ ਇਨਾਮ ਦਿਤਾ। ਅਨੁਵਾਦ ਦਾ ਸੰਮਤ ਇਸ ਤਰ੍ਹਾਂ ਦਿਤਾ ਹੈ:


www.sikhbookclub.com

ਸੰਮਤ ਸਤਰਾਂ ਸੈ ਬਰਸ, ਬਾਵਨ ਬੀਤਨਹਾਰ।
ਮਾਰਗ ਵਦਿ ਤਿਥਿ ਦੂਜ ਕੋ ਤਾਂ ਦਿਨ ਮੰਗਲਵਾਰ।
ਹੰਸਰਾਮ ਤਾਂ ਦਿਨ ਕਰਯੋ 'ਕਰਨ ਪਰਬ' ਆਰੰਭ।

ਹੰਸ ਰਾਮ ਇਕ ਸਪਸ਼ਟ ਵਕਤਾ ਕਵਿ ਹੈ। ਇਸ ਵਿਚ ਨਾਟਕੀ ਗੁਣ ਘੱਟ ਹੈ, ਪਰ ਗੰਭੀਰਤਾ ਦਾ ਤੱਤ ਹੀਰ ਕੋਲੋਂ ਵਧੀਕ ਹੈ।

ਗੁਰੂ ਜੀ ਤੇ ਅਨੰਦਪੁਰ ਦਾ ਵਰਣਨ ਕਰਦੇ ਹੰਸ ਰਾਮ ਜੀ ਲਿਖਦੇ ਹਨ :

ਕੌਨ ਬਡੋ ਯਾ ਜਗਤ ਮੈਂ ਕੋ ਦਾਤਾ ਕੋ ਸੂਰ ?
ਕਾਂਕੇ ਰਣ ਅਰ ਦਾਨ ਮੇਂ ਮੁਖ ਪਰ ਬਰਸਤ ਨੂਰ ?
ਰਚਯੋ ਬ੍ਰਹਮ ਕਰ ਆਪਨੇ ਦੀਨੋ ਭੂ ਕੋ ਭਾਰ।
ਸੋ ਤੂੰ ਗੁਰ ਗੋਬਿੰਦ ਹੈਂ ਨਾਨਕ ਕੋ ਔਤਾਰ।
ਐਸੇ ਕਾਹੂੰ ਕੇ ਨਹੀਂ ਸੁਰ ਸੁਰਪਤਿ ਕੇ ਭੌਨ।
ਈਸ਼ ਮੁਨੀਸ਼ ਦਿਲੀਸ਼ ਏ, ਨਰ ਨਰੇਸ਼ ਕੇ ਕੌਨ।
ਚਾਰ ਬਰਣ ਚਾਰੋਂ ਜਹਾਂ ਆਸ਼੍ਰਮ ਕਰਤ ਅਨੰਦ।
ਤਾਂਕੋ ਨਾਮ ਅਨੰਦ ਪੁਰ ਹੈ ਅਨੰਦ ਕੋ ਕੰਦ।

ਦਾਨ ਸਨਮਾਨ ਪਾਕੇ ਘਰਾਂ ਨੂੰ ਜਾ ਰਹੇ ਕਵੀਆਂ ਦੀ ਸ਼ਾਨ ਸ਼ੌਕਤ ਤੇ ਚੜ੍ਹਤ ਬੜ੍ਹਤ ਦਾ ਨਜ਼ਾਰਾ ਏਸ ਤਰ੍ਹਾਂ ਬਿਆਨ ਕੀਤਾ ਹੈ:

ਦੁੰਦਭੀ ਧੁੰਕਾਰੇ ਬਾਜੇ, ਮਾਨੋ ਜਲਧਰ੫੮ ਗਾਜੇ,
ਰਾਜਤ ਨਿਸ਼ਾਨ ਭਯ ਭਾਨੁ੫੯ ਛਿਪੇ ਜਾਤ ਹੈਂ।
ਹਾਥਿਨ ਕੇ ਹਲਕਾ੬੦ ਹਜ਼ਾਰਨਿ ਗਨੇ ਕੋ ਹਯ,
ਜਟਤਿ ਜਵਾਹਰ ਜੇ ਜਗਮਗ ਗਾਤ ਹੈਂ।

੫੮ ਬੱਦਲ।
੫੯ ਸੂਰਜ।
੬੦ ਹਾਥੀਆਂ ਦੇ ਗ੍ਰੋਹ।

 www.sikhbookclub.com

ਕੌਰ ਸਾਜੇ ਜੋਰ ਕਰ ਨਾਲਨ ਕੋ ਸ਼ੋਰ ਸੁਨੇ,
ਸੰਕਤ ਸੁਰੇਸ਼ ਔ ਨਰੇਸ਼ ਬਿਲਖਾਤ ਹੈਂ੬੧।
'ਹੰਸ ਰਾਮ' ਕਹਿਤ, ਬਿਰਾਜੋ ਜਿਨ ਭਾਜੋ੬੨,
ਗੁਰ ਗੋਬਿੰਦ ਕੋ ਮਾਂਗੇ ਕਵਿਰਾਜ ਚਲੇ ਜਾਤ ਹੈਂ।

## ਕੁਵਰੇਸ਼

ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਇਹ ਕਵੀ 'ਕੁਵਰੇਸ਼' ਹਿੰਦੀ ਦੇ ਕਵੀ ਕੇਸ਼ਵ ਦਾਸ (ਬੰਦੇਲ ਖੰਡ) ਦਾ ਪੁਤਰ ਸੀ।

ਭਾਈ ਸੰਤੋਖ ਸਿੰਘ ਜੀ ਦੱਸਦੇ ਹਨ ਕਿ ਔਰੰਗਜ਼ੇਬ ਇਸ ਨੂੰ ਮੁਸਲਮਾਨ ਬਨਾਉਣਾ ਚਾਹੁੰਦਾ ਸੀ, ਪਰ ਕੁਵਰੇਸ਼ ਚੁਪਾਤਾ ਹੀ ਖਿਸਕ ਟੁਰਿਆ ਤੇ ਭੇਸ ਵਟਾਕੇ ਤੇ ਲੁਕ ਛਿਪਕੇ ਆਨੰਦਪੁਰ ਆ ਪੁੱਜਾ ਤੇ ਆਕੇ ਬੇਨਤੀ ਕੀਤੀ :

ਸਦਾ ਨਿਥਾਵਨ ਕੋ ਤੁਮ ਥਾਨ। ਸਦਾ ਨਿਮਾਨਨ ਕੇ ਬਡ ਮਾਨ।
ਅਹੋ ਨਿਤਾਨਨ ਕੇ ਤੁਮ ਤ੍ਰਾਨ। ਅਸ ਸ਼ੋਭਾ ਕੋ ਕਥੈ ਜਹਾਨ।
ਤੁਰਕ ਤੇਜ ਤੇ ਬਿਨ ਬਲ ਹਿੰਦੂ। ਧਰਮ ਬਿਨਾਸਤ ਮੇਲਤ ਬਿੰਦੂ।
ਮਹਾਂ ਤ੍ਰਾਸ ਤੇ ਮੈਂ ਚਲਿ ਆਯੋ। ਚਹਤ ਆਪਨੋ ਧਰਮ ਬਚਾਯੋ।

ਗੁਰੂ ਜੀ ਨੇ ਇਸ ਵਿਦਵਾਨ ਕਵੀ ਦੀ ਕਦਰ ਕੀਤੀ ਤੇ ਕਵੀ ਸਮੁਦਾਇ ਵਿਚ ਰੁਜ਼ੀਨਾ ਲਾਕੇ ਇਸ ਨੂੰ ਬੀ ਸ਼ਾਮਲ ਕਰ ਲਿਆ। ਇਸ ਨੇ ਗੁਰੂ ਜੀ ਦੀ ਕਵੀ ਬਾਵਨੀ ਵਿਚ ਰਹਿਕੇ ਦ੍ਰੋਣ ਪਰਬ ਦਾ ਅਨੁਵਾਦ ਕੀਤਾ। ਜਿਸ ਬਾਬਤ ਉਹ ਆਪ ਲਿਖਦਾ ਹੈ :

੬੧ (ਇਨ੍ਹਾਂ ਦੀਆਂ) ਕਤਾਰਾਂ ਜਦੋਂ ਜੁੜਕੇ ਚਲਦੀਆਂ ਹਨ ਤੇ ਉਹਨਾਂ ਦੇ ਨਾਅਲਾਂ ਦਾ ਸ਼ੋਰ ਸੁਣੀਦਾ ਹੈ ਤਾਂ ਪਹਾੜੀ ਰਾਜੇ ਤੇ ਇੰਦ੍ਰ ਡਰਕੇ ਘਾਬਰਦੇ ਹਨ।

੬੨ ਨਾ ਭੱਜੋ, ਟਿਕੇ ਰਹੋ।


www.sikhbookclub.com

ਸੰਬਤ ਸੱਤ੍ਰਹ ਸੈ ਅਧਿਕ ਬਾਵਨ ਬੀਤੇ ਔਰ ੬੩।
ਤਾ ਮੈਂ ਕਵਿ ਕੁਵਰੇਸ਼ ਯਹ ਕਿਯੋ ਗ੍ਰੰਥ ਕੋ ਡੌਰ ੬੪।
ਵਾਹੁਜ੬੫ ਬੇਦੀ ਕੁਲ ਭਏ ਨਾਨਕ ਗੁਰੂ ਅਨੂਪ।
ਜਿਨ ਮੇਂ ਪੂਰੋ ਪਾਈਏ ਪਾਰਬ੍ਰਹਮ ਕੋ ਰੂਪ।
ਨਾਨਕ ਸਿਖ ਕੀਏ ਤਿਹੁਨ ਕੁਲ ਅੰਗਦ ਸ਼ੁਭ ਨਾਮ।
ਭਕਿਤ ਸਰੋਰਹੁ ਕੇ ਭਏ ਜੋ ਰਵਿ ਆਠੋਂ ਜਾਮ ੬੬।
ਅੰਗਦ ਨਿਜ ਗੁਰੁਤਾ ਦਈ ਭੱਲੇ ਭਲੇ ਵਿਚਾਰ।
ਅਮਰਦਾਸ ਕੋ ਨਿਜ ਸਕਲ ਦੀਨੋ ਜਗਤ ਉਧਾਰ।
ਗੁਰ ਗੋਬਿੰਦ ਨਰਿੰਦ ਹੈ ਤੇਗ਼ ਬਹਾਦਰ ਨੰਦ ੬੭।
ਜਿਨਤੇ ਜੀਵਤ ਹੈਂ ਸਕਲ ਭੂਤਲ ਕਵਿ ਬੁਧ ਬ੍ਰਿੰਦ।
ਨਦੀ ਸੁਤੱਦ੍ਰ੬੮ ਤੀਰ ਤਹਿੰ ਸ਼ੁਭ ਅਨੰਦਪੁਰ ਨਾਮ।
ਗੁਰ ਗੋਬਿੰਦ ਨਰਿੰਦ ਕੇ ਰਾਜਤ ਸੁਭਗ੬੯ ਸੁਧਾਮ।
ਗੰਗਾ ਜਮਨਾ ਬੀਚ ਮੈਂ 'ਬਰੀ' ਗ੍ਰਾਮ ਕੋ ਨਾਮ।
ਤਹਾਂ ਸੁ ਕਵਿ ਕੁਵਰੇਸ਼ ਕੋ, ਬਾਸ ਕਰੈ ਕੋ ਧਾਮ।

ਅਖੀਰਲੇ ਦੋਹੇ ਤੋਂ ਪਤਾ ਲਗਦਾ ਹੈ ਕਿ ਗੰਗਾ ਜਮਨਾ ਦੋਹਾਂ ਦਰਯਾਂਵਾਂ ਦੇ ਵਿਚਕਾਰ ਕਿਤੇ ਕੋਈ ਨਗਰ 'ਬਰੀ' ਨਾਮ ਦਾ ਹੈ, ਉਸ ਨਗਰ ਵਿਚ ਇਸ ਦਾ ਵਸੇਬਾ ਸੀ। ਪਰ ਕੋਈ ਹਾਲ ਨਹੀਂ ਮਿਲਦੇ।

੬੩ ਸੰਮਤ ੧੭੫੨।
੬੪ ਡੌਲ, ਰਚਨਾ।
੬੫ ਖੱਤ੍ਰੀ।
੬੬ ਭਗਤੀ ਰੂਪੀ ਕ਼ਵਲ ਨੂੰ ਜੋ ਅੱਠੇ ਪਹਿਰ ਸੂਰਜ ਹੋ ਢੁੱਕੇ।
੬੭ ਸਪੁਤ੍ਰ।
੬੮ ਸਤਲੁਜ।
੬੯ ਮੁਹਣੇ ਸ੍ਰੇਸ਼ਟ।

 www.sikhbookclub.com

# ਟਹਿਕਣ

ਗੁਰੂ ਦਰਬਾਰ ਵਿਚ ਆਕੇ ਟਹਿਕਣ ਨੇ ਕਿਟਣੀ ਰਚਨਾ ਕੀਤੀ ? ਇਸ ਦਾ ਪਤਾ ਨਹੀਂ ਚਲਦਾ ; ਕਿਉਂਕਿ ਕਵੀਆਂ ਦੀ ਰਚਨਾਂ ਦਾ ਸਾਰਾ ਖਜ਼ਾਨਾ ਅਨੰਦਪੁਰ ਦੇ ਵੱਡੇ ਜੰਗ ਪਿਛੋਂ ਲੁਟਿਆ ਪੁੱਟਿਆ ਗਿਆ ਸੀ। ਪਰ ਟਹਿਕਣ ਦਾ ਨਾਮ ਬਵੰਜਾ ਕਵੀਆਂ ਦੀ ਸੂਚੀ ਵਿਚ ਸ਼ਾਮਲ ਹੈ।

ਇਹ ਕਵੀ ਪੰਜਾਬੀ ਸੀ, ਜਲਾਲਪੁਰ ਦਾ ਵੌਸਨੀਕ, ਜਾਤ ਦਾ ਚੋਪੜਾ ਖੱਤ੍ਰੀ, ਰੰਗੀਲ ਦਾਸ ਦਾ ਪੁੱਤਰ, ਤੇ ਜੁਆਨੀ ਵਿਚ ਫੌਜ ਵਿਚ ਭਰਤੀ ਹੋ ਗਿਆ ਸੀ। ਫੌਜ ਵਿਚ ਰਹਿਦਿਆਂ ਇਸ ਨੇ ਸੰਸਕ੍ਰਿਤ ਤੋਂ ਅਸ਼੍ਵਮੇਧ ਭਾਖਾ ਦਾ ਅਨੁਵਾਦ ਕਵਿਤਾ ਵਿਚ ਕੀਤਾ, ਇਹ ਪੁਸਤਕ ਗੁਰਮੁਖੀ ਵਿਚ ਲਿਖੀ ਹੋਈ ਹੀ ਮਿਲਦੀ ਹੈ। ਜਿਸ ਤੋਂ ਜਾਪਦਾ ਹੈ ਕਿ ਇਹ ਕਵੀ ਸੰਸਕ੍ਰਿਤ ਦਾ ਵਿਦਵਾਨ ਭਾਵੇਂ ਸੀ, ਪਰ ਰੁਚੀ ਗੁਰਮੁਖੀ ਵਿਚ ਹੀ ਲਿਖਣ ਦੀ ਰਖਦਾ ਸੀ, ਇਹ ਪੁਸਤਕ ਇਸ ਨੇ ੧੭੨੬ ਬਿਕ੍ਰਮੀ ਵਿਚ ਲਿਖੀ ਹੈ ਤੇ ਇਸ ਤੋਂ ੨੫, ੨੬, ਸਾਲ ਬਾਦ ਗੁਰੂ ਹਜ਼ੂਰੀ ਵਿਚ ਅਨੰਦਪੁਰ ਆਕੇ ਗੁਰੂ ਕੀ ਕਵੀ ਖਾਵਨੀ ਵਿਚ ਸ਼ਾਮਲ ਹੋਇਆ ਹੈ।

ਅਸ਼੍ਵਮੇਧ ਭਾਖਾ ਗ੍ਰੰਥ ਦੋਹਰੇ, ਸੋਰਠੇ, ਚੌਪਈਆਂ ਵਿਚ ਹੈ ਜਿਵੇਂ ਕਿ ਇਸ ਦੇ ਸਮਕਾਲੀ ਕਵੀ ਤੇ ਸਾਥੀ ਕਵੀ, ਆਲਮ ਦਾ ਸ਼ਯਾਮ ਸਨੇਹੀ ਤੇ ਮਾਧਵਾਨਲ ਕਾਮਕੰਦਲਾ ਹੈ। ਕਵੀ ਟਹਿਕਣ ਨੇ ਆਪਣੇ ਇਸ ਪੁਸਤਕ ਵਿਚ ਆਪਣਾ ਹਾਲ ਤੇ ਸੰਮਤ ਆਦਿ ਦਾ ਵੇਰਵਾ ਇਉਂ ਦਿਤਾ ਹੈ:

ਚੌਪਈ–

ਬਰਨੌ ਕਥਾ ਸੁਧਾ ਰਸ ਸਾਨੀ੭੦। ਕਹੌਂ ਜਥਾ ਮਤਿ੭੧ ਉਕਤ ਕਹਾਨੀ।

੭੦ ਅੰਮ੍ਰਿਤ ਵਰਗੇ ਰਸ ਨਾਲ ਮਿਲੀ ਹੋਈ।
੭੧ ਆਪਣੀ ਬੁੱਧੀ ਅਨੁਸਾਰ।


www.sikhbookclub.com

ਪ੍ਰਥਮੇ ਸੁਰ ਭਾਖਾ੭੨ ਸੁਨ ਲੀਨੀ। ਦੋਹਾ ਸਰਸ ਚੌਪਈ ਕੀਨੀ।
ਕਹੂੰ ਕਬਿੱਤ ਸੋਰਠਾ ਕੀ ਗਤਿ। 'ਟਹਿਕਣ' ਬਰਨਨ ਕੀਓ ਅਲਪ ਮਤਿ ੭੩।

ਦੋਹਰਾ—

ਸੰਬਤਸਰ ਦਸ ਸਪਤ ਸ਼ਤ, ਅਧਿਕ ਬਰਖ ਖਟ ਬੀਸ।
ਥਿਤ ਤ੍ਰਯੋਦਸੀ ਅਖਾਢ ਬਦਿ ਬੁਧਿ ਬਾਸੁਰ ਸ਼ੁਭ ਦੀਸ੭੪।

ਚੌਪਈ—

ਟਹਿਕਣ ਕਵੀ 'ਜਲਾਲਪੁਰ' ਬਾਸੀ। ਛਤ੍ਰਿ ਧਰਮ 'ਨੰਦ ਲਾਲ' ਉਪਾਸੀ।
ਪਿਤਾ ਰੰਗੀਲ ਦਾਸ ਜਿਹ ਨਾਮਾ। ਗਯਾਤ੭੫ 'ਚੋਪਰਾ' ਕੁਲ ਅਭਿਰਾਮਾ।
ਸਮੈ ਪਾਇ ਕਰ ਗਯੋ ਸਿਪਾਹੀ। 'ਹਯਕ੍ਰਿਤ ਭਾਖਾ'੭੬ ਕਰੀ ਤਹਾਂ ਹੀ।
ਪ੍ਰਥਮ ਸਹਸਕ੍ਰਿਤ ਸ਼੍ਰਤ ਸੁਨ ਲੀਨੀ ੭੭। ਤਾਂ ਪਾਛੇ ਭਾਖਾ ਬਰ ਕੀਨੀ।
(ਅਧਯਾਯ—੭੩)

ਫਿਰ ਇਹ ਬੀ ਲਿਖਿਆ ਹੈ:

ਕਛੁਕ ਉਕਤ ਬਲ ਬੁਧਿ ਕਛੁਕ ਪਰਕ੍ਰਿਤ੭੮ ਹਰਿ ਲੀਨੀ।
ਬੀਨ ਬੀਨ ਅੱਛਰ ਪ੍ਰਬੀਨ ਪੋਥੀ ਸੁਭ ਕੀਨੀ।

## ਭਾਈ ਨੰਦ ਲਾਲ

ਭਾਈ ਸਾਹਿਬ ਨੰਦ ਲਾਲ ਗੁਰੂ ਦਰਬਾਰ ਦੇ ਇਕ ਚੋਟੀ ਦੇ ਫਾਰਸੀ ਦੇ ਸ਼ਾਇਰ ਹੋ ਗੁਜ਼ਰੇ ਹਨ, ਜੋ 'ਗੋਯਾ' ਤਖ਼ੱਲਸ (ਕਵੀ ਛਾਪ) ਵਰਤਦੇ ਸਨ। ਆਪ ਦੇ ਪਿਤਾ ਗਜ਼ਨੀ

੭੨ ਸੰਸਕ੍ਰਿਤ।
੭੩ ਤੁੱਛ ਬੁੱਧੀ ਅਨੁਸਾਰ।
੭੪ ਸੰਮਤ ੧੭੨੬ ਬਿਕ੍ਰਮੀ ਹਾੜ ਵਦੀ ੧੩ ਬੁਧਵਾਰ ਦਾ ਸ਼ੁਭ ਦਿਨ।
੭੫ ਜਾਤ।
੭੬ ਅਸ਼੍ਵਮੇਧ ਭਾਖਾ।
੭੭ ਕੰਨੀ ਸੁਣ ਲਈ।
੭੮ ਪਰਾਈ ਰਚਨਾ।

 www.sikhbookclub.com

ਵਿਚ ਕਿਸੇ ਚੰਗੇ ਸਰਕਾਰੀ ਅਹੁਦੇ ਤੇ ਸਨ। ਉਹਨਾਂ ਦੀ ਮ੍ਰਿਤੂ ਪਿਛੋਂ ਆਪ ਪੰਜਾਬ ਆ ਗਏ। ਸ਼ੌਕ ਪਰਮਾਰਥ ਵਧੀਕ ਸੀ, ਜਿਸ ਲਈ ਫ਼ੈਜ਼ ਦੇ ਚਸ਼ਮੇ ਦੀ ਢੂੰਡ ਵਿਚ ਰਹੇ। ਆਖ਼ਰ ਗੁਰੂ ਕੇ ਦਰਸ਼ਨ ਪ੍ਰਾਪਤ ਕਰਕੇ ਆਪ ਦੇ ਚਰਨਾਂ ਦੇ ਭੌਰੇ ਹੋ ਗਏ। ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਆਪਣੀ ਰਚਨਾਂ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿੱਦਿਆ ਦਰਬਾਰ' ਵਿਚ ਲਿਖਦੇ ਹਨ :

''ਭਾਈ ਨੰਦ ਲਾਲ ਦਾ ਪਿੱਛਾ ਗ਼ਜ਼ਨੀ ਦਾ ਸੀ ਤੇ ਆਪ ਮੁਲਤਾਨ ਵਿਚ ਆਕੇ ਟਿਕੇ ਹੋਏ ਸਨ, ਫਾਰਸੀ ਤੇ ਅਰਬੀ ਦੇ ਬੜੇ ਆਲਮ ਫਾਜ਼ਲ ਸਨ। ਆਪ ਨੂੰ ਪਰਮਾਰਥ ਦੀ ਲਟਕ ਸੀ, ਪਰ ਕਿਤੋਂ ਠੰਢ ਨਹੀਂ ਸੀ ਪਈ। ਅਖੀਰ ਗੁਰੂ ਘਰ ਦੀ ਸੂੰਹ ਪਈ ਤੇ ਆਪ ਅਨੰਦਪੁਰ ਪਹੁੰਚੇ; ਗੁਰੂ ਜੀ ਦੇ ਦਰਸ਼ਨ ਕਰਕੇ ਤੇ ਆਪਣੀ ਸਾਰੀ ਪਰਮਾਰਥਕ ਪਛਾਣ ਕਰਕੇ ਆਪ ਨੂੰ ਤਸੱਲੀ ਹੋ ਗਈ ਕਿ ਸਮਰੱਥ ਗੁਰੂ, ਸੱਚਾ ਗੁਰੂ ਤੇ ਪੂਰਨ ਗੁਰੂ ਏਹੋ ਹੈ। ਆਪ ਦਾ ਪਿਆਰ ਇਤਨਾ ਪਿਆ ਕਿ ਫਾਰਸੀ ਬੋਲੀ ਵਿਚ ਆਪ ਨੂੰ ਆਸ਼ਿਕ ਸਾਦਕ ਕਿਹਾ ਜਾਣਾ ਵੱਡੀ ਗੱਲ ਨਹੀਂ। ਅਪਣੇ ਜ਼ਾਤੀ ਤਜਰਬੇ ਤੋਂ ਤੇ ਅਪਣੇ ਅੱਖੀਂ ਦੇਖੇ ਹਾਲਾਤ ਤੋਂ ਤੇ ਦਿਲੀ ਪ੍ਰੇਮ ਦੀ ਖਿੱਚ ਤੋਂ ਆਪ ਨੇ ਫਾਰਸੀ ਵਿਚ ਕਵਿਤਾ ਰਚੀ, ਜਿਸ ਦਾ ਪਿਆਰ ਨਿਸ਼ਾਨਾ ਗੁਰੂ ਗੋਬਿੰਦ ਸਿੰਘ ਜੀ ਹਨ। ਕਵਿਤਾ ਕਮਾਲ ਦੀ ਹੈ ਤੇ ਕਈ ਪੁਸਤਕਾਂ ਵਿਚ ਹੈ :

''ਦੀਵਾਨ ਗੋਯਾ (ਗਜ਼ਲਾਂ, ਰੁਬਾਈਆਂ), ਜ਼ਿੰਦਗੀ ਨਾਮਾ, ਤੌਸੀਫੋਸਨਾ, ਗੰਜਨਾਮਾ, ਜੋਤ ਬਿਕਾਸ ਆਦਿ; ਇਕ ਜੋਤ ਬਿਕਾਸ ਆਪ ਦੀ ਹਿੰਦੀ ਵਿਚ ਵੀ ਰਚਨਾ ਹੈ। ਇਨ੍ਹਾਂ ਦੀਆਂ ਕਈ ਪੁਸਤਕਾਂ ਛਪ ਚੁਕੀਆਂ ਹਨ ਤੇ ਕਈ ਅਜੇ ਛਪਣ ਜੋਗ ਹਨ।''

ਭਾਈ ਸਾਹਿਬ ਵੀਰ ਸਿੰਘ ਜੀ ਨੇ ਭਾਈ ਨੰਦ ਲਾਲ ਦੇ ਜੀਵਨ ਦੇ ਸਮਾਚਾਰ ਚੰਗੀ ਖੋਜ ਨਾਲ ਵਿਸਥਾਰ ਵਿਚ 'ਗੁਰ ਕਲਗੀਧਰ ਚਮਤਕਾਰ' ਦੇ 'ਨੰਦ ਲਾਲ ਨਿਸਤਾਰਾ' ਸਿਰਲੇਖ ਹੇਠ ਦਿਤੇ ਹਨ ਤੇ ਕੁਝਕੁ ਚੋਣਵੀਆਂ ਗ਼ਜ਼ਲਾਂ ਦਾ ਪੰਜਾਬੀ ਕਵਿਤਾ ਵਿਚ ਤਰਜਮਾ ਬੀ ਆਪ ਨੇ ਉਥੇ ਦਿੱਤਾ ਹੈ।

ਭਾਈ ਨੰਦ ਲਾਲ ਜੀ ਦੀ ਫਾਰਸੀ ਕਵਿਤਾ ਦੀ ਵੰਨਗੀ ਪੇਸ਼ ਕਰਨ ਮਾਤ੍ਰ ਉਹਨਾਂ ਦੀ ਇਕ ਗ਼ਜ਼ਲ ਅਗੇ ਦਿੰਦੇ ਹਾਂ :

ਮਨ ਅਜ਼ ਸਵਾਂ ਕਿ ਪੀਰ ਸ਼ੁਦਮ ਦਰ ਕਿਨਾਰੇ ਉਮਰ,
ਐ ਖਾ ਤੋ ਖ਼ੁਸ਼ ਗੁਜ਼ਸ਼ਤ ਮਰਾ ਦਰ ਕਿਨਾਰੇ ਉਮਰ।

 www.sikhbookclub.com

ਦਮਹਾਏ ਮਾਂਦਹ ਰਾ ਤੋ ਚੁਨੀਂ ਮੁਗ਼ਤਨਮ ਸ਼ੁਮਾਰ,
ਆਖ਼ਰ ਖ਼ਿਜ਼ਾਂ ਬਿਆਵੁਰਦ ਈਂ ਨੌਂ ਬਹਾਰੇ ਉਮਰ।
ਹਾਂ ਮੁਗਤਨਿਮ ਸ਼ੁਮਾਰ ਦਮੇ ਰਾ ਬ—ਜ਼ਿਕਰੇ ਹੱਕ,
ਚੂੰ ਬਾਦ ਮੇ ਰਵਦ ਜ਼ਿ ਨਜ਼ਰ ਦਰ ਸ਼ੁਮਾਰੇ ਉਮਰ।
ਬਾਸ਼ਦ ਰਵਾਂ ਚੂੰ ਕਾਫਲਾਏ ਮੌਜ ਪੈ ਬ—ਪੈ,
ਆਬੇ ਬਨੋਸ਼ ਯਕ ਨਫ਼ਸ ਅਜ਼ ਜੂਏ ਬਾਰੇ ਉਮਰ।
ਸਦ ਕਾਰ ਕਰਦਹਈ ਕਿ ਨਿਆਯਦ ਬਕਾਰੇ ਤੋ
'ਗੋਯਾ' ਬਕੁਨ ਕਿ ਬਾਜ਼ ਬਿਆਯਦ ਬਕਾਰੇ ਉਮਰ ।
(ਗਜ਼ਲ—੩੭)

ਇਸ ਗ਼ਜ਼ਲ ਦਾ ਤਰਜਮਾ ਸ੍ਰੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਸ ਗ਼ਜ਼ਲ ਦੇ ਬਹਿਰ ਵਿਚ ਹੀ ਇਸ ਤਰ੍ਹਾਂ ਕੀਤਾ ਹੈ:

ਕੁੱਛੜ ਉਮਰਾ ਦੇ ਮੈਂ ਚੜ੍ਹਿਆਂ ਬੁੱਢਾ ਹੋਇਆ ਭੋਗ ਜਵਾਨੀ।
ਐਪਰ ਉਮਰ ਜੁ ਤੈਂ ਸੰਗ ਬੀਤੀ, ਖੁਸ਼ ਗੁਜ਼ਰੀ ਉਹ ਰੰਗ ਰਸਵਾਨੀ।
ਬਾਕੀ ਜੋ ਦਮ ਰਹਿੰਦੇ ਤੇਰੇ, ਜਾਨ ਗ਼ਨੀਮਤ ਲੈ ਸਫਲਾ,
ਆਨ ਖ਼ਿਜ਼ਾਂ ਪਕੜੇਗੀ ਆਖ਼ਰ ਉਮਰ ਬਹਾਰ ਜੁ ਖਿੜੀ ਖਿੜਾਨੀ।
ਯਾਦ ਪ੍ਰਭੂ ਵਿਚ ਦਮ ਸਫਲਾ ਲੈ ਹਰਦਮ ਜਾਣ ਗ਼ਨੀਮਤ ਤੂੰ,
ਉਮਰਾ ਦੀ ਗਿਣਤੀ ਤੂੰ ਤੱਕ ਲੈ ਵਾਂਙ ਹਵਾ ਦੇ ਜਾਇ ਉਡਾਨੀ।
ਵਾਂਗ ਕਾਫਲੇ ਵਿਚ ਦਰਿਯਾ ਦੇ ਲਹਿਰਾਂ ਚੱਲਣ ਪੈ ਦਰ ਪੈ,
ਤਿਵੇਂ ਉਮਰ ਦੀ ਵਗਦੀ ਨਦੀਓਂ ਦਮ ਦਮ ਘੁਟ ਭਰ ਪੀ ਲੈ ਪਾਨੀ।
'ਗੋਯਾ' ਕੀਤੇ ਕਈ ਕੰਮ ਤੂੰ ਕਿਸੇ ਕੰਮ ਜੋ ਹੁਣ ਨਾ ਆਣ,
ਹੁਣ ਕਰ ਕੰਮ, ਕੰਮ ਜੋ ਆਵਣ, ਬਾਕੀ ਉਮਰ ਹੋਇ ਸਫਲਾਨੀ।
(ਸ੍ਰੀ ਕਲਗੀਧਰ ਚਮਤਕਾਰ)

## ਮੰਗਲ

ਕਵੀ ਮੰਗਲ ਜੀ ਪੰਜਾਬੀ ਸਨ ਤੇ ਪਸਰੂਰ ਜ਼ਿਲਾ ਸਿਆਲਕੋਟ ਦੇ ਰਹਿਣ ਵਾਲੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਤ੍ਯਕ ਟਕਸਾਲ ਆਨੰਦ ਪੁਰ ਲਾਈ, ਜਿਸ ਵਿਚ ਸੰਸਕ੍ਰਿਤ ਤੋਂ ਤਦੋਂ ਦੀ ਸੁਖੈਨ ਸਮਝੀ ਜਾਂਦੀ ਭਾਸ਼ਾ ਵਿਚ ਉਲਥਾਉਣ ਦਾ ਸਾਹਿਤਯਕ ਜੱਗ


www.sikhbookclub.com

ਆਰੰਭ ਕੀਤਾ ਤਾਂ ਜਿਨ੍ਹਾਂ ਜਿਨ੍ਹਾਂ ਕਵੀਆਂ ਤੇ ਗੁਣੀਆਂ ਦੀ ਸੂੰਹ ਪਈ ਉਹਨਾਂ ਨੂੰ ਸੰਦੇਸ਼ ਭੇਜਕੇ ਬੁਲਾ ਲਿਆ ਤੇ ਸਾਹਿਤਯ ਦੀ ਸੇਵਾ ਵਿਚ ਜੋੜ ਲਿਆ। ਐਸਿਆਂ ਵਿਚੋਂ ਹੀ ਸ੍ਰੀ ਮੰਗਲ ਜੀ ਬੀ ਇਕ ਸਨ। ਇਹ ਗੁਰੂ ਘਰ ਦੇ ਸ਼ਰਧਾਲੂ ਸਿਖ ਸਨ ਤੇ ਸੰਸਕ੍ਰਿਤ ਵੇਤਾ ਤੇ ਪ੍ਰਬੀਨ ਕਵੀ ਸਨ। ਕਵਿਤਾ ਬ੍ਰਿਜ ਭਾਸ਼ਾ ਵਿਚ ਭੀ ਕਰਦੇ ਸਨ ਤੇ ਪੰਜਾਬੀ ਵਿਚ ਬੀ। ਮਹਾਂ ਭਾਰਤ ਦੇ ਉਲਥੇ ਸਮੇਂ 'ਸ਼ਲਯਪਰਬ' ਆਪ ਦੇ ਹਿੱਸੇ ਆਇਆ, ਉਹ ਆਪ ਨੇ ਉਲਥਾ ਕੀਤਾ। ਜਿਸ ਬਾਰੇ ਆਪ ਲਿਖਦੇ ਹਨ :

ਗੁਰ ਗੋਬਿੰਦ ਮਨ ਹਰਖ ਹ੍ਵੈ ਮੰਗਲ ਲਿਯੋ ਬੁਲਾਇ।
ਸ਼ਲਯ ਪਰਬ ਆਗਯਾ ਕਰੀ ਲੀਜੈ ਤੁਰਤ ਬਨਾਇ।
ਸੰਬਤ ਸਤ੍ਰਹ ਸੈ ਬਰਖ ਤ੍ਰੇਪਨ੭੯ ਬੀਤਨ ਹਾਰ।
ਮਾਧਵ ਰਿਤੁ੮੦ ਥਿਤ ਤ੍ਰੌਦਸੀ ਤਾਂ ਦਿਨ ਮੰਗਲਵਾਰ।
ਸ਼ਲਯ ਪਰਬ ਭਾਸ਼ਾ ਭਯੋ ਗੁਰ ਗੋਬਿੰਦ ਕੇ ਰਾਜ।
ਅਰਬ ਖਰਬ ਬਹੁ ਦਰਬ ਦੈ ਕਰਿ ਕਵਿਜਨ ਕੋ ਕਾਜ।
ਜੌ ਲੌ ਧਰਨ ਅਕਾਸ਼ ਥਿਰ ਚੰਦ ਸੂਰ ਨਭ ਇੰਦ।
ਤੌ ਲੌ ਚਿਰ ਜੀਵੈ ਜਗਤ ਸਾਹਿਬ ਗੁਰ ਗੋਬਿੰਦ।

ਪੂਰਨ ਪੁਰਖ ਅਵਤਾਰ ਆਨ ਲੀਨ ਆਪ, ਜਾਂ ਕੇ ਦਰਬਾਰ ਮਨ ਚਿਤਵੈ ਸੋ ਪਾਈਏ। ਘਟਿ ਘਟਿ ਬਾਸੀ, ਅਬਿਨਾਸੀ ਨਾਮ ਜਾਂ ਕੋ ਜਗ, ਕਰਤਾ ਕਰਨਹਾਰ ਸੋਈ ਦਿਖਰਾਈਏ। ਨੌਮੇ ਗੁਰੂ ਨੰਦ, ਜਗ ਬੰਦ ਤੇਗ਼ ਤਯਾਗ ਪੂਰੇ, ਮੰਗਲ ਸੁ ਕਵਿ ਕਹੈ ਮੰਗਲ ਸੁ ਥਾਈਏ। ਆਨੰਦ ਕੋ ਦਾਤਾ ਗੁਰੂ ਸਾਹਿਬ ਗੋਬਿੰਦ ਰਾਇ, ਚਾਹੈ ਜੌ ਅਨੰਦ ਤੌ ਅਨੰਦ ਪੁਰ ਆਈਏ।

ਪੰਜਾਬੀ ਕਵਿਤਾ ਦੀ ਸਰਲਤਾ ਤੇ ਠੇਠਤਾ ਬੀ ਅੱਛੀ ਹੈ:

ਸਮੁੰਦਰ ਦੇ ਵਾਰ ਪਾਰ ਵਿੱਚ ਮਹੀ ਮੰਡਲ ਦੇ, ਜੈਂਦਾ ਜਸ ਦੇਸ਼ ਦੇਸ਼ ਸਭੇ ਲੋਕ ਗਾਂਵਦੇ। ਸੇਂਵਦੇ ਭਿਖਾਰੀ ਸੋਈ ਹੋਂਦੇ ਨੀ ਹਜ਼ਾਰੀ ਹੁਣ, ਵਾਰੀ ਵਾਰੀ ਪੜ੍ਹਕੇ ਕਬਿੱਤ ਨੀ ਸੁਨਾਂਵਦੇ। ਚਾਰੋਂ ਹੀ ਬਰਨ ਖਟ ਦਰਸ਼ਨ ਜੈਂਦੇ ਦ੍ਵਾਰ, ਮੰਗਲ ਸੁ ਕਵਿ ਮਨ ਇੱਛਾ ਫਲ ਪਾਂਵਦੇ : ਵੇਖੀਂ ਬਲ ਵਾਂਙੂੰ ਕੋਈ ਛਲੀ ਗੁਰ ਗੋਬਿੰਦ ਜੀ ਇਕ ਲੈ ਲੈ

੭੯ ਸੰ: ੧੭੫੩ ਬਿ:।
੮੦ ਬਸੰਤ ਰੁਤ, ਵੈਸਾਖ ਦਾ ਮਹੀਨਾ।

 www.sikhbookclub.com

ਜਾਂਦੇ ਇਕ ਲੇਵਣੇ ਨੂੰ ਆਂਵਦੇ।੧। ਆਨੰਦ ਦਾ ਵਾਜਾ ਨਿਤ ਵੱਜਦਾ ਅਨੰਦ ਪੁਰ, ਸੁਣ ਸੁਣ ਸੁੱਧ ਭੁੱਲਦੀਏ ਨਰ ਨਾਹ ਦੀ। ਭੈ ਭਯਾ ਭਭੀਛਣੇ ਨੂੰ ਲੰਕਾ ਗੜ੍ਹ ਵੱਸਣੇ ਦਾ, ਫੇਰ ਅਸਵਾਰੀ ਆਂਵਦੀਏ ਮਹਾਂ ਬਾਹੁ ਦੀ। ਬਲ ਛਡ ਬਲਿ ਜਾਇ ਛਪਿਆ ਪਤਾਲ ਵਿਚ; ਫਤੇ ਦੀ ਨਿਸ਼ਾਨੀ ਜੈਂਦੇ ਦੁਾਰ ਦਰਗਾਹ ਦੀ। ਸਵਣ ਨ ਦੇਂਦੀ ਸੁਖ ਦੁੱਜਣਾ ਨੂੰ ਰਾਤ ਦਿਨ, ਨੌਬਤ ਗੁਬਿੰਦ ਸਿੰਘ ਗੁਰੂ ਪਾਤਸ਼ਾਹ ਦੀ।੨।

ਕਵੀ ਮੰਗਲ ਦੀ ਕਵਿਤਾ ਵਿਚ ਲਿਖੀ ਹੋਈ ਇਕ ਚਿਠੀ ਮਿਲੀ ਹੈ, ਜੋ ਪੂਜਨੀਕ ਮਾਤਾ ਜੀਤੋ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਮਹਿਲਾਂ ਦੇ ਨਾਮ ਹੈ। ਇਸ ਵਿਚ ਕਵੀ ਮਾਤਾ ਜੀ ਤੋਂ ਛੁੱਟੀ ਮੰਗ ਰਿਹਾ ਹੈ ਕਿ ਅਸਾਂ ਹੁਣ ਪੁਤਰੀ ਦਾ ਵਿਆਹ ਕਰਨ, ਆਪਣੇ ਨਗਰ ਪਸਰੂਰ ਜਾਣਾ ਹੈ। ਛੁਟੀ ਦੇ ਨਾਲ ਅਸੀਸ ਬਖਸ਼ੋ ਕਿ ਇਹ ਕਾਰਜ ਸੁਹਣਾ ਸਿਰੇ ਚੜ੍ਹ ਜਾਏ ਤੇ ਸਾਡੀ ਲਾਜ ਰਹਿ ਜਾਏ। ਇਹ ਕਾਰਜ ਸਿਰੇ ਚਾੜ੍ਹਕੇ ਅਸੀ ਆਪ ਦੇ ਦਰ ਤੇ ਫੇਰ ਹਾਜ਼ਰ ਹੋ ਜਾਵਾਂਗੇ। ਸਿੱਖੀ ਸਿਦਕ ਦੀ ਭਾਵਨਾ ਤੇ ਪੂਜਨੀਕ ਮਾਤਾ ਜੀ ਦਾ ਸਿੱਖਾਂ ਨਾਲ, ਸਿਖ ਪਰਵਾਰਾਂ ਨਾਲ ਪਿਆਰ ਤੇ ਬਖਸ਼ਿਸ਼ ਦਾ ਵਰਤਾਉ ਐਸਾ ਸੋਹਣਾ ਇਸ ਤੋਂ ਪ੍ਰਗਟ ਹੁੰਦਾ ਹੈ, ਜਿਸ ਵਿਚ ਪਰਿਵਾਰਕ ਅਪਣੱਤ ਦੀ ਮਿਠੀ ਸੁਗੰਧੀ ਮਹਿਕ ਰਹੀ ਹੈ, ਉਸ ਚਿੱਠੀ ਦੇ ਅੱਖਰ ਇਹ ਹਨ:

ਮੰਗਲ ਦੇਤ ਅਸੀਸ ਨਿਤ ਮੰਗਲ ਬਚਨ ਬਖਾਨ।
ਰਾਜ ਤੇਜ ਦਿਨ ਦਿਨ ਬਧੈ ਜਉ ਲਉ ਸਸਿ ਅਰੁ ਭਾਨੁ ॥ ੧ ॥
ਸਾਹਿਬ ਜੀਉ ਜੁਝਾਰ ਸਿੰਘ, ਜ਼ੋਰਾਵਰ ਜੁਗ ਬੀਸ।
ਗੋਬਿੰਦ ਅਟਲ ਸੁਹਾਗ ਸਿਰ ਮਾਤ ਤਿਹਾਰੇ ਸੀਸ ॥ ੨ ॥
ਤੂੰ ਮਾਤਾ ਜੀਤੋ ਜਗਤ ਕ ਰਥੇ ਕੋ ਪਰ ਕਾਜ।
ਵਰ ਪਾਯੋ ਗੋਬਿੰਦ ਗੁਰ ਤੀਨ ਭਵਨ ਸਿਰਤਾਜ ॥ ੩ ॥
ਜੋ ਇਛਾ ਮਨ ਮੈਂ ਹੁਤੀ ਸੋ ਪੂਰਨ ਭਈ ਆਸ।
ਅਬ ਬੇਟੀ ਕੇ ਬਯਾਹ ਕੀ ਮਾਤ ਸੁਨੋ ਅਰਦਾਸ ॥ ੪ ॥
ਮਾਂਗਤ ਹੌਂ ਇਕ ਦਾਨ ਅਬ ਕਾਰਜ ਮੋਹਿ ਜ਼ਰੂਰ।
ਵਿਦਾ ਕਰੋ ਮਾਤਾ ਤੁਰਤ ਜਾਂਹਿ ਸ਼ਹਿਰ ਪਸਰੂਰ ॥ ੫ ॥
ਚਿੰਤਾ ਮਨ ਨਿਸ ਦਿਨ ਰਹੈ ਕਹੋ ਸੁਨਾਵੈਂ ਕਾਹਿ।
ਆਂਵੈਂ ਫਿਰ ਦਰਸ਼ਨ ਪੁਰਬ ਕਰ ਬੇਟੀ ਕੋ ਬਯਾਹਿ ॥ ੬ ॥
ਸੰਕਟ ਮੈਂ ਸੁਖ ਕਰਨ ਕੋ ਮਾਤਾ ਕੇ ਪਰ ਕਾਜ।
ਬਿਦਾ ਦੇਹੁ ਅਬ ਤੁਰਤ ਕਹਿ ਰਹੋ ਹਮਾਰੀ ਲਾਜ ॥ ੭ ॥

 www.sikhbookclub.com

# ਦਰਬਾਰੀ ਲਿਖਾਰੀ

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦੇ ੫੨ ਕਵੀਆਂ ਵਿਚੋਂ ਕੇਵਲ ਇਨ੍ਹਾਂ ਹੀ ਕਵੀਆਂ ਦੇ ਸੰਖਿਪਤ ਸਮਾਚਾਰ ਮਿਲਦੇ ਹਨ, ਬਾਕੀਆਂ ਦੇ ਨਹੀਂ। ਇਨ੍ਹਾਂ ਤੋਂ ਛੁਟ ਗੁਰੂ ਦਰਬਾਰ ਵਿਚ ਲਿਖਾਰੀ ਬੀ ਚੋਖੇ ਸਨ, ਜਿਨ੍ਹਾਂ ਦੀ ਗਿਣਤੀ ਬਾਬਾ ਸੁਮੇਰ ਸਿੰਘ ਜੀ ਨੇ ੩੬ ਲਿਖੀ ਹੈ, ਪਰ ਪ੍ਰਸਿੱਧ ਨਾਮ ਇਹ ਮਿਲਦੇ ਹਨ, ਜੋ ਸਤਿਗੁਰੂ ਜੀ ਦੀ ਆਪਣੀ ਨਿਜ ਲਿਖਤ ਦੇ ਉਤਾਰੇ ਕਰਦੇ ਰਹਿੰਦੇ ਸਨ:

ਦਰਬਾਰੀ, ਘਰਬਾਰੀ, ਬਾਲਾ, ਨਿਹਾਲਾ, ਹਰਿਦਾਸ ਆਦਿ। ਹੋਰਨਾਂ ਵਿਚੋਂ ਦੋ ਨਾਮ ਰੌਸ਼ਨ ਸਿੰਘ, ਤੇ ਸੈਣਾ ਭੀ ਪ੍ਰਸਿੱਧ ਹਨ।

# ਆਖ਼ਰੀ ਗੱਲ

ਸੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਬਵੰਜਾ ਕਵਿ ਤੇ ਛੱਤੀ ਲਿਖਾਰੀ ਸਨ। ਜਿਤਨੇ ਵਡੇ ਪੈਮਾਨੇ ਉਤੇ ਬਹੁਤ ਥੋੜੇ ਸਮੇਂ ਵਿਚ ਇਨ੍ਹਾਂ ਕੰਮ ਕੀਤਾ, ਉਹ ਬੇਮਿਸਾਲ ਹੈ। ਕਵਿ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਉਨ੍ਹਾਂ ਸਾਰੀਆਂ ਲਿਖਤਾਂ ਦੇ ਸੰਗ੍ਰਹ ਦਾ ਨਾਮ 'ਵਿਦਯਾ ਸਰ' ਸੀ ਤੇ ਉਸ ਦਾ ਵਜ਼ਨ ਨੌਂ ਮਣ ਸੀ :

ਤਿਨ ਕਵੀਯਨ ਬਾਣੀ ਰਚੀ ਲਿਖ ਕਾਗਦ ਤੁਲਵਾਇ।
ਨੌਂ ਮਣ ਹੋਏ ਤੋਲ ਮਹਿ ਸੂਖਮ ਲਿਖਤ ਲਿਖਾਇ।
ਵਿਦਯਾ ਸਰ ਤਿਸ ਗ੍ਰੰਥ ਕੋ ਨਾਮ ਧਰਯੋ ਕਰਿ ਪ੍ਰੀਤ।
ਨਾਨਾ ਬਿਧਿ ਕਵਿਤਾ ਰਚੀ ਰਖ ਰਖ ਨੌ ਰਸ ਰੀਤਿ।

(ਸੂਰਜ ਪ੍ਰਕਾਸ਼ ਰੁਤ ੫, ੫੨)

ਕਵਿ ਸੰਤੋਖ ਸਿੰਘ ਦੇ ਮੁਤਾਬਿਕ ਵਿਦਯਾ ਸਰ ਗ੍ਰੰਥ ਰਸਾਂ ਦੀ ਸ਼ੈਲੀ ਅਨੁਸਾਰ ਇਕ ਮੁਕੰਮਲ ਚੀਜ਼ ਸੀ। ਇਹ ਠੀਕ ਹੈ ਕਿ ਇਸ ਵਿਚ ਨੌਂ ਰਸ ਸਨ; ਪਰ ਸਤਿਗੁਰੂ ਜੀ ਦਾ ਖਿਆਲ ਰਸਾਂ ਦੇ ਚੌਗਿਰਦੇ ਵਿਚ ਸੀਮਿਤ ਨਹੀਂ ਸੀ। ਉਹਨਾਂ ਦਾ ਉੱਦੇਸ਼ ਇਸ ਹੱਦ ਬੰਦੀ ਤੋਂ ਪਾਰ ਨਿਕਲ ਜਾਂਦਾ ਸੀ। ਇਸ ਗਲ ਨੂੰ ਸੁਖੈਨ ਐਸ ਤਰ੍ਹਾਂ ਸਮਝ ਸਕਦੇ ਹਾਂ ਕਿ ਆਦਿ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਲ ਨੌਵੇਂ ਮਹੱਲੇ ਦੇ ਸਲੋਕ ਹਨ। ਅਖ਼ੀਰ ਵਲ ਇਹ ਤੁਕਾਂ ਹਨ :


www.sikhbookclub.com

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ ਗਜਿ ਜਿਉ ਹੋਹੁ ਸਹਾਇ ॥ ੫੩ ॥

ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਾਕ ਹਨ। ਏਸ ਵਿਚ ਉਹ ਸਿਰਫ ਜ਼ਾਤੀ ਮਜਬੂਰੀ ਹੀ ਨਹੀਂ ਦੱਸ ਰਹੇ ਪਰੰਤੂ ਇਕ ਹੋਰ ਨਕਸ਼ਾ ਖਿੱਚ ਰਹੇ ਹਨ। ਏਸ ਸਲੋਕ ਵਿਚ ਸਾਰੇ ਭਾਰਤ ਵਰਸ਼ ਦੀ ਤਸਵੀਰ ਵਾਹੀ ਗਈ ਹੈ। ਇਹ ਮੁਲਕ ਦੀ ਅਵਸਥਾ ਦੀ ਮੂਰਤਿ ਹੈ : ਸਾਰਾ ਦੇਸ਼ ਬਲਹੀਨ ਹੋ ਗਿਆ ਹੈ, ਬੰਧਨ ਵਿਚ ਪੈ ਗਿਆ ਹੈ, ਹੁਣ ਕੋਈ ਉਪਾਇ ਨਹੀਂ ਹੋ ਸਕਦਾ। ਕੇਵਲ 'ਹਰਿ ਓਟ' ਹੀ ਇਕ ਆਸਰਾ ਹੈ।

ਇਸ ਸਲੋਕ ਤੋਂ ਜੋ ਅਗਲੀਆਂ ਤੁਕਾਂ ਹਨ ਉਹ ਇਹ ਹਨ:

ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ॥
ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮਹੀ ਹੋਤ ਸਹਾਇ ॥ ੫੪ ॥

ਰਵਾਇਤ ਇਹ ਹੈ ਕਿ ਇਹ ਤੁਕਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਉਚਾਰੀਆਂ ਹੋਈਆਂ ਹਨ। ਭਾਵ ਸਪਸ਼ਟ ਹੈ ਕਿ ਜੇ ਅਸੀਂ ਬਲ ਪਕੜੀਏ ਤਾਂ ਹੋਰ ਬੀ ਸਾਰੇ ਉਪਾਇ ਸਫਲ ਹੋ ਜਾਣਗੇ ਤੇ ਬੰਧਨ ਟੁਟ ਜਾਣਗੇ।

ਸਵਾਲ ਸਿਰਫ ਇਹ ਰਹਿ ਜਾਂਦਾ ਹੈ ਕਿ ਇਕ ਬਲ ਹੀਨ ਕੌਮ ਕਿਸ ਤਰ੍ਹਾਂ ਬਲ ਪਕੜੇ ? ਉੱਤਰ ਏਹੋ ਮਲੂਮ ਹੁੰਦਾ ਹੈ ਕਿ ਉਹ ਐਸੇ ਸਾਹਿਤ ਨਾਲ ਤਦਰੂਪ ਹੋ ਜਾਏ ਜਿਸ ਨਾਲ ਸ਼ਕਤੀ ਦਾ ਆਵੇਸ਼ ਹੋਵੇ ਤੇ ਐਸ ਤਰ੍ਹਾਂ ਮਰਦਊ ਪੁਣਾ ਰਸ ਰੂਪ ਹੋਕੇ ਉਸ ਦੇ ਅੰਦਰ ਸਿੰਜਰ ਜਾਏ। ਉਹਨਾਂ ਨੇ ਐਸੀ ਹੀ ਤਾਸੀਰ ਵਾਲਾ ਗ੍ਰੰਥ ਵਜੂਦ ਵਿਚ ਲੈ ਆਂਦਾ; ਇਹ ਹੈ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਕਤੀਸ਼ਾਲੀ 'ਸਬਲ ਸਾਹਿਤਯ'।

(ਸਮਾਪਤ)

 www.sikhbookclub.com